ਹੱਕ, ਸੱਚ, ਇਨਸਾਫ਼ ਅਤੇ ਮਨੁੱਖਤਾ ਲਈ ਲੜ ਰਹੇ ਲੋਕ ਕਿਤੇ ਵੀ ਹੋਣ ਉਹ ਸਾਡੇ ਲੋਕ ਹਨ

# ਸਾਡੇ ਲੋਕ


SADE LOK
sadelok.com
1-7 ਅਪ੍ਰੈਲ 2026
ਸਾਲ 17ਵਾਂ - ਅੰਕ 14



email : info@sadelok.com
Ph. : 510-706-1300
Fax : 925-373-1300


## ਭਾਰਤ-ਅਮਰੀਕਾ ਰੱਖਿਆ ਨੀਤੀ ਸਮੂਹ ਦੀ ਅਹਿਮ ਬੈਠਕ

### ਨਵੀਂ ਦਿੱਲੀ 'ਚ ਜੁਟੇ ਦੋਵਾਂ ਦੇਸ਼ਾਂ ਦੇ ਆਗੂ; ਰਣਨੀਤਕ ਸਾਂਝੇਦਾਰੀ 'ਤੇ ਹੋਈ ਵੱਡੀ ਚਰਚਾ



(ਦੇਖੋ ਸਫ਼ਾ 26 'ਤੇ)

## ਅਮਰੀਕਾ 'ਚ ਰੋਜ਼ੀ-ਰੋਟੀ 'ਤੇ ਹਮਲਾ

## ਇੰਡੀਆਨਾ 'ਚ ਹਜ਼ਾਰਾਂ CDL ਲਾਇਸੈਂਸ ਰੱਦ ਸਿੱਖ, ਪੰਜਾਬੀ ਅਤੇ ਪ੍ਰਵਾਸੀ ਭਾਈਚਾਰੇ 'ਤੇ ਵੱਡਾ ਅਸਰ

### ਅਯੋਗ ਡਰਾਈਵਰ ਨੂੰ ਸਿਖਲਾਈ ਦੇਣ ਵਾਲੇ ਸਕੂਲ ਨੂੰ ਹੋ ਸਕਦਾ $50,000 ਤੱਕ ਦਾ ਜੁਰਮਾਨਾ

ਇੰਡੀਆਨਾ, (ਸਾਡੇ ਲੋਕ) : 2026 ਤੋਂ ਇੰਡੀਆਨਾ ਸੂਬੇ ਨੇ ਇੱਕ ਨਵਾਂ ਸਖ਼ਤ ਕਾਨੂੰਨ ਲਾਗੂ ਕੀਤਾ ਹੈ, ਜਿਸ ਤਹਿਤ ਹਜ਼ਾਰਾਂ ਪ੍ਰਵਾਸੀ ਡਰਾਈਵਰਾਂ ਦੇ ਵਪਾਰਕ ਲਾਇਸੈਂਸ (CDL) ਰੱਦ ਕੀਤੇ ਜਾ ਰਹੇ ਹਨ। ਇਸ ਫੈਸਲੇ ਦਾ ਸਭ ਤੋਂ ਵੱਧ ਅਸਰ ਪੰਜਾਬੀ ਸਿੱਖ ਭਾਈਚਾਰੇ 'ਤੇ ਪੈਣ ਦੀ ਸੰਭਾਵਨਾ ਹੈ, ਜੋ

(ਦੇਖੋ ਸਫ਼ਾ 27 'ਤੇ)



(ਫੋਟੋਆਂ : ਧੰਨਵਾਦ ਸਹਿਤ ਸੋਸ਼ਲ ਮੀਡੀਆ)

## ਸ੍ਰੀ ਅਕਾਲ ਤਖਤ ਸਾਹਿਬ ਨੂੰ ਭਾਈ ਰਾਜੋਆਣਾ ਦੀ ਅਪੀਲ

### ਰਾਸ਼ਟਰਪਤੀ ਕੋਲ ਦਾਖਲ ਰਹਿਮ ਦੀ ਅਪੀਲ ਦਸ ਦਿਨਾਂ 'ਚ ਲਈ ਜਾਵੇ ਵਾਪਸ

ਪਟਿਆਲਾ: ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਕਤਲ ਕੇਸ ਵਿੱਚ ਦੋਸ਼ੀ ਬਲਵੰਤ ਸਿੰਘ ਰਾਜੋਆਣਾ ਨੇ ਅਕਾਲ ਤਖ਼ਤ ਸਾਹਿਬ ਨੂੰ ਚਿੱਠੀ ਲਿਖ ਕੇ ਅਪੀਲ ਕੀਤੀ ਹੈ ਕਿ ਉਹ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਰਾਸ਼ਟਰਪਤੀ ਕੋਲ ਦਾਖਲ ਕੀਤੀ ਗਈ ਉਸ ਦੀ ਰਹਿਮ ਦੀ ਅਪੀਲ ਦਸ ਦਿਨਾਂ ਦੇ ਅੰਦਰ ਵਾਪਸ ਲੈਣ ਦਾ ਨਿਰਦੇਸ਼ ਦੇਣ।



ਇਨਸਾਫ਼ ਦੀ ਉਡੀਕ ਕਰਦਿਆਂ ਹੋ ਗਏ 30 ਸਾਲ ਪਰ ਨਹੀਂ ਜਾਪ ਰਿਹਾ ਕੋਈ ਚਿੰਤਤ : ਭਾਈ ਰਾਜੋਆਣਾ

(ਦੇਖੋ ਸਫ਼ਾ 32 'ਤੇ)

## ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ 9ਵੇਂ ਮਹਾਨ ਨਗਰ ਕੀਰਤਨ 4 ਅਪ੍ਰੈਲ 2026 ਨੂੰ, ਸਮੂਹ ਸੰਗਤਾਂ ਨੂੰ ਪਹੁੰਚਣ ਦੀ ਬੇਨਤੀ



(ਦੇਖੋ ਸਫ਼ਾ 9 ਅਤੇ 22-26 'ਤੇ)

## UN ਦੀ ਦਹਿਲੀਜ਼ 'ਤੇ ਪਹੁੰਚਿਆ 'ਟਾਰਗੇਟਿਡ ਕਿਲਿੰਗ' ਦਾ ਮੁੱਦਾ

### ਕੈਨੇਡਾ ਤੋਂ ਅਮਰੀਕਾ ਤੱਕ ਸਿੱਖਾਂ ਨੂੰ ਨਿਸ਼ਾਨਾ ਬਣਾਉਣ ਦੇ ਖੁਲਾਸਿਆਂ ਨੇ ਹਿਲਾਇਆ ਸੰਯੁਕਤ ਰਾਸ਼ਟਰ




(ਫੋਟੋਆਂ : ਧੰਨਵਾਦ ਸਹਿਤ ਸੋਸ਼ਲ ਮੀਡੀਆ)

### ਸਿੱਖ ਫੈਡਰੇਸ਼ਨ ਇੰਟਰਨੈਸ਼ਨਲ' ਨੇ ਸੰਯੁਕਤ ਰਾਸ਼ਟਰ (UN) ਤੋਂ ਦਖਲ ਦੀ ਕੀਤੀ ਮੰਗ

ਜੇਨੇਵਾ (ਸਵਿਟਜ਼ਰਲੈਂਡ), (ਸਾਡੇ ਲੋਕ/ਵਿਸ਼ੇਸ਼ ਪ੍ਰਤੀਨਿਧ) : ਅੰਤਰਰਾਸ਼ਟਰੀ ਪੱਧਰ 'ਤੇ ਸਿੱਖਾਂ ਵਿਰੁੱਧ ਬੁਣੇ ਜਾ ਰਹੇ ਸਾਜ਼ਿਸ਼ਾਂ ਦੇ ਜਾਲ ਨੂੰ ਨੰਗਾ ਕਰਨ ਲਈ ਜੇਨੇਵਾ ਪ੍ਰੈਸ ਕਲੱਬ ਵਿਖੇ ਇੱਕ ਇਤਿਹਾਸਕ ਧਮਾਕਾ ਹੋਇਆ। 'ਸਿੱਖ ਫੈਡਰੇਸ਼ਨ ਇੰਟਰਨੈਸ਼ਨਲ' ਵੱਲੋਂ ਜਾਰੀ "Beyond Borders" (ਸਰਹੱਦਾਂ ਤੋਂ ਪਾਰ) ਨਾਮਕ 58 ਪੰਨਿਆਂ ਦੀ ਰਿਪੋਰਟ ਨੇ ਵਿਸ਼ਵ ਭਰ ਦੀਆਂ ਸਰਕਾਰਾਂ ਅਤੇ ਮਨੁੱਖੀ ਅਧਿਕਾਰ

(ਦੇਖੋ ਸਫ਼ਾ 27 'ਤੇ)

## ਅੰਮ੍ਰਿਤਧਾਰੀ ਪਰਿਵਾਰਾਂ ਲਈ ਦਿੱਲੀ ਕਮੇਟੀ ਦਾ ਵੱਡਾ ਤੋਹਫ਼ਾ

ਨਵੀਂ ਦਿੱਲੀ: ਵਿਸ਼ਵ ਭਰ ਦੇ ਸਿੱਖ ਪਰਿਵਾਰਾਂ ਲਈ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ (DSGMC) ਵਲੋਂ ਇੱਕ ਬਹੁਤ ਹੀ ਇਤਿਹਾਸਕ ਅਤੇ ਵੱਡਾ ਫੈਸਲਾ ਲਿਆ ਗਿਆ ਹੈ। ਦਿੱਲੀ ਕਮੇਟੀ ਦੇ ਪ੍ਰਧਾਨ ਹਰਮੀਤ ਸਿੰਘ ਕਾਲਕਾ ਨੇ ਇੱਕ ਵਿਸ਼ੇਸ਼



ਹੁਣ ਬੱਚਿਆਂ ਦੀ ਪੜ੍ਹਾਈ ਹੋਵੇਗੀ ਬਿਲਕੁਲ ਮੁਫ਼ਤ: ਸ. ਹਰਮੀਤ ਸਿੰਘ ਕਾਲਕਾ

(ਦੇਖੋ ਸਫ਼ਾ 34 'ਤੇ)

## ਅਪ੍ਰੈਲ ਦੁਨੀਆ ਵਿੱਚ 'ਸਿੱਖ ਵਿਰਾਸਤੀ ਮਹੀਨਾ'

### ਇਤਿਹਾਸ, ਅਣਥੱਕ ਸੰਘਰਸ਼ ਅਤੇ ਵਿਸਾਖੀ ਦੀ ਅਧਿਆਤਮਿਕ ਮਹਾਨਤਾ



ਲਿਵਰਮੋਰ/ਕੈਲੀਫੋਰਨੀਆ: ਅਪ੍ਰੈਲ ਦਾ ਮਹੀਨਾ ਕੈਲੀਫੋਰਨੀਆ ਦੀ ਧਰਤੀ 'ਤੇ ਸਿਰਫ਼ ਇੱਕ ਕੈਲੰਡਰ ਬਦਲਣ ਦਾ ਪ੍ਰਤੀਕ ਨਹੀਂ ਹੈ, ਸਗੋਂ

(ਦੇਖੋ ਸਫ਼ਾ 34 'ਤੇ)


Bhatia & Co, Inc
Certified Public Accountants
AICPA
Our Services :
Business Tax (C crop/S corp/LLC etc)
Individual Tax
Estate Tax
Internation Tax (FBAR/FATCA/5471/5472 etc)
Non-Profit entities
(Formation,IRS,FTB&DOJ approval)
Accounting & Payroll
Sales & Other Taxes
Financial Audit & Review
Tax Audit & Representation (IRS/FTB/BOE etc)
Collection, Lien & Back Taxes
Offer in Compromise
Santa Clara•Pleasanton•Merced
(844) 4USTAX (209)-354-8696
info@bhatiaco.com,www.bhatiaco.com

Bhatia Law Associates
Attorney at Law
Immigration and Business Services
IMMIGRATION
Immigrant Visas (Green Card)
- Green Card : Employment based/PERM/NIW
- Green Card : Family based
- Green Card through refugee or asylee
- Green Card : Investor & other categories
PERM
Nonimmigrant Visas
- Fiancee visas
- H1/L1/H4/L2/NAFTA TN/E2/E3
- Student Visa
- B-1/B-2 Visitor Visas and
- Other Categories of nonimmigrant visas
Other Immigration Services
- Citizenship
- e-Verify, 1-9 and
- Other Compliance
Other service -B-1/B-2 Visitor Visasextension and other Services
Santa Clara-Pleasanton-Merced
(844) 4USATAX (209)-354-8696
info@bhatiaco.com,www.Smoothimmigration.com

Jaspreet Singh
Attorney at law

ਅਮਰੀਕਾ 'ਚ ਕਾਨੂੰਨੀ ਸਹਾਇਤਾ ਲਈ ਭਰੋਸੇਮੰਦ ਨਾਮ
ਇਮੀਗ੍ਰੇਸ਼ਨ, ਬੈਂਕਰਪਸੀ, ਫੈਮਿਲੀ ਲਾਅ
Over 18 Years of Legal Experience
Specializes In :
- USA Immigration
- Citizenship
- Green Card
- Deportation Defense
- Political Asylum
- Detentaion Cases
- Artists
- Sin gers P3 Visas
- Priest R1 Visas
- Investors EB 5 Visas
- L1 Business Visas
- Fmily Law
- Criminal Defense Cases
44808 S. Grimmer Vlvd. #208 Fremont, CA 94538 Tel. : 510-657-6444
2951 W. Capital Ave. W. Sacramento CA 95691
4491 West Shaw Ave.# 131 Fresno. CA 93711 Tel : 559-271-5511
37-1873 Street Suite #401. Jackson Heights NY 11372 Tel : 718-533-844


Padam Builders
ਅਸੀਂ ਘਰ, ਗੈਸ ਸਟੇਸ਼ਨ, ਮੌਲ, ਸ਼ੋਅਰੂਮ ਅਤੇ ਹਰ ਤਰ੍ਹਾਂ ਦੀ ਕੰਸਟਰਕਸ਼ਨ ਦਾ ਕੰਮ foundation ਤੋਂ ਲੈ ਕੇ ਮੁਕੰਮਲ ਹੋਣ ਤੱਕ ਕਰਦੇ ਹਾਂ।

ਸਾਡੇ ਕੰਮ ਦੀ 100 ਪ੍ਰਤੀਸ਼ਤ ਗਰੰਟੀ
email:padambuilders@gmail.com
Licensed # 1019803
Bhupinder S. Padam
PH : 510-565-6667

kw LAKE WASHINGTON SO
KELLERWILLIAMS. REALTY
CJ Singh
Realtor
License # 24012019
Real Estate Broker

CJ Singh
ਜੇਕਰ ਤੁਸੀਂ ਬਿਜਨਸ ਅਤੇ ਆਪਣੇ ਸੁਪਨਿਆਂ ਦਾ ਘਰ ਖਰੀਦਣਾ ਚਹੁੰਦੇ ਹੋ ਤਾਂ ਸਾਨੂੰ ਇੱਕ ਕਾਲ ਕਰੋ ਅਤੇ ਤੁਸੀਂ ਸਾਡੇ ਉਪਰ 100% ਭਰੋਸਾ ਕਰ ਸਕਦੇ ਹੋ।
(206) 295-5993 | c.singh@kw.com | realtorcjsingh.com
bellevueareahomefinder.com
707 S Grady Way Suit 730, Renton, WA 98057

SAN RAMON
Lathrop & Mani Street Manteca
URGENT CARE & CLINIC
Call US : 209-637-0210 | 612-578-8078 | 925-495-0207
CITIZENSHIP ELIGIBILITY AND GREEN CARD APPLICATION
Visit Us Now! Dr. Rajesh Maheshwari, MD
9140 Alcosta Boulevard Ste D San Ramon, CA 94583 (925) 361-5959
15810 Harlan Road #A Lathrop, CA 95330 (209) 983-9000
1040 North Main Street Manteca, CA 95336 (209) 825-51155
San Ramon URGENT CARE & CLINIC
Lathrop URGENT CARE
Main Street URGENT CARE
https :.//www.sanramonurgentcare.com | Email us at info@sanramonucc.com


ਪੋਲੀਟੀਕਲ ਅਸਾਈਲਮ - Political Asylum
Deportation of Defense - BIA Appeal
9 Circuit Court - Federal Court
ਗਰੀਨਕਾਰਡ - ਸਿਟੀਜਨਸ਼ਿਪ
Green Card - Citizenship
ਡਾਈਵੋਰਸ - ਸਿਵਲ ਐਂਡ ਕਰੀਮੀਨਲ ਕੇਸ
Divorce - Civil and Criminal Cases
Family Petition Immigration
Travel document - Work Permit
Harminder Singh Samana
Office Manager
239 West Yosemite Ave Manteca CA 95336 | hsrotal.64@gmail.com
ਇਮੀਗ੍ਰੇਸ਼ਨ ਦੀਆਂ ਸਾਰੀਆਂ ਸੇਵਾਵਾਂ ਤੇ ਸਮੱਸਿਆਵਾਂ ਦਾ ਹੱਲ ਇਕ ਛੱਤ ਥੱਲੇ
LAW OFFICES OF EMMANUEL ENYINWA
All Services Under One Roof
ESQ, Abogado
369 Pine Street, Suite 420, San Francisco, CA 94104
Enyinwalaw@gmail.com
ਨੋਟ : ਇਥੇ ਸਪੈਨਿਸ਼ ਵੀ ਬੋਲੀ ਜਾਂਦੀ ਹੈ ਅਤੇ ਸਪੈਨਿਸ਼ ਵਿਚ ਲੋਕਾਂ ਦੇ ਕੇਸ ਵੀ ਲਏ ਜਾਂਦੇ ਹਨ।
209-481-7750
209-624-3919
ਅਸੀਂ ਇਮੀਗ੍ਰੇਸ਼ਨ ਨਾਲ ਸਬੰਧਤ ਹਰ ਤਰ੍ਹਾਂ ਦੀਆਂ ਸੇਵਾਵਾਂ ਪ੍ਰਦਾਨ ਕਰਦੇ ਹਾਂ।
ਅਸੀਂ ਤਿੰਨ ਥਾਵਾਂ ਤੋਂ ਆਪ ਜੀ ਦੀਆਂ ਸੇਵਾਵਾਂ ਲਈ ਹਾਜ਼ਰ ਹਾਂ Manteca-Arizona- San Francisco
EMMANUEL ENYINWA
Attorney of Law
Tel. 415-956-6100
Fax. 415-956-6111


# Valley Real Estate Center



Better Deal will be given from New Builders to Book New home in Mountain House, Tracy, Manteca and lathrop

ਮਾਊਂਟੇਨ ਹਾਊਸ, ਟਰੇਸੀ, ਮਨਟਿਕਾ ਅਤੇ ਲੈਥਰੋਪ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ ਅਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

ਖੇਤੀਬਾੜੀ, ਅਲਮੰਡ ਫਾਰਮ, ਆਫ਼ਿਸ ਬਿਲਡਿੰਗ, ਫਾਰਮ ਹਾਊਸ ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ।

For agriculture and almond Farm, office building, Farm House and for Truck Yard in Tracy, Manteca, Lathrop and Stockton

## Listing

Total 35.5 Young Three Years old Tree Padre and Nonpareil Variety. With Riparian Right From the San Joaquin River. With a Single Family Small Home, IT's Very Desirable Property





Property Address : 27022 River Roadm, Newman CA 95260.


## RANJIT SINGH

VALLEY REAL ESTATE CENTER (OFFICE LIC.: 01392267)

68 E 11TH STREET STE 109, TRACY, CA 95376

OFFICE : 209-956-1000 CELL : 408-355-5700, GBSINGH84@GMAIL.COM

# ਵਿਗਿਆਨੀਆਂ ਨੇ ਬਣਾਇਆ ਦਿਮਾਗੀ ਵਿਕਾਸ ਦਾ ਪਹਿਲਾ 'ਐਟਲਸ'



ਨਿਊਯਾਰਕ,: ਮਨੁੱਖੀ ਦਿਮਾਗ ਦੇ ਕੰਮ ਕਰਨ ਦੇ ਤਰੀਕੇ ਨੂੰ ਸਮਝਣ ਦੀ ਦਿਸ਼ਾ ਵਿੱਚ ਵਿਗਿਆਨੀਆਂ ਨੇ ਇੱਕ ਇਤਿਹਾਸਕ ਸਫਲਤਾ ਹਾਸਲ ਕੀਤੀ ਹੈ। 'ਨੇਚਰ' ਜਰਨਲ ਵਿੱਚ ਪ੍ਰਕਾਸ਼ਿਤ ਇੱਕ ਤਾਜ਼ਾ ਅਧਿਐਨ ਅਨੁਸਾਰ ਦੁਨੀਆ ਭਰ ਦੇ ਵਿਗਿਆਨੀਆਂ ਨੇ ਮਿਲ ਕੇ ਇਨਸਾਨੀ ਦਿਮਾਗ ਦਾ ਇੱਕ ਅਜਿਹਾ 'ਕੁਨੈਕਟੀਵਿਟੀ ਮੈਪ' (ਨਕਸ਼ਾ) ਤਿਆਰ ਕੀਤਾ ਹੈ, ਜੋ ਇਹ ਦੱਸੇਗਾ ਕਿ ਪੈਦਾ ਹੋਣ ਤੋਂ ਲੈ ਕੇ 100 ਸਾਲ ਦੀ ਉਮਰ ਤੱਕ ਸਾਡਾ ਦਿਮਾਗ ਕਿਵੇਂ ਕੰਮ ਕਰਦਾ ਹੈ ਅਤੇ ਸਮੇਂ ਦੇ ਨਾਲ ਇਸ ਵਿੱਚ ਕੀ-ਕੀ ਬਦਲਾਅ ਆਉਂਦੇ ਹਨ।

**ਇਸ ਖੋਜ ਵਿੱਚ ਖਾਸ ਕੀ ਹੈ ?**

**ਦਿਮਾਗ ਦਾ ਤਾਰ-ਜਾਲ:** ਜਿਵੇਂ ਕਿਸੇ ਸ਼ਹਿਰ ਵਿੱਚ ਬਿਜਲੀ ਦੀਆਂ ਤਾਰਾਂ ਦਾ ਜਾਲ ਵਿਛਿਆ ਹੁੰਦਾ ਹੈ, ਉਵੇਂ ਹੀ ਸਾਡੇ ਦਿਮਾਗ ਵਿੱਚ ਅਰਬਾਂ ਨਸਾਂ (Neurons) ਇੱਕ-ਦੂਜੇ ਨਾਲ ਜੁੜੀਆਂ ਹੁੰਦੀਆਂ ਹਨ। ਵਿਗਿਆਨੀਆਂ ਨੇ ਇਸੇ 'ਤਾਰ-ਜਾਲ' ਦਾ ਨਕਸ਼ਾ ਤਿਆਰ ਕੀਤਾ ਹੈ।

100 ਸਾਲਾਂ ਦਾ ਸਫ਼ਰ: ਇਹ ਸਟੱਡੀ ਦੱਸਦੀ ਹੈ ਕਿ ਬਚਪਨ ਵਿੱਚ ਦਿਮਾਗ ਕਿੰਨੀ ਤੇਜ਼ੀ ਨਾਲ ਸਿੱਖਦਾ ਹੈ, ਜਵਾਨੀ ਵਿੱਚ ਇਹ ਸਭ ਤੋਂ ਵੱਧ ਸਰਗਰਮ ਕਦੋਂ ਹੁੰਦਾ ਹੈ ਅਤੇ ਬੁਢਾਪੇ ਵਿੱਚ ਇਸ ਦੇ ਕੁਨੈਕਸ਼ਨ ਕਿਵੇਂ ਕਮਜ਼ੋਰ ਹੋਣ ਲੱਗਦੇ ਹਨ।

**ਬਿਮਾਰੀਆਂ ਦਾ ਜਲਦ ਪਤਾ:** ਇਸ ਨਕਸ਼ੇ ਦੀ ਮਦਦ ਨਾਲ ਅਲਜ਼ਾਈਮਰ (ਭੁੱਲਣ ਦੀ ਬਿਮਾਰੀ), ਪਾਰਕਿੰਸਨ ਅਤੇ ਡਿਪਰੈਸ਼ਨ ਵਰਗੀਆਂ ਬਿਮਾਰੀਆਂ ਦਾ ਇਲਾਜ ਲੱਭਣਾ ਸੌਖਾ ਹੋ ਜਾਵੇਗਾ। ਡਾਕਟਰ ਪਹਿਲਾਂ ਹੀ ਦੇਖ ਸਕਣਗੇ ਕਿ ਦਿਮਾਗ ਦਾ ਕਿਹੜਾ ਹਿੱਸਾ ਕਮਜ਼ੋਰ ਹੋ ਰਿਹਾ ਹੈ।

**ਬੱਚਿਆਂ ਦਾ ਵਿਕਾਸ:** ਮਾਪੇ ਅਤੇ ਡਾਕਟਰ ਇਹ ਸਮਝ ਸਕਣਗੇ ਕਿ ਬੱਚਿਆਂ ਦੇ ਦਿਮਾਗੀ ਵਿਕਾਸ ਲਈ ਕਿਹੜੀ ਉਮਰ ਵਿੱਚ ਕਿਹੜੀਆਂ ਚੀਜ਼ਾਂ ਜ਼ਰੂਰੀ ਹਨ।

**ਯਾਦਦਾਸ਼ਤ ਵਧਾਉਣ ਵਿਚ ਸਹਾਇਕ:** ਇਹ ਖੋਜ ਇਹ ਵੀ ਸਮਝਾਏਗੀ ਕਿ ਅਸੀਂ ਆਪਣੀ ਉਮਰ ਵਧਣ ਦੇ ਨਾਲ-ਨਾਲ ਆਪਣੀ ਯਾਦਦਾਸ਼ਤ ਨੂੰ ਬਿਹਤਰ ਕਿਵੇਂ ਰੱਖ ਸਕਦੇ ਹਾਂ।

**ਇਹ ਨਕਸ਼ਾ ਕਿਵੇਂ ਬਣਿਆ ?**

ਜਾਂਚ ਵਿਗਿਆਨੀਆਂ ਨੇ ਇਸ ਖੋਜ ਲਈ 16 ਦਿਨਾਂ ਦੇ ਬੱਚਿਆਂ ਤੋਂ ਲੈ ਕੇ 100 ਸਾਲ ਤੱਕ ਦੇ ਲਗਭਗ 3,556 ਲੋਕਾਂ ਦੇ ਦਿਮਾਗ ਦੇ ਐਮ.ਆਰ.ਆਈ. (fMRI) ਸਕੈਨ ਅਤੇ ਡਾਟਾ ਦੀ ਵਰਤੋਂ ਕੀਤੀ ਹੈ। ਇਹ ਕੰਮ ਇੰਨਾ ਵੱਡਾ ਸੀ ਕਿ ਇਸ ਨੂੰ ਪੂਰਾ ਕਰਨ ਵਿੱਚ ਕਈ ਸਾਲ ਲੱਗ ਗਏ। ਹੁਣ ਇਸ ਨੂੰ ਦੁਨੀਆ ਭਰ ਦੇ ਡਾਕਟਰਾਂ ਲਈ ਇੱਕ 'ਗਾਈਡ ਬੁੱਕ' ਵਾਂਗ ਵਰਤਿਆ ਜਾ ਸਕੇਗਾ।

# ਅਮਰੀਕੀ ਤਕਨੀਕੀ ਕੰਪਨੀ ਓਰਿਕਲ ਨੇ 12,000 ਭਾਰਤੀ ਕਰਮਚਾਰੀਆਂ ਨੂੰ ਨੌਕਰੀ ਤੋਂ ਕੱਢਿਆ

## ਈ-ਮੇਲ ਕਰ ਕੇ ਕੁੱਲ 30 ਹਜ਼ਾਰ ਕਰਮਚਾਰੀਆਂ ਨੂੰ ਕੀਤਾ ਨੌਕਰੀ ਤੋਂ ਫ਼ਾਰਗ

ਨਵੀਂ ਦਿੱਲੀ : ਅਮਰੀਕੀ ਤਕਨੀਕੀ ਕੰਪਨੀ ਓਰੇਕਲ ਅਮਰੀਕੀ ਕੰਪਨੀ ਜੋ ਦੁਨੀਆਂ ਭਰ ਵਿਚ ਕੰਪਨੀਆਂ ਨੂੰ ਡਾਟਾ ਸਰਵਿਸ ਦਿੰਦੀ ਹੈ। ਦੁਨੀਆਂ ਦੇ ਛੇਵੇਂ ਸਭ ਤੋਂ ਅਮੀਰ ਕਾਰੋਬਾਰੀ ਲੈਰੀ ਐਲੀਸਨ ਦੀ ਟੈਕ ਕੰਪਨੀ ਓਰੇਕਲ ਨੇ ਲਗਭਗ 30 ਹਜ਼ਾਰ ਕਰਮਚਾਰੀਆਂ ਨੂੰ ਨੌਕਰੀ ਤੋਂ ਕੱਢ ਦਿੱਤਾ ਹੈ। ਇਨ੍ਹਾਂ ਵਿਚ ਸਭ ਤੋਂ ਜ਼ਿਆਦਾ ਭਾਰਤ ਦੇ 12 ਹਜ਼ਾਰ ਕਰਮਚਾਰੀ ਸ਼ਾਮਲ ਹਨ।

ਪ੍ਰਾਪਤ ਹੋਈ ਜਾਣਕਾਰੀ ਅਨੁਸਾਰ ਕੰਪਨੀ ਅਗਲੇ ਮਹੀਨਿਆਂ ਦੌਰਾਨ ਛਾਂਟੀ ਦਾ ਦੂਜਾ ਦੌਰ ਵੀ ਸ਼ੁਰੂ ਕਰ ਸਕਦੀ ਹੈ।

ਕਰਮਚਾਰੀਆਂ ਨੂੰ ਮੰਗਲਵਾਰ ਯਾਨੀ 31 ਮਾਰਚ ਦੀ ਸਵੇਰੇ 6 ਵਜੇ ਈ-ਮੇਲ ਕਰਕੇ ਟਰਮੀਨੇਸ਼ਨ ਲੈਟਰ ਭੇਜੇ । ਇਸ ਵਿਚ ਲਿਖਿਆ ਸੀ ਕਿ ਅੱਜ ਉਨ੍ਹਾਂ ਦਾ ਲਾਸਟ ਵਰਕਿੰਗ ਡੇਅ ਹੈ । ਕੁਝ ਹੀ ਮਿੰਟਾਂ ਵਿਚ ਉਨ੍ਹਾਂ ਦਾ ਸਿਸਟਮ ਐਕਸੈੱਸ ਬੰਦ ਕਰ ਦਿੱਤਾ ਗਿਆ ਜਦਕਿ ਕੰਪਨੀ ਵੱਲੋਂ ਅਜੇ ਤੱਕ ਛਾਂਟੀ ਦਾ ਕਾਰਨ ਨਹੀਂ ਦੱਸਿਆ ਗਿਆ।







# ਅਮਰੀਕਾ ਦੇ ਉੱਘੇ ਸਿੱਖ ਅਟਾਰਨੀ ਜਸਪ੍ਰੀਤ ਸਿੰਘ ਬੁਰਜ ਗਲੋਬਲ ਐਵਾਰਡ ਨਾਲ ਸਨਮਾਨਿਤ





ਵਾਸ਼ਿੰਗਟਨ, (ਰਾਜ ਗੋਗਨਾ) : ਵਾਸ਼ਿੰਗਟਨ ਡੀ.ਸੀ 'ਚਵੱਕਾਰੀ ਬੁਰਜ ਗਲੋਬਲ ਨਾਂ ਦੀ ਸੰਸਥਾ ਵੱਲੋਂ ਉੱਘੇ ਸਿੱਖ ਅਟਾਰਨੀ ਜਸਪ੍ਰੀਤ ਸਿੰਘ ਨੂੰ ਬੁਰਜ ਗਲੋਬਲ ਐਵਾਰਡ ਦੇ ਨਾਲ ਨਾਮਜ਼ਦ ਕੀਤਾ ਗਿਆ ਹੈ। ਇਸ ਵੱਕਾਰੀ ਬੁਰਜ ਗਲੋਬਲ ਨਾਂ ਦੀ ਸੰਸਥਾ ਵੱਲੋਂ ਦੁਨੀਆ ਭਰ ਦੇ 100ਵੇਂ ਅਵਾਰਡ ਸਮਾਰੋਹ ਵਿਚ ਅਟਾਰਨੀ ਜਸਪ੍ਰੀਤ ਸਿੰਘ ਨੂੰ ਸਨਮਾਨਿਤ ਕੀਤਾ ਗਿਆ, ਜੋ ਨਿਊਜਰਸੀ ਦੇ ਰਾਜਪਾਲ ਦੇ ਮੁੱਖ ਸਲਾਹਕਾਰ ਵੀ ਹਨ। ਜਸਪ੍ਰੀਤ ਨੂੰ ਅਮਰੀਕਾ ਦੇ ਇੱਕ ਪ੍ਰਸਿੱਧ ਸਹੀ ਕਾਨੂੰਨੀ ਖੇਤਰਾਂ ਵਿਚ ਆਪਣੀਆਂ ਸ਼ਾਨਦਾਰ ਸੇਵਾਵਾਂ ਦੇਣ ਤੇ ਕਾਨੂੰਨੀ ਮਾਹਰ ਹੋਣ ਦੇ ਬਦਲੇ ਬੁਰਜ ਗਲੋਬਲ ਐਵਾਰਡ ਦਾ ਪੁਰਸਕਾਰ ਦਿੱਤਾ ਗਿਆ। ਇਹ ਪਾਵਰ ਗਲੋਬਲ ਸੰਸਥਾ ਵਪਾਰ, ਲੀਡਰਸ਼ਿਪ, ਨਵੀਨਤਾ ਅਤੇ ਸਮਾਜ ਵਿਚ ਸੇਵਾ ਨਾਲ ਸਬੰਧਤ ਵੱਖ-ਵੱਖ ਖੇਤਰਾਂ ਵਿੱਚ ਵਿਸ਼ਵ ਭਰ ਦੇ ਉੱਤਮ ਲੋਕਾਂ ਨੂੰ ਸਨਮਾਨਿਤ ਕਰਦੀ ਹੈ। ਅਮਰੀਕਾ ਦੇ ਉੱਘੇ ਸਿੱਖ ਵਕੀਲ ਜਸਪ੍ਰੀਤ ਸਿੰਘ ਅਟਾਰਨੀ ਐਟ ਲਾਅ ਨੂੰ ਇਹ ਗਲੋਬਲ ਅਵਾਰਡ ਉਹਨਾਂ ਦੀ ਕਾਨੂੰਨੀ ਖੇਤਰ ਵਿਚ ਸ਼ਾਨਦਾਰ ਸੇਵਾਵਾਂ ਅਤੇ ਉਹਨਾਂ ਦੇ ਲੀਡਰਸ਼ਿਪ ਗੁਣਾਂ ਕਾਰਨ ਦਿੱਤਾ ਗਿਆ। ਇਹ ਅਵਾਰਡ ਸਮਾਰੋਹ ਵਾਸ਼ਿੰਗਟਨ ਡੀ.ਸੀ. ਯੂ.ਐਸ.ਏ. ਵਿੱਚ ਬੀਤੇਂ ਦਿਨ ਆਯੋਜਿਤ ਕੀਤਾ ਗਿਆ। ਜਿਸ ਵਿੱਚ ਦੁਨੀਆ ਭਰ ਦੇ ਕਾਰੋਬਾਰੀ ਨੇਤਾਵਾਂ ਨੇ ਇਸ ਸਮਾਗਮ ਵਿੱਚ ਸ਼ਿਰਕਤ ਕੀਤੀ ਸੀ ਉਹਨਾਂ ਨੂੰ ਇਹ ਪੁਰਸਕਾਰ ਕਲੱਬ ਨੈੱਟਵਰਕ ਵਰਲਡਵਾਈਡ ਦੇ ਸੰਸਥਾਪਕ ਅਤੇ ਸੀ.ਈ.ਓ ਡਾ: ਤਾਰਿਕ ਅਹਿਮਦ ਨਿਜ਼ਾਮੀ ਅਤੇ ਮੈਨਜਿੰਗ ਸੀ.ਈ.ਓ ਸਾਰਾਹ ਡੇਂਗ ਦੁਆਰਾ ਪ੍ਰਦਾਨ ਕੀਤਾ ਗਿਆ।

# ਅਰੁੰਧਤੀ ਰਾਏ ਨੂੰ ਅਮਰੀਕੀ ਕ੍ਰਿਟਿਕਸ ਪੁਰਸਕਾਰ

ਵਾਸ਼ਿੰਗਟਨ : ਲੇਖਕਾ ਅਰੁੰਧਤੀ ਰਾਏ ਦੀ ਪੁਸਤਕ 'ਮਦਰ ਮੈਰੀ ਕਮਜ਼ ਟੂ ਮੀ', ਨੋਬੇਲ ਜੇਤੂ ਹਾਨ ਕਾਂਗ ਦੇ ਨਾਵਲ ਅਤੇ ਮਸਨੂਈ ਬੌਧਕਤਾ (ਏ ਆਈ) ਤੇ ਓਪਨ ਏ ਆਈ ਬਾਰੇ ਕੇਰਨ ਹਾਓ ਦੀ ਖੋਜ ਨੂੰ ਅਮਰੀਕਾ ਦੇ ਸਾਲਾਨਾ ਨੈਸ਼ਨਲ ਬੁੱਕ ਕ੍ਰਿਟਿਕਸ ਸਰਕਲ ਪੁਰਸਕਾਰਾਂ ਨਾਲ ਸਨਮਾਨਿਤ ਕੀਤਾ ਗਿਆ ਹੈ। ਅਰੁੰਧਤੀ ਰਾਏ ਨੂੰ ਉਨ੍ਹਾਂ ਦੀ ਰਚਨਾ 'ਮਦਰ ਮੈਰੀ ਕਮਜ਼ ਟੂ ਮੀ' ਨੂੰ ਆਤਮ-ਕਥਾ ਵਰਗ 'ਚ ਇਹ ਸਨਮਾਨ ਦਿੱਤਾ ਗਿਆ ਹੈ। ਹਾਨ ਦੇ ਨਾਵਲ 'ਵੀ ਡੂ ਨੌਟ ਪਾਰਟ' ਨੂੰ ਇਹ ਸਨਮਾਨ ਮਿਲਿਆ ਹੈ ਜੋ ਕੋਰਿਆਈ ਮੁੱਖ ਭੂਮੀ ਦੇ ਦੱਖਣ 'ਚ ਸਥਿਤ ਜੇਜੂ ਟਾਪੂ 'ਚ 1948-49 ਦੀ ਬਗਾਵਤ ਦੀ ਕਹਾਣੀ ਹੈ ਜਿਸ 'ਚ ਹਜ਼ਾਰਾਂ



ਲੋਕ ਮਾਰੇ ਗਏ ਸਨ। ਲਾਈਫਟਾਈਮ ਅਚੀਵਮੈਂਟ ਵਰਗ ਦਾ ਪੁਰਸਕਾਰ ਲੇਖਕਾ ਤੇ ਪੱਤਰਕਾਰ ਫਰਾਂਸਿਸ ਫਿਟਜ਼ਗੇਰਾਲਡ ਨੂੰ ਦਿੱਤਾ ਗਿਆ ਜਿਨ੍ਹਾਂ ਦੀ ਵੀਅਤਨਾਮ ਜੰਗ 'ਤੇ ਆਧਾਰਿਤ 1972 ਦੀ ਪੁਸਤਕ 'ਫਾਇਰ ਇਨ ਦਿ ਲੇਕ' ਕਾਫੀ ਮਸ਼ਹੂਰ ਹੈ। ਇਸ ਤੋਂ ਇਲਾਵਾ ਹਾਓ ਦੀ 'ਐਂਪਾਇਰ ਆਫ ਏ ਆਈ: ਡਰੀਮਜ਼ ਐਂਡ ਨਾਈਟਮੇਅਰਜ਼ ਇਨ ਸੈਮ ਆਲਟਮੈਨਜ਼ ਓਪਨ ਏ ਆਈ' ਨੇ ਵਾਰਤਕ ਵਰਗ 'ਚ ਪੁਰਸਕਾਰ ਪ੍ਰਾਪਤ ਕੀਤਾ ਹੈ।

# ਅਮਰੀਕਾ ਦੀ ਚੋਣ ਪ੍ਰਣਾਲੀ 'ਚ ਵੱਡਾ ਬਦਲਾਅ ਕਰਨ ਦੀ ਤਿਆਰੀ 'ਚ ਟਰੰਪ

ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਦੇਸ਼ ਦੀ ਚੋਣ ਪ੍ਰਣਾਲੀ ਵਿੱਚ ਵੱਡਾ ਬਦਲਾਅ ਕਰਨ ਦਾ ਐਲਾਨ ਕੀਤਾ ਹੈ। ਟਰੰਪ ਪ੍ਰਸ਼ਾਸਨ ਇੱਕ ਅਜਿਹਾ ਨਵਾਂ ਕਾਨੂੰਨ ਲਿਆਉਣ ਦੀ ਯੋਜਨਾ ਬਣਾ ਰਿਹਾ ਹੈ, ਜਿਸ ਤਹਿਤ ਫੈਡਰਲ ਚੋਣਾਂ ਵਿੱਚ ਵੋਟਰ ਆਈ.ਡੀ. ਨੂੰ ਲਾਜ਼ਮੀ ਬਣਾਇਆ ਜਾਵੇਗਾ ਅਤੇ ਵਿਵਾਦਿਤ 'ਮੇਲ-ਇਨ ਬੈਲੇਟ' ਦੀ ਸਹੂਲਤ ਨੂੰ ਲਗਭਗ ਖ਼ਤਮ ਜਾਂ ਬੇਹੱਦ ਸੀਮਤ ਕਰ ਦਿੱਤਾ ਜਾਵੇਗਾ। ਨਵੇਂ ਪ੍ਰਸਤਾਵ ਅਨੁਸਾਰ, ਹਰ ਅਮਰੀਕੀ ਨਾਗਰਿਕ ਨੂੰ ਵੋਟ ਪਾਉਣ ਲਈ ਆਪਣੀ ਫੋਟੋ ਵਾਲਾ ਸਰਕਾਰੀ ਪਛਾਣ ਪੱਤਰ ਦਿਖਾਉਣਾ ਲਾਜ਼ਮੀ ਹੋਵੇਗਾ। ਟਰੰਪ ਦਾ ਮੰਨਣਾ ਹੈ ਕਿ ਇਸ ਨਾਲ ਵੋਟਾਂ ਵਿੱਚ ਹੋਣ ਵਾਲੀ ਕਿਸੇ ਵੀ ਤਰ੍ਹਾਂ ਦੀ ਧਾਂਦਲੀ ਨੂੰ ਰੋਕਿਆ ਜਾ ਸਕੇਗਾ। ਟਰੰਪ ਨੇ ਹਮੇਸ਼ਾ ਡਾਕ ਰਾਹੀਂ ਵੋਟ ਪਾਉਣ ਦੀ ਪ੍ਰਕਿਰਿਆ ਦੀ ਆਲੋਚਨਾ ਕੀਤੀ ਹੈ। ਹੁਣ ਉਹ ਸਿਰਫ਼ ਬਿਮਾਰਾਂ ਜਾਂ ਵਿਦੇਸ਼ਾਂ ਵਿੱਚ ਰਹਿਣ ਵਾਲੇ ਫੌਜੀਆਂ ਲਈ ਹੀ ਇਸ ਦੀ ਵਰਤੋਂ ਸੀਮਤ ਕਰਨਾ ਚਾਹੁੰਦੇ ਹਨ। ਬਾਕੀ ਸਾਰੇ ਨਾਗਰਿਕਾਂ ਨੂੰ ਖ਼ੁਦ ਪੋਲਿੰਗ ਬੂਥ 'ਤੇ ਜਾ ਕੇ ਵੋਟ ਪਾਉਣੀ ਪਵੇਗੀ। ਰਾਸ਼ਟਰਪਤੀ ਟਰੰਪ ਨੇ 'ਵੋਟਿੰਗ ਡੇਅ' ਨੂੰ ਸਿਰਫ਼ ਇੱਕ ਦਿਨ ਤੱਕ ਸੀਮਤ ਕਰਨ ਅਤੇ ਨਤੀਜਿਆਂ ਦਾ ਐਲਾਨ ਵੀ ਉਸੇ ਰਾਤ ਕਰਨ 'ਤੇ ਜ਼ੋਰ ਦਿੱਤਾ ਹੈ। ਹਾਲਾਂਕਿ ਡੈਮੋਕ੍ਰੇਟਿਕ ਪਾਰਟੀ ਨੇ ਇਸ ਕਦਮ ਨੂੰ ਵੋਟਰਾਂ ਦੇ ਅਧਿਕਾਰਾਂ ਦੀ ਉਲੰਘਣਾ ਦੱਸਿਆ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਵੋਟਰ ਆਈ.ਡੀ. ਲਾਜ਼ਮੀ ਕਰਨ ਨਾਲ ਗਰੀਬ ਅਤੇ ਘੱਟ ਗਿਣਤੀ ਭਾਈਚਾਰਿਆਂ ਲਈ ਵੋਟ ਪਾਉਣਾ ਮੁਸ਼ਕਲ ਹੋ ਜਾਵੇਗਾ। ਕਈ ਕਾਨੂੰਨੀ ਮਾਹਿਰਾਂ ਅਨੁਸਾਰ, ਚੋਣਾਂ ਕਰਵਾਉਣਾ ਰਾਜਾਂ ਦਾ ਅਧਿਕਾਰ ਖੇਤਰ ਹੈ, ਇਸ ਲਈ ਕੇਂਦਰ ਸਰਕਾਰ ਲਈ ਅਜਿਹੇ ਨਿਯਮਾਂ ਨੂੰ ਪੂਰੇ ਦੇਸ਼ ਵਿੱਚ ਲਾਗੂ ਕਰਨਾ ਕਾਨੂੰਨੀ ਤੌਰ 'ਤੇ ਚੁਣੌਤੀਪੂਰਨ ਹੋ ਸਕਦਾ ਹੈ

# ਐਫਬੀਆਈ ਮੁਖੀ ਪਟੇਲ ਇਕ ਸ਼ਾਨਦਾਰ ਵਿਅਕਤੀ ਹੈ : ਟਰੰਪ



ਗੋਲਮੇਜ ਮੀਟਿੰਗ ਦੌਰਾਨ ਡੋਨਲਡ ਟਰੰਪ , ਕਾਸ਼ ਪਟੇਲ ਤੇ ਹੋਰ

ਸੈਕਰਾਮੈਂਟੋ/ਕੈਲੀਫੋਰਨੀਆ (ਹੁਸਨ ਲੜੋਆ ਬੰਗਾ) : ਰਾਸ਼ਟਰਪਤੀ ਡੋਨਲਡ ਟਰੰਪ ਨੇ ਮੈਮਫਿਸ ਸੇਫ ਟਾਸਕ ਫੋਰਸ ਦੀ ਵਾਸ਼ਿੰਗਟਨ, ਡੀ ਸੀ ਵਿਚ ਇਕ ਗੋਲਮੇਜ ਮੀਟਿੰਗ ਦੌਰਾਨ ਐਫ ਬੀ ਆਈ ਮੁਖੀ ਭਾਰਤੀ ਮੂਲ ਦੇ ਕਾਸ਼ ਪਟੇਲ ਦੀ ਰਜਵੀਂ ਪ੍ਰਸੰਸਾ ਕੀਤੀ। ਇਸ ਮੀਟਿੰਗ ਵਿਚ ਪਟੇਲ ਨੇ ਕਿਹਾ ਕਿ ਲਾਅ ਇਨਫੋਰਸਮੈਂਟ ਨੇ ਹਿੰਸਕ ਅਪਰਾਧੀਆਂ ਦੀਆਂ ਰਿਕਾਰਡ ਇਤਹਾਸਕ ਗ੍ਰਿਫਤਾਰੀਆਂ ਕਰਨ ਵਿੱਚ ਸਫਲਤਾ ਹਾਸਲ ਕੀਤੀ ਹੈ। ਟਰੰਪ ਨੇ ਕਿਹਾ ਕਿ ਐਫ ਬੀ ਆਈ ਮੁਖੀ ਕਾਸ਼ ਪਟੇਲ ਇਕ ਸ਼ਾਨਦਾਰ ਵਿਅਕਤੀ ਹੈ। ਦਰਅਸਲ ਜਦੋਂ ਤੁਸੀਂ ਉਸ ਨੂੰ ਜਾਣਨ ਦਾ ਯਤਨ ਕਰਦੇ ਹੋ ਤਾਂ ਪਤਾ ਲੱਗਦਾ ਹੈ ਕਿ ਉਹ ਅਦਭੁੱਤ ਹੈ। ਟਰੰਪ ਨੇ ਕਿਹਾ ਕਾਸ਼ ਤੁਹਾਡਾ ਬਹਤ-ਬਹੁਤ ਧੰਨਵਾਦ, ਤੁਸੀਂ ਸ਼ਾਨਦਾਰ ਕੰਮ ਕੀਤਾ ਹੈ। ਇਸ ਮੌਕੇ ਪਟੇਲ ਨੇ ਪ੍ਰਸ਼ਾਸਨ ਦੁਆਰਾ ਕਾਨੂੰਨੀ ਵਿਵਸਥਾ ਬਣਾਈ ਰਖਣ ਲਈ ਕੀਤੇ ਕੰਮਾਂ ਦਾ ਜਿਕਰ ਕੀਤਾ ਤੇ ਮੈਮਫਿਸ ਸੇਫ ਟਾਸਕ ਫੋਰਸ ਦੀ ਭੂਮਿਕਾ 'ਤੇ ਰੋਸ਼ਨੀ ਪਾਈ ਜਿਨਾਂ ਦੀ ਕਾਰਗੁਜਾਰੀ ਸਦਕਾ ਪਿਛਲੇ 6 ਮਹੀਨਿਆਂ ਦੌਰਾਨ ਸ਼ਹਿਰ ਵਿਚ ਹਿੰਸਕ ਅਪਰਾਧ ਵਿੱਚ ਤੇਜੀ ਨਾਲ ਕਮੀ ਆਈ ਹੈ। ਪਟੇਲ ਨੇ ਟਰੰਪ ਨੂੰ ਸੰਬੋਧਿਤ ਹੁੰਦਿਆਂ ਕਿਹਾ "ਤੁਸੀਂ ਸਾਨੂੰ ਇਜਾਜ਼ਤ ਦਿੱਤੀ ਤੇ ਕਿਹਾ ਕਿ ਜਾਓ ਗਿਰੋਹਾਂ ਦੇ ਸਰਗਰਨਿਆਂ, ਬਲਾਤਕਾਰੀਆਂ, ਕਾਤਲਾਂ ਤੇ ਡਰੱਗ ਦੇ ਵਪਾਰੀਆਂ ਨੂੰ ਫੜੋ। ਪਟੇਲ ਨੇ ਆਪਣੇ ਸੰਬੋਧਨ ਵਿੱਚ ਆਪਣੀ ਨਿੱਜੀ ਯਾਤਰਾ ਬਾਰੇ ਵੀ ਗੱਲ ਕੀਤੀ। ਯੂ ਐਸ ਮਾਰਸ਼ਲ ਸਰਿਵਸ ਮੁਖੀ ਗੈਡੀ ਸੇਰਾਲਟਾ ਨੇ ਕਿਹਾ ਕਿ ਟਾਸਕ ਫੋਰਸ ਨੇ 6 ਮਹੀਨਿਆਂ ਦੌਰਾਨ 7342 ਗ੍ਰਿਫਤਾਰੀਆਂ ਕੀਤੀਆਂ ਹਨ ਜਿਨਾਂ ਮਾਮਲਿਆਂ ਵਿਚ ਗ੍ਰਿਫਤਾਰੀਆਂ ਹੋਈਆਂ ਹਨ, ਉਨਾਂ ਵਿਚ ਕਤਲ, ਡਰੱਗ, ਗੈਂਗ ਅਪਰਾਧ ਤੇ ਗੈਰ ਕਾਨੂੰਨੀ ਹਥਿਆਰਾਂ ਨਾਲ ਸਬੰਧਤ ਮਾਮਲੇ ਸ਼ਾਮਿਲ ਹਨ।

# ਟਰੰਪ ਦਾ ਐਲਾਨ; ਦੋ-ਤਿੰਨ ਹਫ਼ਤਿਆਂ ਵਿੱਚ ਇਰਾਨ 'ਤੇ ਹਮਲੇ ਬੰਦ ਹੋ ਜਾਣਗੇ

ਵਾਸ਼ਿੰਗਟਨ : ਰਾਸ਼ਟਰਪਤੀ ਡੋਨਲਡ ਟਰੰਪ ਨੇ ਕਿਹਾ ਹੈ ਕਿ ਅਮਰੀਕਾ ਅਗਲੇ ਦੋ ਤੋਂ ਤਿੰਨ ਹਫ਼ਤਿਆਂ ਵਿੱਚ ਇਰਾਨ 'ਤੇ ਆਪਣੇ ਫ਼ੌਜੀ ਹਮਲੇ ਬੰਦ ਕਰ ਸਕਦਾ ਹੈ। ਉਨ੍ਹਾਂ ਇਹ ਵੀ ਸਾਫ਼ ਕੀਤਾ ਕਿ ਇਸ ਜੰਗ ਨੂੰ ਖ਼ਤਮ ਕਰਨ ਲਈ ਇਰਾਨ ਨਾਲ ਕੋਈ ਸਮਝੌਤਾ ਕਰਨਾ ਜ਼ਰੂਰੀ ਨਹੀਂ ਹੈ।

ਵ੍ਹਾਈਟ ਹਾਊਸ ਵਿੱਚ ਪੱਤਰਕਾਰਾਂ ਨਾਲ ਗੱਲ ਕਰਦਿਆਂ ਟਰੰਪ ਨੇ ਕਿਹਾ, 'ਅਸੀਂ ਬਹੁਤ ਜਲਦੀ (ਇਰਾਨ ਤੋਂ) ਬਾਹਰ ਨਿਕਲ ਜਾਵਾਂਗੇ।' ਉਨ੍ਹਾਂ ਦੱਸਿਆ ਕਿ ਇਹ ਪ੍ਰਕਿਰਿਆ ਦੋ ਜਾਂ ਤਿੰਨ ਹਫ਼ਤਿਆਂ ਦੇ ਅੰਦਰ ਪੂਰੀ ਹੋ ਸਕਦੀ ਹੈ। ਜਦੋਂ ਉਨ੍ਹਾਂ ਨੂੰ ਪੁੱਛਿਆ ਗਿਆ ਕਿ ਕੀ ਆਪਰੇਸ਼ਨ ਐਪਿਕ ਫਿਊਰੀ (Operation Epic Fury) ਨੂੰ ਖ਼ਤਮ ਕਰਨ ਲਈ ਇਰਾਨ ਨਾਲ ਗੱਲਬਾਤ ਸਫ਼ਲ ਹੋਣੀ ਜ਼ਰੂਰੀ ਹੈ, ਤਾਂ ਟਰੰਪ ਨੇ ਕਿਹਾ ਕਿ ਅਜਿਹੀ ਕੋਈ ਸ਼ਰਤ ਨਹੀਂ ਹੈ।

ਰਾਸ਼ਟਰਪਤੀ ਟਰੰਪ ਨੇ ਦੁਨੀਆ ਦੇ ਹੋਰ ਦੇਸ਼ਾਂ ਨਾਲ ਸਲਾਹ ਕੀਤੇ ਬਿਨਾਂ ਹੀ ਇਰਾਨ ਵਿਰੁੱਧ ਜੰਗ ਛੇੜ ਦਿੱਤੀ ਸੀ ਪਰ ਹੁਣ ਜਦੋਂ ਉਹ ਇਸ ਜੰਗ ਨੂੰ ਖ਼ਤਮ ਕਰਨ ਬਾਰੇ ਸੋਚ ਰਹੇ ਹਨ, ਤਾਂ ਉਹ ਚਾਹੁੰਦੇ ਹਨ ਕਿ ਬਾਕੀ ਦੁਨੀਆ ਇਸ ਨੁਕਸਾਨ ਦੀ ਭਰਪਾਈ ਕਰਨ ਵਿੱਚ ਉਨ੍ਹਾਂ ਦੀ ਮਦਦ ਕਰੇ। ਟਰੰਪ ਇਸ ਗੱਲ ਤੋਂ ਨਿਰਾਸ਼ ਹਨ ਕਿ ਯੂਰਪੀ ਦੇਸ਼ ਇਸ ਜੰਗ ਵਿੱਚ ਅਮਰੀਕਾ ਅਤੇ ਇਜ਼ਰਾਈਲ ਦਾ ਸਾਥ ਨਹੀਂ ਦੇ ਰਹੇ। ਉਹ ਇਸ ਗੱਲ ਨੂੰ ਵੀ ਨਜ਼ਰਅੰਦਾਜ਼ ਕਰ ਰਹੇ ਹਨ ਕਿ ਉਨ੍ਹਾਂ ਦੇ ਫੈਸਲੇ ਕਾਰਨ ਹੋਰਮੁਜ਼ ਜਲ ਮਾਰਗ ਰਾਹੀਂ ਹੋਣ ਵਾਲੀ ਤੇਲ ਦੀ ਸਪਲਾਈ ਰੁਕ ਗਈ ਹੈ। ਭਾਵੇਂ ਟਰੰਪ ਕਹਿ ਰਹੇ ਹਨ ਕਿ ਇਰਾਨ ਪੂਰੀ ਤਰ੍ਹਾਂ ਬਰਬਾਦ ਹੋ ਚੁੱਕਾ ਹੈ ਪਰ ਅਸਲ ਵਿੱਚ ਇਰਾਨ ਤੇਲ ਦੇ ਇਸ ਸਮੁੰਦਰੀ ਮਾਰਗ ਨੂੰ ਰੋਕਣ ਵਿੱਚ ਕਾਫੀ ਹੱਦ ਤੱਕ ਸਫਲ ਰਿਹਾ ਹੈ।

ਰਾਸ਼ਟਰਪਤੀ ਨੇ ਸੋਸ਼ਲ ਮੀਡੀਆ 'ਤੇ ਅਮਰੀਕਾ ਦੇ ਪੁਰਾਣੇ ਸਾਥੀ ਫਰਾਂਸ ਅਤੇ ਬ੍ਰਿਟੇਨ ਵਿਰੁੱਧ ਭੜਾਸ ਕੱਢੀ। ਟਰੰਪ ਨੇ ਕਿਹਾ ਕਿ ਜਿਨ੍ਹਾਂ ਦੇਸ਼ਾਂ ਨੂੰ ਹੋਰਮੁਜ਼ ਦਾ ਜਲ ਮਾਰਗ ਬੰਦ ਹੋਣ ਕਾਰਨ ਤੇਲ ਨਹੀਂ ਮਿਲ ਰਿਹਾ, ਖ਼ਾਸ ਕਰਕੇ ਬ੍ਰਿਟੇਨ (ਜਿਸ ਨੇ ਇਰਾਨ ਵਿਰੁੱਧ ਸਾਡਾ ਸਾਥ ਨਹੀਂ ਦਿੱਤਾ), ਉਨ੍ਹਾਂ ਲਈ ਮੇਰੇ ਕੋਲ ਦੋ ਸੁਝਾਅ ਹਨ, ਪਹਿਲਾ ਸੁਝਾਅ ਇਹ ਹੈ ਕਿ ਅਮਰੀਕਾ ਤੋਂ ਤੇਲ ਖਰੀਦੋ ਕਿਉਂਕਿ ਸਾਡੇ ਕੋਲ ਬਹੁਤ ਤੇਲ ਹੈ। ਦੂਜਾ ਇਹ ਕਿ ਥੋੜ੍ਹੀ ਹਿੰਮਤ ਦਿਖਾਓ, ਖ਼ੁਦ ਉੱਥੇ (ਹੋਰਮੁਜ਼ ਜਲ ਮਾਰਗ) ਜਾਓ ਅਤੇ ਉਸ ਰਸਤੇ 'ਤੇ ਕਬਜ਼ਾ ਕਰ ਲਓ। ਇਸ ਤੋਂ ਬਾਅਦ ਉਨ੍ਹਾਂ ਨੇ ਫਰਾਂਸ 'ਤੇ ਨਿਸ਼ਾਨਾ ਲਗਾਉਂਦਿਆਂ ਕਿਹਾ ਕਿ ਇਹ ਦੇਸ਼ ਬਿਲਕੁਲ ਵੀ ਮਦਦਗਾਰ ਨਹੀਂ ਰਿਹਾ। ਉਨ੍ਹਾਂ ਦੋਸ਼ ਲਾਇਆ ਕਿ ਫਰਾਂਸ ਨੇ ਇਜ਼ਰਾਈਲ ਜਾ ਰਹੇ ਉਨ੍ਹਾਂ ਜਹਾਜ਼ਾਂ ਨੂੰ ਆਪਣੇ ਹਵਾਈ ਖੇਤਰ ਤੋਂ ਉੱਡਣ ਦੀ ਇਜਾਜ਼ਤ ਨਹੀਂ ਦਿੱਤੀ, ਜੋ ਫੌਜੀ ਸਾਮਾਨ ਨਾਲ ਲੱਦੇ ਹੋਏ ਸਨ।

# ਨਾਮ ਬਦਲਣ ਦੀ ਤਿਆਰੀ; ਹੁਣ 'ਟਰੰਪ' ਦੇ ਨਾਂ ਨਾਲ ਜਾਣਿਆ ਜਾਵੇਗਾ ਫਲੋਰੀਡਾ ਦਾ ਹਵਾਈ ਅੱਡਾ

ਫਲੋਰੀਡਾ : ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਨਾਂ ਇਕ ਹੋਰ ਉਪਲਬਧੀ ਹੋਣ ਜਾ ਰਹੀ ਹੈ। ਜਾਣਕਾਰੀ ਮੁਤਾਬਕ ਫਲੋਰੀਡਾ ਦੇ ਪਾਮ ਬੀਚ ਅੰਤਰਰਾਸ਼ਟਰੀ ਹਵਾਈ ਅੱਡੇ ਦਾ ਨਾਮ ਬਦਲ ਕੇ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਨਾਮ 'ਤੇ ਰੱਖਿਆ ਜਾਵੇਗਾ। ਟਰੰਪ ਦੇ ਪੁੱਤਰ ਅਤੇ ਕਾਰੋਬਾਰੀ ਏਰਿਕ ਟਰੰਪ ਨੇ ਇਸਦਾ ਐਲਾਨ ਕੀਤਾ। ਉਨ੍ਹਾਂ ਕਿਹਾ ਕਿ ਪਾਮ ਬੀਚ ਅੰਤਰਰਾਸ਼ਟਰੀ ਹਵਾਈ ਅੱਡੇ ਨੂੰ ਹੁਣ 'ਰਾਸ਼ਟਰਪਤੀ ਡੋਨਾਲਡ ਜੇ. ਟਰੰਪ ਅੰਤਰਰਾਸ਼ਟਰੀ ਹਵਾਈ ਅੱਡਾ' ਕਿਹਾ ਜਾਵੇਗਾ।




ਸੀਬੀਐਸ ਨਿਊਜ਼ ਦੀ ਇੱਕ ਰਿਪੋਰਟ ਅਨੁਸਾਰ ਫਲੋਰੀਡਾ ਦੇ ਗਵਰਨਰ ਰੌਨ ਡੀਸੈਂਟਿਸ ਨੇ ਪਾਮ ਬੀਚ ਅੰਤਰਰਾਸ਼ਟਰੀ ਹਵਾਈ ਅੱਡੇ ਦਾ ਨਾਮ ਬਦਲ ਕੇ ਅਮਰੀਕੀ ਰਾਸ਼ਟਰਪਤੀ ਟਰੰਪ ਦੇ ਨਾਮ 'ਤੇ ਰੱਖਣ ਵਾਲੇ ਬਿੱਲ 'ਤੇ ਦਸਤਖਤ ਕੀਤੇ ਹਨ। ਐਕਸ 'ਤੇ ਇੱਕ ਪੋਸਟ ਵਿੱਚ ਏਰਿਕ ਟਰੰਪ ਨੇ ਕਿਹਾ, 'ਪਾਮ ਬੀਚ ਅੰਤਰਰਾਸ਼ਟਰੀ ਹਵਾਈ ਅੱਡਾ ਹੁਣ ਅਧਿਕਾਰਤ ਤੌਰ 'ਤੇ... 'ਰਾਸ਼ਟਰਪਤੀ ਡੋਨਾਲਡ ਜੇ. ਟਰੰਪ ਅੰਤਰਰਾਸ਼ਟਰੀ ਹਵਾਈ ਅੱਡਾ' ਬਣ ਗਿਆ ਹੈ! ਮੈਨੂੰ ਇਸ ਨੂੰ ਹਕੀਕਤ ਬਣਾਉਣ ਵਿੱਚ ਇੱਕ ਛੋਟੀ ਜਿਹੀ ਭੂਮਿਕਾ ਨਿਭਾਉਣ 'ਤੇ ਮਾਣ ਹੈ। ਫਲੋਰੀਡਾ ਹਾਊਸ ਡਿਸਟ੍ਰਿਕਟ 94 ਦੇ ਸਟੇਟ ਪ੍ਰਤੀਨਿਧੀ ਮੇਗ ਵੇਨਬਰਗਰ, ਫਲੋਰੀਡਾ ਦੇ ਗਵਰਨਰ ਰੌਨ ਡੀਸੈਂਟਿਸ, ਫਲੋਰੀਡਾ ਅਟਾਰਨੀ ਜਨਰਲ ਜੇਮਜ਼ ਉਥਮੇਅਰ, ਅਤੇ ਫਲੋਰੀਡਾ ਹਾਊਸ ਵਿੱਚ ਭਾਰੀ ਬਹੁਮਤ ਦਾ ਬਹੁਤ ਧੰਨਵਾਦ!'

ਸੀਬੀਐਸ ਨਿਊਜ਼ ਦੇ ਅਨੁਸਾਰ ਹਵਾਈ ਅੱਡੇ ਦਾ ਨਵਾਂ ਨਾਮ, 'ਰਾਸ਼ਟਰਪਤੀ ਡੋਨਾਲਡ ਜੇ. ਟਰੰਪ ਅੰਤਰਰਾਸ਼ਟਰੀ ਹਵਾਈ ਅੱਡਾ', 1 ਜੁਲਾਈ ਤੋਂ ਲਾਗੂ ਹੋਣ ਵਾਲਾ ਹੈ। ਹਾਲਾਂਕਿ ਫੈਡਰਲ ਏਵੀਏਸ਼ਨ ਐਡਮਿਨਿਸਟ੍ਰੇਸ਼ਨ (ਐਫਏਏ) ਨੇ ਇੱਕ ਬਿਆਨ ਵਿੱਚ ਕਿਹਾ ਕਿ ਉਹ ਨਾਮ ਬਦਲਣ ਨੂੰ ਮਨਜ਼ੂਰੀ ਨਹੀਂ ਦਿੰਦੇ ਹਨ, ਅਤੇ ਇਹ ਮਾਮਲਾ ਪੂਰੀ ਤਰ੍ਹਾਂ ਸਥਾਨਕ ਹੈ। ਇੱਕ ਬਿਆਨ ਵਿੱਚ ਐਫਏਏ ਨੇ ਕਿਹਾ, 'ਹਵਾਈ ਅੱਡੇ ਦਾ ਨਾਮ ਬਦਲਣਾ ਇੱਕ ਸਥਾਨਕ ਮਾਮਲਾ ਹੈ ਅਤੇ ਐਫਏਏ ਹਵਾਈ ਅੱਡੇ ਦੇ ਨਾਮ ਬਦਲਣ ਨੂੰ ਮਨਜ਼ੂਰੀ ਨਹੀਂ ਦਿੰਦਾ ਹੈ। ਹਾਲਾਂਕਿ ਐਫਏਏ ਨੂੰ ਕੁਝ ਪ੍ਰਸ਼ਾਸਕੀ ਕੰਮ ਪੂਰੇ ਕਰਨੇ ਪੈਂਦੇ ਹਨ ਜਿਨ੍ਹਾਂ ਵਿਚ ਨੇਵੀਗੇਸ਼ਨਲ ਚਾਰਟ ਅਤੇ ਡੇਟਾਬੇਸ ਨੂੰ ਅਪਡੇਟ ਕਰਨਾ ਸ਼ਾਮਲ ਹੈ।'

ਸੰਯੁਕਤ ਰਾਜ ਦੇ ਪੇਟੈਂਟ ਅਤੇ ਟ ?ਰੇਡਮਾਰਕ ਦਫਤਰ ਦੇ ਰਿਕਾਰਡਾਂ ਦੇ ਅਨੁਸਾਰ ਟਰੰਪ ਦੇ ਪਰਿਵਾਰਕ ਕਾਰੋਬਾਰ ਨੇ ਫਰਵਰੀ ਵਿੱਚ ਹਵਾਈ ਅੱਡੇ ਦੇ ਨਾਮ ਲਈ ਇੱਕ ਟਰੇਡਮਾਰਕ ਅਰਜ਼ੀ ਦਾਇਰ ਕੀਤੀ ਸੀ। ਅਰਜ਼ੀ ਵਿੱਚ ਯਾਤਰਾ ਨਾਲ ਸਬੰਧਤ ਕਈ ਚੀਜ਼ਾਂ ਅਤੇ ਉਪਕਰਣ ਸ਼ਾਮਲ ਸਨ, ਜਿਨ੍ਹਾਂ ਵਿੱਚ ਸਮਾਨ, ਫਲਾਈਟ ਸੂਟ ਅਤੇ ਹਵਾਈ ਅੱਡੇ ਦੀ ਸੁਰੱਖਿਆ ਜਾਂਚ ਲਈ ਪਲਾਸਟਿਕ ਜੁੱਤੀ ਪ੍ਰੋਟੈਕਟਰ ਸ਼ਾਮਲ ਸਨ। ਟਰੰਪ ਸੰਗਠਨ ਨੇ ਕਿਹਾ ਕਿ ਟਰੇਡਮਾਰਕ ਅਰਜ਼ੀ ਫਲੋਰੀਡਾ ਬਿੱਲ ਦੇ ਕਾਰਨ ਦਾਇਰ ਕੀਤੀ ਗਈ ਸੀ। ਹਾਲਾਂਕਿ ਸੰਗਠਨ ਨੇ ਇਹ ਵੀ ਕਿਹਾ ਕਿ ਪਰਿਵਾਰ ਨਾਮ ਤੋਂ ਲਾਭ ਉਠਾਉਣ ਦਾ ਇਰਾਦਾ ਨਹੀਂ ਰੱਖਦਾ।

# ਜੀ. ਐਚ. ਜੀ. ਅਕੈਡਮੀ ਫਰਿਜ਼ਨੋ ਦੇ ਸਲਾਨਾ ਵਿਰਾਸਤੀ ਖੇਡ ਮੇਲੇ ਅਤੇ ਪਰਿਵਾਰਿਕ ਪਿਕਨਿਕ ਨੇ ਛੱਡੀਆਂ ਅਮਿੱਟ ਪੈੜਾਂ





ਫਰਿਜ਼ਨੋ/ਕੈਲੇਫੋਰਨੀਆਂ (ਕੁਲਵੰਤ ਧਾਲੀਆਂ / ਨੀਟਾ ਮਾਛੀਕੇ): ਜੀ. ਐਚ. ਜੀ. ਅਕੈਡਮੀਂ ਵੱਲੋਂ ਹਰ ਸਾਲ ਦੀ ਤਰਾਂ ਇਸ ਸਾਲ ਕਰਵਾਏ ਗਏ ਸਲਾਨਾ ਬਾਲ ਵਿਰਾਸਤੀ ਖੇਡ ਮੇਲੇ ਦੌਰਾਨ ਭਾਰੀ ਰੌਣਕਾਂ ਲੱਗੀਆਂ। ਜਿਸ ਦਾ ਸਮੂੰਹ ਹਾਜ਼ਰੀਨ ਨੇ ਖ਼ੂਬ ਆਨੰਦ ਮਾਣਿਆ।

ਇਸ ਪਰਿਵਾਰਕ ਪਿਕਨਿਕ ਅਤੇ ਮੇਲੇ ਦੀ ਸ਼ੁਰੂਆਤ ਗੁਰਦੀਪ ਸਿੰਘ ਸ਼ੇਰਗਿੱਲ ਨੇ ਸਭ ਨੂੰ ਜੀ ਆਇਆਂ ਕਹਿੰਦੇ ਹੋਏ ਕੀਤੀ। ਜਦ ਕਿ ਸਾਰਾ ਦਿਨ ਬਤੌਰ ਸੰਚਾਲਕ ਪ੍ਰੋਗਰਾਮ ਦੇ ਦਰਸ਼ਕਾਂ ਨਾਲ ਗੱਲਾਂ ਕਰਦਿਆਂ ਮੇਲੇ ਨੂੰ ਚਾਰ ਚੰਨ ਲਾਏ। ਉਹਨਾਂ ਦਾ ਸਾਥ ਜਸਪ੍ਰੀਤ ਸਿੱਧੂ ਨੇ ਵੀ ਦਿੱਤਾ। ਉਸ ਤੋਂ ਬਾਅਦ ਸੰਗਤ ਰੂਪ ਵਿੱਚ ਸ਼ਬਦ ਗਾਇਨ ਕੀਰਤਨ ਕੀਤਾ ਅਤੇ ਸਰਬੱਤ ਦੇ ਭਲੇ ਲਈ ਅਰਦਾਸ ਕੀਤੀ। ਖੇਡਾਂ ਵਿੱਚ ਰੱਸਾ ਕੱਸੀ, ਬਾਂਦਰ ਕੀਲਾ, ਬਾਸਕਿਟ ਬਾਲ, ਰੁਮਾਲ ਚੁੱਕਣਾ, ਚਾਟੀ ਦੌੜ, ਟੌਚਨ, ਘੋੜਾ ਕਬੱਡੀ, ਚਮਚਾ ਦੌੜ, ਬੰਟੇ, ਤਿੰਨ ਟੰਗੀ ਦੌੜ ਤੋਂ ਇਲਾਵਾ ਹੋਰ ਵੀ ਪੁਰਾਤਨ ਅਤੇ ਪੇਂਡੂ ਵਿਰਾਸਤੀ ਖੇਡਾਂ ਸ਼ਾਮਲ ਸਨ।

ਅਕੈਡਮੀ ਦੇ ਸੰਸਥਾਪਕ ਸਵ. ਡਾ: ਦਲਜਿੰਦਰ ਸਿੰਘ ਜੌਹਲ ਜੀ ਨੂੰ ਵੀ ਯਾਦ ਕੀਤਾ ਗਿਆ। ਬੱਚਿਆਂ ਨੂੰ ਅਸ਼ੀਰਵਾਦ ਦੇਣ ਪਹੁੰਚੇ ਸਾਡੇ ਬਹੁਤ ਹੀ ਸਤਿਕਾਰ ਯੋਗ ਬਾਬੇ ਸਾਰਾ ਦਿਨ ਤਾਸ਼ ਖੇਡਦੇ ਹੋਏ ਆਪੋ ਆਪਣੇ ਪਿੰਡਾਂ ਦੀਆਂ ਸੱਥਾਂ ਦੀ ਯਾਦ ਤਾਜ਼ਾ ਕਰ ਰਹੇ। ਜਿਸ ਦੌਰਾਨ ਤਾਸ਼ ਦੀ ਸੀਪ ਦਾ ਮੁਕਾਬਲਾ ਬਹੁਤ ਹੀ ਦਿਲਚਸਪ ਰਿਹਾ।

ਇਸ ਮੇਲੇ ਦੌਰਾਨ ਸਾਰਾ ਦਿਨ ਮੌਸਮ ਵੀ ਠੀਕ ਰਿਹਾ ਅਤੇ ਖੇਡਾਂ ਬਹੁਤ ਹੀ ਸ਼ਾਨਦਾਰ ਤਰੀਕੇ ਨਾਲ ਹੁੰਦੀਆਂ ਰਹੀਆਂ। ਗਰਾਊਂਡਾਂ ਨੂੰ ਇੱਕ ਮਿੰਟ ਦਾ ਵੀ ਵਿਹਲ ਨਹੀਂ ਮਿਲਿਆ। ਬਜ਼ੁਰਗਾਂ ਨੂੰ ਆਪਣੇ ਵੇਲਿਆਂ ਦੀ ਯਾਦ ਆ ਗਈ ਜਦੋਂ ਉਹ ਆਪਣੇ ਸਾਥੀਆਂ ਨਾਲ ਇਹ ਖੇਡਾਂ ਖੇਡਿਆ ਕਰਦੇ ਸਨ। ਕਈ ਬਜ਼ੁਰਗ ਭਾਵਕ ਹੁੰਦੇ ਵੇਖੇ ਗਏ ਕਿਉਂਕਿ ਉਹਨਾਂ ਦੇ ਉਹ ਸਾਥੀ ਜਿਹਨਾਂ ਨਾਲ ਉਹ ਖੇਡਿਆ ਕਰਦੇ ਸਨ ਜਾਂ ਤਾਂ ਲੰਮੇ ਸਮੇਂ ਤੋਂ ਮਿਲੇ ਨਹੀ ਜਾਂ ਸਦਾ ਲਈ ਵਿੱਛੜ ਗਏ ਹਨ।

ਸਮੁੱਚੇ ਪ੍ਰੋਗਰਾਮ ਦੌਰਾਨ ਸੈਂਕੜਿਆਂ ਦੀ ਗਿਣਤੀ ਵਿੱਚ ਬੱਚਿਆਂ ਅਤੇ ਦਰਸ਼ਕਾਂ ਨੇ ਖੇਡ ਮੇਲੇ ਦਾ ਖ਼ੂਬ ਆਨੰਦ ਮਾਣਿਆ। ਹਰ ਕੋਈ ਇਹੀ ਚਰਚਾ ਕਰ ਰਿਹਾ ਸੀ ਕਿ ਜੀ. ਐਚ. ਜੀ. ਅਕੈਡਮੀਂ ਆਪਣੇ ਬੱਚਿਆਂ ਨੂੰ ਪੰਜਾਬੀ ਮਾਂ ਬੋਲੀ, ਸੱਭਿਆਚਾਰ, ਪੰਜਾਬੀਅਤ ਅਤੇ ਵਿਰਾਸਤੀ ਜੜਾ ਨਾਲ ਜੋੜਨ ਦਾ ਅਕੈਡਮੀ ਦਾ ਇਕ ਬਹੁਤ ਹੀ ਨਿੱਗਰ ਉਪਰਾਲਾ ਹੈ।

ਇਸ ਸਮੇਂ ਵਿਰਾਸਤੀ ਖੇਡ ਮੇਲੇ ਤੋਂ ਇਲਾਵਾ ਮੈਡੀਕਲ ਚੈੱਕਅੱਪ ਬੂਥ ਅਤੇ ਹੋਰ ਜਾਣਕਾਰੀ ਭਰਪੂਰ ਬੂਥ ਲੱਗੇ ਹੋਏ ਸਨ। ਚਾਹ, ਪਕੌੜੇ ਅਤੇ ਜਲੇਬੀਆਂ ਦੇ ਲੰਗਰ ਅਤੁੱਟ ਵਰਤਦੇ ਰਹੇ। ਜਦ ਕਿ ਪਾਣੀ ਦੀ ਸੇਵਾ ਗੁਰੂ ਨਾਨਕ ਸਪੋਰਟਸ ਕਲੱਬ ਸਨਵਾਕੀਨ-ਕਰਮਨ ਵੱਲੋਂ ਕੀਤੀ ਗਈ। ਇਸ ਪ੍ਰੋਗਰਾਮ ਦੀਆਂ ਕੀਮਤੀ ਯਾਦਾਂ ਨੂੰ ਸੰਭਾਲਣ ਲਈ ਸਿੰਘ ਪ੍ਰੋਡਕਸਨਜ਼ ਨੇ ਸੇਵਾਵਾਂ ਨਿਭਾਈਆਂ। ਜਦ ਕਿ ਸਥਾਨਕ ਮੀਡੀਆ ਵੀ ਸਾਰਾ ਦਿਨ ਮੌਜੂਦ ਰਿਹਾ।

ਮੀਡੀਏ ਨਾਲ ਗੱਲਬਾਤ ਦੌਰਾਨ ਅਕੈਡਮੀਂ ਦੇ ਮੁੱਖ ਮੈਬਰਾਂ ਵਿੱਚੋਂ ਸ. ਪਰਮਜੀਤ ਸਿੰਘ ਧਾਲੀਵਾਲ, ਸ. ਉਦੈਦੀਪ ਸਿੰਘ, ਸੁਖਵਿੰਦਰ ਸਰੋਏ ਅਤੇ ਇੰਦਰ ਬਰਾੜ ਨੇ ਕਿਹਾ ਕਿ ਇਹੋ ਜਿਹੇ ਸਮਾਗਮ ਵੱਧ ਤੋਂ ਵੱਧ ਹਰ ਸ਼ਹਿਰ ਵਿੱਚ ਹੋਣੇ ਚਾਹੀਦੇ ਹਨ। ਇਨ੍ਹਾਂ ਮਾਣਮੱਤੇ ਵਿਰਾਸਤੀ ਪਲਾਂ ਵਿੱਚ ਸ਼ਾਮਲ ਹੋਣ ਲਈ ਅਮੈਰੀਕਨ ਰਾਜਨੀਤੀ ਵਿੱਚ ਸਰਗਰਮ ਸਖਸੀਅਤਾਂ ਨੇ ਵੀ ਆਪਣੀ ਹਾਜ਼ਰੀ ਭਰੀ। ਜਦ ਕਿ ਸ਼ਾਮਲ ਸਭ ਬੱਚਿਆਂ ਨੂੰ ਅਕੈਡਮੀ ਵੱਲੋਂ ਸਨਮਾਨ ਦਿੱਤਾ ਗਿਆ। ਇਸ ਸਮੇਂ ਹਰ ਉਮਰ ਦੇ ਬੱਚਿਆਂ ਲਈ ਵੱਖ-ਵੱਖ ਖੇਡਾਂ ਦਾ ਪ੍ਰਬੰਧ ਕੀਤਾ ਗਿਆ ਸੀ। ਇਸ ਸਮੇਂ ਤਿੰਨ ਸਾਲ ਤੋਂ ਘੱਟ ਉਮਰ ਦੇ ਬੱਚਿਆਂ ਨੇ ਵੀ ਹਿੱਸਾ ਲਿਆ। ਮਾਪਿਆ ਅਤੇ ਬੱਚਿਆਂ ਵਿੱਚ ਭਾਰੀ ਉਤਸ਼ਾਹ ਵੇਖਣ ਨੂੰ ਮਿਲਿਆ। ਸਾਡੇ ਬੱਚੇ ਸਾਡਾ ਭਵਿੱਖ ਹਨ। ਅਕੈਡਮੀਂ ਦੇ ਸਮੂੰਹ ਪ੍ਰਬੰਧਕ, ਪੰਜਾਬੀ ਭਾਈਚਾਰਾ, ਯੂਥ ਵਿੰਗ, ਮਾਪੇ, ਸਹਿਯੋਗੀ ਸੰਸਥਾਵਾਂ ਅਤੇ ਸਪਾਂਸਰ ਵਧਾਈ ਦੇ ਪਾਤਰ ਹਨ।

# 'ਸਿੱਧੀ ਡੀਲ ਕਰ ਲਓ ਨਹੀਂ ਤਾਂ...', ਅਮਰੀਕਾ ਨੇ ਈਰਾਨ ਨੂੰ ਦਿੱਤੀ ਆਖਰੀ ਚਿਤਾਵਨੀ

ਅਮਰੀਕਾ ਦੇ ਯੁੱਧ ਮੰਤਰੀ ਪੀਟ ਹੇਗਸੇਥ ਨੇ ਈਰਾਨ ਨੂੰ ਸਖ਼ਤ ਚਿਤਾਵਨੀ ਦਿੰਦੇ ਹੋਏ ਕਿਹਾ ਹੈ ਕਿ ਉਹ ਅਮਰੀਕਾ ਦੀਆਂ ਸ਼ਰਤਾਂ 'ਤੇ ਸਿੱਧੀ ਡੀਲ ਕਰ ਲਵੇ, ਨਹੀਂ ਤਾਂ ਹੋਰ ਭਿਆਨਕ ਹਮਲਿਆਂ ਲਈ ਤਿਆਰ ਰਹੇ। ਹੇਗਸੇਥ ਨੇ ਇਕ ਪ੍ਰੈੱਸ ਕਾਨਫਰੰਸ ਦੌਰਾਨ ਸਪੱਸ਼ਟ ਕੀਤਾ ਕਿ ਰਾਸ਼ਟਰਪਤੀ ਡੋਨਾਲਡ ਟਰੰਪ ਇਸ ਜੰਗ ਨੂੰ ਖਤਮ ਕਰਨ ਲਈ ਇਕ ਸਮਝੌਤਾ ਕਰਨਾ ਚਾਹੁੰਦੇ ਹਨ, ਪਰ ਇਹ ਡੀਲ ਸਿਰਫ ਅਮਰੀਕੀ ਸ਼ਰਤਾਂ 'ਤੇ ਹੀ ਹੋਵੇਗੀ।

ਰੱਖਿਆ ਮੰਤਰੀ ਨੇ ਕਿਹਾ ਕਿ ਪਿਛਲੇ ਇਕ ਮਹੀਨੇ ਤੋਂ ਚੱਲ ਰਹੀ ਇਸ ਜੰਗ ਕਾਰਨ ਈਰਾਨ ਦੀ ਫੌਜੀ ਸਮਰੱਥਾ ਕਮਜ਼ੋਰ ਹੋ ਗਈ ਹੈ ਅਤੇ ਉਨ੍ਹਾਂ ਦਾ ਮਨੋਬਲ ਡਿੱਗ ਚੁੱਕਾ ਹੈ। ਉਨ੍ਹਾਂ ਚਿਤਾਵਨੀ ਦਿੱਤੀ ਕਿ ਜੇਕਰ ਈਰਾਨ ਸਮਝੌਤੇ ਲਈ ਸਹਿਮਤ ਨਹੀਂ ਹੁੰਦਾ ਤਾਂ ਅਮਰੀਕਾ ਆਪਣੇ ਹਮਲਿਆਂ ਨੂੰ ਹੋਰ ਤੇਜ਼ ਅਤੇ ਵਧੇਰੇ ਹਮਲਾਵਰ ਬਣਾਏਗਾ। ਉਨ੍ਹਾਂ ਇਹ ਵੀ ਕਿਹਾ ਕਿ ਆਉਣ ਵਾਲੇ ਦਿਨ ਪੱਛਮੀ ਏਸ਼ੀਆ ਦੇ ਸੰਕਟ ਲਈ ਬਹੁਤ ਨਿਰਣਾਇਕ ਹੋਣਗੇ। ਜੰਗ ਕਾਰਨ ਹੋਰਮੁਜ਼ ਸਟ੍ਰੇਟ ਦੇ ਪ੍ਰਭਾਵਿਤ ਹੋਣ ਨਾਲ ਦੁਨੀਆ ਭਰ ਵਿੱਚ ਤੇਲ ਦੀ ਸਪਲਾਈ ਵਿੱਚ ਵਿਘਨ ਪਿਆ ਹੈ ਅਤੇ ਕੀਮਤਾਂ ਵਧ ਗਈਆਂ ਹਨ। ਇਸ ਸਬੰਧੀ ਟਰੰਪ ਨੇ ਪਹਿਲਾਂ ਹੀ ਕਿਹਾ ਹੈ ਕਿ ਜੇਕਰ ਡੀਲ ਨਹੀਂ ਹੁੰਦੀ ਤਾਂ ਈਰਾਨ ਦੇ ਤੇਲ ਖੂਹਾਂ ਨੂੰ ਚੁਣ-ਚੁਣ ਕੇ ਨਿਸ਼ਾਨਾ ਬਣਾਇਆ ਜਾਵੇਗਾ। ਹੇਗਸੇਥ ਨੇ ਇਹ ਵੀ ਇਲਜ਼ਾਮ ਲਗਾਇਆ ਕਿ ਸਮੁੰਦਰੀ ਰਸਤਿਆਂ ਦੀ ਸੁਰੱਖਿਆ ਸਿਰਫ ਅਮਰੀਕਾ ਦੀ ਜ਼ਿੰਮੇਵਾਰੀ ਨਹੀਂ ਹੈ ਅਤੇ ਨਾਟੋ (NATO)



ਦੇਸ਼ਾਂ ਨੇ ਮਦਦ ਮੰਗਣ 'ਤੇ ਸਾਥ ਨਹੀਂ ਦਿੱਤਾ। ਅਮਰੀਕੀ ਯੁੱਧ ਮੰਤਰੀ ਨੇ ਉਮੀਦ ਜਤਾਈ ਕਿ ਮੋਜਤਬਾ ਖਾਮੇਨੇਈ ਦੀ ਅਗਵਾਈ ਵਾਲੀ ਈਰਾਨ ਦੀ ਨਵੀਂ ਸਰਕਾਰ ਪਿਛਲੀ ਸਰਕਾਰ ਨਾਲੋਂ ਵਧੇਰੇ ਸਮਝਦਾਰ ਸਾਬਤ ਹੋਵੇਗੀ ਅਤੇ ਡੀਲ ਦੇ ਮਹੱਤਵ ਨੂੰ ਸਮਝੇਗੀ।



ਇਮੀਗ੍ਰੇਸ਼ਨ ਦੀਆਂ ਸਾਰੀਆਂ ਸੇਵਾਵਾਂ ਤੇ ਸਮੱਸਿਆਵਾਂ ਦਾ ਹੱਲ ਇਕ ਛੱਤ ਥੱਲੇ

# LAW OFFICES OF EMMANUEL ENYINWA

ESQ, Abogado

- ਪੋਲੀਟੀਕਲ ਅਸਾਈਲਮ
- Political Asylum
- Deportation of Defense
- BIA Appeal
- 9 Circuit Court
- Federal Court
- ਗਰੀਨਕਾਰਡ
- ਸਿਟੀਜਨਸ਼ਿਪ
- Green Card
- Citizenship
- ਡਾਈਵੋਰਸ
- ਸਿਵਲ ਐਂਡ ਕਰੀਮੀਨਲ ਕੇਸ
- Divorce
- Civil and Criminal Cases
- Family Petition Immigration
- Travel document
- Work Permit

ਅਸੀਂ ਇਮੀਗ੍ਰੇਸ਼ਨ ਨਾਲ ਸਬੰਧਤ ਹਰ ਤਰ੍ਹਾਂ ਦੀਆਂ ਸੇਵਾਵਾਂ ਪ੍ਰਦਾਨ ਕਰਦੇ ਹਾਂ।

ਨੋਟ : ਇਥੇ ਸਪੈਨਿਸ ਵੀ ਬੋਲੀ ਜਾਂਦੀ ਹੈ ਅਤੇ ਸਪੈਨਿਸ ਵਿਚ ਲੋਕਾਂ ਦੇ ਕੇਸ ਵੀ ਲਏ ਜਾਂਦੇ ਹਨ।

ਅਸੀਂ ਤਿੰਨ ਥਾਵਾਂ ਤੋਂ ਆਪ ਜੀ ਦੀਆਂ ਸੇਵਾਵਾਂ ਲਈ ਹਾਜ਼ਰ ਹਾਂ

**Manteca-Arizona- San Francisco**


239 West Yosemite Ave Manteca CA 95336
hsrotal.64@gmail.com
369 Pine Street, Suite 420, San Francisco, CA 94104
Enyinwalaw@gmail.com

**All Services Under One Roof**



HARMINDER SINGH SAMANA
OFFICE MANAGER
209-481-7750
209-624-3919

EMMANUEL ENYINWA
Attorney of Law
Tel. 415-956-6100
Fax. 415-956-6111



# ਕੈਨੇਡਾ ਵੱਲੋਂ ਨਵੇਂ ਕਾਨੂੰਨ ਨਾਲ ਅਸਾਇਲਮ ਨਿਯਮਾਂ ਵਿੱਚ ਸਖ਼ਤੀ; ਸਮਾਂ ਸੀਮਾ ਵਿੱਚ ਵੱਡੇ ਬਦਲਾਅ



ਕੈਨੇਡਾ ਸਰਕਾਰ ਨੇ ਅਸਾਇਲਮ (ਸ਼ਰਨ) ਦੇ ਨਿਯਮਾਂ ਨੂੰ ਹੋਰ ਸਖ਼ਤ ਬਣਾਉਣ ਲਈ ਇੱਕ ਨਵਾਂ ਕਾਨੂੰਨ ਪਾਸ ਕੀਤਾ ਹੈ। 'ਬਿੱਲ ਸੀ-12' ਜਾਂ 'ਸਟਰੈਂਥਨਿੰਗ ਕੈਨੇਡਾ'ਜ਼ ਇਮੀਗ੍ਰੇਸ਼ਨ ਸਿਸਟਮ ਐਂਡ ਬਾਰਡਰਜ਼ ਐਕਟ' ਨਾਮਕ ਇਸ ਕਾਨੂੰਨ ਨੂੰ 26 ਮਾਰਚ 2026 ਨੂੰ ਸ਼ਾਹੀ ਸਹਿਮਤੀ ਮਿਲੀ ਅਤੇ ਇਹ ਹੁਣ ਲਾਗੂ ਹੋ ਗਿਆ ਹੈ।

ਇਮੀਗ੍ਰੇਸ਼ਨ, ਰਿਫਿਊਜੀਜ਼ ਅਤੇ ਸਿਟੀਜ਼ਨਸ਼ਿਪ ਕੈਨੇਡਾ ਦੇ ਅਨੁਸਾਰ ਇਸ ਕਾਨੂੰਨ ਦੇ ਚਾਰ ਮੁੱਖ ਹਿੱਸੇ ਹਨ। ਇਹ ਨਵੇਂ ਨਿਯਮ ਜੋੜਦਾ ਹੈ ਕਿ ਕੌਣ ਅਸਾਇਲਮ ਦਾ ਦਾਅਵਾ ਕਰ ਸਕਦਾ ਹੈ, ਪ੍ਰਕਿਰਿਆ ਨੂੰ ਤੇਜ਼ ਅਤੇ ਸਰਲ ਬਣਾਉਂਦਾ ਹੈ, ਸਰਕਾਰੀ ਵਿਭਾਗਾਂ ਵਿਚਕਾਰ ਜਾਣਕਾਰੀ ਸਾਂਝੀ ਕਰਨ ਦੀ ਇਜਾਜ਼ਤ ਦਿੰਦਾ ਹੈ ਅਤੇ ਸਰਕਾਰ ਨੂੰ ਇਮੀਗ੍ਰੇਸ਼ਨ ਦਸਤਾਵੇਜ਼ਾਂ ਤੇ ਅਰਜ਼ੀਆਂ 'ਤੇ ਵਧੇਰੇ ਸ਼ਕਤੀ ਪ੍ਰਦਾਨ ਕਰਦਾ ਹੈ।

ਇਸ ਸਾਲ ਕੈਨੇਡਾ ਵਿੱਚ ਅਸਾਇਲਮ ਮੰਗਣ ਵਾਲਿਆਂ ਵਿੱਚ ਭਾਰਤੀ ਨਾਗਰਿਕ ਸਭ ਤੋਂ ਅੱਗੇ ਹਨ। 2025 ਦੇ ਪਹਿਲੇ ਛੇ ਮਹੀਨਿਆਂ ਵਿੱਚ ਭਾਰਤ ਦੇ ਲੋਕਾਂ ਨੇ ਲਗਪਗ 9,770 ਰਿਫਿਊਜੀ ਦਾਅਵੇ ਦਾਇਰ ਕੀਤੇ, ਜੋ ਕਿਸੇ ਵੀ ਹੋਰ ਦੇਸ਼ ਨਾਲੋਂ ਵੱਧ ਹਨ। ਪੰਜਾਬ ਸਮੇਤ ਕਈ ਸੂਬਿਆਂ ਤੋਂ ਅਜਿਹੇ ਦਾਅਵੇ ਕੀਤੇ ਜਾਂਦੇ ਹਨ, ਜੋ ਅਕਸਰ ਸਿਆਸੀ ਜਾਂ ਸੁਰੱਖਿਆ ਚਿੰਤਾਵਾਂ ਨਾਲ ਜੁੜੇ ਹੁੰਦੇ ਹਨ।

ਇਮੀਗ੍ਰੇਸ਼ਨ ਐਂਡ ਰਿਫਿਊਜੀ ਬੋਰਡ ਆਫ ਕੈਨੇਡਾ ਦੇ ਅਧਿਕਾਰਤ ਰਿਕਾਰਡਾਂ ਅਨੁਸਾਰ ਦਸੰਬਰ 2012 ਤੋਂ ਹੁਣ ਤੱਕ ਭਾਰਤੀ ਨਾਗਰਿਕਾਂ ਦੁਆਰਾ ਕੈਨੇਡਾ ਵਿੱਚ 45,000 ਤੋਂ ਵੱਧ ਅਸਾਇਲਮ ਦਾਅਵੇ ਕੀਤੇ ਗਏ ਹਨ। ਸਭ ਤੋਂ ਵੱਡੇ ਬਦਲਾਅ 3 ਜੂਨ 2025 ਜਾਂ ਉਸ ਤੋਂ ਬਾਅਦ ਕੀਤੇ ਗਏ ਅਸਾਇਲਮ ਦਾਅਵਿਆਂ ਨੂੰ ਪ੍ਰਭਾਵਿਤ ਕਰਦੇ ਹਨ। ਜੇ ਕੋਈ ਵਿਅਕਤੀ 24 ਜੂਨ 2020 ਨੂੰ ਜਾਂ ਉਸ ਤੋਂ ਬਾਅਦ ਕੈਨੇਡਾ ਵਿੱਚ ਆਪਣੀ ਪਹਿਲੀ ਐਂਟਰੀ ਦੇ ਇੱਕ ਸਾਲ ਤੋਂ ਵੱਧ ਸਮੇਂ ਬਾਅਦ ਦਾਅਵਾ ਕਰਦਾ ਹੈ, ਤਾਂ ਆਮ ਤੌਰ 'ਤੇ ਉਸ ਦਾ ਦਾਅਵਾ ਪੂਰੀ ਸੁਣਵਾਈ ਲਈ ਇਮੀਗ੍ਰੇਸ਼ਨ ਐਂਡ ਰਿਫਿਊਜੀ ਬੋਰਡ (IRB) ਨੂੰ ਨਹੀਂ ਭੇਜਿਆ ਜਾਵੇਗਾ।

ਇਹ ਨਿਯਮ ਉਦੋਂ ਵੀ ਲਾਗੂ ਹੁੰਦਾ ਹੈ ਜੇ ਵਿਅਕਤੀ ਬਾਅਦ ਵਿੱਚ ਕੈਨੇਡਾ ਛੱਡ ਕੇ ਵਾਪਸ ਆਇਆ ਹੋਵੇ। ਇੱਕ ਸਾਲ ਦਾ ਸਮਾਂ 24 ਜੂਨ 2020 ਤੋਂ ਬਾਅਦ ਉਸ ਦੀ ਪਹਿਲੀ ਐਂਟਰੀ ਤੋਂ ਸ਼ੁਰੂ ਹੁੰਦਾ ਹੈ ਅਤੇ ਮੁੜ-ਐਂਟਰੀਆਂ ਨਾਲ ਦੁਬਾਰਾ ਸ਼ੁਰੂ ਨਹੀਂ ਹੁੰਦਾ। ਇਸ ਤੋਂ ਇਲਾਵਾ ਜੇ ਕੋਈ ਵਿਅਕਤੀ ਅਮਰੀਕਾ ਤੋਂ ਅਧਿਕਾਰਤ ਬਾਰਡਰ ਪੁਆਇੰਟਾਂ ਦੇ ਵਿਚਕਾਰ (ਗੈਰ-ਕਾਨੂੰਨੀ ਢੰਗ ਨਾਲ) ਕੈਨੇਡਾ ਵਿੱਚ ਦਾਖਲ ਹੁੰਦਾ ਹੈ ਅਤੇ ਦਾਖਲ ਹੋਣ ਦੇ 14 ਦਿਨਾਂ ਬਾਅਦ ਅਸਾਇਲਮ ਦਾ ਦਾਅਵਾ ਕਰਦਾ ਹੈ, ਤਾਂ ਉਸ ਦਾ ਦਾਅਵਾ ਆਮ ਤੌਰ 'ਤੇ ਪੂਰੀ IRB ਸੁਣਵਾਈ ਲਈ ਨਹੀਂ ਜਾਵੇਗਾ। ਇਸ ਦਾ ਉਦੇਸ਼ ਸਿਸਟਮ ਦੀ ਦੁਰਵਰਤੋਂ ਨੂੰ ਰੋਕਣਾ ਅਤੇ ਦਾਅਵਿਆਂ ਵਿੱਚ ਅਚਾਨਕ ਹੋਏ ਵਾਧੇ ਨੂੰ ਸੰਭਾਲਣਾ ਹੈ। ਕੈਨੇਡਾ ਅਜੇ ਵੀ ਉਨ੍ਹਾਂ ਲੋਕਾਂ ਦੀ ਰੱਖਿਆ ਕਰੇਗਾ ਜਿਨ੍ਹਾਂ ਨੂੰ ਨੁਕਸਾਨ ਜਾਂ ਅੱਤਿਆਚਾਰ ਦਾ ਅਸਲ ਖ਼ਤਰਾ ਹੈ। ਸਰਕਾਰ ਦਾ ਕਹਿਣਾ ਹੈ ਕਿ ਇਹ ਕਾਨੂੰਨ ਸਰਹੱਦਾਂ ਨੂੰ ਸੁਰੱਖਿਅਤ ਕਰਨ, ਫੈਂਟਾਨਿਲ ਸਮਗਲਿੰਗ ਵਰਗੇ ਸੰਗਠਿਤ ਅਪਰਾਧਾਂ ਨਾਲ ਲੜਨ ਅਤੇ ਇਮੀਗ੍ਰੇਸ਼ਨ ਪ੍ਰਣਾਲੀ ਨੂੰ ਨਿਰਪੱਖ ਅਤੇ ਕੁਸ਼ਲ ਰੱਖਣ ਵਿੱਚ ਮਦਦ ਕਰੇਗਾ। ਪਬਲਿਕ ਸੇਫਟੀ ਕੈਨੇਡਾ ਨੇ ਕਿਹਾ ਕਿ ਇਹ ਪੁਲੀਸ ਨੂੰ ਸਰਹੱਦ 'ਤੇ ਗੈਰ-ਕਾਨੂੰਨੀ ਗਤੀਵਿਧੀਆਂ ਵਿਰੁੱਧ ਬਿਹਤਰ ਸਾਧਨ ਪ੍ਰਦਾਨ ਕਰਦਾ ਹੈ।

ਇਹ ਕਾਨੂੰਨ ਸੰਘੀ, ਸੂਬਾਈ ਅਤੇ ਖੇਤਰੀ ਸਰਕਾਰਾਂ ਨੂੰ ਜਾਂਚ ਅਤੇ ਤਾਲਮੇਲ ਸੁਧਾਰਨ ਲਈ ਵਧੇਰੇ ਨਿੱਜੀ ਜਾਣਕਾਰੀ ਸਾਂਝੀ ਕਰਨ ਦੀ ਇਜਾਜ਼ਤ ਵੀ ਦਿੰਦਾ ਹੈ। ਜਨਤਕ ਹਿੱਤ ਦੇ ਮਾਮਲਿਆਂ ਵਿੱਚ ਮੰਤਰੀ ਵੀਜ਼ਾ, ਵਰਕ ਪਰਮਿਟ, ਸਟੱਡੀ ਪਰਮਿਟ ਅਤੇ ਹੋਰ ਦਸਤਾਵੇਜ਼ ਰੱਦ, ਮੁਅੱਤਲ ਜਾਂ ਬਦਲ ਸਕਦਾ ਹੈ। ਸਰਕਾਰ ਕੁਝ ਸ਼੍ਰੇਣੀਆਂ ਵਿੱਚ ਨਵੀਆਂ ਅਰਜ਼ੀਆਂ ਸਵੀਕਾਰ ਕਰਨ ਜਾਂ ਪ੍ਰੋਸੈਸ ਕਰਨ ਨੂੰ ਵੀ ਰੋਕ ਸਕਦੀ ਹੈ।

ਪਰ ਕਈ ਸਮੂਹਾਂ ਨੇ ਇਸ ਕਾਨੂੰਨ ਦੀ ਆਲੋਚਨਾ ਕੀਤੀ ਹੈ। ਕੈਨੇਡੀਅਨ ਕੌਂਸਲ ਫਾਰ ਰਿਫਿਊਜੀਜ਼ ਦਾ ਕਹਿਣਾ ਹੈ ਕਿ ਇਹ ਸ਼ਰਨਾਰਥੀਆਂ ਲਈ ਸੁਰੱਖਿਆ ਨੂੰ ਕਮਜ਼ੋਰ ਕਰਦਾ ਹੈ ਅਤੇ ਅੰਤਰਰਾਸ਼ਟਰੀ ਨਿਯਮਾਂ ਅਤੇ ਕੈਨੇਡੀਅਨ ਚਾਰਟਰ ਆਫ ਰਾਈਟਸ ਦੇ ਤਹਿਤ ਕੈਨੇਡਾ ਦੇ ਵਾਅਦਿਆਂ ਨੂੰ ਤੋੜ ਸਕਦਾ ਹੈ। ਕੈਨੇਡੀਅਨ ਸਿਵਲ ਲਿਬਰਟੀਜ਼ ਐਸੋਸੀਏਸ਼ਨ ਅਤੇ ਹੋਰ ਅਧਿਕਾਰ ਸਮੂਹ ਇਸ ਨੂੰ ਸ਼ਰਨਾਰਥੀ ਅਤੇ ਪ੍ਰਵਾਸੀ ਅਧਿਕਾਰਾਂ 'ਤੇ ਹਮਲਾ ਮੰਨਦੇ ਹਨ। ਉਨ੍ਹਾਂ ਨੂੰ ਡਰ ਹੈ ਕਿ ਇਹ ਇਮੀਗ੍ਰੇਸ਼ਨ ਅਤੇ ਰਿਫਿਊਜੀ ਬੋਰਡ ਦੇ ਸਾਹਮਣੇ ਪੂਰੀ ਸੁਣਵਾਈ ਤੋਂ ਇਨਕਾਰ ਕਰਕੇ ਹਜ਼ਾਰਾਂ ਲੋਕਾਂ ਨੂੰ ਹਿੰਸਾ ਜਾਂ ਅੱਤਿਆਚਾਰ ਦੇ ਖਤਰੇ ਵਿੱਚ ਪਾ ਦੇਵੇਗਾ। ਕੁਝ ਮਾਮਲਿਆਂ ਵਿੱਚ ਹਟਾਉਣ (ਡਿਪੋਰਟ ਕਰਨ) ਤੋਂ ਪਹਿਲਾਂ ਸਿਰਫ ਇੱਕ ਤੇਜ਼ ਜੋਖਮ ਜਾਂਚ ਹੋ ਸਕਦੀ ਹੈ, ਜਿਸ ਨੂੰ ਆਲੋਚਕ ਨਿਰਪੱਖ ਜਾਂ ਸੁਤੰਤਰ ਨਹੀਂ ਮੰਨਦੇ।

# ਕੈਨੇਡਾ ਜਾਂਦੇ ਭਾਰਤੀ ਵਿਦਿਆਰਥੀਆਂ ਦੀ ਗਿਣਤੀ ਘਟੀ

## 2019 'ਚ 9,43000 ਵਿਦਿਆਰਥੀ ਸਨ, 2025 'ਚ ਸਿਰਫ਼ 50,370



ਚੰਡੀਗੜ੍ਹ : ਪਿਛਲੇ ਦਹਾਕੇ 'ਚ ਕੈਨੇਡਾ ਦੇ ਸਿਖਿਆ ਅਦਾਰੇ ਭਾਰਤੀ ਤੇ ਵਿਸ਼ੇਸ਼ ਕਰ ਕੇ ਪੰਜਾਬੀ ਵਿਦਿਆਰਥੀਆਂ ਲਈ ਖਿੱਚ ਦੇ ਕੇਂਦਰ ਅਤੇ ਬਾਅਦ ਵਿਚ ਉਥੇ ਪੱਕੇ ਪ੍ਰਵਾਸੀ ਬਣਨ ਵਾਸਤੇ ਇਕ ਸ਼ਾਨਦਾਰ ਸਫ਼ਲਤਾ ਵਾਲਾ ਕਦਮ ਬਣਦਾ ਸਿਸਟਮ ਹੁਣ ਖੇਰੂੰ-ਖੇਰੂੰ ਹੋ ਚੁੱਕਾ ਹੈ। ਪਹਿਲਾਂ ਕੋਵਿਡ 19 ਕਾਰਨ ਫਿਰ

ਭਾਈ ਨਿੱਜਰ ਦੇ ਕਤਲ ਕਾਰਨ ਦੋਨਾਂ ਦੇਸ਼ਾਂ 'ਚ ਵਿਗੜੇ ਰਿਸ਼ਤੇ ਅਤੇ ਹੁਣ ਅਮਰੀਕਾ-ਇਜ਼ਰਾਈਲ ਤੇ ਇਰਾਨ ਦੀ ਜੰਗ ਦੇ ਨਾ ਰੁਕਣ ਕਾਰਨ ਸਮੇਤ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਪਿਛਲੇ 2 ਸਾਲਾਂ 'ਚ ਚੁੱਕੇ ਕਦਮਾਂ ਨੇ ਭਾਰਤ ਤੇ ਵਿਸ਼ੇਸ਼ ਕਰ ਕੇ ਪੰਜਾਬ ਦੇ ਨੌਜਵਾਨਾਂ ਦੇ ਸੁਨਿਹਰੀ ਭਵਿੱਖ 'ਤੇ ਚਿੰਤਾਜਨਕ ਅਸਰ ਪਾਇਆ ਹੈ।

ਪਿਛਲੇ ਹਫ਼ਤੇ ਕੈਨੇਡਾ ਦੀ ਸੰਸਦ 'ਚ ਆਡੀਟਰ ਜਨਰਲ ਨੇ ਅੰਤਰਰਾਸ਼ਟਰੀ ਸਟੂਡੈਂਟ ਪ੍ਰੋਗਰਾਮ ਅਤੇ ਸੁਧਾਰ ਵਾਲੀ ਰਿਪੋਰਟ ਪੇਸ਼ ਕੀਤੀ ਜਿਸ ਵਿਚ ਕਿਹਾ ਗਿਆ ਹੈ ਕਿ 2023 'ਚ ਭਾਰਤ ਤੋਂ ਆਉਣ ਵਾਲੇ ਵਿਦਿਆਰਥੀਆਂ ਦੀ ਗਿਣਤੀ ਘੱਟ ਕੇ 51.6 ਪ੍ਰਤੀਸ਼ਤ ਰਹਿ ਗਈ, 2024 'ਚ ਹੋਰ ਘੱਟ ਕੇ 33.6 ਫ਼ੀ ਸਦੀ ਅਤੇ ਪਿਛਲੇ ਸਾਲ ਸਿਰਫ਼ 8.1 ਫ਼ੀ ਸਦੀ ਰਹਿ ਗਈ। ਆਡੀਟਰ ਜਨਰਲ ਕੇਰਨ ਹੋਗਾਨ ਨੇ ਰਿਪੋਰਟ ਵਿਚ ਲਿਖਿਆ ਕਿ ਕੈਨੇਡਾ ਸਰਕਾਰ ਦੇ ਇਮੀਗ੍ਰੇਸ਼ਨ ਰਿਫ਼ਿਊਜੀ ਸਿਟੀਜ਼ਨ ਮਹਿਕਮੇ ਨੇ ਅੰਤਰਰਾਸ਼ਟਰੀ ਵਿਦਿਆਰਥੀ ਪ੍ਰੋਗਰਾਮ ਤਹਿਤ ਸੁਧਾਰ ਦੇ ਕਈ ਕਦਮ ਪੁੱਟ ਕੇ ਨੌਜਵਾਨਾਂ ਨੂੰ ਕੈਨੇਡਾ ਦੀਆਂ ਸਿਖਿਆ ਸੰਸਥਾਵਾਂ, ਕਾਲਜਾਂ ਤੇ ਯੂਨੀਵਰਸਿਟੀਆਂ ਲਈ ਪ੍ਰੇਰਿਤ ਕੀਤਾ ਸੀ, ਉਸ ਨਾਲ 2019 ਤੋਂ 2023 ਦੌਰਾਨ ਵਿਦਿਆਰਥੀਆਂ ਦੀ ਗਿਣਤੀ 4,26,000 ਤੋਂ ਵੱਧ ਕੇ 9,43000 ਹੋ ਗਈ। ਰਿਪੋਰਟ ਮੁਤਾਬਕ ਸਾਲ ਦਰ ਸਾਲ ਇਹ ਗਿਣਤੀ ਘੱਟ ਕੇ ਪਹਿਲਾਂ 3,48,900 ਅਤੇ ਪਿਛਲੇ ਸਾਲ 2025 'ਚ 1,49,000 ਅਤੇ ਮੌਜੂਦਾ 2026 ਵਿਚ ਸਿਰਫ਼ 50,370 ਤਕ ਹੇਠਾਂ ਜਾਣ ਦਾ ਡਰ ਹੈ। ਰਿ

ਪੋਰਟ ਮੁਤਾਬਕ ਭਾਰਤੀ ਵਿਦਿਆਰਥੀਆਂ ਵਿਸ਼ੇਸ਼ ਕਰ ਪੰਜਾਬ, ਦਿੱਲੀ, ਕੇਰਲ ਰਾਜਾਂ ਦੇ ਨੌਜਵਾਨ ਪਹਿਲਾਂ ਸਟੱਡੀ ਵੀਜ਼ੇ ਪ੍ਰਾਪਤ ਕਰਦੇ ਹਨ, ਕੋਰਸ ਪੂਰੇ ਕਰ ਕੇ ਆਰਜ਼ੀ ਨਿਵਾਸ ਲਈ ਅਰਜ਼ੀ ਦਾਇਰ ਕਰਦੇ ਹਨ ਅਤੇ ਫਿਰ ਪੱਕੇ ਪ੍ਰਵਾਸ ਵਾਸਤੇ ਯੋਗ ਹੋ ਜਾਂਦੇ ਹਨ ਤੇ ਕੈਨੇਡਾ ਦੇ ਅਰਥਚਾਰੇ ਨੂੰ ਮਜ਼ਬੂਤ ਕਰਨ 'ਚ ਹਿੱਸਾ ਪਾਉਂਦੇ ਹਨ। ਟੋਰਾਂਟੋ ਕੈਨੇਡਾ ਤੋਂ ਛਪੀ ਇਕ ਹੋਰ ਰਿਪੋਰਟ 'ਚ ਕਿਹਾ ਗਿਆ ਹੈ ਕਿ ਉਥੋਂ ਦੀ ਸਰਕਾਰ ਨੇ ਸ਼ਰਤਾਂ ਦੀ ਸਖਤੀ ਕਰ ਕੇ ਪਿਛਲੇ ਸਾਲ ਸਥਾਈ ਰਿਹਾਇਸ਼ ਦੀ ਮੰਜ਼ੂਰੀ ਸਾਲ 2020 ਨਾਲੋਂ ਹੁਣ ਸਿਰਫ਼ 20 ਫ਼ੀ ਸਦੀ ਕਰ ਦਿਤੀ ਹੈ।

'ਐਸੋਸੀਏਸ਼ਨ ਫਾਰ ਕੈਨੇਡੀਅਨ ਸਟਡੀਜ਼' ਨਾਮ ਦੀ ਸੰਸਥਾ ਨੇ ਅੰਕੜੇ ਦੇ ਕੇ ਕਿਹਾ ਹੈ ਕਿ ਸਾਲ 2024 'ਚ 4,83,655 ਦਿਤੇ ਵੀਜ਼ਿਆਂ ਦੀ ਥਾਂ ਪਿਛਲੇ ਸਾਲ ਗਿਣਤੀ ਪੱਕੇ ਨਿਵਾਸ ਵਾਸਤੇ 3,93,530 ਸੀ। ਇਨ੍ਹਾਂ 'ਚ ਭਾਰਤੀ 1,27375 ਤੋਂ ਘੱਟ ਕੇ 98,770 ਰਹਿ ਗਏ। ਰਿਪੋਰਟ ਮੁਤਾਬਕ 2020 ਵਿਚ ਜੋ ਭਾਰਤੀ ਪੱਕੇ ਪ੍ਰਵਾਸੀਆਂ ਨੂੰ ਮੰਜ਼ੂਰੀ ਦਿਤੀ ਸੀ, ਉਹ 42,875 ਸੀ, ਜਿਹੜੀ ਵੱਧ ਕੇ 2023 'ਚ 1,39,790 ਹੋ ਗਈ।

# ਨਿਊਜ਼ੀਲੈਂਡ ਦੇ ਡਰੱਗ ਤਸਕਰ ਬਲਤੇਜ ਸਿੰਘ ਨੇ ਪਛਾਣ ਲੁਕਾਉਣ ਵਾਲੀ ਪਟੀਸ਼ਨ ਲਈ ਵਾਪਸ

## 2025 'ਚ ਨਿਊਜ਼ੀਲੈਂਡ ਦੀ ਹਾਈ ਕੋਰਟ ਨੇ ਡਰੱਗ ਮਾਮਲੇ ਵਿੱਚ ਸੁਣਾਈ ਸੀ 22 ਸਾਲ ਦੀ ਸਜ਼ਾ



ਨਿਊਜ਼ੀਲੈਂਡ: ਬਲਤੇਜ ਸਿੰਘ, ਜੋ ਨਿਊਜ਼ੀਲੈਂਡ ਵਿੱਚ ਕਾਰੋਬਾਰ ਦੀ ਆੜ ਵਿੱਚ ਇੱਕ ਅੰਤਰਰਾਸ਼ਟਰੀ ਡਰੱਗ ਨੈੱਟਵਰਕ ਚਲਾਉਂਦਾ ਸੀ, ਸਾਬਕਾ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਕਾਤਲ ਸਤਵੰਤ ਸਿੰਘ ਦਾ ਭਤੀਜਾ ਹੈ। ਆਕਲੈਂਡ ਵਿੱਚ ਰਹਿੰਦਿਆਂ, ਬਲਤੇਜ ਭਾਰਤ, ਦੁਬਈ ਅਤੇ ਸੰਯੁਕਤ ਰਾਜ ਅਮਰੀਕਾ ਤੋਂ ਨਸ਼ੀਲੇ ਪਦਾਰਥਾਂ ਦੀ ਦਰਾਮਦ ਕਰਦਾ ਸੀ।

ਜਾਂਚ ਤੋਂ ਪਤਾ ਲੱਗਾ ਹੈ ਕਿ ਉਹ ਨਾਰੀਅਲ ਪਾਣੀ ਦੇ ਡੱਬਿਆਂ, ਸ਼ਹਿਦ ਬੀਅਰ ਦੇ ਡੱਬਿਆਂ ਅਤੇ ਕੋਂਬੂਚਾ ਬੋਤਲਾਂ ਵਿੱਚ ਛੁਪਾ ਕੇ ਨਿਊਜ਼ੀਲੈਂਡ ਵਿੱਚ ਮੇਥਾਮਫੇਟਾਮਾਈਨ ਅਤੇ ਐਫੇਡਰਾਈਨ ਵਰਗੇ ਨਸ਼ੀਲੇ ਪਦਾਰਥਾਂ ਦੀ ਤਸਕਰੀ ਕਰਦਾ ਸੀ। ਇਹ ਨੈੱਟਵਰਕ 2021 ਵਿੱਚ ਸ਼ੁਰੂ ਹੋਇਆ ਸੀ। ਇਸ ਖੇਪ ਨੂੰ ਵੱਖ-ਵੱਖ ਦੇਸ਼ਾਂ ਤੋਂ ਉਡਾਣਾਂ ਅਤੇ ਕੰਟੇਨਰਾਂ ਰਾਹੀਂ ਆਕਲੈਂਡ ਲਿਜਾਇਆ ਗਿਆ ਸੀ।

ਜਨਵਰੀ 2023 ਵਿੱਚ, ਜਦੋਂ ਉਸਨੇ ਆਪਣੀ ਕਿਰਾਏ ਦੀ ਇਕਾਈ ਵਿੱਚ ਭੇਜੇ ਗਏ ਹਜ਼ਾਰਾਂ ਡੱਬੇ ਖੋਲ੍ਹਣੇ ਸ਼ੁਰੂ ਕੀਤੇ, ਤਾਂ ਪੁਲਿਸ ਨੇ ਸਹੂਲਤ 'ਤੇ ਛਾਪਾ ਮਾਰਿਆ। 700 ਕਿਲੋਗ੍ਰਾਮ ਤੋਂ ਵੱਧ ਮੇਥਾਮਫੇਟਾਮਾਈਨ ਬਰਾਮਦ ਕੀਤਾ ਗਿਆ ਅਤੇ ਉਸਨੂੰ ਗ੍ਰਿਫਤਾਰ ਕਰ ਲਿਆ ਗਿਆ। 2025 ਵਿੱਚ, ਨਿਊਜ਼ੀਲੈਂਡ ਹਾਈ ਕੋਰਟ ਨੇ ਉਸਨੂੰ 22 ਸਾਲ ਦੀ ਕੈਦ ਦੀ ਸਜ਼ਾ ਸੁਣਾਈ। ਉਸ ਸਮੇਂ, ਉਸਨੇ ਆਪਣੀ ਪਛਾਣ ਲੁਕਾਉਣ ਲਈ ਅਦਾਲਤ ਵਿੱਚ ਪਟੀਸ਼ਨ ਦਾਇਰ ਕੀਤੀ, ਇਹ ਕਹਿੰਦੇ ਹੋਏ ਕਿ ਉਸਦਾ ਨਾਮ ਦੱਸਣ ਨਾਲ ਉਸਦੇ ਪਰਿਵਾਰ ਨੂੰ ਖ਼ਤਰਾ ਹੋਵੇਗਾ। ਅਦਾਲਤ ਨੇ ਉਸ ਨਾਲ ਸਹਿਮਤੀ ਪ੍ਰਗਟ ਕੀਤੀ ਅਤੇ ਪੁਲਿਸ, ਸਰਕਾਰ ਅਤੇ ਮੀਡੀਆ ਨੂੰ ਉਸਦਾ ਨਾਮ ਪ੍ਰਗਟ ਨਾ ਕਰਨ ਦਾ ਨਿਰਦੇਸ਼ ਦਿੱਤਾ। ਹਾਲਾਂਕਿ, ਉਸਦੀ ਪਛਾਣ ਭਾਰਤ ਵਿੱਚ ਪਹਿਲਾਂ ਹੀ ਜਨਤਕ ਕੀਤੀ ਜਾ ਚੁੱਕੀ ਸੀ। ਨਿਊਜ਼ੀਲੈਂਡ ਵਿੱਚ ਉਸਦੀ ਪਛਾਣ ਦਾ ਖੁਲਾਸਾ ਨਹੀਂ ਕੀਤਾ ਗਿਆ ਸੀ। ਹਾਲਾਂਕਿ, ਹੁਣ ਇਹ ਦੱਸਿਆ ਗਿਆ ਹੈ ਕਿ ਉਸਨੇ ਸੁਪਰੀਮ ਕੋਰਟ ਵਿੱਚ ਆਪਣੀ ਪਟੀਸ਼ਨ ਵਾਪਸ ਲੈ ਲਈ ਹੈ। ਨਤੀਜੇ ਵਜੋਂ, ਉਸਦੀ ਪਛਾਣ ਜਨਤਕ ਕਰ ਦਿੱਤੀ ਗਈ ਹੈ।

# ਪੈਟਰੋਲ 7 ਤੇ ਡੀਜ਼ਲ 25 ਰੁਪਏ ਹੋਇਆ ਮਹਿੰਗਾ ! ਇਸ ਪੈਟਰੋਲੀਅਮ ਕੰਪਨੀ ਨੇ ਵਧਾਏ ਰੇਟ

ਨਵੀਂ ਦਿੱਲੀ : ਨਵਾਂ ਵਿੱਤੀ ਸਾਲ ਸ਼ੁਰੂ ਹੁੰਦੇ ਹੀ ਨਿੱਜੀ ਤੇਲ ਕੰਪਨੀਆਂ ਨੇ ਖਪਤਕਾਰਾਂ ਨੂੰ ਮਹਿੰਗਾਈ ਦਾ ਜ਼ਬਰਦਸਤ ਝਟਕਾ ਦਿੱਤਾ ਹੈ। ਨਾਇਰਾ ਐਨਰਜੀ ਤੋਂ ਬਾਅਦ ਹੁਣ ਇੱਕ ਹੋਰ ਪ੍ਰਮੁੱਖ ਨਿੱਜੀ ਤੇਲ ਕੰਪਨੀ ਸ਼ੈੱਲ ਇੰਡੀਆ (Shell India) ਨੇ ਪੈਟਰੋਲ ਅਤੇ ਡੀਜ਼ਲ ਦੀਆਂ ਕੀਮਤਾਂ ਵਿੱਚ ਭਾਰੀ ਵਾਧਾ ਕਰ ਦਿੱਤਾ ਹੈ। ਕੰਪਨੀ ਨੇ ਪੈਟਰੋਲ ਦੀ ਕੀਮਤ ਵਿੱਚ ਲਗਭਗ 7.4 ਰੁਪਏ ਅਤੇ ਡੀਜ਼ਲ ਵਿੱਚ 25 ਰੁਪਏ ਪ੍ਰਤੀ ਲੀਟਰ ਦਾ ਇਜ਼ਾਫਾ ਕੀਤਾ ਹੈ।

ਬੈਂਗਲੁਰੂ ਵਿੱਚ ਸ਼ੈੱਲ ਦੇ ਪੰਪਾਂ 'ਤੇ ਪੈਟਰੋਲ ਦੀ ਕੀਮਤ ਵਿੱਚ 7.41 ਰੁਪਏ ਪ੍ਰਤੀ ਲੀਟਰ ਦਾ ਵਾਧਾ ਹੋਇਆ ਹੈ, ਜਿਸ ਨਾਲ ਹੁਣ ਉੱਥੇ ਆਮ ਪੈਟਰੋਲ ਦੀ ਕੀਮਤ 119.85 ਰੁਪਏ ਹੋ ਗਈ ਹੈ। ਸਭ ਤੋਂ ਵੱਧ ਮਾਰ ਡੀਜ਼ਲ 'ਤੇ ਪਈ ਹੈ, ਜਿਸ ਦੀ ਕੀਮਤ 25.01 ਰੁਪਏ ਪ੍ਰਤੀ ਲੀਟਰ ਵਧ ਕੇ 123.52 ਰੁਪਏ ਤੱਕ ਪਹੁੰਚ ਗਈ ਹੈ। ਸਥਾਨਕ ਟੈਕਸਾਂ ਕਾਰਨ ਮਹਾਰਾਸ਼ਟਰ, ਗੁਜਰਾਤ, ਤਾਮਿਲਨਾਡੂ ਅਤੇ ਤੇਲੰਗਾਨਾ ਵਰਗੇ ਹੋਰ ਸੂਬਿਆਂ ਵਿੱਚ ਇਨ੍ਹਾਂ ਕੀਮਤਾਂ ਵਿੱਚ ਥੋੜ੍ਹਾ ਬਦਲਾਅ ਹੋ ਸਕਦਾ ਹੈ। ਤੇਲ ਕੀਮਤਾਂ ਵਿੱਚ ਇਸ ਵਾਧੇ ਦਾ ਮੁੱਖ ਕਾਰਨ ਈਰਾਨ ਜੰਗ ਕਾਰਨ ਕੱਚੇ ਤੇਲ ਦੀਆਂ ਕੀਮਤਾਂ ਵਿੱਚ ਆਈ ਤੇਜ਼ੀ ਦੱਸਿਆ ਜਾ ਰਿਹਾ ਹੈ। ਕੱਚੇ ਤੇਲ ਦੀਆਂ ਕੀਮਤਾਂ 100 ਡਾਲਰ ਪ੍ਰਤੀ ਬੈਰਲ ਤੋਂ ਉੱਪਰ ਰਹਿਣ ਕਾਰਨ ਨਿੱਜੀ ਕੰਪਨੀਆਂ ਨੂੰ




ਭਾਰੀ ਨੁਕਸਾਨ ਹੋ ਰਿਹਾ ਸੀ। ਸਰਕਾਰੀ ਤੇਲ ਕੰਪਨੀਆਂ ਦੇ ਮੁਕਾਬਲੇ ਨਿੱਜੀ ਕੰਪਨੀਆਂ ਨੂੰ ਕੋਈ ਸਰਕਾਰੀ ਮੁਆਵਜ਼ਾ ਨਹੀਂ ਮਿਲਦਾ, ਜਿਸ ਕਾਰਨ ਉਨ੍ਹਾਂ ਨੇ ਇਸ ਵਾਧੇ ਦਾ ਬੋਝ ਸਿੱਧਾ ਗਾਹਕਾਂ 'ਤੇ ਪਾ ਦਿੱਤਾ ਹੈ।

ਰਿਪੋਰਟਾਂ ਅਨੁਸਾਰ, ਆਉਣ ਵਾਲੇ ਦਿਨਾਂ ਵਿੱਚ ਡੀਜ਼ਲ ਦੀਆਂ ਕੀਮਤਾਂ ਵਿੱਚ ਹੋਰ ਵੀ ਉਛਾਲ ਆ ਸਕਦਾ ਹੈ, ਜੋ ਸੰਭਾਵਿਤ ਤੌਰ 'ਤੇ 148 ਤੋਂ 165 ਰੁਪਏ ਪ੍ਰਤੀ ਲੀਟਰ ਤੱਕ ਪਹੁੰਚ ਸਕਦੀਆਂ ਹਨ। ਜ਼ਿਕਰਯੋਗ ਹੈ ਕਿ ਪੱਛਮੀ ਏਸ਼ੀਆ ਵਿੱਚ ਚੱਲ ਰਹੇ ਸੰਘਰਸ਼ ਕਾਰਨ 8 ਫਰਵਰੀ ਤੋਂ ਬਾਅਦ ਬ੍ਰੈਂਟ ਕਰੂਡ ਦੀਆਂ ਕੀਮਤਾਂ ਵਿੱਚ 60 ਫੀਸਦੀ ਤੱਕ ਦਾ ਵਾਧਾ ਹੋ ਚੁੱਕਾ ਹੈ।

ਇਸ ਤੋਂ ਪਹਿਲਾਂ ਨਾਇਰਾ ਐਨਰਜੀ ਨੇ ਵੀ ਪੈਟਰੋਲ ਵਿੱਚ 5 ਰੁਪਏ ਅਤੇ ਡੀਜ਼ਲ ਵਿੱਚ 3 ਰੁਪਏ ਪ੍ਰਤੀ ਲੀਟਰ ਦਾ ਵਾਧਾ ਕੀਤਾ ਸੀ। ਸ਼ੈੱਲ ਇੰਡੀਆ ਦੇ ਦੇਸ਼ ਭਰ ਵਿੱਚ 325 ਤੋਂ ਵੱਧ ਪੰਪ ਹਨ, ਜਿਨ੍ਹਾਂ 'ਤੇ ਇਹ ਨਵੀਆਂ ਕੀਮਤਾਂ 1 ਅਪ੍ਰੈਲ ਤੋਂ ਲਾਗੂ ਹੋ ਗਈਆਂ ਹਨ।

# ਲੋਕ ਪ੍ਰਤੀਨਿਧੀਆਂ ਦੇ ਖ਼ਿਲਾਫ਼ ਅਪਰਾਧਿਕ ਮਾਮਲੇ-ਇਕ ਗੰਭੀਰ ਮਸਲਾ

ਦੁਨੀਆ ਦੇ ਸਭ ਤੋਂ ਵੱਡੇ ਲੋਕਤੰਤਰਿਕ ਦੇਸ਼ ਭਾਰਤ ਵਿਚ ਚੁਣੇ ਗਏ ਪ੍ਰਤੀਨਿਧੀਆਂ ਵਿਚ ਬਹੁਤੇ ਚਿਹਰੇ ਅਪਰਾਧਿਕ ਅਤੇ ਅਰਬਪਤੀ ਹੋਣ ਨੇ ਇਕ ਪਾਸੇ ਜਿੱਥੇ ਲੋਕਾਂ ਨੂੰ ਹੈਰਾਨ ਕੀਤਾ ਹੈ, ਉੱਥੇ ਹੀ ਲੋਕਤੰਤਰ ਦੀ ਮੂਲ ਆਤਮਾ ਨੂੰ ਵੀ ਠੇਸ ਪਹੁੰਚਾਈ ਹੈ। ਦੇਸ਼ ਦੇ ਕੁਝ ਸੂਬਿਆਂ 'ਚ ਸਮਾਪਤ ਹੋਈਆਂ ਰਾਜ ਸਭਾ ਦੀਆਂ ਅੰਸ਼ਕ ਚੋਣਾਂ ਤੋਂ ਬਾਅਦ ਲੋਕਤੰਤਰਿਕ ਸੁਧਾਰ ਸਬੰਧੀ ਐਸੋਸੀਏਸ਼ਨ ਵਲੋਂ ਹਾਲ ਹੀ 'ਚ ਕੀਤੇ ਗਏ ਇਕ ਵਿਸ਼ਲੇਸ਼ਣ ਅਨੁਸਾਰ ਸੰਸਦ ਦੇ ਉਪਰਲੇ ਸਦਨ ਰਾਜ ਸਭਾ 'ਚ ਮੌਜੂਦਾ ਸਮੇਂ 32 ਫ਼ੀਸਦੀ ਅਰਥਾਤ ਸਰਵੇਖਣ 'ਚ ਸ਼ਾਮਿਲ ਕੀਤੇ ਗਏ ਕੁੱਲ 229 'ਚੋਂ 73 ਸੰਸਦ ਮੈਂਬਰਾਂ ਵਿਰੁੱਧ ਅਪਰਾਧਿਕ ਮਾਮਲੇ ਦਰਜ ਹਨ। ਇਹ ਅੰਕੜੇ ਉਨ੍ਹਾਂ ਦਸਤਵੇਜ਼ਾਂ ਦੇ ਆਧਾਰ 'ਤੇ ਇਕੱਠੇ ਕੀਤੇ ਗਏ ਹਨ, ਜੋ ਇਨ੍ਹਾਂ ਵਲੋਂ ਆਪਣੀ ਨਾਮਜ਼ਦਗੀ ਮੌਕੇ ਦਾਖਲ ਕੀਤੇ ਗਏ ਸਨ। ਉਕਤ ਦਸਤਾਵੇਜ਼ਾਂ ਅਨੁਸਾਰ ਇਨ੍ਹਾਂ ਸੰਸਦ ਮੈਂਬਰਾਂ ਦੀ ਜਾਇਦਾਦ 'ਚ ਵੀ ਵੱਡਾ ਵਾਧਾ ਹੋਇਆ ਪਾਇਆ ਗਿਆ ਹੈ। ਇਹ ਸਥਿਤੀ ਸਿਰਫ਼ ਰਾਜ ਸਭਾ ਮੈਂਬਰਾਂ ਨੂੰ ਲੈ ਕੇ ਹੀ ਨਹੀਂ ਹੈ, ਸਗੋਂ ਲੋਕ ਸਭਾ ਤੇ ਰਾਜ ਵਿਧਾਨ ਸਭਾਵਾਂ ਦੇ ਮੈਂਬਰਾਂ ਦਾ ਵੀ ਇਹੀ ਹਾਲ ਹੈ। ਇੱਥੋਂ ਤੱਕ ਕਿ ਕੇਂਦਰੀ ਮੰਤਰੀ ਮੰਡਲ ਤੇ ਰਾਜ ਵਿਧਾਨ ਸਭਾਵਾਂ ਤੋਂ ਅੱਗੇ ਸੂਬਿਆਂ ਦੇ ਮੰਤਰੀ ਮੰਡਲਾਂ 'ਚ ਅਜਿਹੇ ਦਾਗ਼ੀ ਮੈਂਬਰਾਂ ਦੀ ਗਿਣਤੀ ਬਹੁਤ ਜ਼ਿਆਦਾ ਹੈ। ਇਸ ਸੰਸਥਾ ਵਲੋਂ ਪਿਛਲੇ ਸਾਲ ਜਾਰੀ ਕੀਤੀ ਗਈ ਅਜਿਹੀ ਹੀ ਇਕ ਹੋਰ ਰਿਪੋਰਟ ਅਨੁਸਾਰ ਦੇਸ਼ ਭਰ ਦੇ ਕੁੱਲ 47 ਫ਼ੀਸਦੀ ਮੰਤਰੀਆਂ ਖ਼ਿਲਾਫ਼ ਅਪਰਾਧਿਕ ਮਾਮਲੇ ਦਰਜ ਸਨ। ਭਾਵੇਂ ਇਹ ਆਗੂ ਸਾਰੀਆਂ ਪਾਰਟੀਆਂ ਨਾਲ ਸੰਬੰਧਿਤ ਹਨ, ਪਰ ਭਾਜਪਾ ਤੇ ਕਾਂਗਰਸ ਦੇ ਮੰਤਰੀ, ਸੰਸਦ ਮੈਂਬਰ ਤੇ ਵਿਧਾਇਕਾਂ ਦੀ ਗਿਣਤੀ ਵੱਧ ਹੈ।

ਮੌਜੂਦਾ ਰਿਪੋਰਟ ਅਨੁਸਾਰ ਰਾਜ ਸਭਾ 'ਚ ਭਾਜਪਾ ਦੇ 99 'ਚੋਂ 27 ਸੰਸਦ ਮੈਂਬਰਾਂ ਨੇ ਆਪਣੇ ਵਿਰੁੱਧ ਅਪਰਾਧਿਕ ਮਾਮਲਿਆਂ ਦੀ ਜਾਣਕਾਰੀ ਦਿੱਤੀ ਹੈ। ਕਾਂਗਰਸ ਦੇ 13 'ਚੋਂ 4 ਤੇ ਆਮ ਆਦਮੀ ਪਾਰਟੀ ਦੇ 10 'ਚ 4 ਸੰਸਦ ਮੈਂਬਰਾਂ 'ਤੇ ਵੀ ਅਪਰਾਧਿਕ ਮਾਮਲੇ ਦਰਜ ਹਨ। ਬਾਕੀ ਪਾਰਟੀਆਂ ਤੇ ਆਜ਼ਾਦ ਸੰਸਦ ਮੈਂਬਰਾਂ-ਵਿਧਾਇਕਾਂ ਦਾ ਵੇਰਵਾ ਵੀ ਇਸ ਮਾਮਲੇ 'ਚ ਕਿਸੇ ਤੋਂ ਘੱਟ ਨਹੀਂ ਹੈ। ਇਨ੍ਹਾਂ 'ਚੋਂ ਕਈ ਸੰਸਦ ਮੈਂਬਰ-ਵਿਧਾਇਕਾਂ ਖ਼ਿਲਾਫ਼ ਤਾਂ ਹੱਤਿਆ ਤੇ ਹੱਤਿਆ ਕਰਨ ਦੀ ਕੋਸ਼ਿਸ਼ ਵਰਗੇ ਅਪਰਾਧ ਵੀ ਦਰਜ ਹਨ। ਰਾਜ ਸਭਾ ਦੇ 3 ਸੰਸਦ ਮੈਂਬਰਾਂ ਵਿਰੁੱਧ ਤਾਂ ਔਰਤਾਂ ਨਾਲ ਸੰਬੰਧਿਤ ਅਪਰਾਧਿਕ ਮਾਮਲੇ ਵੀ ਸਾਹਮਣੇ ਆਏ ਹਨ। ਕਈਆਂ ਖ਼ਿਲਾਫ਼ ਇਹ ਦੋਸ਼ ਲੰਬੇ ਸਮੇਂ ਤੋਂ ਚਲੇ ਆ ਰਹੇ ਹਨ। ਇਸ ਬਾਰੇ ਨਾ ਤਾਂ ਕਦੇ ਸੰਸਦੀ ਸਦਨਾਂ ਨੇ ਗੰਭੀਰਤਾ ਦਿਖਾਈ ਤੇ ਨਾ ਹੀ ਅਦਾਲਤਾਂ 'ਚ ਇਹ ਮਾਮਲੇ ਤੁਰੰਤ ਪ੍ਰਭਾਵ ਨਾਲ ਨਜਿੱਠੇ ਜਾ ਸਕੇ। ਪ੍ਰਸ਼ਾਸਨਿਕ ਤੰਤਰ ਵਲੋਂ ਤਾਂ ਕੋਈ ਗੰਭੀਰ ਕਦਮ ਚੁੱਕਣ ਦੀ ਉਮੀਦ ਹੀ ਨਹੀਂ ਕੀਤੀ ਜਾ ਸਕਦੀ। ਇਸ ਤੋਂ ਇਲਾਵਾ ਮੌਜੂਦਾ ਰਾਜ ਸਭਾ ਦੇ 14 ਫ਼ੀਸਦੀ ਸੰਸਦ ਮੈਂਬਰ ਅਜਿਹੇ ਹਨ, ਜੋ ਅਰਬਪਤੀ ਤੇ ਖਰਬਪਤੀ ਹਨ। ਲੋਕ ਸਭਾ ਤੇ ਮੰਤਰੀ ਦੇ ਅਹੁਦੇ ਤੱਕ ਪਹੁੰਚੇ ਚੁਣੇ ਹੋਏ ਪ੍ਰਤੀਨਿਧੀਆਂ ਦੀ ਜਾਇਦਾਦ 'ਚ ਵੀ ਲਗਾਤਾਰ ਵਾਧਾ ਹੁੰਦਾ ਗਿਆ ਹੈ। ਰਾਜ ਸਭਾ 'ਚ ਬੀ.ਆਰ.ਐਸ. (ਭਾਰਤ ਰਾਸ਼ਟਰ ਸਮਿਤੀ, ਜੇ ਤੇਲੰਗਾਨਾ ਰਾਸ਼ਟਰ ਸਮਿਤੀ ਵਜੋਂ ਵੀ ਜਾਣੀ ਜਾਂਦੀ ਹੈ।) ਦੇ ਸੰਸਦ ਮੈਂਬਰ ਬੀ. ਪਾਰਥਸਾਰਥੀ ਰੈਡੀ ਐਲਾਨ ਕੀਤੀ ਗਈ ਜਾਇਦਾਦ ਵਿਚ ਸਭ ਤੋਂ ਅੱਗੇ ਹੋ ਸਕਦੇ ਹਨ, ਜਿਨ੍ਹਾਂ ਨੇ ਆਪਣੀ ਕੁੱਲ ਪੂੰਜੀ 5300 ਕਰੋੜ ਰੁਪਏ ਦੱਸੀ ਹੈ, ਜਦਕਿ ਸਭ ਤੋਂ ਘੱਟ ਜਾਇਦਾਦ ਵਾਲੇ ਸੰਸਦ ਮੈਂਬਰ ਪੰਜਾਬ ਤੋਂ 'ਆਪ' ਦੇ ਸੰਤ ਬਲਬੀਰ ਸਿੰਘ ਸੀਚੇਵਾਲ ਹਨ, ਜਿਨ੍ਹਾਂ ਕੋਲ ਕੁੱਲ ਜਾਇਦਾਦ 3 ਲੱਖ ਰੁਪਏ ਮੁੱਲ ਦੀ ਹੈ। ਪੰਜਾਬ ਤੋਂ ਹੀ 'ਆਪ' ਦੇ ਰਜਿੰਦਰ ਗੁਪਤਾ ਤੇ ਵਾਈ.ਐਸ.ਆਰ.ਸੀ.ਪੀ. ਦੇ ਏ.ਏ. ਰਾਮੀ ਰੈਡੀ ਵੱਧ ਜਾਇਦਾਦ ਦੇ ਮਾਮਲੇ 'ਚ ਦੂਜੇ ਸਥਾਨ 'ਤੇ ਹਨ। ਰਾਜ ਸਭਾ ਦੇ ਕੁੱਲ 31 ਸੰਸਦ ਮੈਂਬਰਾਂ ਨੇ ਆਪਣੀ ਜਾਇਦਾਦ 100 ਕਰੋੜ ਰੁਪਏ ਤੋਂ ਵੱਧ ਐਲਾਨੀ ਹੈ। ਭਾਜਪਾ ਦੇ 6, ਕਾਂਗਰਸ ਦੇ 5, ਵਾਈ.ਆਰ.ਐਸ. ਕਾਂਗਰਸ ਦੇ ਵੱਧ ਫ਼ੀਸਦੀ ਦੇ ਹਿਸਾਬ ਨਾਲ 4 ਅਤੇ 'ਆਪ' ਦੇ ਅਜਿਹੇ 2 ਸੰਸਦ ਮੈਂਬਰ ਹਨ। ਕੁੱਲ ਮੈਂਬਰਾਂ ਅਤੇ ਕੁੱਲ ਜਾਇਦਾਦ ਦੀ ਔਸਤ ਅਨੁਸਾਰ ਹਰ ਰਾਜ ਸਭਾ ਮੈਂਬਰ ਕੋਲ 120.69 ਕਰੋੜ ਰੁਪਏ ਤੱਕ ਦੀ ਐਲਾਨੀ ਜਾਇਦਾਦ ਆਉਂਦੀ ਹੈ।

ਅਸੀਂ ਸਮਝਦੇ ਹਾਂ ਕਿ ਬਿਨਾਂ ਸ਼ੱਕ ਇਹ ਸਥਿਤੀ ਕਿਸੇ ਵੀ ਲੋਕਤੰਤਰਿਕ ਸ਼ਾਸਨ ਵਿਵਸਥਾ ਦੇ ਹਿਤ 'ਚ ਨਹੀਂ ਹੈ। ਅਪਰਾਧਿਕ ਮਾਮਲਿਆਂ 'ਚ ਦਾਗ਼ੀ ਸੰਸਦ ਮੈਂਬਰ-ਵਿਧਾਇਕ ਅਕਸਰ ਦਬੰਗ ਕਿਸਮ ਦੇ ਹੁੰਦੇ ਹਨ। ਭਾਵੇਂ ਅਜਿਹੇ ਆਗੂ ਲੋਕਤੰਤਰਿਕ ਵਿਚ ਤਰਜੀਹੀ ਨਹੀਂ ਹੁੰਦੇ, ਪਰ ਅਕਸਰ ਇਨ੍ਹਾਂ ਨੂੰ ਟਿਕਟ ਦੇਣੀ ਰਾਜਨੀਤਕ ਪਾਰਟੀਆਂ ਦੀ ਮਜਬੂਰੀ ਬਣ ਜਾਂਦੀ ਹੈ ਕਿਉਂਕਿ ਇਹ ਚੋਣਾਂ ਜਿੱਤਣ 'ਚ ਵੱਡੇ ਸਹਾਇਕ ਬਣਦੇ ਹਨ ਪਰ ਇਨ੍ਹਾਂ ਕਾਰਨ ਹੀ ਲੋਕਤੰਤਰਕ ਕਦਰਾਂ-ਕੀਮਤਾਂ ਦਾ ਘਾਣ ਹੋਣ ਲਗਦਾ ਹੈ। ਅਸੀਂ ਸਮਝਦੇ ਹਾਂ ਕਿ ਜੇ ਲੋਕਤੰਤਰ ਨੂੰ ਕਾਇਮ ਰੱਖਣਾ ਹੈ ਤਾਂ ਅਜਿਹੇ ਅਪਰਾਧਿਕ ਤੱਤਾਂ ਨੂੰ ਟਿਕਟ ਦੇਣ ਤੋਂ ਪ੍ਰਹੇਜ਼ ਕਰਨਾ ਹੋਵੇਗਾ। ਅਜਿਹਾ ਸਭ ਰਾਜਨੀਤਕ ਪਾਰਟੀਆਂ ਦੀ ਆਪਸੀ ਸਹਿਮਤੀ ਤੇ ਚੋਣ ਕਮਿਸ਼ਨ ਦੀ ਸਖ਼ਤੀ ਤੇ ਨੈਤਿਕਤਾ ਨਾਲ ਹੀ ਸੰਭਵ ਹੋ ਸਕਦਾ ਹੈ।

# ਮੁਕਤ ਵਪਾਰ ਸਮਝੌਤਿਆਂ ਦਾ ਮੱਕੜਜਾਲ

ਵਿਸ਼ਵੀਕਰਨ ਦੇ ਇਸ ਦੌਰ ਵਿੱਚ ਮੁਕਤ ਵਪਾਰ ਸਮਝੌਤੇ ਦੁਨੀਆ ਦੀਆਂ ਆਰਥਿਕ ਨੀਤੀਆਂ ਦਾ ਇੱਕ ਮਹੱਤਵਪੂਰਨ ਹਥਿਆਰ ਬਣ ਚੁੱਕੇ ਹਨ। ਵੱਡੀਆਂ ਆਰਥਿਕ ਸ਼ਕਤੀਆਂ ਇਹ ਦਲੀਲ ਦਿੰਦੀਆਂ ਹਨ ਕਿ ਇਨ੍ਹਾਂ ਸਮਝੌਤਿਆਂ ਰਾਹੀਂ ਵਪਾਰ ਵਧਦਾ ਹੈ, ਨਿਵੇਸ਼ ਆਉਂਦਾ ਹੈ ਅਤੇ ਵਿਕਾਸ ਦੀਆਂ ਨਵੀਆਂ ਸੰਭਾਵਨਾਵਾਂ ਪੈਦਾ ਹੁੰਦੀਆਂ ਹਨ। ਦਰਅਸਲ, ਮੁਕਤ ਵਪਾਰ ਸਮਝੌਤਿਆਂ ਦਾ ਅਸਰ ਬਹੁਤ ਵਿਆਪਕ ਹੁੰਦਾ ਹੈ। ਇੱਕ ਪਾਸੇ ਇਹ ਸਮਝੌਤੇ ਸਾਮਰਾਜੀ ਦੇਸ਼ਾਂ ਨੂੰ ਮੁਨਾਫ਼ੇ ਬਖ਼ਸ਼ਦੇ ਹਨ, ਦੂਜੇ ਪਾਸੇ ਵਿਕਾਸਸ਼ੀਲ ਅਤੇ ਪੱਛੜੇ ਦੇਸ਼ਾਂ ਦੀ ਲੁੱਟ ਦਾ ਸਾਧਨ ਵੀ ਬਣਦੇ ਹਨ। ਇਹ ਕਿਸਾਨੀ, ਛੋਟੇ ਉਦਯੋਗਾਂ, ਮਜ਼ਦੂਰ ਵਰਗ ਅਤੇ ਦੇਸ਼ ਦੀ ਆਰਥਿਕ ਖ਼ੁਦਮੁਖਤਿਆਰੀ ਉੱਤੇ ਵੀ ਡੂੰਘਾ ਪ੍ਰਭਾਵ ਪਾਉਂਦੇ ਹਨ। ਭਾਰਤ ਦੇ ਲੋਕਾਂ ਲਈ ਇਹ ਸਵਾਲ ਹੋਰ ਵੀ ਗੰਭੀਰ ਬਣ ਜਾਂਦਾ ਹੈ ਕਿ ਕੀ ਮੁਕਤ ਵਪਾਰ ਸਮਝੌਤੇ ਸੱਚਮੁੱਚ ਵਿਕਾਸ ਦਾ ਰਾਹ ਖੋਲ੍ਹਦੇ ਹਨ ਜਾਂ ਫਿਰ ਇਹ ਸਿਰਫ਼ ਵੱਡੀਆਂ ਬਹੁਕੌਮੀ ਕੰਪਨੀਆਂ ਅਤੇ ਸਾਮਰਾਜੀ ਦੇਸ਼ਾਂ ਦੇ ਹਿੱਤਾਂ ਨੂੰ ਹੀ ਮਜ਼ਬੂਤ ਕਰਦੇ ਹਨ? ਇਸ ਪ੍ਰਸੰਗ ਵਿੱਚ ਅੱਜ ਜਦੋਂ ਨਵੇਂ ਮੁਕਤ ਵਪਾਰ ਸਮਝੌਤਿਆਂ ਦੀ ਗੱਲਬਾਤ ਤੇਜ਼ ਹੋ ਰਹੀ ਹੈ ਤਾਂ ਇਹ ਲਾਜ਼ਮੀ ਹੈ ਕਿ ਇਨ੍ਹਾਂ ਦੇ ਅਸਲ ਮਕਸਦ ਅਤੇ ਸੰਭਾਵਿਤ ਪ੍ਰਭਾਵਾਂ ਨੂੰ ਗੰਭੀਰਤਾ ਨਾਲ ਵਿਚਾਰਿਆ ਜਾਵੇ।

ਇਹ ਸਮਝੌਤੇ ਕੋਈ ਅਚਾਨਕ ਨਹੀਂ ਹੋਣ ਲੱਗੇ, ਸਗੋਂ ਇਨ੍ਹਾਂ ਦਾ ਮੁੱਢ ਬਹੁਤ ਪਹਿਲਾਂ ਬੱਝਿਆ। ਅਸਲ ਵਿੱਚ ਹਕੀਕਤ ਇਹ ਹੈ ਕਿ ਭਾਰਤ ਪਹਿਲਾਂ ਬਰਤਾਨਵੀ ਸਾਮਰਾਜੀਆਂ ਦੇ ਸਿੱਧੇ ਗ਼ਲਬੇ ਹੇਠ ਸੀ ਤੇ 1947 ਤੋਂ ਬਾਅਦ ਬਰਤਾਨਵੀ ਸਾਮਰਾਜੀਆਂ ਸਮੇਤ 25 ਛੋਟੇ ਵੱਡੇ ਸਾਮਰਾਜੀ ਦੇਸ਼ ਇਸ ਨੂੰ ਲੁੱਟਦੇ ਆ ਰਹੇ ਹਨ। ਸਰਕਾਰ-ਪੱਖੀ ਬੁੱਧੀਜੀਵੀ ਇਸ ਸਮਝੌਤੇ ਨੂੰ ਦੇਸ਼ ਲਈ ਲਾਹੇਵੰਦ ਦੱਸ ਰਹੇ ਹਨ, ਜਦੋਂਕਿ ਦੇਸ਼ ਦੀਆਂ ਕਿਸਾਨ, ਮਜ਼ਦੂਰ ਅਤੇ ਮੁਲਾਜ਼ਮ ਜਥੇਬੰਦੀਆਂ ਇਨ੍ਹਾਂ ਸਮਝੌਤਿਆਂ ਦਾ ਸਖ਼ਤ ਵਿਰੋਧ ਕਰ ਰਹੀਆਂ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਇਹ ਮੁਕਤ ਵਪਾਰ ਸਮਝੌਤਾ ਨਹੀਂ ਬਲਕਿ 'ਗ਼ੁਲਾਮ ਵਪਾਰ ਸਮਝੌਤਾ' ਹੈ। ਭਾਰਤ ਦੀਆਂ ਕੇਂਦਰੀ ਸਰਕਾਰਾਂ ਪੜਾਅ-ਦਰ-ਪੜਾਅ ਸੰਨ 1991 ਦੀਆਂ ਆਰਥਿਕ ਨੀਤੀਆਂ ਲਾਗੂ ਕਰਦੀਆਂ ਆ ਰਹੀਆਂ ਹਨ ਤੇ ਮੌਜੂਦਾ ਸਰਕਾਰ ਇਨ੍ਹਾਂ ਨੀਤੀਆਂ ਨੂੰ ਪੂਰੀ ਤੇਜ਼ੀ ਨਾਲ ਲਾਗੂ ਕਰ ਰਹੀ ਹੈ। ਮੋਦੀ ਸਰਕਾਰ ਦੇ ਸ਼ਾਸਨਕਾਲ ਵਿੱਚ ਹੀ ਬਿਜਲੀ ਸੋਧ ਬਿੱਲ, ਬੀਜ ਬਿੱਲ, ਚਾਰ ਲੇਬਰ ਕੋਡ ਅਤੇ ਜੀ ਰਾਮ ਜੀ ਵਰਗੇ ਕਾਨੂੰਨ ਲਿਆਂਦੇ ਗਏ। ਦੂਜੀ ਆਲਮੀ ਜੰਗ ਮਗਰੋਂ ਵਿਸ਼ਵ ਵਪਾਰ ਨੂੰ ਨਿਯਮਬੱਧ ਕਰਨ ਲਈ 1947 ਵਿੱਚ ਜਨਰਲ ਐਗਰੀਮੈਂਟ ਔਨ ਟੈਰਿਫਸ ਐਂਡ ਟਰੇਡ (GATT) ਬਣਾਇਆ ਗਿਆ। 1991 ਵਿੱਚ 'ਡੰਕਲ ਡਰਾਫਟ' ਨੇ ਇੱਕ ਨਵੇਂ ਢਾਂਚੇ ਦੀ ਬੁਨਿਆਦ ਰੱਖੀ। ਇਹ ਨੀਤੀਆਂ ਭਾਰਤ ਅੰਦਰ ਸਾਮਰਾਜੀ ਲੁੱਟ-ਖਸੁੱਟ ਦੇ ਪੰਜੇ ਨੂੰ ਹੋਰ ਮਜ਼ਬੂਤ ਕਰਨ ਦਾ ਜ਼ਰੀਆ ਬਣ ਰਹੀਆਂ ਸਨ ਜਿਵੇਂ ਸਬਸਿਡੀਆਂ ਘਟਾਉਣ ਦਾ ਦਬਾਅ, ਵਿਕਾਸਸ਼ੀਲ ਦੇਸ਼ਾਂ ਲਈ ਐੱਮ ਐੱਸ ਪੀ, ਪਬਲਿਕ ਡਿਸਟ੍ਰੀਬਿਊਸ਼ਨ ਸਿਸਟਮ (ਪੀ ਡੀ ਐੱਸ) ਖ਼ਤਮ ਕਰਨ ਲਈ ਦਬਾਅ ਅਤੇ ਸਸਤੀ ਦਰਾਮਦ ਨਾਲ ਦੇਸੀ ਕਿਸਾਨਾਂ ਨੂੰ ਨੁਕਸਾਨ ਪਹੁੰਚਾਉਣਾ। ਇਸ ਤੋਂ ਬਾਅਦ ਪਹਿਲੀ ਜਨਵਰੀ 1995 ਨੂੰ ਵਰਲਡ ਟਰੇਡ ਆਰਗਨਾਈਜੇਸ਼ਨ (ਡਬਲਿਊ ਟੀ ਓ) ਦੀ ਸਥਾਪਨਾ ਹੋਈ, ਜਿਸ ਨਾਲ ਮੁਕਤ ਵਪਾਰ ਸਮਝੌਤੇ (ਐੱਫ ਟੀ ਏਜ਼) ਤੇਜ਼ੀ ਨਾਲ ਵਧੇ।

ਰੂਸ ਅਤੇ ਯੂਕਰੇਨ ਦੀ ਜੰਗ, ਇਜ਼ਰਾਈਲ-ਫ਼ਲਸਤੀਨ ਟਕਰਾਅ, ਇਰਾਨ ਨਾਲ ਸਿੱਧਾ ਟਕਰਾਅ, ਵੈਨੇਜ਼ੁਏਲਾ, ਕਿਊਬਾ ਤੇ ਲਾਤੀਨੀ ਅਮਰੀਕਾ ਉੱਤੇ ਕਬਜ਼ੇ ਵਿੱਚ ਅਮਰੀਕਾ ਦੀ ਅਹਿਮ ਭੂਮਿਕਾ ਰਹੀ ਹੈ। ਅਮਰੀਕੀ ਸਾਮਰਾਜ ਚਾਹੁੰਦਾ ਹੈ ਕਿ ਉਹ ਦੁਨੀਆ ਦੀ ਸਭ ਤੋਂ ਵੱਡੀ ਫ਼ੌਜੀ, ਆਰਥਿਕ ਅਤੇ ਰਾਜਨੀਤਿਕ ਤਾਕਤ ਬਣਿਆ ਰਹੇ। ਇਸ ਲਈ ਉਹ ਆਪਣੇ ਮੁਕਾਬਲੇ ਵਿੱਚ ਖੜ੍ਹੇ ਚੀਨ ਅਤੇ ਰੂਸ ਨੂੰ ਨਾਕਾਮ ਕਰਨਾ ਚਾਹੁੰਦਾ ਹੈ। ਅਮਰੀਕਾ ਦੁਨੀਆ ਭਰ ਦੇ ਤੇਲ, ਗੈਸ, ਸਮੁੰਦਰੀ ਰਸਤੇ ਤੇ ਹਥਿਆਰਾਂ ਦੀ ਮਾਰਕੀਟ ਉੱਪਰ ਮੁਕੰਮਲ ਕਬਜ਼ਾ ਚਾਹੁੰਦਾ ਹੈ। ਐਪਸਟੀਨ ਫਾਈਲਾਂ ਨਾਲ ਅਮਰੀਕਾ ਵਿੱਚ ਟਰੰਪ ਦੀ ਹਰਮਨ ਪਿਆਰਤਾ ਨੂੰ ਕਾਫ਼ੀ ਖੋਰਾ ਲੱਗ ਰਿਹਾ ਹੈ। ਇਸ ਤੋਂ ਲੋਕਾਂ ਦਾ ਧਿਆਨ ਭਟਕਾਉਣ ਅਤੇ ਆਰਥਿਕ ਮੰਦਵਾੜੇ ਤੋਂ ਬਚਣ ਲਈ ਟਰੰਪ ਹੁਣ ਦੂਜੇ ਦੇਸ਼ਾਂ ਦੇ ਪ੍ਰਧਾਨ ਮੰਤਰੀਆਂ ਦੀ ਸੰਘੀ ਨੱਪ ਕੇ ਸਮਝੌਤੇ ਕਰਾ ਰਿਹਾ ਹੈ। ਵਿਕਸਿਤ ਦੇਸ਼ਾਂ ਦੇ ਕਾਰਪੋਰੇਟ ਘਰਾਣਿਆਂ ਦੀ ਵੀ ਇਹੀ ਲੋੜ ਹੈ ਕਿ ਦੱਬੇ-ਕੁਚਲੇ ਦੇਸ਼ਾਂ ਵਿੱਚ ਉਹ ਆਪਣੇ ਤਿਆਰ ਸਾਮਾਨ ਲਈ ਬਾਜ਼ਾਰ



ਵਿਕਸਿਤ ਕਰ ਸਕਣ।

ਸਾਮਰਾਜੀ ਮੁਲਕਾਂ ਦੇ ਆਗੂ ਤੀਜੀ ਦੁਨੀਆ ਦੇ ਮੁਲਕਾਂ 'ਚ ਆਪਣੇ ਮੁਨਾਫ਼ੇ ਲਈ ਗਲਬੇ ਨੂੰ ਹੋਰ ਮਜ਼ਬੂਤ ਕਰਨ ਲਈ ਆਪਣੀਆਂ ਸਾਮਰਾਜੀ ਏਜੰਸੀਆਂ ਡਬਲਿਊ ਟੀ ਓ, ਆਈ ਐੱਮ ਐੱਫ ਤੇ ਵਿਸ਼ਵ ਬੈਂਕ ਰਾਹੀਂ ਸਿੱਧੇ ਕੰਟਰੋਲ ਨੂੰ ਸਥਾਪਿਤ ਕਰਨ ਲਈ ਤਰ੍ਹਾਂ-ਤਰ੍ਹਾਂ ਦੇ ਨਵੇਂ ਕਾਨੂੰਨ ਅਤੇ ਵਪਾਰਕ ਨੀਤੀਆਂ ਲਿਆ ਰਹੇ ਹਨ। ਇਨ੍ਹਾਂ ਨੀਤੀਆਂ ਤਹਿਤ ਹੀ ਖੁੱਲ੍ਹੀ ਮੰਡੀ ਹੋਂਦ ਵਿੱਚ ਆਈ ਹੈ, ਜਿਸ ਦਾ ਪ੍ਰਚਾਰ ਧੂਮ-ਧੜੱਕੇ ਨਾਲ ਕੀਤਾ ਜਾ ਰਿਹਾ ਹੈ। ਅਮਰੀਕੀ ਸਾਮਰਾਜ ਚਾਹੁੰਦਾ ਹੈ ਕਿ ਉਸ

**ਪਰਦੀਪ ਮੁਸਾਹਿਬ**

ਦਾ ਮਾਲ ਬਿਨਾਂ ਕਿਸੇ ਟੈਕਸ ਤੇ ਹੋਰ ਰੋਕਾਂ ਤੋਂ ਦੂਜੇ ਦੇਸ਼ਾਂ ਵਿੱਚ ਵੇਚਣ ਦੀ ਖੁੱਲ੍ਹ ਹੋਵੇ। ਡਬਲਿਊ ਟੀ ਓ ਰਾਹੀਂ ਟੈਕਸ ਸਿਫ਼ਰ ਕਰਨ ਲਈ ਭਾਰਤ ਨਾਲ ਲੰਮੇ ਸਮੇਂ ਤੋਂ ਗੱਲਬਾਤ ਦਾ ਗੇੜ ਚਲਾਇਆ ਗਿਆ, ਜਿਸ ਵਿੱਚ ਤੈਅ ਹੋਇਆ ਕਿ ਅਮਰੀਕਾ ਭਾਰਤੀ ਸਾਮਾਨ 'ਤੇ 18 ਫ਼ੀਸਦੀ ਟੈਰਿਫ ਲਾਵੇਗਾ ਅਤੇ ਭਾਰਤ ਵਿੱਚ ਅਮਰੀਕਾ ਦਾ ਸਮਾਨ 0 ਫ਼ੀਸਦੀ ਟੈਰਿਫ 'ਤੇ ਆਵੇਗਾ। ਅਮਰੀਕਾ ਵੱਲੋਂ ਨਾਲ ਹੀ ਇਹ ਹਦਾਇਤ ਵੀ ਲਾਗੂ ਕੀਤੀ ਗਈ ਕਿ ਭਾਰਤ ਅਗਲੇ ਪੰਜ ਸਾਲਾਂ ਵਿੱਚ ਅਮਰੀਕਾ ਤੋਂ 500 ਅਰਬ ਡਾਲਰ ਦਾ ਸਾਮਾਨ ਖਰੀਦੇਗਾ। ਇਹ ਸਮਝੌਤੇ ਇਸੇ ਸਾਮਰਾਜੀ ਖੁੱਲ੍ਹੀ ਮੰਡੀ ਦੇ ਫਲਸਫ਼ੇ 'ਤੇ ਆਧਾਰਿਤ ਹਨ, ਜਿਨ੍ਹਾਂ ਦਾ ਪ੍ਰਭਾਵ ਭਾਰਤ ਦੇ ਕਿਸਾਨਾਂ, ਮਜ਼ਦੂਰਾਂ ਤੇ ਛੋਟੇ ਵਪਾਰੀਆਂ 'ਤੇ ਇਸ ਤਰ੍ਹਾਂ ਪੈ ਸਕਦਾ ਹੈ:

- ਅਗਸਤ 2025 ਵਿੱਚ ਅਮਰੀਕਾ ਤੋਂ ਆਉਣ ਵਾਲੇ ਨਰਮੇ 'ਤੇ ਟੈਕਸ ਸਿਫ਼ਰ ਕਰ ਦੇਣ ਨਾਲ ਕੱਪੜਾ ਮਿੱਲਾਂ ਵਾਲਿਆਂ ਨੇ ਆਪਣੀ ਲੋੜ ਅਨੁਸਾਰ ਅਮਰੀਕਾ ਦਾ ਸਸਤਾ ਨਰਮਾ ਖਰੀਦ ਕੇ ਸਟੋਰ ਕਰ ਲਿਆ, ਜਿਸ ਨਾਲ ਭਾਰਤੀ ਕਿਸਾਨਾਂ ਦਾ ਨਰਮਾ ਮੰਦੇ ਭਾਅ ਰਹਿ ਗਿਆ।
- ਡੀ ਡੀ ਜੀ ਜਾਂ ਸੁੱਕੇ ਡਿਸਟਿਲਡ ਅਨਾਜ ਵਜੋਂ ਮੱਕੀ 'ਤੇ ਡਿਊਟੀ ਟੈਕਸ ਨਹੀਂ ਲਗਾਇਆ ਜਾਵੇਗਾ। ਭਾਰਤ ਹੁਣ ਤੱਕ ਪੰਜ ਲੱਖ ਟਨ ਤੱਕ ਮੱਕੀ ਦੀ ਦਰਾਮਦ 'ਤੇ 15 ਫ਼ੀਸਦੀ ਡਿਊਟੀ ਅਤੇ ਕਿਸੇ ਵੀ ਵੱਧ ਦਰਾਮਦ 'ਤੇ 50 ਫ਼ੀਸਦੀ ਡਿਊਟੀ ਲੈਂਦਾ ਹੈ। ਇਹ ਡਿਊਟੀ ਘਟਾ ਕੇ ਜ਼ੀਰੋ ਕਰ ਦਿੱਤੀ ਜਾਵੇਗੀ, ਜਿਸ ਨਾਲ 120 ਲੱਖ ਮੱਕੀ ਉਤਪਾਦਕ ਬੁਰੀ ਤਰ੍ਹਾਂ ਪ੍ਰਭਾਵਿਤ ਹੋਣਗੇ।
- ਅਮਰੀਕਾ ਤੋਂ ਆਉਣ ਵਾਲਾ ਸੋਇਆਬੀਨ ਦਾ ਤੇਲ 40 ਲੱਖ ਸੋਇਆਬੀਨ ਉਤਪਾਦਕ ਕਿਸਾਨਾਂ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕਰੇਗਾ, ਜਿਸ ਨਾਲ ਹੋਰ ਤੇਲ ਜਿਵੇਂ ਸੂਰਜਮੁਖੀ, ਨਾਰੀਅਲ ਆਦਿ ਤੇਲਾਂ ਦੀਆਂ ਕੀਮਤਾਂ ਡਿੱਗ ਜਾਣਗੀਆਂ।
- ਇਨ੍ਹਾਂ ਵਪਾਰ ਸਮਝੌਤਿਆਂ ਅਨੁਸਾਰ ਸਾਰੇ ਫ਼ਲਾਂ, ਮੁਰੱਬਿਆਂ ਅਤੇ ਸੁੱਕੇ ਮੇਵਿਆਂ ਤੋਂ ਸਾਰੇ ਤਰ੍ਹਾਂ ਦੇ ਟੈਰਿਫ ਅਤੇ ਰੋਕਾਂ ਹਟਾ ਦਿੱਤੀਆਂ ਜਾਣਗੀਆਂ, ਜਿਸ ਨਾਲ ਭਾਰਤ ਦੇ 55 ਲੱਖ ਸੇਬ ਉਤਪਾਦਕਾਂ ਤੋਂ ਇਲਾਵਾ ਫ਼ਲ ਮੇਵੇ ਪੈਦਾ ਕਰਨ ਵਾਲੇ ਕਿਸਾਨ ਪਰਿਵਾਰ ਵੱਡੇ ਸੰਕਟ ਵਿੱਚ ਫਸ ਜਾਣਗੇ।

ਅੰਤਰਿਮ ਸਮਝੌਤੇ ਵਿੱਚ ਦਰਜ ਕੀਤੇ ਇਹ ਸ਼ਬਦ "ਭੋਜਨ ਅਤੇ ਖੇਤੀਬਾੜੀ ਉਤਪਾਦਾਂ ਨਾਲ ਸਬੰਧਿਤ 'ਗ਼ੈਰ-ਟੈਰਿਫ ਰੋਕਾਂ' ਹਟਾ ਦਿੱਤੀਆਂ ਜਾਣਗੀਆਂ" ਬਹੁਤ ਹੀ ਘਾਤਕ ਹਨ।

ਵਿਕਸਿਤ ਮੁਲਕਾਂ ਨੇ ਵਿਸ਼ਵੀਕਰਨ ਦੀ ਇੱਕ ਨਵੀਂ ਲਹਿਰ ਦੀ ਅਗਵਾਈ ਕੀਤੀ ਹੈ। ਭਾਰਤ ਸਮੇਤ ਏਸ਼ੀਆ, ਅਫ਼ਰੀਕਾ ਤੇ ਲਾਤੀਨੀ ਅਮਰੀਕਾ ਸਣੇ ਦੁਨੀਆ ਭਰ ਦੇ ਗ਼ਰੀਬ ਮੁਲਕਾਂ ਵਿੱਚ ਕੌਮਾਂਤਰੀ ਮੁਦਰਾ ਕੋਸ਼ ਤੇ ਸੰਸਾਰ ਬੈਂਕ ਵੱਲੋਂ ਥੋਪਿਆ ਗਿਆ 'ਢਾਂਚਾਗਤ ਤਬਦੀਲੀ ਪ੍ਰੋਗਰਾਮ' ਲਾਗੂ ਕੀਤਾ ਗਿਆ। ਇਹ ਇੱਕ ਸਾਮਰਾਜੀ ਪ੍ਰੋਗਰਾਮ ਸੀ, ਜੋ ਅਮਰੀਕਾ ਦੇ ਮੁਨਾਫ਼ੇ ਦੇ ਹਿੱਤਾਂ ਅਨੁਸਾਰ ਖੇਤੀ ਤੇ ਹੋਰ ਧੰਦਿਆਂ ਲਈ ਬਣਾਇਆ ਗਿਆ ਸੀ। ਇਸ ਪ੍ਰੋਗਰਾਮ ਦੀਆਂ ਨੀਤੀਆਂ ਅਧੀਨ ਪੇਂਡੂ ਸਬਸਿਡੀਆਂ ਅਤੇ ਭਲਾਈ ਪ੍ਰੋਗਰਾਮ ਵਿੱਚ ਕਟੌਤੀਆਂ ਕੀਤੀਆਂ ਗਈਆਂ, ਜੋ ਮਿਹਨਤਕਸ਼ ਤਬਕੇ ਲਈ ਤਕਲੀਫ਼ਦੇਹ ਸਾਬਿਤ ਹੋਈਆਂ ਹਨ। ਸਾਮਰਾਜੀ ਵਿਸ਼ਵੀਕਰਨ ਪ੍ਰੋਗਰਾਮ ਵਿਸ਼ਵ ਵਪਾਰ ਸੰਸਥਾ, ਸੰਸਾਰ ਬੈਂਕ ਅਤੇ ਵਿਸ਼ਵ ਮੁਦਰਾ ਕੋਸ਼ ਜਿਹੀਆਂ ਸੰਸਥਾਵਾਂ ਰਾਹੀਂ ਖੇਤੀ ਧੰਦੇ ਵਿਚ ਲੁੱਟ ਨੂੰ ਤੇਜ਼ੀ ਨਾਲ ਅੱਗੇ ਵਧਾਉਣ ਦਾ ਏਜੰਡਾ ਹੈ। ਮੰਡੀ ਨੂੰ ਖੋਲ੍ਹਣ ਲਈ ਵਿਕਾਸਸ਼ੀਲ ਦੇਸ਼ ਅਤੇ ਦੱਬੇ-ਕੁਚਲੇ ਮੁਲਕਾਂ ਉੱਪਰ ਦਬਾਅ ਬਣਾਇਆ ਜਾ ਰਿਹਾ ਹੈ। ਵਿਸ਼ਵੀਕਰਨ ਦੀਆਂ ਨੀਤੀਆਂ ਨਵੀਂ ਖੇਤੀ ਮਸ਼ੀਨਰੀ, ਟੈਕਨੋਲੋਜੀ, ਸਾਮਰਾਜੀ ਪੂੰਜੀ ਅਤੇ ਖੇਤੀ ਤਬਦੀਲੀ ਰਾਹੀਂ ਖੇਤੀ ਧੰਦੇ ਦੀ ਢਾਂਚਾਗਤ ਤਬਦੀਲੀ ਕਰਕੇ ਰਵਾਇਤੀ ਅਤੇ ਗੁਜ਼ਾਰੇ ਦੀ ਖੇਤੀ ਨੂੰ ਖ਼ਤਮ ਕਰਨ ਵੱਲ ਸੇਧਿਤ ਹਨ। ਸਾਮਰਾਜ ਕੌਮਾਂਤਰੀ ਪੱਧਰ 'ਤੇ ਵਿੱਤੀ ਸਰਮਾਏ ਦੇ ਗ਼ਲਬੇ ਰਾਹੀਂ ਦਬੇ-ਕੁਚਲੇ ਮੁਲਕਾਂ ਦੀ ਆਰਥਿਕਤਾ ਨੂੰ ਕਮਜ਼ੋਰ ਕਰਦਾ ਹੈ ਤੇ ਉਨ੍ਹਾਂ ਨੂੰ ਆਪਣੇ ਹਿੱਤਾਂ ਅਨੁਸਾਰ ਲੁੱਟਦਾ ਹੈ। ਸਾਮਰਾਜ ਬਹੁਤ ਸਾਰੇ ਢੰਗਾਂ ਰਾਹੀਂ ਤੀਜੀ ਦੁਨੀਆ ਦੇ ਮੁਲਕਾਂ 'ਚ ਘੁਸਪੈਠ ਤੇ ਲੁੱਟ-ਖਸੁੱਟ ਕਰਕੇ ਆਪਣਾ ਗ਼ਲਬਾ ਕਾਇਮ ਕਰਦਾ ਹੈ ਜਿਵੇਂ ਦੂਜੇ ਦੇਸ਼ਾਂ ਵਿੱਚ ਆਪਣੇ ਕਾਰਖਾਨੇ ਲਾਉਣੇ, ਸਰਕਾਰਾਂ ਨੂੰ ਕਰਜ਼ੇ ਦੇਣੇ, ਵਿਦੇਸ਼ੀ ਸਹਾਇਤਾ, ਤਕਨੀਕ, ਹਥਿਆਰਾਂ ਦੀ ਵੇਚ, ਸਰਕਾਰੀ ਅਤੇ ਫ਼ੌਜੀ ਅਮਲੇ ਦੀ ਸਿਖਲਾਈ ਅਤੇ ਹੋਰ ਤਰੀਕਿਆਂ ਰਾਹੀਂ ਸਾਮਰਾਜ ਇਨ੍ਹਾਂ ਮੁਲਕਾਂ ਵਿੱਚ ਲੁੱਟ-ਖਸੁੱਟ ਅਤੇ ਦਾਬਾ ਹਾਸਲ ਕਰਦਾ ਹੈ। ਆਰਥਿਕ ਪੱਖੋਂ ਕਮਜ਼ੋਰ ਕੌਮਾਂ ਨਾਲ ਸਾਮਰਾਜ ਦਾ ਰਿਸ਼ਤਾ ਇਨ੍ਹਾਂ ਮੁਲਕਾਂ ਨੂੰ ਹੋਰ ਨਿਘਾਰ ਵੱਲ ਹੀ ਲਿਜਾ ਸਕਦਾ ਹੈ। ਸਾਮਰਾਜ ਨੂੰ ਇੱਕ ਅਜਿਹੇ ਨਵ-ਬਸਤੀ ਮੁਲਕ ਦੀ ਲੋੜ ਹੁੰਦੀ ਹੈ, ਜਿੱਥੇ ਲੋਕਾਂ ਨੂੰ ਦਬਾਇਆ ਜਾ ਸਕੇ। ਸਾਮਰਾਜ ਲਈ ਇਨ੍ਹਾਂ ਮੁਲਕਾਂ ਵਿੱਚ ਸ਼ੁਰੂਆਤੀ ਨੁਕਤਾ ਮੁਨਾਫ਼ਾ ਕਮਾਉਣਾ ਅਤੇ ਗ਼ਲਬਾ ਸਥਾਪਿਤ ਕਰਨਾ ਹੈ।

ਜੇਕਰ ਅਮਰੀਕਾ ਤੋਂ ਭੋਜਨ ਅਤੇ ਖੇਤੀ ਨਾਲ ਸਬੰਧਿਤ ਵਸਤਾਂ ਬਿਨਾਂ ਕਿਸੇ ਰੋਕ-ਟੋਕ ਤੋਂ ਭਾਰਤ ਵਿੱਚ ਆਉਣਗੀਆਂ ਤਾਂ ਇਸ ਨਾਲ ਭਾਰਤ ਦੇ ਕਿਸਾਨਾਂ ਦਾ ਵੱਡੇ ਪੱਧਰ 'ਤੇ ਨੁਕਸਾਨ ਹੋਵੇਗਾ। ਇਸ ਨਾਲ ਖੇਤੀ 'ਤੇ ਨਿਰਭਰ ਮਜ਼ਦੂਰ, ਛੋਟੇ ਦੁਕਾਨਦਾਰ ਅਤੇ ਛੋਟੇ ਕਾਰੋਬਾਰੀਆਂ 'ਤੇ ਮਾੜਾ ਅਸਰ ਪਵੇਗਾ। ਭਾਰਤ ਦੇ ਕਿਸਾਨਾਂ, ਮਜ਼ਦੂਰਾਂ ਅਤੇ ਹੋਰ ਲੋਕਾਂ ਨੇ ਖੇਤੀ ਕਾਨੂੰਨਾਂ ਅਤੇ ਮੁਕਤ ਵਪਾਰ ਸਮਝੌਤੇ ਕਾਰਨ ਖੜ੍ਹੇ ਹੋਣ ਵਾਲੇ ਖ਼ਤਰਿਆਂ ਨੂੰ ਚੰਗੀ ਤਰ੍ਹਾਂ ਭਾਂਪ ਲਿਆ ਹੈ। ਇਸ ਲਈ 'ਸੰਯੁਕਤ ਕਿਸਾਨ ਮੋਰਚੇ' ਵੱਲੋਂ ਮਜ਼ਬੂਤੀ ਨਾਲ ਬੀਜ ਬਿੱਲ, ਬਿਜਲੀ ਸੋਧ ਬਿੱਲ, ਲੇਬਰ ਕੋਡ, ਜੀ ਰਾਮ ਜੀ ਅਤੇ ਮੁਕਤ ਵਪਾਰ ਸਮਝੌਤੇ ਦਾ ਲਗਾਤਾਰ ਵਿਰੋਧ ਕੀਤਾ ਜਾ ਰਿਹਾ ਹੈ ਤੇ ਨਾਲ ਹੀ ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਸੰਯੁਕਤ ਰਾਜ ਅਮਰੀਕਾ ਦੇ ਰਾਸ਼ਟਰਪਤੀ ਡੋਨਲਡ ਟਰੰਪ ਦੇ ਪੁਤਲੇ ਵੀ ਸਾੜੇ ਜਾ ਰਹੇ ਹਨ। ਦੇਸ਼ ਪੱਧਰ 'ਤੇ ਵਿਧਾਇਕਾਂ ਅਤੇ ਸੰਸਦ ਮੈਂਬਰਾਂ ਦੇ ਘਰਾਂ ਅਤੇ ਦਫ਼ਤਰਾਂ ਦੇ ਬਾਹਰ ਰੋਸ ਮੁਜ਼ਾਹਰੇ ਵੀ ਕੀਤੇ ਜਾ ਰਹੇ ਹਨ ਕਿਉਂਕਿ ਇਸ ਦੇ ਲਾਗੂ ਹੋਣ ਕਾਰਨ ਕਿਸਾਨ, ਮਜ਼ਦੂਰ ਅਤੇ ਖੇਤੀਬਾੜੀ 'ਤੇ ਨਿਰਭਰ ਛੋਟੇ ਤੇ ਦਰਮਿਆਨੇ ਵਪਾਰੀ ਇਨ੍ਹਾਂ ਸਮਝੌਤਿਆਂ ਕਾਰਨ ਤਬਾਹੀ ਦੇ ਕੰਢੇ ਪੁੱਜ ਜਾਣਗੇ।

ਸਾਡੇ ਲੋਕ
SADE LOK

ਸਤਨਾਮ ਸਿੰਘ ਖਾਲਸਾ

Office : (925) 243-1300 | Cell : (510) 706-1300 | Fax : (925) 373-1300 | India : 783 706 1300
1406 Janis CT Livermore CA 94551

Disclaimer : Sade Lok Weekly Punjabi Newspaper and People associated with it are not responsible are any chaims made advertisers and do not endorse any product or services advertised in the Sade Lok weekly Punjabi Newspaper. Please Consult your lawyer before buying-hiring-contracting throgh the advertisement. Publish in Sade Lok Weekly Newspaper. In the Business of selling Space and claims made by the advertiser are not tested.

ALL DISPUTES SUBJECTED TO THE COUNTY OF ALAMEDA CALIFORINA. ਲੇਖਕ ਦੇ ਵਿਚਾਰਾਂ ਨਾਲ ਸੰਪਾਦਕ ਦਾ ਅਤੇ ਅਦਾਰਾ ਸਾਡੇ ਲੋਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।



ਸ੍ਰ. ਗੁਰਚਰਨਜੀਤ ਸਿੰਘ ਲਾਂਬਾ

ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਪੰਥਕ ਸਫ਼ਾਂ ਦੇ ਅੰਦਰ ਇਕ ਉਘੇ ਸਿੱਖ ਚਿੰਤਕ ਅਤੇ ਵਿਦਵਾਨ ਵਜੋਂ ਜਾਣੇ ਜਾਂਦੇ ਹਨ। ਆਪ ਨੇ ਪੰਥਕ ਤੇ ਧਾਰਮਿਕ ਸੂਝ-ਸਮਝ ਆਪਣੇ ਮਾਤਾ ਪਿਤਾ ਤੋਂ ਹੀ ਪ੍ਰਾਪਤ ਕੀਤੀ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਇੱਕ ਅੰਮ੍ਰਿਤਧਾਰੀ ਗੁਰੂ ਕੇ ਸਿੱਖ ਹਨ ਅਤੇ ਪੂਰੀ ਦੁਨੀਆ ਵਿੱਚ ਸਿੱਖ ਪੰਥ ਦੀ ਨਿਧੱੜਕ ਅਵਾਜ਼ ਹਨ। ਉਨ੍ਹਾਂ ਨੇ 1973 ਵਿਚ ਪਟਨਾ ਸਾਹਿਬ ਵਿਖੇ ਹੀ ਪਟਨਾ ਯੂਨੀਵਰਸਿਟੀ ਤੋਂ ਐਲ.ਐਲ.ਬੀ. ਦੀ ਡਿਗਰੀ ਹਾਸਲ ਕਰਕੇ ਵਕਾਲਤ ਦੇ ਨਾਲ ਨਾਲ ਟੀ.ਵੀ. ਪੱਤਰਕਾਰ ਦੇ ਪੇਸ਼ੇ ਨੂੰ ਅਪਣਾਇਆ। ਆਪ 2003 ਤੋਂ 2011 ਈ. ਤੱਕ ਸੰਤ ਸਿਪਾਹੀ ਰਸਾਲੇ ਦੇ ਐਡੀਟਰ ਰਹੇ। ਆਪ ਪੰਥਕ, ਧਾਰਮਿਕ ਤੇ ਕਾਨੂੰਨੀ ਮਸਲਿਆਂ, ਗੁਰਦੁਆਰਾ ਐਕਟ ਪੈਨਲ ਅਤੇ ਧਰਮਾਂ ਦੇ ਤੁਲਨਾਤਮਿਕ ਅਧਿਐਨ ਵਰਗੇ ਵਿਸ਼ਿਆਂ ਦੇ ਗਹਿਰ-ਗੰਭੀਰ ਖੋਜੀ ਬਣਕੇ ਪੰਥ ਦੇ ਵਡੇਰੇ ਹਿਤਾਂ ਲਈ ਯੋਗਦਾਨ ਪਾਉਂਦੇ ਰਹੇ। ਕਈ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਸੈਮੀਨਾਰਾਂ ਵਿਚ ਖੋਜ ਭਰਪੂਰ ਪਰਚੇ ਪੜ੍ਹੇ। "ਇਕ ਖਤ ਭਾਈ ਤਾਰੂ ਸਿੰਘ ਜੀ ਦੇ ਨਾਮ" ਅਤੇ "ਦਸਤਾਰ ਕਿ ਟੋਪੀ" ਆਪ ਦੀਆਂ ਇਨ੍ਹਾਂ ਪੁਸਤਕਾਂ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਧਰਮ ਪ੍ਰਚਾਰ ਲਈ ਛਾਪਿਆ। ਆਪ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੁਆਰਾ ਪੰਥਕ ਮਸਲਿਆਂ ਦੇ ਹੱਲ ਲਈ ਬਣਾਈਆਂ ਕਈ ਸਬ ਕਮੇਟੀਆਂ ਦੇ ਮੈਂਬਰ ਵਜੋਂ ਵੀ ਕਾਰਜਸ਼ੀਲ ਰਹੇ। ਆਪ ਦੀ ਲਿਖੀ ਇਹ ਹੱਥੀ ਪੁਸਤਕ "ਸਾਖੀ ਸਿੱਖ ਰਹਿਤ ਮਰਯਾਦਾ ਜੀ ਕੀ" ਸਿੱਖ ਰਹਿਤ ਮਰਯਾਦਾ ਦੀ ਜਾਣਕਾਰੀ ਦੇਣ ਦੇ ਨਾਲ ਨਾਲ ਪੰਥ ਵਿਚ ਇਸ ਦੀ ਅਹਿਮੀਅਤ ਨੂੰ ਵੀ ਬਿਆਨ ਕਰਦੀ ਹੈ। ਆਪਜੀ ਦੀ ਕਿਤਾਬ ਪੰਥਕ ਨਜ਼ਰ ਇੱਕ ਇਤਿਹਾਸਕ ਦਸਤਾਵੇਜ਼ ਹੈ ਜੋ ਸਮੇਂ-ਸਮੇਂ ਵਰਤੇ ਇਤਿਹਾਸ ਦੀ ਗਵਾਹੀ ਭਰਦਾ ਹੈ। ਆਪ ਸ੍ਰੀ ਅਕਾਲ ਤਖਤ ਸਾਹਿਬ ਅਤੇ ਇਥੋਂ ਪੰਥ ਲਈ ਜਾਰੀ ਸਿੱਖ ਰਹਿਤ ਮਰਯਾਦਾ ਨੂੰ ਸਮਰਪਿਤ ਹਨ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਕੌਮ ਨੂੰ ਆ ਰਹੀਆਂ ਦਰਪੇਸ਼ ਖਤਰਿਆਂ ਉਪਰ ਬੇਬਾਕੀ ਦੇ ਨਾਲ ਬੋਲਦੇ ਅਤੇ ਕੌਮ ਨੂੰ ਅਗਾਹ ਕਰਦੇ ਹਨ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਪਿਛਲੇ ਲੰਬੇ ਸਮੇ ਤੋਂ 'ਸਾਡੇ ਲੋਕ' ਅਖਬਾਰ ਲਈ ਪੰਥ ਅਤੇ ਪੰਜਾਬ ਦੇ ਭਲੇ ਲਈ ਲਗਾਤਾਰ ਲਿਖ ਰਹੇ ਹਨ। ਅਸੀਂ ਉਨ੍ਹਾਂ ਦੀ ਇਤਿਹਾਸਕ ਕਿਤਾਬ ਪੰਥਕ ਨਜ਼ਰ ਨੂੰ ਲਗਾਤਰ ਹਫਤਾਵਾਰੀ ਛਾਪ ਰਹੇ ਹਾਂ। ਇਸ ਹਫਤੇ ਤੋਂ ਉਨ੍ਹਾਂ ਦੀ ਕੌਮ ਨੂੰ ਵੱਡੀ ਦੇਣ 'ਸਾਖੀ ਸਿੱਖ ਰਹਿਤ ਮਰਿਆਦਾ ਜੀ ਕੀ' ਸ਼ੁਰੂ ਕਰ ਰਹੇ ਹਾਂ। ਇਥੇ ਇਹ ਜ਼ਿਕਰਯੋਗ ਹੈ ਕੀ ਇਸ ਕਿਤਾਬ ਨੂੰ ਲਿਖਣ ਲਈ ਦਹਾਕਿਆਂ ਦਾ ਸਮਾਂ ਲੱਗਾ ਹੈ ਅਤੇ ਆਸ ਹੈ ਕੀ ਪਾਠਕ ਇਸ ਇਤਿਹਾਸਕ ਦਸਤਾਵੇਜ਼ ਤੋਂ ਜ਼ਰੂਰ ਲਾਭ ਉਠਾਉਣਗੇ। ਅਸੀਂ 'ਸਾਖੀ ਸਿੱਖ ਰਹਿਤ ਮਰਿਆਦਾ ਜੀ ਕੀ' ਛਾਪਕੇ ਖ਼ੁਸ਼ੀ ਮਹਿਸੂਸ ਕਰ ਰਹੇ ਹਾਂ :- ਧੰਨਵਾਦ ਸਾਹਿਤ ਸਤਨਾਮ ਸਿੰਘ ਖਾਲਸਾ

*ਇਤਿਹਾਸ ਦੇ ਝਰੋਖੇ ਵਿਚੋਂ*

# ਸਿੱਖ ਰਹਿਤ ਮਰਯਾਦਾ ਦਾ ਖਰੜੇ ਤੋਂ ਪੰਥ ਪ੍ਰਵਾਨਤ ਹੋਣ ਦਾ ਸਫ਼ਰ

## ਪਹਿਲਾ ਪੜਾਅ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦੀ ਕਾਇਮੀ

**(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)**

ਜਦ ਪਾਠ ਨਾ ਹੁੰਦਾ ਹੋਵੇ ਤਾਂ ਉਤੇ ਰੁਮਾਲਾ ਪਿਆ ਰਹੇ ਚੌਰ ਭੀ ਚਾਹੀਏ।

(ਸ) ਉਪਰ ਦਸੇ ਸਮਾਨ ਤੋਂ ਬਿਨਾਂ ਧੂਪ ਜਾਂ ਦੀਵੇ ਮਚਾਕੇ ਆਰਤੀ ਕਰਨੀ ਭੋਗ ਲਾਉਣਾ, ਜੋਤਾਂ ਜਗਾਉਣੀਆਂ ਆਦਿ ਸਨਮਤ ਹੈ। ਹਾਂ ਸਥਾਨ ਨੂੰ ਸੁਗੰਧਤ ਕਰਨ ਲਈ ਫੁਲ, ਧੂਮ ਆਦਿ ਸੁਗੰਧੀਆਂ ਵਰਤੀਆਂ ਵਿਵਰਜਤ ਨਹੀਂ ਕਮਰੇ ਅੰਦਰ ਰੌਸ਼ਨੀ ਗਈ ਨਹੀਂ।

(ਹ) ਸੰਗਤ ਵਿਚ ਬੈਠਣ ਲਈ ਭੀ ਸਿਖ ਅਸਿਖ, ਛੂਤ ਛਾ, ਜਾਤ ਪਾਤ, ਊਚ ਨੀਚ ਦਾ ਭਰਮ ਜਾਂ ਵਿਤਕਰਾ ਨਹੀਂ।

(ਕ) ਪਰ ਤਖਤਾਂ ਦੇ ਖਾਸ ਅਸਥਾਨ ਉਤੇ ਕੇਵਲ ਅੰਮ੍ਰਿਤਧਾਰੀ (ਪੁਰਸ਼ ਜਾਂ ਇਸਤ੍ਰੀ) ਹੀ ਚੜ੍ਹ ਸਕਦੇ ਹਨ ਜੋ ਰਹਿਤ ਵਿਚ ਪਕੇ ਹੋਣ।

(ਖ) ਤਖਤ ਉਤੇ ਚੜ੍ਹਨ ਲੱਗਿਆਂ ਕੇਵਲ ਕੇਸਾਧਾਰੀ ਸਿੱਖਾਂ ਪਾਸੋਂ ਹੀ ਰਹਿਤ ਬਹਿਤ ਬਾਬਤ ਪੁਛਗਿੱਛ ਹੋਣੀ ਚਾਹੀਏ। ਜੇ ਰਹਿਤ ਵਿਚ ਕੋਈ ਊਣਤਾਈ ਹੋਵੇ ਤਾਂ ਉਸਦੀ ਸੋਧ ਕਰਾਕੇ ਅਤੇ ਜੇ ਕੋਈ ਤਨਖਾਹ ਲਗਾਈ ਹੋਵੇ ਤਾਂ ਤਨਖਾਹ ਲਗਾਕੇ ਤਖਤ ਉਤੇ ਚੜ੍ਹਨ ਦਾ ਹਕ ਮਿਲ ਜਾਣਾ ਚਾਹੀਏ। ਨਿਰਮਲੇ ਜਾਂ ਕਿਸੇ ਹੋਰ ਸ਼੍ਰੇਣੀ ਦੇ ਸਿੱਖਾਂ ਨਾਲ ਕੋਈ ਖਾਸ ਵਿਤਕਰਾ ਨਹੀਂ ਕਰਨਾ ਚਾਹੀਏ।

(ਗ) ਹਰ ਇਕ ਗੁਰਦੁਆਰੇ ਅਤੇ ਤਖਤਾਂ ਉਤੇ ਪਤਿਤ ਸਿੱਖ ਤੋਂ ਬਿਨਾਂ ਹਰ ਇਕ ਪ੍ਰਾਣੀ ਮਾਤ੍ਰ, ਸਿੱਖ, ਅਣਸਿੱਖ ਦੀ ਅਰਦਾਸ ਹੋ ਸਕਦੀ ਹੈ।

ਕੀਰਤਨ

(ੳ) ਸੰਗਤ ਵਿਚ ਕੀਰਤਨ ਸਿੱਖ ਰਾਗੀ ਹੀ ਕਰਨ।

(ਅ) ਸੰਗਤ ਵਿਚ ਕੀਰਤਨ ਕੇਵਲ ਗੁਰਬਾਣੀ ਜਾਂ ਇਸਦੀ ਵਿਆਖਿਆ ਸਰੂਪ ਰਚਨਾ ਭਾਈ ਗੁਰਦਾਸ ਜੀ ਤੇ ਭਾਈ ਨੰਦ ਨਾਲ ਜੀ ਦੀ ਬਾਣੀ ਦਾ ਹੋ ਸਕਦਾ ਹੈ।

(ੲ) ਆਸਾ ਦੀ ਵਾਰ ਦਾ ਕੀਰਤਨ ਕਰਦਿਆਂ ਵਾਰ ਅਤੇ ਛਕਿਆਂ ਤੋਂ ਇਲਾਵਾ ਵਜੋਂ ਅਵਾਸਾ ਲਿਆ ਜਾਵੇ ਤਾਂ ਅਰਦਾਸ ਮਗਰੋਂ ਕੀਤਾ ਜਾਵੇ ਤਾਂਕਿ ਗੁਰੂ ਸਾਹਿਬ ਦੇ ਹੁਕਮ ਦਾ ਜੋ ਅਸਰ ਦਿਲ 'ਤੇ ਹੋਣਾ ਹੈ ਉਸਦਾ ਜ਼ਿਕਰ ਅਰਦਾਸ ਵਿਚ ਕੀਤਾ ਜਾਵੇ।

ਸਾਧਾਰਨ ਪਾਠ

(ੳ) ਹਰ ਇਕ ਸਿੱਖ ਨੂੰ ਵੱਸ ਲੱਗੇ ਆਪਣੇ ਘਰ ਵਿਚ ਗੁਰੂ ਗ੍ਰੰਥ ਸਾਹਿਬ ਦੇ ਪ੍ਰਕਾਸ਼ ਕਰਨ ਦਾ ਵੱਖਰਾ ਤੇ ਨਿਵੇਕਲਾ ਅਸਥਾਨ ਨੀਯਤ ਕਰਨਾ ਚਾਹੀਏ।


(ਅ) ਹਰ ਇਕ ਸਿੱਖ ਸਿੱਖਣੀ, ਬੱਚੇ ਬੱਚੀ ਨੂੰ ਗੁਰਮੁਖੀ ਪੜ੍ਹਕੇ ਗੁਰੂ ਗ੍ਰੰਥ ਸਾਹਿਬ ਦਾ ਪਾਠ ਕਰਨਾ ਸਿੱਖਣਾ ਚਾਹੀਏ।

(ੲ) ਹਰ ਇਕ ਸਿੱਖ ਅੰਮ੍ਰਿਤ ਵੇਲੇ ਪ੍ਰਸ਼ਾਦ ਛਕਣ ਤੋਂ ਪਹਿਲਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਆਵਾਜ਼ਾ ਲਵੇ। ਜੇ ਇਸ ਵਿਚ ਉਕਾਈ ਹੋ ਜਾਵੇ ਤਾਂ ਦਿਨ ਵਿਚ ਕਿਸੇ ਨਾ ਕਿਸੇ ਵੇਲੇ ਜ਼ਰੂਰ ਗੁਰੂ ਗ੍ਰੰਥ ਸਾਹਿਬ ਦਾ ਪਾਠ ਕਰੇ।

(ਸ) ਚੰਗਾ ਤਾਂ ਇਹ ਹੈ ਕਿ ਹਰ ਇਕ ਸਿੱਖ ਆਪਣਾ ਸਾਧਾਰਨ ਪਾਠ ਰਖੀ ਰੱਖੇ ਅਤੇ ਮਹੀਨੇ ਦੇ ਮਹੀਨੇ ਮਗਰੋਂ (ਜਾਂ ਜਿਤਨੇ ਮੁਦੇ ਵਿਚ ਹੋ ਸਕੇ) ਭੋਗ ਪਾਵੇ।

ਅਖੰਡ ਪਾਠ

(ੳ) ਅਖੰਡ ਪਾਠ ਕਿਸੇ ਭੀੜ ਜਾਂ ਉਤਸ਼ਾਹ ਵੇਲੇ ਕੀਤਾ ਜਾਂਦਾ ਹੈ। ਇਹ ਕਰੀਬਨ ੪੮ ਘੰਟੇ ਵਿਚ ਸੰਪੂਰਨ ਕੀਤਾ ਜਾਂਦਾ ਹੈ। ਇਸ ਵਿਚ ਪਾਠ ਲਗਾਤਾਰ ਬਿਨਾਂ ਰੋਕ ਦੇ ਕੀਤਾ ਜਾਂਦਾ ਹੈ। ਪਾਠ ਸਾਫ਼ ਤੇ ਸ਼ੁਧ ਹੋਵੇ। ਬਹੁਤ ਤੇਜ਼ ਪੜ੍ਹਨਾ ਜਿਸ ਤੋਂ ਸੁਣਨ ਵਾਲਾ ਕੁਝ ਸੁਣ ਨਾ ਸਕੇ ਗੁਰਬਾਣੀ ਦੀ ਨਿਰਾਦਰੀ ਹੈ।




ਪਾਠ ਸ਼ੁਧ ਤੇ ਸਾਫ਼ ਕਰਨਾ ਚਾਹੀਏ ਭਾਵੇਂ ਕਿੰਨਾ ਸਮਾਂ ਲੱਗ ਜਾਵੇ।

(ਅ) ਅਖੰਡ ਪਾਠ ਜਿਸ ਪਰਿਵਾਰ ਜਾਂ ਸੰਗਤ ਨੇ ਕਰਨਾ ਹੈ ਉਹ ਆਪ ਕਰੇ, ਟੱਬਰ ਦੇ ਆਮੀ, ਸਾਕ ਸਬੰਧੀ, ਮਿੱਤਰ ਆਦਿ ਕਰਨ। ਪੈਸੇ ਦੇ ਕੇ ਪਾਠ ਕਰਾਣਾ ਠੀਕ ਨਹੀਂ। ਹਾਂ ਜੇ ਕੋਈ ਆਦਮੀ ਆਪ ਪਾਠ ਨਹੀਂ ਕਰ ਸਕਦਾ, ਤਾਂ ਕਿਸੇ ਚੰਗੇ ਪਾਠੀ ਕੋਲੋਂ ਸੁਣ ਲਵੇ, ਪਰ ਇਹ ਨਾ ਹੋਵੇ ਕਿ ਪਾਠੀ ਆਪੇ ਇਕੱਲਾ ਬਹਿ ਕੇ ਪਾਠ ਕਰਦਾ ਰਹੇ ਤੇ ਸੰਗਤ ਜਾਂ ਟੱਬਰ ਦਾ ਕੋਈ ਆਦਮੀ ਨਾ ਸੁਣਦਾ ਹੋਵੇ। ਪਾਠੀ ਦੀ ਜਥਾ ਸ਼ਕਤ ਭੋਜਨ ਬਸਤਰ ਆਦਿ ਦੀ ਯੋਗ ਸੇਵਾ ਕੀਤੀ ਜਾਵੇ।

ਸਪਤਾਹਕ ਪਾਠ

(ੳ) ਇਹ ਪਾਠ ਸੱਤਾਂ ਦਿਨਾਂ ਵਿਚ ਕੀਤਾ ਜਾਂਦਾ ਹੈ। ਇਹ ਰਾਤ ਦਿਨ ਲਗਾਤਾਰ ਨਹੀਂ ਕੀਤਾ ਜਾਂਦਾ। ਇਹ ਪਾਠ ਵੀ ਸਾਫ਼ ਤੇ ਸ਼ੁਧ ਕਰਨਾ ਉਚਿਤ ਹੈ।

ਭੋਗ

(ੳ) ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਠ (ਸਾਧਾਰਨ, ਅਖੰਡ ਜਾਂ ਸਪਤਾਹਕ) ਦਾ ਭੋਗ ਮੁਦਾਵਣੀ ਉਤੇ ਪਾਇਆ ਜਾਵੇ। ਇਸ ਤੋਂ ਉਪਰੰਤ ਅਨੰਦ ਸਾਹਿਬ ਦਾ ਪਾਠ ਕਰਕੇ ਭੋਗ ਦਾ ਅਰਦਾਸਾ ਕੀਤਾ ਜਾਵੇ, ਤੇ ਕੜਾਹ ਪ੍ਰਸਾਦ ਵਰਤਾਇਆ ਜਾਵੇ। ਸਾਧਾਰਨ ਤੇ ਸਪਤਾਹਕ ਪਾਠ ਦੇ ਅਰੰਭ ਵੇਲੇ ਕੜਾਹ ਪ੍ਰਸਾਦ ਕਰਨਾ ਜ਼ਰੂਰੀ ਨਹੀਂ, ਹੱਥੋ ਤਾਂ ਚੰਗਾ ਹੈ ਪਰ ਭੋਗ ਵੇਲੇ ਜ਼ਰੂਰੀ ਹੈ। ਅਖੰਡ ਪਾਠ ਦੇ ਅਰੰਭ ਅਤੇ ਭੋਗ ਵੇਲੇ ਕੜਾਹ ਪ੍ਰਸਾਦ ਕਰਾਣਾ ਚਾਹੀਏ। ਜੇ ਪਾਠ ਕਰਨ ਕਰਾਣ ਵਾਲਾ ਗਰੀਬ ਹੋਵੇ, ਤਾਂ ਤੋਂ ਵਿਰੁੱਧ ਕੋਈ ਵਖਿਆਨ ਨਹੀਂ ਹੋ ਸਕਦਾ।

੭. ਗੁਰਦੁਆਰੇ ਵਿਚ ਸੰਗਤ ਦਾ ਪ੍ਰੋਗਰਾਮ ਆਮ ਤੌਰ 'ਤੇ ਇਉਂ ਹੁੰਦਾ ਹੈ

ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼, ਕੀਰਤਨ, ਕਥਾ, ਵਖਿਆਨ, ਅਨੰਦ ਸਾਹਿਬ ਅਰਦਾਸ, ਸਤਿ ਸ੍ਰੀ ਅਕਾਲ ਦਾ ਜੈਕਾਰਾ ਤੇ ਅਵਾਜ਼ਾਂ।

੨. ਆਮ ਰਹਿਣੀ

੧. ਸਿੱਖ ਦੀ ਆਮ ਰਹਿਣੀ, ਕਿਰਤ ਵਿਰਤ ਗੁਰਮਤਿ ਅਨੁਸਾਰ ਹੋਵੇ।

ਗੁਰਮਤਿ ਇਹ ਹੈ :

**(ਚਲਦਾ)**

# ਰੂਸ ਇਕ ਅਪ੍ਰੈਲ ਤੋਂ 31 ਜੁਲਾਈ ਤੱਕ ਪੈਟਰੋਲ ਨਹੀਂ ਵੇਚੇਗਾ

## ਉਪ ਪ੍ਰਧਾਨ ਮੰਤਰੀ ਅਲੈਕਜੈਂਡਰ ਨੋਵਾਕ ਨੇ ਊਰਜਾ ਮੰਤਰਾਲੇ ਨੂੰ ਪ੍ਰਸਤਾਵ ਤਿਆਰ ਕਰਨ ਦਾ ਦਿੱਤਾ ਹੁਕਮ

ਮਾਸਕੋ : ਰੂਸ ਨੇ 1 ਅਪ੍ਰੈਲ ਤੋਂ 31 ਜੁਲਾਈ ਤੱਕ ਪੈਟਰੋਲ ਦੀ ਨਿਰਯਾਤ 'ਤੇ ਪਾਬੰਦੀ ਲਗਾਉਣ ਦਾ ਫੈਸਲਾ ਕੀਤਾ ਹੈ। ਉਪ ਪ੍ਰਧਾਨ ਮੰਤਰੀ ਅਲੈਗਜ਼ੈਂਡਰ ਨੋਵਾਕ ਨੇ ਊਰਜਾ ਮੰਤਰਾਲੇ ਨੂੰ ਇਸ ਪ੍ਰਸਤਾਵ ਦਾ ਖਰੜਾ ਤਿਆਰ ਕਰਨ ਦਾ ਹੁਕਮ ਦਿੱਤਾ ਹੈ। ਰੂਸ ਦੇ ਅਨੁਸਾਰ ਇਹ ਫੈਸਲਾ ਘਰੇਲੂ ਸਪਲਾਈ ਨੂੰ ਬਣਾਈ ਰੱਖਣ ਅਤੇ ਕੀਮਤਾਂ ਨੂੰ ਕੰਟਰੋਲ ਵਿੱਚ ਰੱਖਣ ਲਈ ਲਿਆ ਹੈ।




ਨੋਵਾਕ ਨੇ ਕਿਹਾ ਕਿ ਮੱਧ ਪੂਰਬ ਵਿੱਚ ਇਜ਼ਰਾਈਲ ਅਤੇ ਇਰਾਨ ਵਿਚਕਾਰ ਚੱਲ ਰਹੇ ਟਕਰਾਅ ਨੇ ਵਿਸ਼ਵ ਤੇਲ ਅਤੇ ਪੈਟਰੋਲੀਅਮ ਉਤਪਾਦਨ ਬਾਜ਼ਾਰਾਂ ਵਿੱਚ ਅਸਥਿਰਤਾ ਵਧਾ ਦਿੱਤੀ ਹੈ। ਇਸ ਨਾਲ ਕੀਮਤਾਂ ਵਿੱਚ ਅਸਥਿਰਤਾ ਆਈ ਹੈ।

ਰੂਸ ਰੋਜ਼ਾਨਾ 120,000 ਤੋਂ 170,000 ਬੈਰਲ ਪੈਟਰੋਲ ਦਾ ਨਿਰਯਾਤ ਕਰਦਾ ਹੈ। ਨਿਰਯਾਤ ਦੀ ਮੁਅੱਤਲੀ ਦਾ ਚੀਨ, ਤੁਰਕੀ, ਬ੍ਰਾਜ਼ੀਲ, ਅਫਰੀਕਾ ਦੇ ਦੇਸ਼ਾਂ ਅਤੇ ਸਿੰਗਾਪੁਰ ਵਰਗੇ ਦੇਸ਼ਾਂ 'ਤੇ ਅਸਰ ਪੈ ਸਕਦਾ ਹੈ। ਇਹ ਦੇਸ਼ ਰੂਸੀ ਪੈਟਰੋਲੀਅਮ ਉਤਪਾਦਾਂ ਦੇ ਮੁੱਖ ਖਰੀਦਦਾਰ ਹਨ। ਭਾਰਤ 'ਤੇ ਪ੍ਰਭਾਵ ਘੱਟ ਹੋਣ ਦੀ ਉਮੀਦ ਹੈ, ਕਿਉਂਕਿ ਇਹ ਮੁੱਖ ਤੌਰ 'ਤੇ ਰਿਫਾਇੰਡ ਪੈਟਰੋਲ ਦੀ ਬਜਾਏ ਕੱਚਾ ਤੇਲ ਖਰੀਦਦਾ ਹੈ।

# ਪੰਜਾਬ ਨੂੰ 'ਪੇਟ ਪੂਜਾ ਟੈਕਸ ਘੁਟਾਲੇ' ਦਾ ਸੇਕ ਲੱਗਿਆ

## ਕਰ ਵਿਭਾਗ ਵੱਲੋਂ ਹੋਟਲਾਂ ਤੇ ਰੈਸਤਰਾਂ ਦੀ ਜਾਂਚ ਸ਼ੁਰੂ

ਚੰਡੀਗੜ੍ਹ : ਦੇਸ਼ ਵਿੱਚ ਕਰੀਬ 70 ਹਜ਼ਾਰ ਕਰੋੜ ਰੁਪਏ ਦੇ ਹੋਏ 'ਪੇਟ ਪੂਜਾ ਜੀ ਐੱਸ ਟੀ' ਘੁਟਾਲੇ ਦਾ ਸੇਕ ਪੰਜਾਬ ਨੂੰ ਵੀ ਲੱਗਿਆ ਹੈ। ਸੂਬੇ ਵਿੱਚ 'ਪੇਟ ਪੂਜਾ' ਬਿਲਿੰਗ ਸਾਫਟਵੇਅਰ ਨਾਲ ਕਰੋੜਾਂ ਰੁਪਏ ਦੀ ਟੈਕਸ ਚੋਰੀ ਕਰਨ ਦਾ ਪਤਾ ਲੱਗਿਆ ਹੈ। ਸੂਬੇ ਦੇ ਸੈਂਕੜੇ ਹੋਟਲ ਤੇ ਰੈਸਟੋਰੈਂਟ ਮਾਲਕ 'ਪੇਟ ਪੂਜਾ' ਸਾਫਟਵੇਅਰ ਨਾਲ ਅਸਲੀ ਵਿਕਰੀ ਲੁਕੋ ਕੇ ਖ਼ਜ਼ਾਨੇ ਨੂੰ ਵਿੱਤੀ ਸੱਟ ਮਾਰ ਰਹੇ ਸਨ। ਪੰਜਾਬ ਦੇ ਕਰ ਵਿਭਾਗ ਦੇ ਜੀ ਐੱਸ ਟੀ ਵਿੰਗ ਨੇ ਹੋਟਲਾਂ/ਢਾਬਿਆਂ ਅਤੇ ਰੈਸਟੋਰੈਂਟਾਂ ਦੇ ਰਿਕਾਰਡ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ, ਜਿਨ੍ਹਾਂ ਵੱਲੋਂ ਡਿਜੀਟਲ ਢੰਗ ਨਾਲ ਜੀ ਐੱਸ ਟੀ ਦੀ ਚੋਰੀ ਕੀਤੀ ਜਾ ਰਹੀ ਸੀ।



ਵੇਰਵਿਆਂ ਮੁਤਾਬਕ ਮੁੱਢਲੇ ਪੜਾਅ 'ਤੇ 'ਪੇਟ ਪੂਜਾ' ਸਾਫਟਵੇਅਰ ਜ਼ਰੀਏ ਕਰੋੜਾਂ ਰੁਪਏ ਜੀ ਐੱਸ ਟੀ ਚੋਰੀ ਦੀ ਪੁਸ਼ਟੀ ਹੋਈ ਹੈ। ਕਰ ਵਿਭਾਗ ਪੰਜਾਬ ਨੇ ਸੂਬੇ ਦੇ ਅੰਮ੍ਰਿਤਸਰ, ਜਲੰਧਰ ਅਤੇ ਲੁਧਿਆਣਾ ਵਿੱਚ ਇਸ ਸਾਫਟਵੇਅਰ ਨਾਲ ਕਰੋੜਾਂ ਰੁਪਏ ਜੀ ਐੱਸ ਟੀ ਚੋਰੀ ਦੀ ਪੈੜ ਨੱਪੀ ਹੈ। ਹੁਣ ਤੱਕ ਪੰਜਾਬ 'ਚ ਸੈਂਕੜੇ ਢਾਬੇ/ਰੈਸਟੋਰੈਂਟਾਂ ਅਤੇ ਹੋਟਲਾਂ ਦੀ ਚੈਕਿੰਗ ਹੋ ਚੁੱਕੀ ਹੈ। ਸੂਬੇ ਵਿੱਚ ਸਾਲਾਨਾ 7000 ਕਰੋੜ ਰੁਪਏ ਤੋਂ ਵੱਧ ਦੀ ਫੂਡ ਵਿਕਰੀ ਵਾਲੇ ਕਰੀਬ 11 ਹਜ਼ਾਰ ਹੋਟਲ/ਢਾਬੇ ਤੇ ਰੈਸਤਰਾਂ ਮਾਲਕ ਟੈਕਸ ਤਾਰਦੇ ਹਨ।

ਪਤਾ ਲੱਗਿਆ ਹੈ ਕਿ ਆਮਦਨ ਕਰ ਵਿਭਾਗ ਨੇ ਹੋਟਲਾਂ ਅਤੇ ਰੈਸਤਰਾਵਾਂ ਵਾਲਿਆਂ ਨੂੰ ਨੋਟਿਸ ਭੇਜੇ ਸਨ, ਜਿਸ ਮਗਰੋਂ ਕਰ ਵਿਭਾਗ ਪੰਜਾਬ ਦੇ ਜੀ ਐੱਸ ਟੀ ਵਿੰਗ ਨੇ ਇਸ ਖੇਤਰ 'ਚ ਟੈਕਸ ਚੋਰੀ ਦੇ ਮਾਮਲੇ ਦੀ ਜਾਂਚ ਵਿੱਢੀ। ਪੰਜਾਬ ਵਿੱਚ ਕਮਾਈ ਪੱਖੋਂ ਮੁਹਾਲੀ ਪਹਿਲੇ ਨੰਬਰ 'ਤੇ ਹੈ, ਜਿੱਥੇ ਤਿੰਨ ਹਜ਼ਾਰ ਤੋਂ ਵੱਧ ਹੋਟਲ/ਢਾਬੇ ਅਤੇ ਰੈਸਤਰਾਂ ਟੈਕਸ ਤਾਰਦੇ ਹਨ ਅਤੇ ਮੁਹਾਲੀ ਜ਼ਿਲ੍ਹੇ 'ਚ ਸਾਲਾਨਾ ਇੱਕ ਹਜ਼ਾਰ ਕਰੋੜ ਰੁਪਏ ਦਾ ਕਾਰੋਬਾਰ ਹੁੰਦਾ ਹੈ। ਲੁਧਿਆਣਾ ਜ਼ਿਲ੍ਹੇ 'ਚ ਕਰੀਬ 1500 ਹੋਟਲ/ਢਾਬੇ ਅਤੇ ਰੈਸਤਰਾਂ ਮਾਲਕ ਟੈਕਸ ਭਰਦੇ ਹਨ।

**100 ਕਰੋੜ ਤੋਂ ਵੱਧ ਦੀ ਜੀ ਐੱਸ ਟੀ ਚੋਰੀ**

ਪੰਜਾਬ ਸਰਕਾਰ ਦੇ ਇੱਕ ਸੀਨੀਅਰ ਅਧਿਕਾਰੀ ਨੇ ਦੱਸਿਆ ਕਿ ਮਾਮਲੇ ਦੀ ਜਾਂਚ ਮੁਕੰਮਲ ਕੀਤੀ ਜਾ ਰਹੀ ਹੈ ਅਤੇ ਮੁੱਢਲੇ ਪੜਾਅ 'ਤੇ 100 ਕਰੋੜ ਤੋਂ ਵੱਧ ਦੀ ਜੀ ਐੱਸ ਟੀ ਚੋਰੀ ਦਾ ਪਤਾ ਲੱਗਿਆ ਹੈ। ਜਾਂਚ ਹੋਣ ਮਗਰੋਂ ਸਹੀ ਅੰਕੜੇ ਸਪੱਸ਼ਟ ਹੋਣਗੇ। ਇਹ ਵੀ ਪਤਾ ਲੱਗਿਆ ਹੈ ਕਿ ਟੈਕਸ ਚੋਰੀ ਕਰਨ ਵਾਲਿਆਂ ਤੋਂ ਵਸੂਲੀ ਵੀ ਸ਼ੁਰੂ ਕਰ ਦਿੱਤੀ ਗਈ ਹੈ। ਹੋਟਲਾਂ ਦੀ ਵਿਕਰੀ ਦੇ ਰਿਕਾਰਡ ਅਤੇ ਆਮਦਨ ਕਰ ਦੀਆਂ ਰਿਟਰਨਾਂ ਦਾ ਮਿਲਾਣ ਵੀ ਕੀਤਾ ਜਾ ਰਿਹਾ ਹੈ। ਜਾਂਚ ਟੀਮਾਂ ਵੱਲੋਂ ਪਿਛਲੇ ਸਾਲਾਂ ਦੇ ਰਿਕਾਰਡ ਦੀ ਵੀ ਜਾਂਚ ਕੀਤੀ ਜਾ ਰਹੀ ਹੈ। ਪਤਾ ਲੱਗਿਆ ਹੈ ਕਿ ਹੋਟਲ ਤੇ ਰੈਸਤਰਾਂ ਮਾਲਕ ਨਕਦ ਵਿਕਰੀ ਨੂੰ ਸਹੀ ਰਿਕਾਰਡ 'ਤੇ ਨਹੀਂ ਲਿਆਉਂਦੇ ਸਨ ਅਤੇ ਔਨਲਾਈਨ ਅਦਾਇਗੀ ਨੂੰ ਵੀ ਕਾਰੋਬਾਰ 'ਚ ਦਿਖਾਇਆ ਨਹੀਂ ਜਾਂਦਾ ਸੀ।

# BASRA
## Heating & Air Conditioning

## ਗਰਮੀਆਂ ਵਿੱਚ ਠੰਡ ਤੇ ਸਰਦੀਆ ਵਿੱਚ ਨਿੱਘ ਦਾ ਦੂਜਾ ਨਾਮ ਹੈ
# ਬਸਰਾ ਹੀਟਿੰਗ ਅਤੇ ਏਅਰ ਕੰਡੀਸ਼ਨਿੰਗ

ਤੁਸੀ ਆਪਣੇ ਸੁਪਨਿਆ ਦੇ ਮਹਿਲ ਆਪਣੇ ਘਰ ਜਾ ਆਪਣੇ ਕਾਰੋਬਾਰ ਉਪਰ ਨਵਾਂ ਹੀਟਿੰਗ ਜਾ ਏਅਰ ਕੰਡੀਸ਼ਨਿੰਗ ਜਾ ਦੋਵੇ ਤਾ ਬਸ ਇਕੋ ਨਾਮ ਯਾਦ ਰੱਖੋ

ਤੁਸੀਂ ਸਾਨੂੰ ਇੱਕ ਕਾਲ ਕਰੋ ਇੱਕ ਕਾਲ ਹੀ ਬਚਾ ਸਕਦੀ ਹੈ

**ਤੁਹਾਡੇ ਢੇਰ ਸਾਰੇ ਪੈਸੇ**




**Reasonable price first class work ਅਤੇ**

**100% ਗਰੰਟੀ**

**Basra Heating & Air Conditioning has trained technicians and the right equipment to solve the problem fast and at a reasonable price.**

### AC REPAIR

Common Air Conditioner Problems Requiring Repair
Low or Leaking Refrigerant
Broken Belt
Compressor Failure
Coil Issues

### Thermostat Concerns

- Repair leaks
- Clean dirty coils or drain lines
- Replace filters
- Refresh refrigerant
- Seal ductwork
- Replace faulty belts, coils, or compressors
- •Secure electrical connections
- Provide general maintenance
- And more



### From Basra Heating & Air Conditioning

"Basra Heating and Air Conditioning have been providing, installing and servicing home and commercial heat systems, air conditioners & ducting and repair for both residential and commercial customers in the Bay Area since 2012. Our team of trained service professionals has extensive experience installing and servicing home and commercial heat systems, air conditioners, & ducting. Regardless of the project, Basra Heating and Air Conditioning have quickly and professionally served the needs of Bay Area & Central Valley. We pride ourselves in offering a unique combination of skilled service technicians and great customer service. Our team is ready to help you with your heating, air conditioning needs."

## ਹੋਰ ਜਾਣਕਾਰੀ ਲਈ ਕਾਲ ਕਰੋ

## ਸ. ਰਜਿੰਦਰ ਸਿੰਘ ਬਸਰਾ (209) 834-6188

## Address: 231 Portico Ln, Tracy, CA 95377



ਸੰਤ ਸੇਵਾ ਸਿੰਘ ਜੀ

ਸਿੱਖ ਪੰਥ ਦੀ ਮਹਾਨ ਸ਼ਖ਼ਸੀਅਤ ਸੱਚਖੰਡਵਾਸੀ, ਬ੍ਰਹਮਗਿਆਨੀ ਮਹਾਂਪੁਰਖ ਸ੍ਰੀਮਾਨ ਸੰਤ ਬਾਬਾ ਹਰਨਾਮ ਸਿੰਘ ਜੀ ਰਾਮਪੁਰ ਖੇੜੇ ਵਾਲੇ, ਜਿਨ੍ਹਾਂ ਨੇ ਸ਼ਬਦ ਗੁਰੂ ਦੇ ਨਾਲ ਆਪਣੀ ਸੁਰਤ ਨੂੰ ਜੋੜ ਕੇ ਜਿੱਥੇ ਆਪ ਪਰਮੇਸ਼ਰ ਜੀ ਵਿੱਚ ਅਭੇਦਤਾ ਪ੍ਰਾਪਤ ਕੀਤੀ; ਉਥੇ ਗੁਰਮਤਿ ਮਾਰਗ ਤੋਂ ਦੁਰੇਡੇ ਜਾ ਚੁੱਕਿਆਂ ਨੂੰ ਖੰਡੇ ਬਾਟੇ ਦੀ ਪਾਹੁਲ ਛਕਾ ਕੇ 'ਸ਼ਬਦ ਗੁਰੂ' ਦੇ ਲੜ ਲਾ ਉਹਨਾਂ ਦਾ ਮਾਰਗ ਦਰਸ਼ਨ ਕੀਤਾ। ਮਹਾਂਪੁਰਖਾਂ ਦੇ ਉੱਤਰਾਧਿਕਾਰੀ ਸੰਤ ਬਾਬਾ ਸੇਵਾ ਸਿੰਘ ਜੀ 'ਰਾਮਪੁਰ ਖੇੜੇ ਵਾਲਿਆਂ' ਨੇ 'ਸੇ ਕਿਨੇਹਿਆ?' ਪੁਸਤਕ ਵਿੱਚ ਸੱਚਖੰਡਵਾਸੀ ਸੰਤ ਬਾਬਾ ਹਰਨਾਮ ਸਿੰਘ ਜੀ ਦੇ ਜੀਵਨ ਦਾ ਬਾਖੂਬੀ ਚਿਤਰਨ ਕੀਤਾ ਹੈ। ਇਹ ਪੁਸਤਕ ਸਿੱਖ ਜਗਤ ਵਿੱਚ ਬਹੁਤ ਹੀ ਮਕਬੂਲੀਅਤ ਹਾਸਲ ਕਰ ਚੁੱਕੀ ਹੈ ਅਤੇ ਲੱਖਾਂ ਦੀ ਗਿਣਤੀ ਵਿੱਚ ਛਾਪ ਕੇ ਸੰਗਤਾਂ ਤੱਕ ਪਹੁੰਚਾਈ ਗਈ ਹੈ। ਸੰਤ ਬਾਬਾ ਸੇਵਾ ਸਿੰਘ ਜੀ ਦੀ ਕਲਮ ਰਾਹੀਂ ਲਿਖੀਆਂ ਗਈਆਂ ਅਨੇਕਾਂ ਪੁਸਤਕਾਂ ਵਿੱਚੋਂ ਉਨ੍ਹਾਂ ਦੀ ਇਹ ਸ਼ਾਹਕਾਰ ਰਚਨਾ 'ਸੇ ਕਿਨੇਹਿਆ?' ਆਪਣੇ ਪਾਠਕਾਂ ਦੀ ਮੰਗ 'ਤੇ ਅਸੀਂ ਆਪਣੇ ਅਖਬਾਰ ਰਾਹੀਂ ਲੜੀਵਾਰ ਛਾਪ ਰਹੇ ਹਾਂ। ਆਸ ਹੈ ਕਿ ਇਸ ਯਤਨ ਤੋਂ ਸਾਡੇ ਪਾਠਕ ਲਾਭ ਪ੍ਰਾਪਤ ਕਰਨਗੇ। – ਧੰਨਵਾਦ ਸਾਹਿਤ ਸਤਨਾਮ ਸਿੰਘ ਖਾਲਸਾ

# ਗੁਰਬਾਣੀ ਅਨੁਸਾਰ ਮਾਇਆ ਕੀ ਹੈ?

(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

**ਜਲ ਮਹਿ ਮੀਨ ਮਾਇਆ ਕੇ ਬੇਧੇ ॥**
**ਦੀਪਕ ਪਤੰਗ ਮਾਇਆ ਕੇ ਛੇਦੇ ॥**
**ਕਾਮ ਮਾਇਆ ਕੁੰਚਰ ਕਉ ਬਿਆਪੈ ॥**
**ਭੁਇਅੰਗਮ ਭ੍ਰਿੰਗ ਮਾਇਆ ਮਹਿ ਖਾਪੇ ॥੧॥**
**ਮਾਇਆ ਐਸੀ ਮੋਹਨੀ ਭਾਈ ॥**
**ਜੇਤੇ ਜੀਅ ਤੇਤੇ ਡਹਕਾਈ ॥੧॥ਰਹਾਉ ॥**
**ਪੰਖੀ ਮ੍ਰਿਗ ਮਾਇਆ ਮਹਿ ਰਾਤੇ ॥**
**ਸਾਕਰ ਮਾਖੀ ਅਧਿਕ ਸੰਤਾਪੇ ॥**
**ਤੁਰੇ ਉਸਟ ਮਾਇਆ ਮਹਿ ਭੇਲਾ ॥**
**ਸਿਧ ਚਉਰਾਸੀਹ ਮਾਇਆ ਮਹਿ ਖੇਲਾ ॥੨॥**
**ਛਿਅ ਜਤੀ ਮਾਇਆ ਕੇ ਬੰਦਾ ॥**
**ਨਵੈ ਨਾਥ ਸੂਰਜ ਅਰੁ ਚੰਦਾ ॥**
**ਤਪੇ ਰਖੀਸਰ ਮਾਇਆ ਮਹਿ ਸੂਤਾ ॥**
**ਮਾਇਆ ਮਹਿ ਕਾਲੁ ਅਰੁ ਪੰਚ ਦੂਤਾ ॥੩॥**
**ਸੁਆਨ ਸਿਆਲ ਮਾਇਆ ਮਹਿ ਰਾਤਾ ॥**
**ਬੰਤਰ ਚੀਤੇ ਅਰੁ ਸਿੰਘਾਤਾ ॥**
**ਮਾਂਜਾਰ ਗਾਡਰ ਅਰੁ ਲੂਬਰਾ ॥**
**ਬਿਰਖ ਮੂਲ ਮਾਇਆ ਮਹਿ ਪਰਾ ॥੪॥**
**ਮਾਇਆ ਅੰਤਰਿ ਭੀਨੇ ਦੇਵ ॥**
**ਸਾਗਰ ਇੰਦ੍ਰਾ ਅਰੁ ਧਰਤੇਵ ॥**
**ਕਹਿ ਕਬੀਰ ਜਿਸੁ ਉਦਰ ਤਿਸੁ ਮਾਇਆ ॥**
**ਤਬ ਛੂਟੇ ਜਬ ਸਾਧੂ ਪਾਇਆ ॥੫॥੫॥੧੩॥**
**(ਭੈਰਉ ਕਬੀਰ ਜੀ, ਅੰਗ ੧੧੬੦)**

ਇਸ ਮਾਇਆ ਵਿੱਚ ਕਿੰਨੀ ਸ਼ਕਤੀ ਹੈ? ਇਸ ਤੋਂ ਹੀ ਅੰਦਾਜ਼ਾ ਲੱਗ ਜਾਂਦਾ ਹੈ। ਸਭ ਜੀਵ ਜਾਣਦੇ ਹੋਏ ਕਿ ਮਾਇਆ ਇੱਕ ਛਲ ਹੈ ਪਰ ਫਿਰ ਵੀ ਇਸ ਤੋਂ ਬਚ ਨਹੀਂ ਸਕਦੇ :

**ਮਾਈ ਮਾਇਆ ਛਲੁ ॥**
**ਤ੍ਰਿਣ ਕੀ ਅਗਨਿ ਮੇਘ ਕੀ ਛਾਇਆ**
**ਗੋਬਿਦ ਭਜਨ ਬਿਨੁ ਹੜ ਕਾ ਜਲੁ ॥ ਰਹਾਉ ॥**
**(ਟੋਡੀ ਮ: ੫, ਅੰਗ ੭੧੭)**

ਭਾਈ ਗੁਰਦਾਸ ਜੀ ਆਪਣੇ ਕਬਿੱਤਾਂ ਵਿੱਚ ਫ਼ੁਰਮਾਨ ਕਰਦੇ ਹਨ ਕਿ ਜਿਸ ਤਰ੍ਹਾਂ ਪੋਸਤ ਪੀਣ ਵਾਲਾ ਇਹ ਜਾਣਦਾ ਹੋਇਆ ਕਿ ਇਹ ਚੰਗਾ ਨਹੀਂ, ਭੈੜੀ ਆਦਤ ਹੈ ਪਰ ਉਸ ਨੂੰ ਤਿਆਗਦਾ ਨਹੀਂ। ਜਿਸ ਤਰ੍ਹਾਂ ਜੁਆਰੀ, ਹਾਰ ਕੇ ਵਿਰਲਾਪ ਵੀ ਕਰਦਾ ਹੈ ਪਰ ਜੂਆ ਖੇਡਣ ਦੀ ਆਦਤ ਨੂੰ ਛੱਡਦਾ ਨਹੀਂ। ਜਿਸ ਤਰ੍ਹਾਂ ਚੋਰ, ਚੋਰੀ ਕਰਦਾ ਹਰ ਵੇਲੇ ਡਰਦਾ ਵੀ ਹੈ ਪਰ ਮਰਨ ਤੱਕ ਚੋਰੀ ਨਹੀਂ ਤਿਆਗਦਾ। ਇਸੇ ਪ੍ਰਕਾਰ ਸਾਰੇ ਜੀਵ ਮਾਇਆ ਨੂੰ ਦੁੱਖ ਰੂਪ ਕਹਿੰਦੇ ਤਾਂ ਹਨ ਪਰ ਇਸ ਮਾਇਆ ਉੱਪਰ ਕਿਸੇ ਨੇ ਵੀ ਵੱਸੀਕਾਰ ਨਹੀਂ ਪਾਇਆ ਸਗੋਂ ਸਾਰਿਆਂ ਨੂੰ ਮਾਇਆ ਹੀ ਲੁੱਟੀ ਜਾ ਰਹੀ ਹੈ:

**ਜੈਸੇ ਪੋਸਤੀ ਸੁਨਤਿ ਕਹਤਿ ਪੋਸਤ ਬੁਰੋ,**
**ਤਾਂ ਕੇ ਬਸਿ ਭਯੋ, ਛਾਡਯੋ ਚਾਹੈ ਪੈ ਨ ਛੂਟਈ ॥**
**ਜੈਸੇ ਜੂਆ ਖੇਲਿ ਬਿਤ ਹਾਰਿ ਬਿਲਖੈ ਜੂਆਰੀ**
**ਤਉ ਪਰ ਜੂਆਰਨ ਕੀ ਸੰਗਤ ਨ ਟੂਟਈ ॥**
**ਜੈਸੇ ਚੋਰ ਚੋਰੀ ਜਾਤ ਹ੍ਰਿਦੈ ਸਹਕਤ ਪੁਨਿ**
**ਤਜਤ ਨ ਚੋਰੀ ਜਉ ਲਉ ਸੀਸ ਹੀ ਨ ਫੂਟਈ ॥**
**ਤੈਸੇ ਸਭ ਕਹਤ ਸੁਨਤ ਮਾਯਾ ਦੁਖਦਾਈ,**
**ਕਾਹੂ ਪੈ ਨ ਜੀਤੀ ਪਰੈ ਮਾਯਾ ਜਗੁ ਲੂਟਈ ॥੫੯੧॥**
**(ਕਬਿੱਤ ਭਾਈ ਗੁਰਦਾਸ ਜੀ)**

ਮਾਇਆ ਦੇ ਵੱਡੇ ਕਰਿੰਦੇ ਜੋ ਪੰਜ ਹਨ, ਉਨ੍ਹਾਂ ਪ੍ਰਤੀ ਵੀ ਤੀਸਰੇ ਗੁਰਦੇਵ ਜੀ ਨੇ ਸੋਰਠਿ ਰਾਗ ਵਿੱਚ ਸੰਕੇਤ ਦਿੱਤਾ ਹੈ ਕਿ ਇਹ ਪੰਜ (ਕਾਮ, ਕ੍ਰੋਧ, ਲੋਭ, ਮੋਹ, ਹੰਕਾਰ) ਚੋਰਾਂ ਵਾਂਗ ਸਾਡੇ ਹਿਰਦੇ ਵਿੱਚੋਂ ਸਾਡਾ ਆਤਮਿਕ ਖਜ਼ਾਨਾ, ਅੰਮ੍ਰਿਤ ਰੂਪੀ ਨਾਮ-ਰਸ ਅਤੇ ਜੀਵ ਨੂੰ ਬ੍ਰਹਮ ਬਨਾਉਣ ਵਾਲੀ ਸ਼ਕਤੀ ਨੂੰ ਬਾਹਰਮੁਖੀ ਰਸਾਂ-ਕਸਾਂ ਰਾਹੀਂ ਚੋਰੀ ਕਰੀ ਜਾ ਰਹੇ ਹਨ। ਜਿਸ ਕਾਰਨ ਜੀਵ ਪਰਮੇਸ਼ਰ ਜੀ ਵਿੱਚ ਲੀਨ ਹੋਣ ਤੋਂ ਵਾਂਝਾ ਰਹਿ ਜਾਂਦਾ ਹੈ ਅਤੇ ਪਰਮ ਅਨੰਦ ਦੇ ਸੁੱਖ ਤੋਂ ਸੱਖਣਾ ਜੀਵਨ ਬਤੀਤ ਕਰਦਾ ਹੈ :

**ਇਸੁ ਦੇਹੀ ਅੰਦਰਿ ਪੰਚ ਚੋਰ ਵਸਹਿ ਕਾਮੁ ਕ੍ਰੋਧੁ ਲੋਭੁ ਮੋਹੁ ਅਹੰਕਾਰਾ ॥**
**ਅੰਮ੍ਰਿਤੁ ਲੂਟਹਿ ਮਨਮੁਖ ਨਹੀ ਬੂਝਹਿ ਕੋਇ ਨ ਸੁਣੈ ਪੂਕਾਰਾ ॥**
**ਅੰਧਾ ਜਗਤੁ ਅੰਧੁ ਵਰਤਾਰਾ ਬਾਝੁ ਗੁਰੂ ਗੁਬਾਰਾ ॥੨॥**
**(ਸੋਰਠਿ ਮ: ੩, ਅੰਗ ੬੦੦)**




ਤਥਾ

**ਪੰਚ ਦੂਤ ਮੁਹਹਿ ਸੰਸਾਰਾ ॥ ਮਨਮੁਖ ਅੰਧੇ ਸੁਧਿ ਨ ਸਾਰਾ ॥ (ਮਾਝ ਮ: ੩, ਅੰਗ-੧੧੩)**

ਤਥਾ

**ਅਵਰਿ ਪੰਚ ਹਮ ਏਕ ਜਨਾ ਕਿਉ ਰਾਖਉ ਘਰ ਬਾਰੁ ਮਨਾ ॥**
**ਮਾਰਹਿ ਲੂਟਹਿ ਨੀਤ ਨੀਤ ਕਿਸੁ ਆਗੈ ਕਰੀ ਪੁਕਾਰ ਜਨਾ ॥੧॥**
**(ਗਉੜੀ ਚੇਤੀ ਮ: ੧, ਅੰਗ ੧੫੫)**

ਇਸ ਇਕੱਲੇ-ਇਕੱਲੇ ਚੋਰ ਪ੍ਰਤੀ ਵੀ ਗੁਰਦੇਵ ਜੀ ਨੇ ਸਾਨੂੰ ਸੁਚੇਤ ਕੀਤਾ ਹੈ ਕਿ ਪੰਜੇ ਵਿਕਾਰ ਸਰੀਰ ਦਾ ਵੀ ਨਾਸ ਕਰਦੇ ਹਨ ਅਤੇ ਆਤਮਾ ਨੂੰ ਵੀ ਦਾਗੀ ਕਰ ਦਿੰਦੇ ਹਨ। ਇਸ ਲਈ ਇਹਨਾਂ ਦੇ ਪਿੱਛੇ ਨਹੀਂ ਭਟਕਣਾ। ਗੁਰੂ ਦੀ ਸਿੱਖਿਆ ਨੂੰ ਮੁੱਖ ਰੱਖ ਕੇ ਜੀਵਨ-ਜਾਚ ਸਿੱਖਣੀ ਹੈ। ਕਾਮ ਪ੍ਰਤੀ ਸਤਿਗੁਰੂ ਜੀ ਦਾ ਫ਼ੁਰਮਾਨ ਹੈ :

**ਹੇ ਕਾਮੰ ਨਰਕ ਬਿਸ੍ਰਾਮੰ ਬਹੁ ਜੋਨੀ ਭ੍ਰਮਾਵਣਹ ॥**
**(ਸਲੋਕ ਸਹਸਕ੍ਰਿਤੀ ਮ: ੫, ਅੰਗ ੧੩੫੮)**

ਤਥਾ

**ਕਾਮੁ ਕ੍ਰੋਧੁ ਸੰਗਤਿ ਦੁਰਜਨ ਕੀ ਤਾ ਤੇ ਅਹਿਨਿਸਿ ਭਾਗਉ ॥**
**(ਗਉੜੀ ਮ: ੯, ਅੰਗ ੨੧੯)**

ਅਤੇ

**ਪਾਪੀ ਹੀਐ ਮੈ ਕਾਮੁ ਬਸਾਇ ॥**
**ਮਨੁ ਚੰਚਲੁ ਯਾ ਤੇ ਗਹਿਓ ਨ ਜਾਇ ॥੧॥ਰਹਾਉ ॥**
**ਜੋਗੀ ਜੰਗਮ ਅਰੁ ਸੰਨਿਆਸ ॥**
**ਸਭ ਹੀ ਪਰਿ ਡਾਰੀ ਇਹ ਫਾਸ ॥੧॥ (ਬਸੰਤ ਹਿੰਡੋਲ ਮ: ੯, ਅੰਗ ੧੧੮੬)**

ਕ੍ਰੋਧ ਵੀ ਕਾਮ ਵਾਂਗ ਹੀ ਸਰੀਰ ਨੂੰ ਗਾਲਦਾ ਹੈ :

**ਕਾਮੁ ਕ੍ਰੋਧੁ ਕਾਇਆ ਕਉ ਗਾਲੈ ॥**
**ਜਿਉ ਕੰਚਨ ਸੋਹਾਗਾ ਢਾਲੈ ॥**
**(ਰਾਮਕਲੀ ਮ: ੧, ਦਖਣੀ ਓਅੰਕਾਰ, ਅੰਗ ੯੩੨)**

ਅਤੇ

**ਓਨਾ ਪਾਸਿ ਦੁਆਸਿ ਨ ਭਿਟੀਐ ਜਿਨ ਅੰਤਰਿ ਕ੍ਰੋਧੁ ਚੰਡਾਲ ॥ (ਸਿਰੀ ਰਾਗੁ ਮ: ੫, ਅੰਗ ੪੦)**

ਤਥਾ

**ਹੇ ਕਲਿ ਮੂਲ ਕ੍ਰੋਧੰ ਕਦੰਚ ਕਰੁਣਾ ਨ ਉਪਰਜਤੇ ॥**
**ਬਿਖਯੰਤ ਜੀਵੰ ਵਸੵੰ ਕਰੋਤਿ ਨਿਰਤੵੰ ਕਰੋਤਿ ਜਥਾ ਮਰਕਟਹ ॥ (ਮ: ੫, ਅੰਗ ੧੩੫੮)**

ਭਾਵ ਕਿ ਹੇ ਕਲੇਸ਼ ਦੇ ਮੁੱਢ ਕ੍ਰੋਧ! ਤੇਰੇ ਵੱਸ ਵਿੱਚ ਹੋਏ ਮਨੁੱਖ ਨੂੰ ਕਦੇ ਤਰਸ ਨਹੀਂ ਉਪਜਦਾ। ਜੀਵ ਦੇ ਅੰਦਰ ਗੁੱਸੇ ਦੀ ਜ਼ਹਿਰ ਭਰ ਜਾਂਦੀ ਹੈ ਅਤੇ ਤੂੰ ਉਸ ਜੀਵ ਨੂੰ ਆਪਣੇ ਵੱਸ ਵਿੱਚ ਕਰ ਲੈਂਦਾ ਹੈ ਅਤੇ ਉਹ ਤੇਰੇ ਨਚਾਏ ਬਾਂਦਰ ਵਾਂਗ ਹੀ ਨੱਚਦੇ ਹਨ।

ਲੋਭ ਪ੍ਰਤੀ ਗੁਰਬਾਣੀ ਦਾ ਫ਼ੈਸਲਾ ਹੈ :

**ਲੋਭ ਲਹਰਿ ਸਭੁ ਸੁਆਨੁ ਹਲਕੁ ਹੈ ਹਲਕਿਓ ਸਭਹਿ ਬਿਗਾਰੇ ॥ (ਨਟ ਮ: ੪, ਅੰਗ ੯੮੩)**

ਅਤੇ

**ਲਬੁ ਵਿਣਾਹੇ ਮਾਣਸਾ ਜਿਉ ਪਾਣੀ ਬੂਰੁ ॥**
**(ਰਾਮਕਲੀ ਕੀ ਵਾਰ, ਅੰਗ ੯੬੭)**

ਅਤੇ

**ਹੇ ਲੋਭਾ ਲੰਪਟ ਸੰਗ ਸਿਰਮੋਰਹ ਅਨਿਕ ਲਹਰੀ ਕਲੋਲਤੇ ॥**
**ਧਾਵੰਤ ਜੀਆ ਬਹੁ ਪ੍ਰਕਾਰੰ ਅਨਿਕ ਭਾਂਤਿ ਬਹੁ ਡੋਲਤੇ ॥**
**ਨਚ ਮਿਤ੍ਰੰ ਨਚ ਇਸਟੰ ਨਚ ਬਾਧਵ ਨਚ ਮਾਤ ਪਿਤਾ ਤਵ ਲਜਯਾ ॥**
**ਅਕਰਣੰ ਕਰੋਤਿ ਅਖਾਦ੍ਯਿ ਖਾਦ੍ਯੰ ਅਸਾਜ੍ਯੰ ਸਾਜਿ ਸਮਜਯਾ ॥**
**ਤ੍ਰਾਹਿ ਤ੍ਰਾਹਿ ਸਰਣਿ ਸੁਆਮੀ ਬਿਗ੍ਯਾਪ੍ਤਿ ਨਾਨਕ ਹਰਿ ਨਰਹਰਹ ॥੪੮॥**
**(ਸਲੋਕ ਸਹਸਕ੍ਰਿਤੀ ਮ: ੫, ਅੰਗ ੧੩੫੮))**

ਭਾਵ ਕਿ ਹੇ ਲੋਭ! ਵੱਡੇ-ਵੱਡੇ ਸਿਰਕੱਢ ਵੀ ਤੇਰੇ ਵਿੱਚ ਗ਼ਲਤਾਨ ਹਨ। ਤੇਰੀਆਂ ਅਨੇਕ ਤਰ੍ਹਾਂ ਦੀਆਂ ਲਹਿਰਾਂ ਵਿੱਚ ਫਸੇ ਹੋਏ ਅਜੀਬ ਕੰਮ ਕਰਦੇ ਹਨ। ਤੇਰੇ ਵੱਸ ਹੋਏ ਜੀਵ ਬਹੁਤ ਨੱਸ-ਭੱਜ ਕਰਦੇ ਹਨ। ਦੂਰ-ਦੂਰ ਉੱਤੇ ਡੋਲਦੇ ਹਨ। ਜੋ ਤੇਰੇ ਵੱਸ ਵਿੱਚ ਹਨ, ਉਨ੍ਹਾਂ ਜੀਵਾਂ ਨੂੰ ਨਾ ਮਾਤਾ-ਪਿਤਾ ਦੀ, ਨਾ ਮਿੱਤਰਾਂ-ਪਿਆਰਿਆਂ, ਨਾ ਸਾਕ-ਸਬੰਧੀਆਂ ਦੀ ਸ਼ਰਮ ਰਹਿੰਦੀ ਹੈ। ਲੋਭ-ਵੱਸ ਹੋ ਕੇ ਮਨੁੱਖ ਨਾ ਕਰਨੇ ਯੋਗ ਕੰਮ ਕਰ ਲੈਂਦਾ ਹੈ; ਨਾ ਖਾਣ ਯੋਗ ਪਦਾਰਥ ਖਾ ਲੈਂਦਾ ਹੈ ਭਾਵ ਨਿਰਲੱਜ ਹੋ ਜਾਂਦਾ ਹੈ।

(ਚਲਦਾ)

## ਕੈਨੇਡਾ ਨੇ ਸ਼ਰਨਾਰਥੀ ਨਿਯਮ ਕੀਤੇ ਸਖ਼ਤ

### ਭਾਰਤੀ ਹੋਣਗੇ ਸਭ ਤੋਂ ਵੱਧ ਪ੍ਰਭਾਵਤ

ਟੋਰੋਂਟੋ: ਕੈਨੇਡਾ ਸਰਕਾਰ ਨੇ ਸ਼ਰਨਾਰਥੀ ਪ੍ਰਣਾਲੀ ਨੂੰ ਮਜ਼ਬੂਤ ਕਰਨ ਲਈ ਨਵਾਂ ਕਾਨੂੰਨ ਬਿਲ ਸੀ-12 ਪਾਸ ਕੀਤਾ ਹੈ, ਜਿਸ ਨੂੰ 26 ਮਾਰਚ 2026 ਨੂੰ ਰਾਇਲ ਅਸੈਂਟ ਮਿਲਣ ਤੋਂ ਬਾਅਦ ਲਾਗੂ ਕਰ ਦਿਤਾ ਗਿਆ ਹੈ। ਇਸ ਕਾਨੂੰਨ ਦਾ ਉਦੇਸ਼ ਸਰਹੱਦਾਂ ਦੀ ਸੁਰੱਖਿਆ, ਆਰਗਨਾਈਜ਼ਡ ਕਰਾਈਮ ਨਾਲ ਲੜਾਈ ਅਤੇ ਸ਼ਰਨਾਰਥੀ ਦਾਅਵਿਆਂ ਦੀ ਪ੍ਰਕਿਰਿਆ ਨੂੰ ਤੇਜ਼ ਬਣਾਉਣਾ ਹੈ।



ਨਵੇਂ ਨਿਯਮਾਂ ਅਨੁਸਾਰ, ਜਿਹੜੇ ਲੋਕ 24 ਜੂਨ 2020 ਤੋਂ ਬਾਅਦ ਕੈਨੇਡਾ ਵਿਚ ਦਾਖਲ ਹੋਏ ਅਤੇ ਇਕ ਸਾਲ ਤੋਂ ਵੱਧ ਸਮੇਂ ਬਾਅਦ ਸ਼ਰਨਾਰਥੀ ਦਾਅਵਾ ਕਰਦੇ ਹਨ, ਉਨ੍ਹਾਂ ਨੂੰ ਆਮ ਤੌਰ 'ਤੇ ਪੂਰੀ ਸੁਣਵਾਈ ਨਹੀਂ ਮਿਲੇਗੀ। ਇਸੇ ਤਰ੍ਹਾਂ, ਜਿਹੜੇ ਵਿਅਕਤੀ ਅਮਰੀਕਾ ਤੋਂ ਗੈਰ-ਨਿਯਮਤ ਤਰੀਕੇ ਨਾਲ ਦਾਖਲ ਹੁੰਦੇ ਹਨ ਅਤੇ 14 ਦਿਨ ਤੋਂ ਵੱਧ ਸਮੇਂ ਬਾਅਦ ਦਾਅਵਾ ਕਰਦੇ ਹਨ, ਉਨ੍ਹਾਂ ਦੇ ਕੇਸ ਵੀ ਪੂਰੀ ਸੁਣਵਾਈ ਲਈ ਨਹੀਂ ਭੇਜੇ ਜਾਣਗੇ।

ਭਾਰਤੀ ਨਾਗਰਿਕ ਇਸ ਵੇਲੇ ਕੈਨੇਡਾ ਵਿਚ ਸੱਭ ਤੋਂ ਵੱਡਾ ਸ਼ਰਨਾਰਥੀ ਦਾਅਵਾ ਕਰਨ ਵਾਲਾ ਸਮੂਹ ਹਨ। 2025 ਦੇ ਪਹਿਲੇ ਛੇ ਮਹੀਨਿਆਂ ਵਿਚ ਲਗਭਗ 9,770 ਦਾਅਵੇ ਭਾਰਤੀ ਨਾਗਰਿਕਾਂ ਵਲੋਂ ਕੀਤੇ ਗਏ, ਜਿਨ੍ਹਾਂ ਵਿਚੋਂ ਕਾਫ਼ੀ ਗਿਣਤੀ ਪੰਜਾਬ ਤੋਂ ਹੈ। 2012 ਤੋਂ ਹੁਣ ਤਕ ਭਾਰਤੀ ਨਾਗਰਿਕਾਂ ਵਲੋਂ 45,000 ਤੋਂ ਵੱਧ ਦਾਅਵੇ ਦਰਜ ਕੀਤੇ ਗਏ ਹਨ। ਹਾਲਾਂਕਿ ਸਰਕਾਰ ਦਾ ਕਹਿਣਾ ਹੈ ਕਿ ਇਹ ਕਾਨੂੰਨ ਪ੍ਰਣਾਲੀ ਨੂੰ ਨਿਆਂਪ੍ਰਣਾਲੀ ਅਤੇ ਕੁਸ਼ਲਤਾ ਦੇਵੇਗਾ, ਪਰ ਕਈ ਹੱਕ ਗਰੁੱਪਾਂ ਨੇ ਇਸਦੀ ਆਲੋਚਨਾ ਕੀਤੀ ਹੈ। ਕੈਨੇਡੀਅਨ ਕੌਂਸਲ ਫਾਰ ਰਿਫਿਊਜੀਜ਼ ਅਤੇ ਸਿਵਲ ਲਿਬਰਟੀਜ਼ ਐਸੋਸੀਏਸ਼ਨ ਦਾ ਕਹਿਣਾ ਹੈ ਕਿ ਇਹ ਕਾਨੂੰਨ ਸ਼ਰਨਾਰਥੀਆਂ ਦੀ ਸੁਰੱਖਿਆ ਕਮਜ਼ੋਰ ਕਰ ਸਕਦਾ ਹੈ ਅਤੇ ਹਜ਼ਾਰਾਂ ਲੋਕਾਂ ਨੂੰ ਖ਼ਤਰੇ ਵਿਚ ਪਾ ਸਕਦਾ ਹੈ।

## ਡਾ. ਅੰਬੇਡਕਰ ਦੇ ਬੁੱਤ ਨੂੰ ਤੋੜਨ 'ਤੇ ਰੋਸ, ਸਰਕਾਰ ਵਿਰੁੱਧ ਨਾਅਰੇਬਾਜ਼ੀ

ਹੁਸ਼ਿਆਰਪੁਰ : ਹੁਸ਼ਿਆਰਪੁਰ ਜ਼ਿਲ੍ਹੇ ਦੇ ਪਿੰਡ ਨੂਰਪੁਰ ਜੱਟਾਂ ਵਿੱਚ ਬੀਤੀ ਦੇਰ ਰਾਤ ਅਣਪਛਾਤੇ ਸ਼ਰਾਰਤੀ ਅਨਸਰਾਂ ਵੱਲੋਂ ਡਾ. ਬੀ.ਆਰ. ਅੰਬੇਡਕਰ ਦੇ ਬੁੱਤ ਦੀ ਭੰਨਤੋੜ ਕੀਤੇ ਜਾਣ ਤੋਂ ਬਾਅਦ ਤਣਾਅ ਦਾ ਮਾਹੌਲ ਬਣ ਗਿਆ ਹੈ। ਇਸ ਘਟਨਾ ਨੇ ਸਥਾਨਕ ਨਿਵਾਸੀਆਂ ਅਤੇ ਪ੍ਰਸ਼ਾਸਨ ਵਿੱਚ ਚਿੰਤਾ ਪੈਦਾ ਕਰ ਦਿੱਤੀ ਹੈ, ਜਿਸ ਦੇ ਮੱਦੇਨਜ਼ਰ ਇਲਾਕੇ ਵਿੱਚ ਸੁਰੱਖਿਆ ਵਧਾ ਦਿੱਤੀ ਗਈ ਹੈ।



ਜਾਣਕਾਰੀ ਅਨੁਸਾਰ, ਬੁੱਤ ਨੂੰ ਭਾਰੀ ਚੀਜ਼ਾਂ ਨਾਲ ਨੁਕਸਾਨ ਪਹੁੰਚਾਇਆ ਗਿਆ ਹੈ, ਜਿਸ ਵਿੱਚ ਬੁੱਤ ਦਾ ਚਿਹਰਾ ਵਿਗਾੜ ਦਿੱਤਾ ਗਿਆ ਅਤੇ ਆਲੇ-ਦੁਆਲੇ ਲੱਗੇ ਸੁਰੱਖਿਆ ਸ਼ੀਸ਼ੇ ਤੋੜ ਦਿੱਤੇ ਗਏ। ਬੁੱਤ ਦੇ ਦੁਆਲੇ ਲਗਾਈ ਗਈ ਲਾਈਟਿੰਗ ਨੂੰ ਵੀ ਤੋੜਿਆ ਗਿਆ ਹੈ। ਜ਼ਿਕਰਯੋਗ ਹੈ ਕਿ ਇਹ ਸੁਰੱਖਿਆ ਪ੍ਰਬੰਧ ਪਿਛਲੀ ਵਾਰ ਹੋਈ ਭੰਨਤੋੜ ਦੀ ਘਟਨਾ ਤੋਂ ਬਾਅਦ ਕੀਤੇ ਗਏ ਸਨ। ਇਸ ਤੋਂ ਪਹਿਲਾਂ ਜੂਨ 2025 ਵਿੱਚ ਵੀ ਇਸੇ ਬੁੱਤ ਨੂੰ ਨਿਸ਼ਾਨਾ ਬਣਾਇਆ ਗਿਆ ਸੀ, ਜਿਸ ਦੌਰਾਨ ਉੱਥੇ ਖਾਲਿਸਤਾਨ ਪੱਖੀ ਨਾਅਰੇ ਲਿਖੇ ਗਏ ਸਨ। ਮੌਕੇ 'ਤੇ ਮੌਜੂਦ ਸਰਪੰਚ ਸ਼ਿੰਗਾਰਾ ਰਾਮ ਨੇ ਨੁਕਸਾਨ ਦੀ ਪੁਸ਼ਟੀ ਕਰਦਿਆਂ ਕਿਹਾ ਕਿ ਘਟਨਾ ਦਾ ਪਤਾ ਲੱਗਦਿਆਂ ਹੀ ਵੱਡੀ ਗਿਣਤੀ 'ਚ ਲੋਕ ਇਕੱਠੇ ਹੋ ਗਏ। ਉਨ੍ਹਾਂ ਕਿਹਾ, "ਬੁੱਤ ਦੀ ਬੇਅਦਬੀ ਕੀਤੀ ਗਈ ਹੈ ਅਤੇ ਸੁਰੱਖਿਆ ਦੇ ਸਾਰੇ ਪ੍ਰਬੰਧ ਤਬਾਹ ਕਰ ਦਿੱਤੇ ਗਏ ਹਨ। ਲੋਕਾਂ ਵਿੱਚ ਭਾਰੀ ਰੋਸ ਹੈ ਅਤੇ ਅਸੀਂ ਪ੍ਰਸ਼ਾਸਨ ਨੂੰ ਸੂਚਿਤ ਕਰ ਦਿੱਤਾ ਹੈ।

ਪੰਜਾਬ ਵਿਧਾਨ ਸਭਾ ਦੇ ਡਿਪਟੀ ਸਪੀਕਰ ਅਤੇ ਗੜ੍ਹਸ਼ੰਕਰ ਦੇ ਵਿਧਾਇਕ ਜੈ ਕ੍ਰਿਸ਼ਨ ਰੌੜੀ ਨੇ ਪੁਲੀਸ ਅਧਿਕਾਰੀਆਂ ਸਮੇਤ ਮੌਕੇ ਦਾ ਦੌਰਾ ਕੀਤਾ। ਉਨ੍ਹਾਂ ਨੇ ਦੋਸ਼ੀਆਂ ਖ਼ਿਲਾਫ਼ ਸਖ਼ਤ ਕਾਰਵਾਈ ਦਾ ਭਰੋਸਾ ਦਿੱਤਾ ਅਤੇ ਲੋਕਾਂ ਨੂੰ ਸ਼ਾਂਤੀ ਤੇ ਭਾਈਚਾਰਕ ਸਾਂਝ ਬਣਾਈ ਰੱਖਣ ਦੀ ਅਪੀਲ ਕੀਤੀ। ਪੁਲੀਸ ਨੇ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ ਅਤੇ ਦੋਸ਼ੀਆਂ ਦੀ ਪਛਾਣ ਕਰਨ ਲਈ ਨੇੜਲੇ ਇਲਾਕਿਆਂ ਦੀ ਸੀਸੀਟੀਵੀ (CCTV) ਫੁਟੇਜ ਖੰਗਾਲੀ ਜਾ ਰਹੀ ਹੈ। ਪਿੰਡ ਅਤੇ ਆਲੇ-ਦੁਆਲੇ ਦੇ ਖੇਤਰ ਵਿੱਚ ਸੁਰੱਖਿਆ ਸਖ਼ਤ ਕਰ ਦਿੱਤੀ ਗਈ ਹੈ ਤਾਂ ਜੋ ਸਥਿਤੀ ਹੋਰ ਨਾ ਵਿਗੜੇ।

ਪ੍ਰਸ਼ਾਸਨ ਨੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਉਹ ਅਫਵਾਹਾਂ ਵੱਲ ਧਿਆਨ ਨਾ ਦੇਣ ਅਤੇ ਸੋਸ਼ਲ ਮੀਡੀਆ 'ਤੇ ਭੜਕਾਊ ਸਮੱਗਰੀ ਤੋਂ ਬਚਣ। ਅਧਿਕਾਰੀਆਂ ਨੇ ਦੁਹਰਾਇਆ ਕਿ ਭਾਈਚਾਰਕ ਸ਼ਾਂਤੀ ਭੰਗ ਕਰਨ ਦੀ ਕੋਸ਼ਿਸ਼ ਕਰਨ ਵਾਲੇ ਕਿਸੇ ਵੀ ਵਿਅਕਤੀ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇਗੀ।

# ਜਾਰਜੀਆ 'ਚ 40 ਸਾਲ ਪਹਿਲਾਂ ਹੋਏ ਜਬਰਜਨਾਹ ਦੇ ਮਾਮਲਿਆਂ ਵਿੱਚ ਸ਼ੱਕੀ ਆਇਆ ਅੜਿਕੇ

ਸੈਕਰਾਮੈਂਟੋ/ਕੈਲੀਫੋਰਨੀਆ : (ਹੁਸਨ ਲੜੋਆ ਬੰਗਾ)-ਜਾਰਜੀਆ ਵਿੱਚ 1986 ਵਿਚ ਹੋਏ ਹਿੰਸਕ ਜਬਰਜਨਾਹ ਦੇ ਮਾਮਲਿਆਂ ਵਿੱਚ ਪੁਲਿਸ ਵੱਲੋਂ ਆਖਰਕਾਰ 60 ਸਾਲਾ ਸ਼ੱਕੀ ਦੋਸ਼ੀ ਨੂੰ ਕਾਬੂ ਕਰ ਲੈਣ ਦੀ ਖਬਰ ਹੈ। ਪੁਲਿਸ ਨੇ ਕਿਹਾ ਹੈ ਕਿ ਗਲੈਨ ਡੈਨੀਏਲ ਪਲਾਈਬੋਨ ਨੂੰ ਓਗਲੇਥੋਰਪੇ ਕਾਊਂਟੀ ਸਥਿੱਤ ਉਸ ਦੇ ਘਰ ਵਿਚੋਂ ਗ੍ਰਿਫਤਾਰ ਕੀਤਾ ਗਿਆ। ਜੁਰਮ ਕਰਨ ਵੇਲੇ ਸ਼ੱਕੀ ਦੋਸ਼ੀ ਦੀ ਉਮਰ 20 ਸਾਲ ਸੀ। ਲਾਰੈਂਸਵਿਲੇ ਪੁਲਿਸ ਵਿਭਾਗ ਤੇ ਜਾਰਜੀਆ ਬਿਊਰੋ ਆਫ ਇਨਵੈਸਟੀਗੇਸ਼ਨ ਨੇ ਸਾਂਝੇ ਤੌਰ 'ਤੇ ਉਸ ਦੀ ਗ੍ਰਿਫਤਾਰੀ ਦਾ ਐਲਾਨ ਕੀਤਾ। ਪੁਲਿਸ ਅਨੁਸਾਰ ਘਟਨਾਵਾਂ ਸਮੇ ਜਾਂਚਕਾਰਾਂ ਨੇ ਪੀੜਤਾਂ ਵੱਲੋਂ ਸ਼ੱਕੀ ਦੇ ਦੱਸੇ ਹੁਲੀਏ ਤੇ ਘਟਨਾਵਾਂ ਨੂੰ ਅੰਜਾਮ ਦੇਣ ਦੇ ਢੰਗ ਤਰੀਕੇ ਸਮੇਤ ਕਈ ਪੱਖਾਂ ਦੀ ਡੂੰਘਾਈ ਨਾਲ ਜਾਂਚ ਕੀਤੀ ਤੇ ਘਟਨਾਵਾਂ ਵਿੱਚ ਬਹੁਤ ਸਮਾਨਤਾ ਪਾਈ ਗਈ ਪਰੰਤੂ ਸ਼ੱਕੀ ਪੁਲਿਸ ਦੀ ਪਹੁੰਚ ਤੋਂ ਬਾਹਰ ਰਿਹਾ। ਹਰ ਮਾਮਲੇ ਵਿੱਚ ਸ਼ੱਕੀ ਜੁਰਮ ਕਰਨ ਤੋਂ ਬਾਅਦ ਪੁਲਿਸ ਨੂੰ ਝਕਾਨੀ ਦੇਣ ਵਿੱਚ ਕਾਮਯਾਬ ਰਿਹਾ। ਲਾਰੈਂਸਵਿਲੇ ਪੁਲਿਸ ਅਨੁਸਾਰ ਜੋ ਸੰਭਵ ਨਹੀਂ ਸੀ, ਉਹ ਤਕਨੀਕੀ ਤੇ ਵੰਸ਼ਕ੍ਰਮ ਜਾਂਚ ਦੇ ਵਿਕਾਸ ਨਾਲ ਸੰਭਵ ਹੋਇਆ। ਮਾਮਲੇ ਨੂੰ ਦੁਬਾਰਾ 2025 ਵਿਚ ਖੋਲਿਆ ਗਿਆ। ਪੁਲਿਸ ਮੁਖੀ ਜੌਹਨ ਮੂਲਿਨ ਨੇ ਜਾਰੀ ਇਕ ਬਿਆਨ ਵਿਚ ਕਿਹਾ ਹੈ ਕਿ ਸ਼ੱਕੀ ਦੀ ਗ੍ਰਿਫਤਾਰੀ ਨੇ ਸਾਬਤ ਕਰ ਦਿੱਤਾ ਹੈ ਕਿ ਕਿਸ ਤਰ੍ਹਾਂ ਡੀ ਐਨ ਏ ਤਕਨੀਕ ਮਾਮਲਿਆਂ ਨੂੰ ਹੱਲ ਕਰਨ ਵਿੱਚ ਸਹਾਈ ਹੋ ਰਹੀ ਹੈ ਤੇ ਪੀੜਤਾਂ ਨੂੰ ਨਿਆਂ ਦੇਣ ਵਿੱਚ ਸਫਲ ਹੋ ਰਹੀ ਹੈ। ਮੂਲਿਨ ਨੇ ਮਾਮਲੇ ਵਿਚ ਸਹਾਇਤਾ ਕਰਨ ਲਈ ਜਾਰਜੀਆ ਬਿਊਰੋ ਆਫ ਇਨਵੈਸਟੀਗੇਸ਼ਨ ਦਾ ਧੰਨਵਾਦ ਕੀਤਾ। ਪੁਲਿਸ ਨੇ ਕਿਹਾ ਹੈ ਕਿ ਮਾਮਲੇ ਵਿੱਚ ਜਾਂਚ ਅਜੇ ਵੀ ਜਾਰੀ ਹੈ।

# ਨੇਪਾਲ ਦੇ ਸਾਬਕਾ ਪ੍ਰਧਾਨ ਮੰਤਰੀ ਓਲੀ ਤੇ ਗ੍ਰਹਿ ਮੰਤਰੀ ਗ੍ਰਿ.ਫਤਾਰ

## ਨਵੀਂ ਬਾਲੇਨ ਸਰਕਾਰ ਨੇ ਜਾਂਚ ਰਿਪੋਰਟ ਦੇ ਆਧਾਰ 'ਤੇ ਕਾਰਵਾਈ ਕੀਤੀ

ਕਾਠਮੰਡੂ : ਨੇਪਾਲ 'ਚ ਪਿਛਲੇ ਸਾਲ ਸਤੰਬਰ 'ਚ ਹੋਏ ਨੌਜਵਾਨਾਂ ਦੇ ਵਿਰੋਧ ਪ੍ਰਦਰਸ਼ਨਾਂ ਖ਼ਿਲਾਫ਼ ਕਾਰਵਾਈ ਕਰਨ ਦੇ ਮਾਮਲੇ 'ਚ ਅੱਜ ਸਾਬਕਾ ਪ੍ਰਧਾਨ ਮੰਤਰੀ ਕੇ ਪੀ ਸ਼ਰਮਾ ਓਲੀ ਅਤੇ ਸਾਬਕਾ ਗ੍ਰਹਿ ਮੰਤਰੀ ਤੇ ਨੇਪਾਲੀ ਕਾਂਗਰਸ ਆਗੂ ਰਮੇਸ਼ ਲੇਖਕ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ। ਇਕ ਦਿਨ ਪਹਿਲਾਂ ਪ੍ਰਧਾਨ ਮੰਤਰੀ ਬਾਲੇਂਦਰ ਸ਼ਾਹ ਦੀ ਅਗਵਾਈ ਹੇਠ ਬਣੀ ਨਵੀਂ ਸਰਕਾਰ ਨੇ ਜਾਂਚ ਕਮਿਸ਼ਨ ਦੀ ਰਿਪੋਰਟ ਲਾਗੂ ਕਰਦਿਆਂ ਇਹ ਕਾਰਵਾਈ ਕੀਤੀ ਹੈ। ਜਾਂਚ ਕਮਿਸ਼ਨ ਨੇ ਓਲੀ ਅਤੇ ਲੇਖਕ ਖ਼ ?ਲਾਫ਼ ਕਾਨੂੰਨੀ ਕਾਰਵਾਈ ਦੀ ਸਿਫ਼ਾਰਸ਼ ਕੀਤੀ ਸੀ। ਇਸੇ ਦੌਰਾਨ ਓਲੀ ਅਤੇ ਲੇਖਕ ਦੀ ਗ੍ਰਿਫ਼ਤਾਰੀ ਵਿਰੁੱਧ ਸੀ ਪੀ ਐੱਨ (ਯੂ ਐੱਮ ਐੱਲ) ਨੇ ਬਾਲੇਨ ਸਰਕਾਰ ਖ਼ ?ਲਾਫ਼ ਪ੍ਰਦਰਸ਼ਨ ਕੀਤਾ ਅਤੇ ਜਾਂਚ ਰਿਪੋਰਟ ਦੀਆਂ ਕਾਪੀਆਂ ਸਾੜੀਆਂ। ਪਿਛਲੇ ਸਾਲ 8 ਅਤੇ 9 ਸਤੰਬਰ ਨੂੰ 'ਜੈੱਨ ਜ਼ੀ' ਅੰਦੋਲਨ ਨੂੰ ਦਬਾਉਣ ਲਈ ਓਲੀ ਦੀ ਅਗਵਾਈ ਹੇਠਲੀ ਸਰਕਾਰ ਨੇ ਕਾਰਵਾਈ ਕੀਤੀ ਸੀ ਜਿਸ 'ਚ ਕਰੀਬ ਦੋ ਦਰਜਨ ਨੌਜਵਾਨਾਂ ਸਮੇਤ 76 ਵਿਅਕਤੀ ਮਾਰੇ ਗਏ ਸਨ।

ਬਾਲੇਂਦਰ ਸ਼ਾਹ ਦੀ ਅਗਵਾਈ ਹੇਠਲੀ ਨਵੀਂ ਸਰਕਾਰ ਨੇ ਸ਼ੁੱਕਰਵਾਰ ਨੂੰ ਪਹਿਲੀ ਕੈਬਨਿਟ ਮੀਟਿੰਗ ਦੌਰਾਨ ਜਾਂਚ ਕਮਿਸ਼ਨ ਵੱਲੋਂ ਕੀਤੀਆਂ ਸਿਫ਼ਾਰਸ਼ਾਂ ਤੁਰੰਤ ਲਾਗੂ ਕਰਨ ਦਾ ਫ਼ੈਸਲਾ ਕੀਤਾ। ਓਲੀ ਦੀ ਗ੍ਰਿਫ਼ਤਾਰੀ ਮਗਰੋਂ ਗ੍ਰਹਿ ਮੰਤਰੀ ਸੂਦਨ ਗੁਰੰਗ ਨੇ ਸੋਸ਼ਲ ਮੀਡੀਆ ਪੋਸਟ 'ਚ ਲਿਖਿਆ, "ਕੋਈ ਵੀ ਕਾਨੂੰਨ ਤੋਂ ਉਪਰ ਨਹੀਂ ਹੈ।" ਉਨ੍ਹਾਂ ਕਿਹਾ ਕਿ ਇਹ ਕਿਸੇ ਖ਼ ?ਲਾਫ਼ ਬਦਲਾਖ਼ੋਰੀ ਨਹੀਂ ਸਗੋਂ ਇਨਸਾਫ਼ ਦੀ ਸ਼ੁਰੂਆਤ ਹੈ। ਹੁਣ ਮੁਲਕ ਨਵੀਂ ਦਿਸ਼ਾ ਵੱਲ ਵਧੇਗਾ। ਅੱਜ ਛੁੱਟੀ ਹੋਣ ਕਾਰਨ ਦੋਵੇਂ ਆਗੂਆਂ ਨੂੰ ਐਤਵਾਰ ਨੂੰ ਕਾਠਮੰਡੂ ਜ਼ਿਲ੍ਹਾ ਅਦਾਲਤ 'ਚ ਪੇਸ਼ ਕੀਤਾ ਜਾਵੇਗਾ। ਜਾਂਚ ਕਮਿਸ਼ਨ ਨੇ ਤਿੰਨ ਤੋਂ 10 ਸਾਲ ਸਜ਼ਾ ਦੀ ਸਿਫ਼ਾਰਸ਼ ਕੀਤੀ ਹੈ।

# ਬ੍ਰਿਟਿਸ਼ ਕੋਲੰਬੀਆ 'ਚ 3 ਪੰਜਾਬਣਾਂ ਨੂੰ ਮਿਲਿਆ '30 ਅੰਡਰ 30 ਯੰਗ ਲੀਡਰਜ਼' ਦਾ ਸਨਮਾਨ



ਐਬਟਸਫੋਰਡ : ਕੈਨੇਡਾ ਦੇ ਬ੍ਰਿਟਿਸ਼ ਕੋਲੰਬੀਆ ਸੂਬੇ 'ਚ ਕਿੱਤਾਕਾਰ ਨੌਜਵਾਨਾਂ ਨੂੰ ਉਤਸ਼ਾਹਿਤ ਕਰਨ ਵਾਲੀ ਸੰਸਥਾ 'ਬੀ.ਸੀ. ਬਿਜਨੈੱਸ' ਵਲੋਂ '30 ਅੰਡਰ 30 ਯੰਗ ਲੀਡਰਜ਼ 2026' ਦੇ ਜੇਤੂਆਂ ਦਾ ਐਲਾਨ ਕਰ ਦਿੱਤਾ ਹੈ ਤੇ ਇਹ ਵੱਕਾਰੀ ਸਨਮਾਨ ਪ੍ਰਾਪਤ ਕਰਨ ਵਾਲਿਆਂ ਵਿਚ 3 ਪੰਜਾਬਣਾਂ ਮਨਪ੍ਰੀਤ ਧਾਲੀਵਾਲ, ਅਰਸਿਤਾ ਸੈਣੀ ਤੇ ਗਨੀਵ ਚੁੱਘ ਸੇਠੀ ਵੀ ਸ਼ਾਮਿਲ ਹਨ। ਬੀ.ਸੀ. ਬਿਜਨੈੱਸ ਵਲੋਂ ਇਹ ਸਨਮਾਨ ਸੂਬੇ ਦੇ 30 ਸਾਲ ਤੋਂ ਘੱਟ ਉਮਰ ਦੇ ਉਨ੍ਹਾਂ 30 ਨੌਜਵਾਨ ਲੜਕੇ ਤੇ ਲੜਕੀਆਂ ਨੂੰ ਦਿੱਤਾ ਜਾਂਦਾ ਹੈ, ਜਿਨ੍ਹਾਂ ਨੇ ਤਕਨਾਲੋਜੀ, ਉਦਯੋਗ, ਰੀਅਲ ਅਸਟੇਟ, ਖੇਤੀਬਾੜੀ ਤੇ ਇਨੋਵੇਸ਼ਨ ਦੇ ਖੇਤਰ ਵਿਚ ਅਹਿਮ ਯੋਗਦਾਨ ਪਾਇਆ ਹੋਵੇ। ਬ੍ਰਿਟਿਸ਼ ਕੋਲੰਬੀਆ ਦੇ ਓਕਾਨਾਗਨ ਇਲਾਕੇ 'ਚ 600 ਏਕੜ 'ਚ ਖੇਤੀਬਾੜੀ ਤੇ ਬਾਗਬਾਨੀ ਕਰ ਰਹੇ, ਔਲੀਵਰ ਦੇ ਧਾਲੀਵਾਲ ਪਰਿਵਾਰ ਦੀ ਧੀ ਮਨਪ੍ਰੀਤ ਧਾਲੀਵਾਲ ਕਿਸਮਤ ਅਸਟੇਟ ਵਾਈਨਰੀ ਦੀ ਹੈੱਡ ਵਾਈਨ ਮੇਕਰ ਹੈ। 2017 ਵਿਚ ਕੈਨੇਡਾ ਆਈ ਅਰਸਿਤਾ ਸੈਣੀ ਗਲੂਟਨਲ ਕੰਪਨੀ ਦੀ ਸੀ.ਈ.ਓ. ਹੈ ਤੇ ਵੈਨਕੂਵਰ ਦੀ ਬੀ.ਸੀ. ਚਿਲਡਰਨ ਹਸਪਤਾਲ ਫਾਊਂਡੇਸ਼ਨ ਨਾਲ ਵਲੰਟੀਅਰ ਸੇਵਾਵਾਂ ਨਿਭਾਉਂਦੀ ਹੈ। ਜਦਕਿ ਗਨੀਵ ਚੁੱਘ ਸੇਠੀ ਬਰਾਡ ਕੁਈਨ ਚਾਰਟਰਜ਼ ਕੰਪਨੀ ਦੀ ਸਹਿ ਸੰਸਥਾਪਕ ਹੈ। ਗਨੀਵ ਨੇ ਬੈਚਲਰ ਆਫ਼ ਬਿਜ਼ਨੈੱਸ ਐਡਮਨਿਸਟਰੇਸ਼ਨ ਦੀ ਪੜ੍ਹਾਈ ਕੀਤੀ ਹੋਈ ਹੈ।

# ਸਤਨਾਮ ਸਿੰਘ ਸੰਧੂ ਨੇ ਰਾਜ ਸਭਾ ਵਿੱਚ ਚੁੱਕਿਆ ਪੰਜਾਬ ਵਿੱਚ ਹੜ੍ਹਾਂ ਦੇ ਸੰਕਟ ਦਾ ਗੰਭੀਰ ਮੁੱਦਾ

## ਕੇਂਦਰ ਤੋਂ ਕੀਤੀ ਹੜ੍ਹ ਰੋਕਣ ਲਈ ਜਲ ਪ੍ਰਬੰਧਨ ਯੋਜਨਾ ਲਾਗੂ ਕਰਨ ਦੀ ਮੰਗ

ਨਵੀਂ ਦਿੱਲੀ: ਮੈਂਬਰ ਪਾਰਲੀਮੈਂਟ ਸਤਨਾਮ ਸਿੰਘ ਸੰਧੂ ਨੇ ਰਾਜ ਸਭਾ ਵਿੱਚ ਪੰਜਾਬ ਵਿੱਚ ਹੜ੍ਹਾਂ ਕਾਰਨ ਪੈਦਾ ਹੋਏ ਗੰਭੀਰ ਸੰਕਟ ਦਾ ਮੁੱਦਾ ਚੁੱਕਿਆ। ਸੰਸਦ ਦੇ ਸਿਫ਼ਰ ਕਾਲ ਦੌਰਾਨ ਉਨ੍ਹਾਂ ਚੇਤਾਵਨੀ ਦਿੰਦਿਆਂ ਕਿਹਾ ਕਿ 'ਜੇਕਰ ਸਮਾਂ ਰਹਿੰਦੇ ਪੰਜਾਬ ਦੇ ਜਲ ਪ੍ਰਬੰਧਨ ਵਿੱਚ ਸੁਧਾਰ ਨਾ ਕੀਤੇ ਗਏ ਤਾਂ ਆਉਣ ਵਾਲੇ ਕੁੱਝ ਸਾਲਾਂ ਵਿੱਚ ਇਹ ਕੁਦਰਤੀ ਆਫ਼ਤ ਇੱਕ ਅਜਿਹੀ ਭਿਆਨਕ ਤਬਾਹੀ ਦਾ ਰੂਪ ਧਾਰ ਲਵੇਗੀ, ਜਿਸ ਨੂੰ ਰੋਕਣਾ ਮੁਸ਼ਕਲ ਹੋ ਜਾਵੇਗਾ।' ਸੂਬੇ ਵਿੱਚ ਹੜ੍ਹਾਂ ਦੀ ਭਿਆਨਕ ਸਥਿਤੀ ਨੂੰ ਦੇਖਦਿਆਂ ਐਮਪੀ ਸੰਧੂ ਨੇ ਕੇਂਦਰ ਸਰਕਾਰ ਕੋਲੋਂ ਮੰਗ ਕੀਤੀ ਕਿ ਹੜ੍ਹ ਨੂੰ ਰੋਕਣ ਲਈ 'ਅਜਿਹੇ ਹਾਲਾਤ ਨੂੰ ਦੇਖਦੇ 'ਕੰਪਰੀਹੈਂਸਿਵ ਪੰਜਾਬ ਫਲੱਡ ਰੈਜ਼ੀਲੀਐਂਸ ਐਂਡ ਵਾਟਰ ਸਕਿਉਰਟੀ ਪਲਾਨ' ਤਿਆਰ ਕੀਤਾ ਜਾਣਾ ਚਾਹੀਦਾ ਹੈ, ਜਿਸ ਦੇ ਤਹਿਤ ਹੜ੍ਹ ਰੋਕੂ ਡੈਮਾਂ ਅਤੇ ਛੋਟੇ ਰਿਟੈਂਸ਼ਨ ਰਿਜ਼ਰਵਾਇਰਾਂ ਦਾ ਨਿਰਮਾਣ ਕੀਤਾ ਜਾਵੇ ਅਤੇ ਮੌਜੂਦਾ ਡੈਮਾਂ ਨੂੰ ਆਰਸੀਸੀ ਲਾਈਨਿੰਗ ਜਾਂ ਹੈਵੀ ਸ਼ੀਟ ਪ੍ਰੋਟੈਕਸ਼ਨ ਰਾਹੀਂ ਵਧੇਰੇ ਮਜ਼ਬੂਤ ਤੇ ਪਾਏਦਾਰ ਬਣਾਇਆ ਜਾਣਾ ਚਾਹੀਦਾ ਹੈ।' ਮੈਂਬਰ ਪਾਰਲੀਮੈਂਟ ਸਤਨਾਮ ਸਿੰਘ ਸੰਧੂ ਨੇ ਕਿਹਾ, 'ਗੁਜ਼ਰੇ ਸਾਲ 2025 ਵਿੱਚ ਪੰਜਾਬ ਨੇ ਹਾਲ ਹੀ ਦੇ ਦਹਾਕਿਆਂ ਦੀ ਸਭ ਤੋਂ ਭਿਆਨਕ ਤਬਾਹੀ ਦੇਖੀ। 2023-2025 ਦੇ ਹੜ੍ਹਾਂ ਕਾਰਨ ਪੰਜਾਬ ਵਿੱਚ 80 ਤੋਂ ਵੱਧ ਲੋਕਾਂ ਨੇ ਆਪਣੀਆਂ ਜਾਨਾਂ ਗੁਆਈਆਂ ਹਨ। ਇਨ੍ਹਾਂ ਹੀ ਨਹੀਂ,



ਲਗਭਗ 3 ਲੱਖ ਤੋਂ ਜ਼ਿਆਦਾ ਪਸ਼ੂ ਮਾਰੇ ਜਾ ਚੁੱਕੇ ਹਨ ਅਤੇ ਲੱਖਾਂ ਏਕੜ ਉਪਜਾਊ ਖੇਤੀਬਾੜੀ ਵਾਲੀ ਜ਼ਮੀਨ ਬਰਬਾਦ ਹੋ ਚੁੱਕੀ ਹੈ, ਜਿਸ ਨਾਲ ਕਿਸਾਨਾਂ ਨੂੰ ਭਾਰੀ ਨੁਕਸਾਨ ਹੋਇਆ ਹੈ।'

ਐਮਪੀ ਸੰਧੂ ਨੇ ਅੱਗੇ ਕਿਹਾ, 'ਜੋ ਅਨੁਮਾਨ ਸਾਹਮਣੇ ਆ ਰਹੇ ਹਨ, ਉਹ ਹੋਰ ਵੀ ਚਿੰਤਾਜਨਕ ਹਨ। ਹੁਣ ਅੱਗੇ ਆਉਣ ਵਾਲਾ ਹੜ੍ਹ ਇਸ ਤੋਂ ਵੀ ਵੱਧ ਗੰਭੀਰ ਹੋ ਸਕਦਾ ਹੈ। ਇਹ ਸਿਰਫ਼ ਇੱਕ ਕੁਦਰਤੀ ਆਫ਼ਤ ਨਹੀਂ ਸਗੋਂ ਇੱਕ ਪ੍ਰੀਡਿਕਟਿਵ ਡਿਜ਼ਾਸਟਰ (ਅਜਿਹੀ ਤਬਾਹੀ ਜਿਸਦਾ ਅੰਦਾਜ਼ਾ ਪਹਿਲਾਂ ਹੀ ਹੈ) ਹੈ। ਜੇਕਰ ਇਸ ਨੂੰ ਸਮਾਂ ਰਹਿੰਦੇ ਨਾ ਰੋਕਿਆ ਗਿਆ, ਤਾਂ ਇਹ ਹਰ ਸਾਲ ਹੋਰ ਖ਼ਤਰਨਾਕ ਹੁੰਦੀ ਰਹੇਗੀ। ਸਭ ਤੋਂ ਮਹੱਤਵਪੂਰਨ ਗੱਲ ਇਹ ਹੈ ਕਿ ਪਿਛਲੇ ਹੜ੍ਹ ਨੂੰ ਆਏ 6 ਮਹੀਨੇ ਬੀਤ ਚੁੱਕੇ ਹਨ ਅਤੇ ਅਗਲੇ ਹੜ੍ਹ ਦੇ ਸੀਜ਼ਨ ਵਿੱਚ ਹੁਣ ਸਿਰਫ਼ 4 ਮਹੀਨੇ ਬਾਕੀ ਹਨ।'

ਭਾਖੜਾ ਡੈਮ ਦੀ ਮੌਜੂਦਾ ਸਥਿਤੀ 'ਤੇ ਚਿੰਤਾ ਪ੍ਰਗਟ ਕਰਦਿਆਂ ਐਮਪੀ ਸਤਨਾਮ ਸਿੰਘ ਸੰਧੂ ਨੇ ਕਿਹਾ, 'ਡੈਮਾਂ ਵਿੱਚ ਵਧਦੀ ਸਿਲਟੇਸ਼ਨ (ਮਿੱਟੀ ਅਤੇ ਗਾਰ ਜਮਾਂ ਹੋਣਾ) ਸਾਡੀ ਜਲ ਪ੍ਰਬੰਧਨ ਪ੍ਰਣਾਲੀ ਲਈ ਸਭ ਤੋਂ ਵੱਡਾ ਖ਼ਤਰਾ ਹੈ। ਭਾਖੜਾ ਡੈਮ ਦੀ ਕੁੱਲ 9 ਬਿਲੀਅਨ ਕਿਊਬਿਕ ਮੀਟਰ ਸਮਰੱਥਾ ਵਿੱਚੋਂ ਲਗਭਗ 2 ਬਿਲੀਅਨ ਕਿਊਬਿਕ ਮੀਟਰ ਸਮਰੱਥਾ ਗਾਰ ਕਾਰਨ ਖ਼ਤਮ ਹੋ ਚੁੱਕੀ ਹੈ। ਗੋਬਿੰਦ ਸਾਗਰ ਝੀਲ ਵਿੱਚ 100 ਤੋਂ 200 ਫੁੱਟ ਤੱਕ ਗਾਰ ਜਮਾਂ ਹੋ ਗਈ ਹੈ। ਜੇਕਰ ਡੈਮਾਂ ਦੀ ਸਫਾਈ ਅਤੇ ਪਾਣੀ ਸਟੋਰ ਕਰਨ ਦੀ ਸਮਰੱਥਾ ਨੂੰ ਨਾ ਸੁਧਾਰਿਆ ਗਿਆ, ਤਾਂ ਮਾਮੂਲੀ ਬਾਰਿਸ਼ ਵੀ ਹੜ੍ਹ ਦਾ ਰੂਪ ਲੈ ਲਵੇਗੀ।'

ਐਮਪੀ ਸੰਧੂ ਨੇ ਨਦੀਆਂ ਦੇ ਰਸਤੇ ਵਿੱਚ ਹੋ ਰਹੇ ਨਾਜਾਇਜ਼ ਕਬਜ਼ਿਆਂ ਅਤੇ ਗੈਰ-ਕਾਨੂੰਨੀ ਮਾਈਨਿੰਗ ਨੂੰ ਹੜ੍ਹਾਂ ਦੇ ਮੁੱਖ ਕਾਰਨਾਂ ਵਿੱਚੋਂ ਇੱਕ ਦੱਸਦੇ ਹੋਏ ਕਿਹਾ, 'ਨਦੀਆਂ ਦੀ ਬਦਲ ਰਹੀ ਬਣਤਰ ਕਾਰਨ ਪਾਣੀ ਦਾ ਕੁਦਰਤੀ ਵਹਾਅ ਰੁਕ ਰਿਹਾ ਹੈ। ਨਦੀਆਂ ਦੇ ਕਿਨਾਰਿਆਂ ਨੂੰ ਆਰ.ਸੀ.ਸੀ. ਲਾਈਨਿੰਗ ਜਾਂ ਹੈਵੀ ਸ਼ੀਟ ਪ੍ਰੋਟੈਕਸ਼ਨ ਰਾਹੀਂ ਮਜ਼ਬੂਤ ਕੀਤਾ ਜਾਵੇ ਤਾਂ ਜੋ ਬੰਨ੍ਹ ਟੁੱਟਣ ਦੀਆਂ ਘਟਨਾਵਾਂ ਨੂੰ ਰੋਕਿਆ ਜਾ ਸਕੇ। ਐਮਪੀ ਸੰਧੂ ਨੇ ਅੱਗੇ ਕਿਹਾ, 'ਹੜ੍ਹਾਂ ਦੀ ਅਗਾਊਂ ਭਵਿੱਖਬਾਣੀ ਲਈ ਸੈਟੇਲਾਈਟ ਮੈਪਿੰਗ, ਏਆਈ ਆਧਾਰਤ ਰੇਨ.ਫਾਲ ਮਾਡਲਿੰਗ ਅਤੇ ਡਿਜੀਟਲ ਫਲੱਡ ਅਲਰਟ ਪ੍ਰਣਾਲੀ ਦੀ ਵੱਧ ਤੋਂ ਵੱਧ ਵਰਤੋਂ ਕੀਤੀ ਜਾਣੀ ਚਾਹੀਦੀ ਹੈ।




CALL US: 209-637-0210 | 612-578-8078
925-495-0207

SAN RAMON
Lathrop & Main Street Manteca
URGENT CARE & CLINIC

# CITIZENSHIP ELIGIBILITY AND GREEN CARD APPLICATION

DR. RAJESH MAHESHWARI, MD

VISIT US NOW!

SAN RAMON
San Ramon
URGENT CARE & CLINIC

9140 Alcosta Boulevard Ste D
San Ramon, CA 94583
(925) 361-5959

LATHROP
Lathrop
URGENT CARE

15810 Harlan Road #A
Lathrop, CA 95330
(209) 983-9000

MAIN STREET
Main Street
URGENT CARE

1040 North Main Street
Manteca, CA 95336
(209) 825-5155

https://www.sanramonurgentcare.com/

Email us at info@sanramonucc.com



ਸਰਦਾਰ ਮੱਲ ਸਿੰਘ ਜੀ ਸਿੱਖ ਪੰਥ ਵਿੱਚ ਇੱਕ ਜਾਣਿਆ ਪਹਿਚਾਣਿਆ ਨਾਮ ਹੈ। ਜਿਨ੍ਹਾਂ ਨੇ ਬਚਪਨ ਤੋਂ ਲੈਕੇ ਅੱਜ ਤੱਕ ਜਿਥੇ ਘਰਾਂ ਦੀ ਗਰੀਬੀ ਨਾਲ ਮੁਕਾਬਲਾ ਕੀਤਾ, ਉਥੇ ਸ਼ੁਰੂ ਤੋਂ ਹੀ ਸਿੱਖੀ ਜੀਵਨ ਅਤੇ ਸਿੱਖੀ ਕਦਰਾਂ ਕੀਮਤਾਂ ਲਈ ਲੜਾਈ ਜਾਰੀ ਰੱਖੀ। ਕਈ ਵਾਰ ਰਸਤੇ 'ਚ ਆਰਥਿਕ ਅਤੇ ਹੋਰ ਅੜਚਨਾਂ ਰੁਕਾਵਟਾਂ ਆਈਆਂ ਪਰ ਗੁਰੂ ਦੇ ਨਿਮਾਣੇ ਸਿੱਖ ਵਾਂਗ ਹੱਸਕੇ ਮੁਕਾਬਲਾ ਕੀਤਾ। ਭਾਵੇਂ ਬਚਪਨ 'ਚ ਅਤਿ ਗਰੀਬੀ ਕਾਰਨ ਸਤਵੀਂ ਦੀ ਪੜ੍ਹਾਈ ਵਿੱਚੇ ਛੱਡਕੇ ਕਾਰਖਾਨਿਆਂ 'ਚ ਮਜ਼ਦੂਰੀ ਕਰਨੀ ਪਈ ਪਰ ਹੌਸਲਾ ਨਾ ਛੱਡਿਆ। ਕਾਰਖਾਨੇ 'ਚ ਕੰਮ ਕਰਕੇ ਮੁੜ ਸਕੂਲ 'ਚ ਦਾਖਲਾ ਲੈ ਲਿਆ ਅਤੇ ਕੰਮਕਾਰ ਦੇ ਨਾਲ-ਨਾਲ ਪੜ੍ਹਾਈ ਜਾਰੀ ਰੱਖੀ ਅਤੇ ਸਿੱਖ ਇਤਿਹਾਸ ਦੀਆਂ ਕਿਤਾਬਾਂ ਪੜ੍ਹ ਪੜ੍ਹ ਕੇ ਸਿੱਖ ਇਤਿਹਾਸ ਤੋਂ ਹੋਰ ਜਾਣੂ ਅਤੇ ਸ਼ਰਧਾਲੂ ਹੁੰਦੇ ਗਏ। ਪਿਤਾ ਸ਼੍ਰੀ ਕਿਸ਼ਨ ਚੰਦ ਅਤੇ ਮਾਤਾ ਨਾਮ ਕੌਰ ਜੀ ਦੀ ਸਿੱਖੀ ਨਾਲ ਅਤਿ ਲਗਾਉ ਅਤੇ ਧਾਰਮਿਕ ਦ੍ਰਿੜਤਾ ਨੇ ਸਰਦਾਰ ਮੱਲ ਸਿੰਘ ਉਪਰ ਗਹਿਰਾ ਪ੍ਰਭਾਵ ਛੱਡਿਆ। ਡੀ.ਏ.ਵੀ. ਕਾਲਜ ਜਲੰਧਰ ਪ੍ਰੀ-ਯੂਨੀਵਰਸਿਟੀ ਪਾਸ ਕਰਨ ਉਪਰੰਤ 1970 ਵਿਚ Indian Posts And Telegraph Department ਜਲੰਧਰ ਉਨਾ ਨੂੰ ਸਰਕਾਰੀ ਨੌਕਰੀ ਮਿਲ ਗਈ ਅਤੇ 40 ਸਾਲ ਨੌਕਰੀ ਕਰਨ ਬਾਅਦ ਸ੍ਰ. ਮੱਲ ਸਿੰਘ ਜੀ 2010 'ਚ ਰਿਟਾਇਰ ਹੋ ਗਏ ਅਤੇ ਉਨ੍ਹਾਂ ਨੇ ਸਿੱਖੀ ਅਤੇ ਸਿੱਖ ਇਤਿਹਾਸ ਲਈ ਪੂਰਾ ਸਮਾਂ ਕੰਮ ਕਰਨਾ ਸ਼ੁਰੂ ਕਰ ਦਿੱਤਾ। ਸਰਦਾਰ ਸਾਹਿਬ ਵੱਖ-ਵੱਖ ਧਾਰਮਿਕ ਅਤੇ ਸਿਆਸੀ ਸੰਸਥਾਵਾਂ ਦੇ ਮੁੱਖ ਸੇਵਾਦਾਰਾਂ ਵਜੋਂ ਕੰਮ ਕਰਦੇ ਰਹੇ ਉਨ੍ਹਾਂ ਦੀ ਸ਼ਾਦੀ 1974 ਵਿੱਚ ਹੋਈ। ਹੁਣ ਤਿੰਨ ਪੁੱਤਰਾਂ ਦੇ ਬਾਪ ਹਨ ਉਨ੍ਹਾਂ ਨੇ ਸਿੱਖ ਇਤਿਹਾਸ ਉਪਰ ਡੂੰਘਾ ਅਧਿਐਨ ਕੀਤਾ ਅਤੇ ਉਨ੍ਹਾਂ ਨੇ ਇਤਿਹਾਸਕ ਕਿਤਾਬਾਂ ਲਿਖੀਆਂ। ਸਾਲ 2015-16 ਤੋਂ ਲੈ ਕੇ ਹੁਣ ਤੱਕ ਉਨ੍ਹਾ ਦੀਆਂ ਚਾਰ ਪੁਸਤਕਾਂ ਛਪ ਚੁੱਕੀਆਂ ਹਨ। ਜਿਨ੍ਹਾਂ ਵਿੱਚ 1. ਗੁਰੂ ਗੋਬਿੰਦ ਸਿੰਘ ਜੀ ਦਾ ਨਾਦੀ ਪੁੱਤਰ ਬਾਬਾ ਬੰਦਾ ਸਿੰਘ ਬਹਾਦਰ - ਪੰਨੇ 200, 2. 'ਮਨ ਕੀ ਕਟੀਐ ਮੈਲ' ਪੰਨੇ 80, 3. ਡਾ. ਭੀਮ ਰਾਓ ਅੰਬੇਡਕਰ ਸਿੱਖ ਕਿਉਂ ਨਾ ਬਣ ਸਕੇ (ਦੋਸ਼ੀ ਕੌਣ) ਪੰਨੇ 558, 4. ਸਿੱਖ ਮਿਸ਼ਨ ਤੇ ਡਾ. ਭੀਮ ਰਾਓ ਅੰਬੇਡਕਰ - ਪੰਨੇ 392, 5. ਇਸ ਤੋਂ ਇਲਾਵਾ ਪੰਜਵੀਂ ਪੁਸਤਕ 'ਪੰਥ ਪ੍ਰਕਾਸ਼' ਭਾਈ ਰਤਨ ਸਿੰਘ ਭੰਗੂ ਕਵਿਤਾ ਤੋਂ ਵਾਰਤਕ ਵਿਚ ਹੱਥ ਲਿਖਤ ਪਈ ਹੋਈ ਹੈ। ਉਪਰੋਕਤ ਪੁਸਤਕ ਜੋ ਲੜੀ ਨੰ. 3 ਅਤੇ 4 'ਤੇ ਹੈ, ਇਨ੍ਹਾਂ ਦੋਹਾਂ ਪੁਸਤਕਾਂ ਦਾ ਅੰਗਰੇਜ਼ੀ ਅਨੁਵਾਦ ਇਕੱਠੇ ਹੀ ਤਿਆਰ ਹੋ ਚੁੱਕਾ ਹੈ। ਉਨ੍ਹਾਂ ਨੇ ਇਹ ਸਿੱਧ ਕਰਕੇ ਕੀ ਸਿੱਖਾਂ ਨੇ ਡਾਕਟਰ ਅੰਬੇਦਕਰ ਨੂੰ ਸਿੱਖ ਨਹੀਂ ਬਣਨ ਦਿੱਤਾ। ਝੂਠ ਸਿੱਧ ਕਰਕੇ ਸਿੱਖਾਂ ਦੇ ਮੱਥੇ ਤੋਂ ਕਲੰਕ ਧੋਇਆ ਹੈ। ਉਨ੍ਹਾਂ ਨੇ ਸਬੂਤਾਂ ਸਾਹਿਤ ਦੱਸਿਆ ਕਿ ਕਿਵੇਂ ਗਾਂਧੀ ਨਹਿਰੂ ਅਤੇ ਉਸ ਸਮੇਂ ਦੇ ਹੋਰ ਹਿੰਦੂ ਲੀਡਰ ਨਹੀਂ ਸੀ ਚਹੁੰਦੇ ਕਿ ਡਾਕਟਰ ਅੰਬੇਕਰ ਸਿੱਖ ਅਤੇ ਉਸ ਨਾਲ ਉਸਦੇ ਪੈਰੋਕਾਰ ਸਿੱਖ ਬਣਨ ਤੇ ਸਿੱਖਾਂ ਦੀ ਗਿਣਤੀ ਵਧ ਜਾਵੇ ਜਿਸਨੂੰ ਉਸ ਸਮੇਂ ਦੇ ਹਾਕਮਾਂ ਨੇ ਬਹੁਤ ਚਤੁਰਾਈ ਨਾਲ ਖੇਡਿਆ। ਕਿਉਂਕਿ ਡਾਕਟਰ ਅੰਬੇਦਕਰ ਨੇ ਕਿਹਾ ਸੀ ਕਿ ਮੈਂ ਹਿੰਦੂ ਪੈਦਾ ਹੋਇਆ ਪਰ ਹਿੰਦੂ ਮਰਾਂਗਾ ਨਹੀਂ। ਇਸ ਲਈ ਡਾਕਟਰ ਅੰਬੇਦਕਰ ਨੇ ਕਈ ਕਾਰਨਾਂ ਕਰਕੇ ਬੁੱਧ ਧਰਮ ਗ੍ਰਹਿਣ ਕਰ ਲਿਆ ਪਰ ਸਰਦਾਰ ਮੱਲ ਸਿੰਘ ਨੇ ਸਿੱਖਾਂ ਖਿਲਾਫ ਸਾਜਿਸ਼ ਤਹਿਤ ਸਿਰਜੀ ਮਿੱਥ ਤੋੜਕੇ ਇਤਿਹਾਸ ਦੇ ਸੁਨਹਿਰੀ ਪੰਨਿਆਂ 'ਚ ਆਪਣਾ ਨਾਲ ਜੋੜ ਦਿੱਤਾ। ਇਹ ਇਤਿਹਾਸਕ ਦਸਤਾਵੇਜ਼ ਅਸੀਂ 'ਸਾਡੇ ਲੋਕ' ਦੇ ਪਾਠਕਾਂ ਲਈ ਸ਼ੁਰੂ ਕਰ ਰਹੇ ਹਾਂ। ਜਿਥੇ ਅਸੀਂ ਸਿੱਖ ਸਕਾਲਰ ਸ. ਮੱਲ ਸਿੰਘ ਜੀ ਦਾ ਤਹਿ ਦਿਲ ਤੋਂ ਧੰਨਵਾਦ ਕਰਦੇ ਹਾਂ ਉਥੇ ਸਾਨੂੰ ਆਸ ਹੈ ਕਿ ਪਾਠਕ ਪੜ੍ਹਕੇ ਜ਼ਰੂਰ ਲਾਭ ਲੈਣਗੇ -ਧੰਨਵਾਦ ਸਾਹਿਤ ਸਤਨਾਮ ਸਿੰਘ ਖਾਲਸਾ

# ਸਿੱਖ ਮਿਸ਼ਨ ਅਤੇ ਤੇ ਡਾ. ਭੀਮ ਰਾਓ ਅੰਬੇਡਕਰ

**(ਪਿਛਲੇ ਅੰਕ ਦੀ ਬਾਕੀ)**

ੴ ਵਾਹਿਗੁਰੂਜੀ ਕੀ ਫ਼ਤਹਿ॥

ਖਾਲਸਾ ਸਮਾਚਾਰ, ਅੰਮ੍ਰਿਤਸਰ

23 ਅਪ੍ਰੈਲ 1936, ਜਿਲਦ 37, ਅੰਕ 23, ਪੰਨਾ-7

ਨਿਰਮਲੇ ਸੰਤ ਅਛੂਤ ਉਧਾਰ ਦੇ ਮੈਦਾਨ ਵਿਚ

ਅਛੂਤ ਉਧਾਰ ਲਹਿਰ ਨੇ ਜਿਥੇ ਹੋਰ ਸਿੱਖ ਸੰਗਤਾਂ ਦਾ ਧਿਆਨ ਇਸ ਮਹਾਨ ਕਾਰਜ ਵੱਲ ਖਿੱਚਿਆ ਹੈ, ਉਥੇ ਨਿਰਮਲੇ ਸੰਤ ਭੀ ਇਸ ਮੈਦਾਨ ਵਿਚ ਕਿਸੇ ਨਾਲੋਂ ਪਿਛੇ ਨਹੀਂ ਰਹੇ। ਸੰਤ ਪ੍ਰੇਮ ਸਿੰਘ ਜੀ ਮੁਰਾਲੇ ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਕੁਝ ਸਮੇਂ ਤੋਂ ਅਖੌਤੀ ਅਛੂਤ ਜਾਤੀਆਂ ਵਿਚ ਅੰਮ੍ਰਿਤ ਪ੍ਰਚਾਰ ਕਰਨ ਲਈ ਦੌਰਾ ਸ਼ੁਰੂ ਕੀਤਾ ਹੋਇਆ ਹੈ। ਪਿਛਲੇ ਦਿਨਾਂ ਵਿਚ ਟਾਂਡਾ ਜ਼ਿਲ੍ਹਾ ਗੁਜਰਾਤ ਵਿਚ ਇਕ ਬੜਾ ਭਾਰੀ ਦੀਵਾਨ ਕੀਤਾ ਜਿਸ ਵਿਚ 130 ਅਛੂਤਾਂ ਨੂੰ ਅੰਮ੍ਰਿਤ ਛਕਾ ਕੇ ਸੰਗਤ ਪੰਗਤ ਵਿਚ ਅਭੇਦ ਵਰਤਾਇਆ। ਇਹ ਨਜ਼ਾਰਾ ਵੇਖਣ ਵਾਲਾ ਸੀ ਜਦੋਂ ਵੱਡੇ ਵੱਡੇ ਜਾਤ ਅਭਿਮਾਨੀ ਇਨ੍ਹਾਂ ਨਵੇਂ ਸਜੇ ਸਿੰਘਾਂ ਹੱਥੋਂ ਪੰਗਤ ਵਿਚ ਬੈਠ ਕੇ ਪਰਸਾਦਾ ਛਕ ਰਹੇ ਸਨ, ਇਲਾਕੇ ਦੇ ਸਭ ਖੂਹਾਂ ਤੋਂ ਪਾਣੀ ਲੈਣ ਦੀ ਖੁੱਲ੍ਹ ਕਰਾਈ ਗਈ। ਹੁਣ ਇਸ ਜ਼ਿਲ੍ਹੇ ਵਿਚ ਪਿੰਡ ਕਿਲ੍ਹਾ ਸੂਰਾ ਸਿੰਘ 113 ਅਛੂਤਾਂ ਨੂੰ ਅੰਮ੍ਰਿਤ ਛਕਾ ਕੇ ਕਲਗੀਧਰ ਦੇ ਝੰਡੇ ਹੇਠ ਲਿਆਂਦਾ ਹੈ। ਸੰਤ ਜੀ ਮਹਾਰਾਜ ਦਾ ਇਹ ਉਦਮ ਅਤਿ ਸ਼ਲਾਘਾਯੋਗ ਹੈ। ਸਾਥ ਹੀ ਇਹ ਭੀ ਖੁਸ਼ੀ ਦੀ ਗੱਲ ਹੈ ਕਿ ਸੰਤ ਭਾਗ ਸਿੰਘ ਜੀ ਚੁਮਾਲਾ ਅਤੇ ਸੰਤ ਸੁੰਦਰ ਸਿੰਘ ਜੀ ਕੀਰਤਨਗੜ੍ਹ (ਅਲੀਬੇਗ਼) ਵਾਲੇ ਭੀ ਇਸ ਕਾਰਜ ਵਿਚ ਸੰਤ ਪ੍ਰੇਮ ਸਿੰਘ ਜੀ ਦਾ ਹੱਥ ਵਟਾ ਰਹੇ ਹਨ।

ਸ੍ਰੀ ਅੰਮ੍ਰਿਤਸਰ ਜੀ

ਮਿਤੀ 1-4-36

ਦਾਸ ਮੀਤ ਸਕੱਤਰ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ

ਖ਼ਾਲਸਾ ਸਮਾਚਾਰ, 24 ਅਪ੍ਰੈਲ 1936, ਅੰਕ 25, ਜਿਲਦ 37, ਪੰਨਾ-7

ਖਾਲਸਾ ਸਮਾਚਾਰ 23 ਅਪ੍ਰੈਲ 1936, ਜਿਲਦ 37, ਅੰਕ 23 (ਪੰਨਾ 9)

ਦੱਖਣ ਵਿਚ ਗੁਰਸਿੱਖੀ ਦੀ ਮੰਗ ਤੜਪ ਤੇ ਜੋਸ਼

ਦੱਖਣ ਵਲੋਂ ਆਈਆਂ ਖ਼ਬਰਾਂ ਦੱਸਦੀਆਂ ਹਨ ਕਿ ਉਸ ਇਲਾਕੇ ਦੇ ਵਸਨੀਕ ਅਖੌਤੀ ਅਛੂਤ




ਗੁਰਸਿੱਖੀ ਦੇ ਲਈ ਵਿਲਕ ਰਹੇ ਹਨ। ਮਈ ਦੇ ਮਹੀਨੇ ਇਸੇ ਸਾਲ 1936 ਵਿਚ ਬੜੌਦੇ ਤੇ ਊਨੇ ਵਿਚ ਪੰਜਾਹ ਸੱਠ ਹਜ਼ਾਰ ਆਦਮੀ ਅੰਮ੍ਰਿਤ ਛਕ ਲਏਗਾ। ਟ੍ਰਾਵਨਕੋਰ ਤੇ ਮਾਲਾਬਾਰ ਵਿਚ ਵੀ ਜੋਸ਼ ਠਾਠਾਂ ਮਾਰ ਰਿਹਾ ਹੈ, ਡਾਕਟਰ ਅੰਬੇਡਕਰ ਆਪਣੇ ਪੁੱਤਰਾਂ ਨੂੰ ਖ਼ਾਲਸਾ ਕਾਲਜ ਵਿਚ ਪੜ੍ਹਨ ਲਈ ਭੇਜੇਗਾ ਜੋ ਛੇਤੀ ਹੀ ਅੰਮ੍ਰਿਤ ਛਕ ਕੇ ਤਿਆਰ ਬਰ ਤਿਆਰ ਹੋ ਜਾਣਗੇ।

ਮਿ. ਨੀਯਾਰ ਉਸ ਪਾਸੇ ਦੇ ਕਿਸੇ ਅਖ਼ਬਾਰ ਦੇ ਐਡੀਟਰ ਦੱਸੀਦੇ ਹਨ, ਉਨ੍ਹਾਂ ਨੇ ਲਿਖਿਆ ਹੈ ਕਿ ਮਿ. ਕੂਟਨ ਅੰਮ੍ਰਿਤ ਛਕ ਕੇ ਸਰਦਾਰ ਜੈ ਸਿੰਘ ਬਣ ਗਏ ਹਨ ਤੇ ਮਿ. ਈਰਾਯਵਨ ਰਾਘਵਨ ਸਰਦਾਰ ਹਰਨਾਮ ਸਿੰਘ ਹੋ ਗਏ ਹਨ। ਅਸੀਂ 27,000 ਸਤਾਈ ਹਜ਼ਾਰ ਆਦਮੀ ਅੰਮ੍ਰਿਤ ਛਕ ਕੇ ਸਿੰਘ ਸਰਕਦਾਰ ਬਣ ਜਾਵਾਂਗੇ।

ਇਹ ਗੱਲ ਯਾਦ ਰੱਖਣੀ ਚਾਹੀਦੀ ਹੈ ਕਿ ਸਿੱਖ 11 ਫੀਸਦੀ ਪੜ੍ਹੇ ਲਿਖੇ ਹਨ ਤੇ ਇਹ ਲੋਕ 40 ਫੀਸਦੀ ਪੜ੍ਹੇ ਹੋਏ ਹਨ। ਖ਼ਬਰ ਹੈ ਕਿ ਕੁਝ ਆਦਮੀ ਪੰਜਾਬ ਵਿਚ ਆ ਰਹੇ ਹਨ, ਇਹ ਇਥੋਂ ਸਿੱਖੀ ਦੀ ਸਿੱਖਿਆ ਲੈ ਕੇ ਆਯੂ ਭਰ ਸਿੱਖ ਧਰਮ ਦਾ ਮੁਫ਼ਤ ਪ੍ਰਚਾਰ ਕਰਨਗੇ। ਜਦ ਥੀਆ ਕੌਮ ਦੇ ਲੀਡਰ ਮਿਸਟਰ ਕੇ.ਸੀ. ਕੂਟਨ (ਜਿਹੜੇ ਕਿ ਹੁਣ ਸਿੰਘ ਸਜ ਕੇ ਸਰਦਾਰ ਜੈ ਸਿੰਘ ਜੀ ਬਣ ਗਏ ਹਨ) ਆਪਣੇ ਸਾਥੀਆਂ ਸਮੇਤ ਅੰਮ੍ਰਿਤ ਛਕ ਕੇ ਸਿੰਘ ਸਜਣ ਲਈ ਟ੍ਰਾਵਨਕੋਰ ਤੋਂ ਪੰਜਾਬ ਵੱਲ ਚਲੇ ਆਏ ਤਾਂ ਉਨ੍ਹਾਂ ਦੇ ਪਿਛੋਂ ਟ੍ਰਾਵਨਕੋਰ ਦੇ ਬਾਕੀ ਅਛੂਤ ਲੀਡਰਾਂ ਵਲੋਂ ਛੂਤ ਛਾਤ ਨੂੰ ਨਾਸ ਕਰਕੇ ਸਿੱਖ ਧਰਮ ਗ੍ਰਹਿਣ ਕਰਨ ਦੀ ਤੀਬਰ ਇੱਛਾ ਪ੍ਰਗਟ ਕਰਦੇ ਹੋਏ ਜੋ ਇਸ਼ਤਿਹਾਰ ਹਜਾਰਾਂ ਦੀ ਗਿਣਤੀ ਵਿਚ ਉਸ ਇਲਾਕੇ ਵਿਚ ਛਪਵਾ ਕੇ ਵੰਡਿਆ ਗਿਆ ਹੈ ਉਸ ਦੀ ਨਕਲ ਹੇਠਾਂ ਦਿੱਤੀ ਜਾਂਦੀ ਹੈ :

"ਛੂਤ ਛਾਤ ਨੂੰ ਨਾਸ਼ ਕਰਨ ਵਾਲਾ ਯੁੱਧ ਅਸਾਂ ਸਿੱਖ ਧਰਮ ਧਾਰਨ ਕਰ ਲੈਣ ਦਾ ਪੱਕਾ ਇਰਾਦਾ ਕਰ ਲਿਆ ਹੈ।

ਪਿਆਰੇ ਸੱਜਣੋਂ! ਭਾਈਚਾਰੇ ਨੂੰ ਅਧੋਗਤੀ 'ਚੋਂ ਕੱਢਣ ਲਈ ਅਣਥੱਕ ਤੇ ਨਿਰਸਵਾਰਥ ਯਤਨ ਕਰ ਰਹੇ ਸਨ, ਉਹ ਸਾਡੇ ਬਹਾਦਰ ਲੀਡਰ ਕੇ. ਸੀ. ਕੂਟਨ ਅਤੇ ਐਸ.ਐਨ.ਡੀ.ਪੀ. ਧਰਮ ਭੱਟ ਸੰਘ ਦੇ ਬਹਾਦਰ ਕੈਪਟਨ, ਈ. ਰਾਘਵਨ ਬੀ.ਏ. ਆਪਣੇ ਸਾਥੀਆਂ ਸਮੇਤ ਅੰਮ੍ਰਿਤਸਰ ਚਲੇ ਗਏ ਹਨ।

(ਚਲਦਾ)

# ਇੱਕ ਜਿਉਂਦੀ ਗਵਾਹੀ — ਬਰਾਇਟ ਸਿੰਘ (ਚਮਕਦਾਰ ਸਿੰਘ)

ਕੱਲ੍ਹ, ਚੇਨਈ ਦੀਆਂ ਭੀੜ-ਭੜੱਕੇ ਵਾਲੀਆਂ ਗਲੀਆਂ ਦੇ ਵਿਚਕਾਰ, ਮੈਨੂੰ ਇੱਕ ਸਧਾਰਨ, ਸ਼ੁੱਧ ਦਿਲ ਵਾਲੀ ਆਤਮਾ ਨੂੰ ਮਿਲਣ ਦਾ ਅਚਾਨਕ ਸੁਭਾਗ ਪ੍ਰਾਪਤ ਹੋਇਆ। ਮੈਂ ਇੱਕ ਕਾਲਜ ਪ੍ਰਸ਼ਾਸਕ ਨੂੰ ਮਿਲਣ ਲਈ ਇੱਕ ਔਲਾ-ਉਬਰ ਬੁੱਕ ਕੀਤੀ ਸੀ। ਡਰਾਈਵਰ ਦਾ ਨਾਮ, ਮੇਰੀ ਸਕਰੀਨ 'ਤੇ ਚਮਕਦਾ ਹੋਇਆ, ਮੈਨੂੰ ਇੱਕ ਪਲ ਲਈ ਹੈਰਾਨੀ ਵਿੱਚ ਰੁਕਣ ਲਈ ਮਜਬੂਰ ਕਰ ਦਿੱਤਾ: 'ਬਰਾਇਟ ਸਿੰਘ (ਚਮਕਦਾਰ ਸਿੰਘ)।'

ਇੱਕ ਤਾਮਿਲ ਨਾਮ ਨਾਲ ਜੁੜੇ ਬਹਾਦਰੀ ਵਾਲੇ ਪਿਛੇਤਰ 'ਸਿੰਘ' ਨੂੰ ਦੇਖ ਕੇ ਮੇਰੇ ਅੰਦਰ ਇੱਕ ਖੁਸ਼ੀ ਭਰੀ ਹੈਰਾਨੀ ਪੈਦਾ ਹੋਈ - ਅਤੇ ਇੱਕ ਅਣਜਾਣ ਰਿਸ਼ਤੇਦਾਰੀ ਦੀ ਭਾਵਨਾ। ਮੈਨੂੰ ਅਹਿਸਾਸ ਹੋਇਆ ਕਿ ਉਸ ਨਾਮ ਦੇ ਪਿੱਛੇ ਇੱਕ ਡੂੰਘੀ ਕਹਾਣੀ ਛੁਪੀ ਹੋਈ ਹੈ। ਜਿਵੇਂ ਹੀ ਮੈਂ ਕਾਰ ਵਿੱਚ ਕਦਮ ਰੱਖਿਆ, ਮੇਰਾ ਮਨ ਇਸਨੂੰ ਖੋਲ੍ਹਣ ਲਈ ਉਤਸੁਕ ਸੀ।



ਮੈਂ ਹੌਲੀ-ਹੌਲੀ ਗੱਲਬਾਤ ਸ਼ੁਰੂ ਕੀਤੀ...

"ਨੌਜਵਾਨ, ਤੇਰਾ ਨਾਮ ਕੀ ਹੈ?"—

"ਬ੍ਰਾਈਟ ਸਿੰਘ, ਸਰ।

"ਤੁਹਾਡੇ ਪਿਤਾ ਦਾ ਨਾਮ?"— "ਮਨੀ।

"ਅਤੇ ਤੁਹਾਡੀ ਮਾਂ ਦਾ?"— "ਸਰੋਜਾ।

"ਤੁਹਾਡਾ ਧਰਮ?"— "ਅਸੀਂ ਈਸਾਈ ਹਾਂ।

ਮੇਰੀ ਸ਼ੁਰੂਆਤੀ ਹੈਰਾਨੀ ਹੁਣ ਇੱਕ ਡੂੰਘੀ ਉਤਸੁਕਤਾ ਵਿੱਚ ਬਦਲ ਗਈ।

"ਇੱਕ ਈਸਾਈ ਪਰਿਵਾਰ ਵਿੱਚ ਪੈਦਾ ਹੋਇਆ ਅਤੇ ਤਾਮਿਲ ਧਰਤੀ 'ਤੇ ਪਲਿਆ, ਤੁਸੀਂ 'ਸਿੰਘ' ਨਾਮ ਕਿਵੇਂ ਧਾਰਨ ਕੀਤਾ?" ਮੈਂ ਪੁੱਛਿਆ।

ਉਹ ਹੌਲੀ ਜਿਹੀ ਮੁਸਕਰਾਇਆ। ਉਸ ਮੁਸਕਰਾਹਟ ਦੇ ਅੰਦਰ, ਉਸਦੇ ਪਿਤਾ ਦੀਆਂ ਯਾਦਾਂ—ਦਹਾਕਿਆਂ ਤੱਕ ਫੈਲੀਆਂ—ਹਲਕੀਆਂ ਝਿਲਮਿਲਾਉਂਦੀਆਂ ਜਾਪਦੀਆਂ ਸਨ।

ਕਈ ਸਾਲ ਪਹਿਲਾਂ, ਦੁਬਈ ਵਿੱਚ ਕੰਮ ਕਰਦੇ ਹੋਏ, ਉਸਦੇ ਪਿਤਾ, ਮਨੀ, ਇੱਕ ਸਿੱਖ ਸਾਥੀ ਦੇ ਨਾਲ ਕੰਮ ਕਰਦੇ ਸਨ। ਉਹ ਸਿੱਖ ਸੱਜਣ ਸਿਰਫ਼ ਸਹਿਕਰਮੀ ਨਹੀਂ ਸੀ; ਉਹ ਹਰ ਅਰਥ ਵਿੱਚ, ਇੱਕ 'ਚਲਦਾ ਫ਼ਲਸਫ਼ਾ' ਸੀ।

ਉਸਦੇ ਰਾਹੀਂ, ਉਸਦੇ ਪਿਤਾ ਨੂੰ ਸਿੱਖ ਧਰਮ ਬਾਰੇ ਇਹ ਸਮਝ ਆਈ:

- ਨਿਮਰ ਅਤੇ ਗਰੀਬਾਂ ਦੀ ਸੇਵਾ ਆਪਣੇ ਆਪ ਵਿੱਚ ਬ੍ਰਹਮ ਪੂਜਾ ਦਾ ਇੱਕ ਰੂਪ ਹੈ।
- ਜਾਤ ਦੀਆਂ ਵੰਡਾਂ ਦੇ ਵਿਰੁੱਧ ਇੱਕ ਦ੍ਰਿੜ ਸਟੈਂਡ, ਸੱਚੀ ਸਮਾਨਤਾ ਵਿੱਚ ਜੜ੍ਹਾਂ।
- ਸਾਂਝਾ ਕਰਨ ਦੀ ਭਾਵਨਾ - ਕਦੇ ਵੀ ਇਕੱਲੇ ਨਹੀਂ ਖਾਣਾ, ਪਰ ਹਮੇਸ਼ਾ ਇਕੱਠੇ।
- ਬਿਨਾਂ ਕਿਸੇ ਝਿਜਕ ਦੇ ਕਿਸੇ ਵੀ ਲੋੜਵੰਦ ਦੀ ਮਦਦ ਕਰਨ ਲਈ ਤਿਆਰ ਰਹਿਣਾ।
- ਔਰਤਾਂ ਲਈ ਡੂੰਘਾ ਸਤਿਕਾਰ ਅਤੇ ਬਜ਼ੁਰਗਾਂ ਪ੍ਰਤੀ ਬੇਅੰਤ ਮਾਣ।
- ਸ਼ੇਰ ਦੀ ਹਿੰਮਤ - ਮੌਤ ਦੇ ਮੂੰਹ ਵਿੱਚ ਵੀ ਨਿਡਰ।

ਉਸ ਇੱਕ ਆਦਮੀ ਦੇ ਕਿਰਦਾਰ ਨੇ 3,000 ਕਿਲੋਮੀਟਰ ਦੂਰ ਰਹਿਣ ਵਾਲੇ ਇੱਕ ਆਮ ਤਾਮਿਲ ਦੇ ਦਿਲ 'ਤੇ ਇੱਕ ਅਮਿੱਟ ਛਾਪ ਛੱਡੀ। ਅਤੇ ਇਸ ਲਈ, ਜਦੋਂ ਇੱਕ ਪੁੱਤਰ ਦਾ ਜਨਮ ਹੋਇਆ, ਤਾਂ ਉਸਨੇ ਜੋ ਨਾਮ ਚੁਣਿਆ ਉਹ ਸਿਰਫ਼ ਇੱਕ ਨਾਮ ਨਹੀਂ ਸੀ - ਇਹ ਇੱਕ ਸ਼ਰਧਾਂਜਲੀ ਸੀ: ਬ੍ਰਾਈਟ ਸਿੰਘ।

'ਮੇਰੇ ਪਿਤਾ ਜੀ ਦੀ ਇੱਕ ਬਹੁਤ ਵੱਡੀ ਇੱਛਾ ਸੀ, ਸਰ... ਉਹ ਮੈਨੂੰ ਘੱਟੋ-ਘੱਟ ਇੱਕ ਵਾਰ ਅੰਮ੍ਰਿਤਸਰ ਦੇ ਗੋਲਡਨ ਟੈਂਪਲ ਲੈ ਜਾਣ ਦੀ ਇੱਛਾ ਰੱਖਦੇ ਸਨ। ਪਰ...'

ਉਸਦੀ ਆਵਾਜ਼ ਗੂੰਜ ਉੱਠੀ। ਉਸ ਵਿਰਾਮ ਵਿੱਚ ਇੱਕ ਸ਼ਾਂਤ ਦਰਦ ਸੀ।

"ਉਹ ਇੱਛਾ ਪੂਰੀ ਹੋਣ ਤੋਂ ਪਹਿਲਾਂ ਹੀ ਚਲਾਣਾ ਕਰ ਗਿਆ।

ਅੱਜ, ਚਮਕਦਾਰ ਸਿੰਘ ਦਾ ਨਾ ਤਾਂ ਪਿਤਾ ਹੈ ਅਤੇ ਨਾ ਹੀ ਮਾਂ। ਆਪਣੀਆਂ ਭੈਣਾਂ ਦੇ ਵਿਆਹ ਅਤੇ ਸੈਟਲ ਹੋਣ ਦੇ ਨਾਲ, ਉਹ ਚੇਨਈ ਦੇ ਇੱਕ ਚਰਚ ਵਿੱਚ ਇਕੱਲਾ ਰਹਿੰਦਾ ਹੈ, ਆਪਣੀ ਮਿਹਨਤ ਦੇ ਜ਼ੋਰ ਨਾਲ ਜ਼ਿੰਦਗੀ ਨੂੰ ਨੇਵੀਗੇਟ ਕਰਦਾ ਹੈ।

ਭਾਵੇਂ ਉਸਦੇ ਹੱਥ ਸਟੀਅਰਿੰਗ ਵ੍ਹੀਲ ਫੜਦੇ ਹਨ, ਉਸਦੇ ਦਿਲ ਵਿੱਚ ਸਿੱਖ ਕਦਰਾਂ-ਕੀਮਤਾਂ ਦੀ ਚਮਕਦਾਰ ਰੌਸ਼ਨੀ ਹੈ।

ਬਰਾਇਟ ਸਿੰਘ ਇੱਕ ਜਿਉਂਦਾ ਜਾਗਦਾ ਪ੍ਰਮਾਣ ਹੈ ਕਿ ਦੂਰੀ, ਭਾਸ਼ਾ ਅਤੇ ਧਰਮ ਮਨੁੱਖਤਾ ਲਈ ਕੋਈ ਰੁਕਾਵਟ ਨਹੀਂ ਹਨ। ਇੱਕ ਸਿੱਖ ਆਦਮੀ ਦੇ ਗੁਣ, ਜੋ ਕਦੇ ਇੱਕ ਦੂਰ-ਦੁਰਾਡੇ ਦੇਸ਼ ਵਿੱਚ ਰਹਿੰਦਾ ਸੀ, ਹੁਣ ਚੇਨਈ ਦੇ ਇੱਕ ਨੌਜਵਾਨ ਤਾਮਿਲ ਆਦਮੀ ਦੀ ਪਛਾਣ ਬਣ ਗਏ ਹਨ।

ਹਾਲਾਂਕਿ, ਇੱਕ ਸਵਾਲ ਬਾਕੀ ਹੈ...

ਇੱਕ ਸਿੱਖ ਅਜਨਬੀ ਦੇ ਗੁਣਾਂ ਤੋਂ ਪ੍ਰੇਰਿਤ ਹੋ ਕੇ, ਇੱਕ ਤਾਮਿਲ ਪਿਤਾ ਨੇ ਆਪਣੇ ਪੁੱਤਰ ਦਾ ਨਾਮ 'ਸਿੰਘ' ਰੱਖਿਆ।

ਪਰ ਅੱਜ-ਕੀ ਉਹੀ ਸਿੱਖ ਗੁਣ ਸਾਡੇ ਵਿੱਚੋਂ ਬਹੁਤਿਆਂ ਦੇ ਅੰਦਰ ਜ਼ਿੰਦਾ ਅਤੇ ਬੇਦਾਗ ਹਨ?

ਕੁਰਬਾਨੀ, ਇਮਾਨਦਾਰੀ ਅਤੇ ਪਿਆਰ ਦੀ ਭਾਵਨਾ—ਗੁਰੂ ਸਾਹਿਬਾਨ ਦੁਆਰਾ ਜੀਵਿਤ ਅਤੇ ਪ੍ਰਦਰਸ਼ਿਤ—ਸਮੇਂ ਤੋਂ ਪਾਰ ਹੈ।

ਉਸ ਪਛਾਣ ਨੂੰ ਸੁਰੱਖਿਅਤ ਰੱਖਣਾ ਅਤੇ ਇਸਨੂੰ ਅਗਲੀ ਪੀੜ੍ਹੀ ਤੱਕ ਪਹੁੰਚਾਉਣਾ, ਸਿਰਫ਼ ਹਰ ਸਿੱਖ ਦਾ ਫਰਜ਼ ਨਹੀਂ ਹੈ—ਇਹ ਸਾਡੇ ਵੰਸ਼ ਪ੍ਰਤੀ ਸ਼ੁਕਰਗੁਜ਼ਾਰੀ ਦਾ ਕਰਜ਼ ਹੈ।

ਜਿਵੇਂ ਹੀ ਮੈਂ ਚਮਕਦਾਰ ਸਿੰਘ ਨੂੰ ਅਲਵਿਦਾ ਕਿਹਾ, ਮੇਰਾ ਦਿਲ ਭਾਰੀ ਮਹਿਸੂਸ ਹੋਇਆ। ਮੈਂ ਹੈਰਾਨ ਹੋ ਕੇ ਖੜ੍ਹਾ ਹੋ ਗਿਆ, ਇਹ ਮਹਿਸੂਸ ਕਰਦਿਆਂ ਕਿ ਇੱਕ ਨਿਮਰ ਡਰਾਈਵਰ ਦੇ ਨਾਮ ਦੇ ਪਿੱਛੇ ਇੰਨਾ ਡੂੰਘਾ ਗੁਣ ਰਹਿ ਸਕਦਾ ਹੈ।

ਉਸ ਦਿਨ, ਜਦੋਂ ਮੈਂ ਕਿਹਾ,

"ਮੈਂ ਇੱਕ ਸਿੱਖ ਹਾਂ;

ਮੈਨੂੰ ਪਹਿਲਾਂ ਨਾਲੋਂ ਵੀ ਜ਼ਿਆਦਾ ਮਾਣ ਮਹਿਸੂਸ ਹੋਇਆ।

ਕਿਉਂਕਿ ਸਿੱਖ ਧਰਮ ਦੀ ਰੋਸ਼ਨੀ ਅਜੇ ਵੀ ਬਲਦੀ ਹੈ—

ਬਰਾਇਟ ਸਿੰਘ, ਚਮਕਦਾਰ... ਚਮਕਦਾਰ ਸਿੰਘ ਵਰਗੇ ਜੀਵਤ ਗਵਾਹਾਂ ਰਾਹੀਂ।

**-ਸਰਦਾਰ ਜੀਵਨ ਸਿੰਘ**



ਡਾ. ਗੁਰਪ੍ਰੀਤ ਸਿੰਘ ਧੁੱਗਾ M.D., C.M.D. ਸਟਰ ਹਸਪਤਾਲ (ਫੇਅਰ ਫੀਲਡ-ਵਲੇਹੋ) ਵਿਚ ਮੈਡੀਕਲ ਡਾਇਰੈਕਟਰ ਹਨ। ਅਮੈਰੀਕਨ ਮੈਡੀਕਲ ਬੋਰਡ ਵਲੋਂ ਡਬਲ ਬੋਰਡ ਸਰਟੀਫਾਈਡ ਹਨ। ਉਨ੍ਹਾਂ ਨੂੰ ਸਾਲ 2006 ਵਿਚ 'ਸੀਨੀਅਰ ਹੈਲਥ ਹੀਰੋ' ਦਾ ਪੁਰਸਕਾਰ ਵੀ ਦਿੱਤਾ ਗਿਆ। ਡਾ. ਧੁੱਗਾ ਨੇ ਸਰਕਾਰੀ ਮੈਡੀਕਲ ਕਾਲਜ, ਪਟਿਆਲਾ ਤੋਂ ਆਪਣੀ ਮੁਢਲੀ ਮੈਡੀਕਲ ਸਿੱਖਿਆ ਪੂਰੀ ਕੀਤੀ। ਡਾ. ਧੁੱਗਾ ਕੈਲੀਫੋਰਨੀਆ ਦੇ ਫੇਅਰਫੀਲਡ ਸ਼ਹਿਰ ਵਿਚ ਬਤੌਰ ਚੇਅਰਮੈਨ, ਪਲੈਨਿੰਗ ਕਮਿਸ਼ਨ ਸੇਵਾਵਾਂ ਨਿਭਾਅ ਚੁੱਕੇ ਹਨ। ਉਹ ਪੰਜਾਬੀ ਅਮੈਰੀਕਨ ਕਲਚਰਲ ਐਸੋਸੀਏਸ਼ਨ ਦੇ ਫਾਊਂਡਰ ਮੈਂਬਰ ਹਨ, ਜੋ ਕਿ ਕੈਲੀਫੋਰਨੀਆ ਵਿਚ ਇਕ ਸਮਾਜਿਕ ਕੰਮ ਕਰਨ ਵਾਲੀ ਸੰਸਥਾ ਹੈ। ਡਾ. ਗੁਰਪ੍ਰੀਤ ਸਿੰਘ ਧੁੱਗਾ ਵਲੋਂ ਸਿਹਤ ਸਬੰਧੀ ਲਿਖੀ ਆਪਣੀ ਕਿਤਾਬ 'ਹੈਲਥ ਗਾਈਡ' ਬਿਮਾਰੀਆਂ ਦੀ ਜਾਣਕਾਰੀ ਅਤੇ ਰੋਕਥਾਮ, ਬਚਾਅ, ਘਰੇਲੂ ਇਲਾਜ ਅਤੇ ਡਾਕਟਰਾਂ ਨੂੰ ਕਦੋਂ ਵਿਖਾਈਏ ਬਾਰੇ ਵਿਸਥਾਰ ਨਾਲ ਦੱਸਦੀ ਹੈ। ਸਿਹਤ ਸਬੰਧੀ ਜ਼ਿਆਦਾਤਰ ਕਿਤਾਬਾਂ ਮੈਡੀਕਲ ਨਾਲ ਸਬੰਧਤ ਵਿਅਕਤੀਆਂ ਦੇ ਲਈ ਹੀ ਲਿਖੀਆਂ ਗਈਆਂ ਹਨ। ਇਸ ਕਰਕੇ ਅਜਿਹੀ ਸਿਹਤ ਸਬੰਧੀ 'ਹੈਲਥ ਗਾਈਡ' ਵਰਗੀ ਕਿਤਾਬ ਦੀ ਬੇਹੱਦ ਜ਼ਰੂਰਤ ਸੀ ਜੋ ਆਮ ਵਿਅਕਤੀ ਪੜ੍ਹ ਸਕੇ, ਸਮਝ ਸਕੇ ਅਤੇ ਆਪਣੀ ਰੋਜ਼ਮਰਾਂ ਦੀ ਜ਼ਿੰਦਗੀ 'ਚ ਵਰਤ ਸਕੇ। ਇਹ ਕਿਤਾਬ 'ਹੈਲਥ ਗਾਈਡ' ਸਭ ਜ਼ਰੂਰਤਾਂ ਨੂੰ ਪੂਰਾ ਕਰਦੀ ਹੈ। ਇਸ ਕਿਤਾਬ ਸਬੰਧੀ ਜਾਣਕਾਰੀ ਅਸੀਂ 'ਸਾਡੇ ਲੋਕ' 'ਚ ਪਾਠਕਾਂ ਦੀ ਮੰਗ 'ਤੇ ਦੁਆਰਾ ਲੜੀਵਾਰ ਛਾਪ ਕੇ ਮਾਣ ਹਾਸਲ ਕਰ ਰਹੇ ਹਾਂ। ਜੇਕਰ ਕਿਸੇ ਵਿਅਕਤੀ ਨੂੰ ਇਹ ਕਿਤਾਬ ਚਾਹੀਦੀ ਹੈ ਤਾਂ ਉਹ ਡਾ. ਧੁੱਗਾ ਨਾਲ gpdhugga@gmail.com 'ਤੇ ਸੰਪਰਕ ਕਰ ਸਕਦੇ ਹਨ।

**ਹੈਲਥ ਗਾਈਡ**

# ਸਿਹਤਮੰਦ ਜੀਵਨ ਦੇ ਨੁਕਤੇ

(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

ਇੰਮਪਲਾਂਟ ਕੌਣ ਲਗਵਾ ਸਕਦਾ ਹੈ?

ਜੇਕਰ ਤੁਹਾਡੇ ਮਸੂੜੇ ਅਤੇ ਜਬਾੜੇ ਦੀ ਹੱਡੀ ਸਿਹਤਮੰਦ ਹੈ ਤਾਂ ਤੁਸੀਂ ਦੰਦਾਂ ਦੇ ਡਾਕਟਰ ਨਾਲ ਸਲਾਹ ਕਰ ਕੇ ਇੰਮਪਲਾਂਟ ਦੀ ਚੋਣ ਕਰ ਸਕਦੇ ਹੋ। ਜਿਹਨਾਂ ਯ ਖ਼ੂਨ ਦਾ ਕੈਂਸਰ, ਹੱਡੀਆਂ ਦੇ ਖ਼ੁਰਨ ਦੀ ਬਿਮਾਰੀ ਜਾਂ ਸ਼ੂਗਰ ਕਾਬੂ ਵਿੱਚ ਨਾ ਹੋਵੇ, ਉਹਨਾਂ ਲਈ ਇੰਮਪਲਾਂਟ ਪੂਰੇ ਸਫਲ ਸਿੱਧ ਨਹੀਂ ਹੁੰਦੇ।

**ਇੰਮਪਲਾਂਟ ਦੀ ਦੇਖ-ਭਾਲ :**

ਦਿਨ ਵਿੱਚ ਦੋ ਵਾਰ ਬੁਰਸ਼ ਅਤੇ ਇੱਕ ਵਾਰ ਫਲਾਸ ਜ਼ਰੂਰ ਕਰੋ। ਦੰਦਾਂ ਦੇ ਡਾਕਟਰ ਕੋਲ ਹਰ 6 ਮਹੀਨੇ ਬਾਅਦ ਚੈੱਕ-ਅਪ ਲਈ ਜਾਓ।

**ਦੰਦਾਂ ਦਾ ਕਿਰਚਣਾ**

**(ਬਰੱਕਸਿਜ਼ਮ)**

ਜੇਕਰ ਸਵੇਰੇ ਜਾਗਣ ਵੇਲੇ ਤੁਹਾਨੂੰ ਸਿਰ ਦਰਦ ਜਾਂ ਜਬਾੜੇ ਦਾ ਦਰਦ ਹੁੰਦਾ ਹੈ ਤਾਂ ਹੋ ਸਕਦਾ ਹੈ ਕਿ ਤੁਹਾਨੂੰ ਸੌਣ ਸਮੇਂ ਦੰਦਾਂ ਦੇ ਕਿਰਚਣ ਦੀ ਆਦਤ ਹੋਵੇ।


**ਕਾਰਨ :**

1. ਮਾਨਸਿਕ ਦਬਾਓ ਅਤੇ ਤਣਾਓ।
2. ਦੰਦਾਂ ਦਾ ਬੇ-ਤਰਤੀਬਾ ਹੋਣਾ।
3. ਜੇ ਦੰਦ ਪੂਰੇ ਨਾ ਹੋਣ।

ਦੰਦਾਂ ਦਾ ਕਿਰਚਣਾ ਹਾਨੀਕਾਰਕ ਕਿਉਂ ਹੈ?

ਕਦੇ ਕਦੇ ਦੰਦਾਂ ਦੇ ਕਿਰਚਣ ਨਾਲ ਕੋਈ ਨੁਕਸਾਨ ਨਹਲ ਹੁੰਦਾ, ਪਰ ਜੇਕਰ ਦੰਦਾਂ ਦਾ ਕਿਰਚਣਾ ਹਰ ਰਾਤ ਹੁੰਦਾ ਹੈ, ਤਾਂ ਇਸ ਨਾਲ ਮੁਸ਼ਕਲ ਹੋ ਸਕਦੀ ਹੈ, ਜਿਵੇਂ ਕਿ :

1. ਦੰਦਾਂ ਦਾ ਫ਼ਲੈਟ ਹੋ ਜਾਣਾ, ਜਿਸ ਨਾਲ ਦੰਦ ਨਾਜ਼ੁਕ ਹੋ ਜਾਂਦੇ ਹਨ।
2. ਦੰਦਾਂ ਦੇ ਕਿਰਚਣ ਨਾਲ ਜਬਾੜੇ ਦੀਆਂ ਮਾਸਪੇਸ਼ੀਆਂ ਥੱਕਣਗੀਆਂ, ਜਿਸ ਨਾਲ ਜਬਾੜੇ ਵਿੱਚ ਦਰਦ ਹੋਵੇਗਾ। ਇਸ ਨਾਲ




ਜਬਾੜਾ ਜਾਮ ਵੀ ਹੋ ਸਕਦਾ ਹੈ।
3. ਜਬਾੜੇ ਨੂੰ ਖੋਲ੍ਹਣ ਸਮੇਂ ਕੜ-ਕੜ ਦੀ ਆਵਾਜ਼ ਆਉਣਾ।

**ਰੋਕਥਾਮ/ਬਚਾਅ :**

1. ਸਖ਼ਤ ਖਾਣਾ ਜਿਵੇਂ ਕਿ ਬਦਾਮ, ਅਖਰੋਟ, ਮੂੰਗਫਲੀ ਆਦਿ ਨਾ ਖਾਓ।
2. ਜਬਾੜੇ ਨੂੰ ਆਰਾਮ ਦਿਓ ਅਤੇ ਚਿੰਗਮ ਆਦਿ ਨਾ ਚਬਾਓ।
3. ਮਾਨਸਿਕ ਤਣਾਓ ਅਤੇ ਸਟ੍ਰੈੱਸ ਨੂੰ ਘਟਾਓ।

**ਘਰੇਲੂ ਇਲਾਜ :**

1. ਸੌਣ ਵੇਲੇ ਮੂੰਹ ਵਿੱਚ 'ਗਾਰਡ' ਪਾਉਣ ਨਾਲ ਦੰਦਾਂ ਦਾ ਕਿਰਚਣਾ ਬੰਦ ਹੋ ਜਾਂਦਾ ਹੈ, ਇਹ ਗਾਰਡ ਤੁਸੀਂ ਦੰਦਾਂ ਦੇ ਡਾਕਟਰ ਕੋਲੋਂ ਲੈ ਸਕਦੇ ਹੋ।
2. ਜੇਕਰ ਜਬਾੜਾ ਦਰਦ ਕਰ ਰਿਹਾ ਹੈ ਤਾਂ ਆਈਬੂਪ੍ਰੋਫ਼ਿਨ ਦੀ ਦਵਾਈ ਲਵੋ।
3. ਕੋਸੇ ਪਾਣੀ ਨਾਲ ਗਿੱਲੇ ਕੀਤੇ ਹੋਏ ਤੌਲੀਏ ਨਾਲ ਜਬਾੜੇ ਨੂੰ ਸੇਕ ਦਿਓ।

**ਡਾਕਟਰ ਨੂੰ ਕਦੋਂ ਦਿਖਾਈਏ :**

1. ਜੇ ਦੰਦਾਂ ਨੂੰ ਗਰਮ ਠੰਡਾ ਲੱਗਦਾ ਹੋਵੇ।
2. ਜੇ ਜਬਾੜਾ ਜਾਮ ਹੋਣ ਲੱਗੇ।
3. ਜੇ ਸਵੇਰੇ ਉੱਠਣ ਵੇਲੇ ਸਿਰ ਦਰਦ ਜਾਂ ਜਬਾੜੇ ਦਾ ਦਰਦ ਹੋਵੇ।

**ਮੂੰਹ ਦੇ ਛਾਲੇ (ਸੋਰ)**

ਮੂੰਹ ਦੇ ਛਾਲੇ ਆਮ ਹੀ ਪਾਏ ਜਾਂਦੇ ਹਨ। ਜ਼ਿਆਦਾਤਰ ਮੂੰਹ ਦੇ ਛਾਲੇ ਕੋਈ ਨੁਕਸਾਨ ਨਹੀਂ ਪਹੁੰਚਾਉਂਦੇ ਅਤੇ ਇਹਨਾਂ ਦਾ ਇਲਾਜ ਆਸਾਨੀ ਨਾਲ ਹੋ ਜਾਂਦਾ ਹੈ। ਪਰ ਜੇ ਕਾਫ਼ੀ ਦੇਰ ਤੱਕ ਇਲਾਜ ਦੇ ਬਾਵਜੂਦ ਵੀ ਛਾਲੇ ਠੀਕ ਨਹਲ ਹੁੰਦੇ ਤਾਂ ਇਹ ਮੂੰਹ ਦਾ ਕੈਂਸਰ ਵੀ ਹੋ ਸਕਦਾ ਹੈ।

**ਕਿਸਮਾਂ :**

1. ਕੈਂਕਰ ਸੋਰ : ਮੂੰਹ ਦੇ ਅੰਦਰ ਦਰਦਨਾਕ ਛਾਲਾ।
2. ਕੋਲਡ ਸੋਰ : ਮੂੰਹ ਅਤੇ ਬੁੱਲ੍ਹਾਂ 'ਤੇ ਵਾਰ ਵਾਰ ਥੋੜੇ ਸਮੇਂ ਬਾਅਦ ਦਰਦਨਾਕ ਛਾਲਾ ਹੋਣਾ।
3. ਮੂੰਹ ਦਾ ਕੈਂਸਰ : ਦਰਦ ਰਹਿਤ ਛਾਲਾ ਜੋ ਠੀਕ ਨਾ ਹੋਵੇ।

**ਕੈਂਕਰ ਸੋਰ**

**ਲੱਛਣ :**

ਕੈਂਕਰ ਸੋਰ ਬਹੁਤ ਜ਼ਿਆਦਾ ਦਰਦਨਾਕ ਹੁੰਦੇ ਹਨ।

**ਕਾਰਨ :**

1. ਵਿਟਾਮਿਨਾਂ ਦੀ ਘਾਟ।
2. ਮਾਨਸਿਕ ਤਣਾਓ।
3. ਬਹੁਤ ਮਿਰਚ-ਮਸਾਲੇ ਵਾਲੇ ਖਾਣੇ।
4. ਚਬਾਉਣ ਵੇਲੇ ਅੰਦਰ ਤੋਂ ਗੱਲ੍ਹ ਦਾ ਕੱਟੇ ਜਾਣਾ।
5. ਹਾਰਮੋਨਲ ਤਬਦੀਲੀਆਂ ਆਮ ਤੌਰ 'ਤੇ 13 ਤੋਂ 19 ਸਾਲ ਦੀ ਉਮਰ ਵਿੱਚ।

**ਰੋਕਥਾਮ/ਬਚਾਅ :**

1. ਮਾਨਸਿਕ ਤਣਾਓ ਨੂੰ ਘਟਾਓ।
2. ਬਹੁਤ ਜ਼ਿਆਦਾ ਮਿਰਚ-ਮਸਾਲੇ ਵਾਲੇ ਖਾਣੇ ਨਾ ਖਾਓ।
3. ਐਂਟੀਸੈਪਟਿਕ ਮਾਊਥ ਵਾਸ਼ ਦੀ ਵਰਤੋਂ ਕਰੋ।

**ਘਰੇਲੂ ਇਲਾਜ :**

1. ਆਮ ਤੌਰ 'ਤੇ ਆਪਣੇ ਆਪ ਸੱਤ ਤੋਂ ਦਸ ਦਿਨਾਂ ਵਿੱਚ ਠੀਕ ਹੋ ਜਾਂਦੇ ਹਨ।
2. ਬੇਕਿੰਗ ਸੋਢਾ ਅਤੇ ਪਾਣੀ ਦਾ ਲੇਪ ਬਣਾਓ ਤੇ ਜ਼ਰੂਰਤ ਮੁਤਾਬਕ ਛਾਲੇ 'ਤੇ ਲਗਾਓ।
3. ਐਂਟੀਸੈਪਟਿਕ ਮਾਊਥ ਵਾਸ਼ ਦੀ ਵਰਤੋਂ ਕਰੋ।
4. ਵਿਟਾਮਿਨਾਂ ਦੀ ਦਵਾਈ ਲਵੋ।
5. ਸੁੰਨ ਕਰਨ ਵਾਲੀ ਕਰੀਮ ਲਗਾਓ (ਔਰਾਬੇਸ)।

**ਡਾਕਟਰ ਨੂੰ ਕਦੋਂ ਦਿਖਾਈਏ :**

1. ਜੇਕਰ ਛਾਲਾ ਸੱਤ ਤੋਂ ਦਸ ਦਿਨਾਂ ਵਿੱਚ ਵੀ ਠੀਕ ਨਾ ਹੋਵੇ।
2. ਜੇ ਛਾਲੇ ਵਿੱਚੋਂ ਖ਼ੂਨ ਵਗਦਾ ਹੋਵੇ।
3. ਦੰਦਾਂ ਦੇ ਡਾਕਟਰ ਲੇਜ਼ਰ ਨਾਲ ਵੀ ਇਸਦਾ ਇਲਾਜ ਕਰ ਸਕਦੇ ਹਨ।

(ਚਲਦਾ)

ਇਹ ਕਾਲਮ ਤੁਹਾਡੀ ਜਾਣਕਾਰੀ ਲਈ ਹੈ, ਜੇ ਬਿਮਾਰੀ ਉਚਿਤ ਸਮੇਂ ਵਿਚ ਠੀਕ ਨਹੀਂ ਹੁੰਦੀ ਤਾਂ ਡਾਕਟਰ ਨੂੰ ਦਿਖਾਓ।

HEALING HERBS & MASSAGE
ਨੈਚੁਰਲ ਹੀਲਿੰਗ • ਕੁਦਰਤੀ ਇਲਾਜ
ANY TYPE OF LADIES & GENTS PROBLEM
Healing Herbs & Healing Massage
ਕੀ ਤੁਸੀਂ ਸਰੀਰਕ ਦੁੱਖਾਂ ਦਰਦਾਂ ਤੋਂ ਪ੍ਰੇਸ਼ਾਨ ਹੋ?
Cure with Homeopathy or Ayurved Best Natural Way of treatment with no side effects.
ਜੜੀ-ਬੂਟੀਆਂ ਅਤੇ ਮਾਲਿਸ਼ ਰਾਹੀਂ ਕੁਦਰਤੀ ਇਲਾਜ!
ਸਰੀਰ ਦੀ ਕਾਇਆ ਕਲਪ ਕਰੋ! ਤਣਾਅ ਅਤੇ ਦਰਦ ਤੋਂ ਮੁਕਤੀ ਪਾਉਣ ਲਈ ਅੱਜ ਹੀ ਪਹੁੰਚੋ।
ਅਸੀਂ ਲੈ ਕੇ ਆਏ ਹਾਂ ਤੁਹਾਡੀ ਸਿਹਤ ਲਈ ਕੁਦਰਤੀ ਖਜ਼ਾਨਾ। ਸਾਡੇ ਕੋਲ ਦੇਸੀ ਜੜੀ-ਬੂਟੀਆਂ, ਦੇਸੀ ਦਵਾਈਆਂ ਅਤੇ ਮਾਹਿਰਾਂ ਦੁਆਰਾ ਮਾਲਿਸ਼ ਦੀ ਸਹੂਲਤ ਉਪਲਬਧ ਹੈ।



ਸਾਡਾ ਸਮਾਂ:
ਸੋਮਵਾਰ ਤੋਂ ਸ਼ੁੱਕਰਵਾਰ: ਸ਼ਾਮ 4 ਵਜੇ ਤੋਂ ਰਾਤ 8 ਵਜੇ ਤੱਕ
ਸ਼ਨੀਵਾਰ ਤੇ ਐਤਵਾਰ: ਸਵੇਰੇ 11 ਵਜੇ ਤੋਂ ਸ਼ਾਮ 6 ਵਜੇ ਤੱਕ
ਇਥੇ ਸ਼ੂਗਰ ਦੀ ਬਿਮਾਰੀ ਦਾ ਇਲਾਜ ਦੇਸੀ ਦਵਾਈਆਂ ਅਤੇ ਕੁਦਰਤੀ ਤਰੀਕੇ ਨਾਲ ਕੀਤਾ ਜਾਂਦਾ ਹੈ
ਵਧੇਰੇ ਜਾਣਕਾਰੀ ਲਈ ਸੰਪਰਕ ਕਰੋ 510-200-1110
ਪਤਾ: 3038 Castro Valley Blvd, Castro Valley, CA 94546

# ਪੱਛਮੀ ਏਸ਼ੀਆ ਜੰਗ ਕਾਰਨ ਸਿਰੋਪਾਉ ਪ੍ਰੰਪਰਾ ’ਤੇ ਛਾਇਆ ਸੰਕਟ

## ਕੱਪੜੇ ਅਤੇ ਧਾਗੇ ਦੀ ਤਿਆਰੀ ਲਈ ਲਾਜ਼ਮੀ ਪੈਟਰੋਲਿਅਮ-ਆਧਾਰਿਤ ਰਸਾਇਣ ਦੀ ਆਮਦ ਰੁਕੀ

ਅੰਮ੍ਰਿਤਸਰ : ਪਛਮੀ ਏਸ਼ੀਆ ਵਿਚ ਚਲ ਰਹੇ ਅਮਰੀਕਾ-ਇਜ਼ਰਾਈਲ ਅਤੇ ਇਰਾਨ ਵਿਚਕਾਰ ਸੰਘਰਸ਼ ਦਾ ਅਸਰ ਹੁਣ ਲਗਭਗ ਦੁਨੀਆ ਭਰ ਦੇ ਹਰ ਖੇਤਰ ’ਤੇ ਪੈਣਾ ਸ਼ੁਰੂ ਹੋ ਗਿਆ ਹੈ। ਇਸ ਕਾਰਨ ਇਕ ਪੁਰਾਣੀ ਸਿੱਖ ਧਾਰਮਿਕ ਪਰੰਪਰਾ ਸਿਰੋਪਾਉ ਦੀ ਭੇਟ ਵਿਚ ਰੁਕਾਵਟ ਆ ਰਹੀ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਐਸ.ਜੀ.ਪੀ.ਸੀ.), ਜੋ ਹਰ ਸਾਲ ਲਗਭਗ ਸੱਤ ਲੱਖ ਮੀਟਰ ਕੱਪੜਾ ਸਿਰੋਪਾਉ ਬਣਾਉਣ ਲਈ ਵਰਤਦੀ ਹੈ, ਨੂੰ ਹੁਣ ਇਸ ਦੀ ਸਪਲਾਈ ’ਚ ਭਾਰੀ ਕਮੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਹ ਕਮੀ ਉਸ ਪੈਟਰੋਲਿਅਮ-ਆਧਾਰਿਤ ਰਸਾਇਣ ਦੀ ਆਮਦ ਰੁਕਣ ਕਾਰਨ ਹੈ ਜੋ ਕੱਪੜੇ ਅਤੇ ਧਾਗੇ ਦੀ ਤਿਆਰੀ ਲਈ ਲਾਜ਼ਮੀ ਹੈ।

ਇਸ ਬਾਰੇ ਮੀਡੀਆ ਨਾਲ ਗੱਲਬਾਤ ’ਚ ਸ੍ਰੀ ਦਰਬਾਰ ਸਾਹਿਬ ਦੇ ਜਨਰਲ ਮੈਨੇਜਰ ਭਗਵੰਤ ਸਿੰਘ ਧੰਗੇੜਾ ਨੇ ਦੱਸਿਆ ਕਿ ਸੰਘਰਸ਼ ਕਾਰਨ ਇਰਾਨ ਅਤੇ ਹੋਰ ਖਾੜੀ ਦੇਸ਼ਾਂ ਤੋਂ ਕਪੜੇ ਨੂੰ ਬਣਾਉਣ ਲਈ ਜ਼ਰੂਰੀ ਰਸਾਇਣਾਂ ਦੀ ਸਪਲਾਈ ਰੁਕ ਗਈ ਹੈ, ਜਿਸ ਨਾਲ ਉਤਪਾਦਨ ਬਹੁਤ ਘਟ ਗਿਆ ਹੈ। ਐਸ.ਜੀ.ਪੀ.ਸੀ. ਨੂੰ ਇਸ ਸਾਲ ਹੁਣ ਤੱਕ ਸਿਰਫ਼ 19,000 ਮੀਟਰ ਸਿਰੋਪਾਉ ਦਾ



ਕੱਪੜਾ ਮਿਲਿਆ ਹੈ, ਜਿਸ ਨਾਲ ਸੰਭਾਵੀ ਘਾਟ ਦੀ ਚਿੰਤਾ ਵਧ ਗਈ ਹੈ। ਇਸ ਸਥਿਤੀ ਨੂੰ ਦੇਖਦੇ ਹੋਏ ਐਸ.ਜੀ.ਪੀ.ਸੀ. ਨੇ ਆਪਣੇ ਅਧੀਨ ਗੁਰਦੁਆਰਿਆਂ ਨੂੰ ਸਿਰੋਪਿਆਂ ਦੇ ਵਰਤੋਂ ਵਿੱਚ ਸੰਜਮ ਵਰਤਣ ਦੀ ਸਲਾਹ ਦਿੱਤੀ ਹੈ।

ਸਿੱਖ ਧਰਮ ’ਚ ਸਿਰੋਪਾਉ ਰਵਾਇਤੀ ਤੌਰ ’ਤੇ ਇਹ ਉਨ੍ਹਾਂ ਵਿਅਕਤੀਆਂ ਨੂੰ ਦਿੱਤਾ ਜਾਂਦਾ ਹੈ ਜਿਨ੍ਹਾਂ ਨੇ ਨਿਸ਼ਕਾਮ ਸੇਵਾ, ਸਿੱਖ ਧਰਮ ਪ੍ਰਤੀ ਸਮਰਪਣ ਜਾਂ ਕੋਈ ਵਿਸ਼ੇਸ਼ ਪ੍ਰਾਪਤੀ ਹਾਸਲ ਕੀਤੀ ਹੋਵੇ। ਸਿਰੋਪਾਉ ਆਮ ਤੌਰ ’ਤੇ 2 ਤੋਂ 2.5 ਮੀਟਰ ਲੰਮਾ ਕੱਪੜੇ ਦਾ ਹੁੰਦਾ ਹੈ, ਜੋ ਕੇਸਰੀ ਜਾਂ ਸੰਤਰੀ ਰੰਗ ਦਾ ਹੁੰਦਾ ਹੈ। ਇਹ ਗੁਰੂ ਦੀਆਂ ਅਸੀਸਾਂ ਅਤੇ ਸਿੱਖ ਕੌਮ ਦੀ ਸਾਂਝੀ ਇੱਜ਼ਤ ਦਾ ਪ੍ਰਤੀਕ ਹੈ ਅਤੇ ਇਸ ਨੂੰ ਧਨ-ਦੌਲਤ ਦੀ ਭੇਟ ਨਹੀਂ ਮੰਨਿਆ ਜਾਂਦਾ।

# ਚੀਫ਼ ਖ਼ਾਲਸਾ ਦੀਵਾਨ ਵੱਲੋਂ ਸਾਲਾਨਾ ਬਜਟ ਪੇਸ਼: ਸਿੱਖਿਆ ਅਤੇ ਸਿੱਖੀ ਪ੍ਰਚਾਰ ਲਈ ਬਜਟ ਵਿੱਚ 20% ਦਾ ਵਾਧਾ

## ਬਾਰਡਰ ਖੇਤਰਾਂ ’ਚ ਖੁੱਲ੍ਹਣਗੇ ਨਵੇਂ ਸਕੂਲ: ਡਾ. ਇੰਦਰਬੀਰ ਸਿੰਘ ਨਿੱਜਰ

ਅੰਮ੍ਰਿਤਸਰ: ਚੀਫ਼ ਖ਼ਾਲਸਾ ਦੀਵਾਨ (CKD) ਵੱਲੋਂ ਸਾਲ 2026-27 ਲਈ ਆਪਣਾ ਸਾਲਾਨਾ ਬਜਟ ਪੇਸ਼ ਕੀਤਾ ਗਿਆ ਹੈ। ਇਸ ਮੌਕੇ ਦੀਵਾਨ ਦੇ ਪ੍ਰਧਾਨ ਡਾ. ਇੰਦਰਬੀਰ ਸਿੰਘ ਨਿੱਜਰ ਨੇ ਖੁਸ਼ੀ ਜ਼ਾਹਰ ਕਰਦਿਆਂ ਦੱਸਿਆ ਕਿ ਇਸ ਵਾਰ ਬਜਟ ਵਿੱਚ 20 ਫੀਸਦੀ ਤੋਂ ਵਧੇਰੇ ਦਾ ਵਾਧਾ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਦੀਵਾਨ ਦਾ ਮੁੱਖ ਮਕਸਦ ਬੱਚਿਆਂ ਨੂੰ ਉੱਚ ਪੱਧਰੀ ਸਿੱਖਿਆ ਪ੍ਰਦਾਨ ਕਰਨਾ ਅਤੇ ਉਨ੍ਹਾਂ ਨੂੰ ਸਿੱਖੀ ਵਿਰਸੇ ਨਾਲ ਜੋੜਨਾ ਹੈ। ਡਾ. ਨਿੱਜਰ ਨੇ ਦੱਸਿਆ ਕਿ ਬਜਟ ਵਿੱਚ ਵਿਦਿਆਰਥੀਆਂ ਦੀ ਪੜ੍ਹਾਈ ਦੇ ਮਿਆਰ ਨੂੰ ਉੱਚਾ ਚੁੱਕਣ ਲਈ ਵਿਸ਼ੇਸ਼ ਪ੍ਰਬੰਧ ਕੀਤੇ ਗਏ ਹਨ, ਜਿਸ ਵਿੱਚ ਵਧੀਆ ਦਰਜੇ ਦੀਆਂ ਕਿਤਾਬਾਂ, ਵਰਦੀਆਂ ਅਤੇ ਅਧਿਆਪਕਾਂ ਦੀ ਟਰੇਨਿੰਗ ’ਤੇ ਖ਼ਾਸ ਧਿਆਨ ਦਿੱਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਅਧਿਆਪਕਾਂ ਦੇ ਗ੍ਰੇਡ ਰਿਵਾਈਜ਼ ਕੀਤੇ ਗਏ ਹਨ, ਜਿਸ ਕਾਰਨ ਸੰਸਥਾ ਦੀ ਸਾਖ ਵਧੀ ਹੈ। ਇਸ ਦਾ ਅੰਦਾਜ਼ਾ ਇਸ ਗੱਲ ਤੋਂ ਲਗਾਇਆ ਜਾ ਸਕਦਾ ਹੈ ਕਿ ਮਹਿਜ਼ 20 ਖਾਲੀ ਅਸਾਮੀਆਂ ਲਈ 200 ਤੋਂ ਵੱਧ ਯੋਗ ਅਧਿਆਪਕਾਂ ਨੇ ਅਪਲਾਈ ਕੀਤਾ ਹੈ। ਦੀਵਾਨ ਵੱਲੋਂ ਬਾਰਡਰ ਏਰੀਆ ਅਤੇ ਹੋਰ ਪਛੜੇ ਇਲਾਕਿਆਂ ਵਿੱਚ ਸ੍ਰੀ ਗੁਰੂ ਹਰਕ੍ਰਿਸ਼ਨ ਜੀ ਦੇ ਨਾਮ ’ਤੇ ਨਵੇਂ ਛੋਟੇ ਸਕੂਲ ਖੋਲ੍ਹਣ ਦੀ ਯੋਜਨਾ ਬਣਾਈ ਗਈ ਹੈ। ਡਾ. ਨਿੱਜਰ ਅਨੁਸਾਰ, ਪਹਿਲਾਂ ਛੋਟੇ ਪੱਧਰ ’ਤੇ ਸਕੂਲ, ਗੁਰਦੁਆਰਾ ਸਾਹਿਬ ਅਤੇ ਨਿਸ਼ਾਨ ਸਾਹਿਬ ਸਥਾਪਿਤ ਕੀਤੇ ਜਾਣਗੇ, ਜਿਨ੍ਹਾਂ ਨੂੰ ਬਾਅਦ ਵਿੱਚ ਵੱਡਾ ਰੂਪ ਦਿੱਤਾ ਜਾਵੇਗਾ। ਇਸ ਲਈ ਕਈ ਥਾਵਾਂ ’ਤੇ ਜ਼ਮੀਨਾਂ ਦਾਨ ਵਿੱਚ ਮਿਲ ਰਹੀਆਂ ਹਨ ਅਤੇ ਕੁਝ ਦੀਵਾਨ ਵੱਲੋਂ ਖ਼ਰੀਦੀਆਂ ਜਾਣਗੀਆਂ। ਵਿਦਿਆਰਥੀਆਂ ਦੇ ਸਰਵਪੱਖੀ ਵਿਕਾਸ ਲਈ ਖੇਡਾਂ ਦੇ ਬਜਟ ਵਿੱਚ ਵੀ ਵਾਧਾ ਕੀਤਾ ਗਿਆ ਹੈ। ਰਣਜੀਤ ਐਵੇਨਿਊ ਸਥਿਤ ਸਕੂਲ ਵਿੱਚ ‘ਪਿਕਲ ਬਾਲ’, ਬਾਸਕਟਬਾਲ ਕੋਰਟ ਅਤੇ ਟੈਨਿਸ ਲਈ ਨਵਾਂ ‘ਕਲੇਅ ਕੋਰਟ’ ਤਿਆਰ ਕੀਤਾ ਜਾ ਰਿਹਾ ਹੈ। ਹਰ ਸਕੂਲ ਦੀ ਲੋੜ ਮੁਤਾਬਕ ਖੇਡ ਮੈਦਾਨਾਂ ਨੂੰ ਅਪਗ੍ਰੇਡ ਕੀਤਾ ਜਾ ਰਿਹਾ ਹੈ। ਇਸ ਦੇ ਨਾਲ ਹੀ ਧਰਮ ਪ੍ਰਚਾਰ ਲਈ ਵੀ ਇਕ ਵੱਡਾ ਫੰਡ ਰਾਖਵਾਂ ਰੱਖਿਆ ਗਿਆ ਹੈ ਤਾਂ ਜੋ ਨਵੀਂ ਪੀੜ੍ਹੀ ਨੂੰ ਆਪਣੇ ਮਾਣਮੱਤੇ ਇਤਿਹਾਸ ਦੀ ਜਾਣਕਾਰੀ ਮਿਲ ਸਕੇ।



# ਸਾਬਕਾ ਮੰਤਰੀ ਲਾਲਜੀਤ ਸਿੰਘ ਭੁੱਲਰ ਨੂੰ ਅਦਾਲਤ ਨੇ 14 ਦਿਨ ਲਈ ਨਿਆਂਇਕ ਹਿਰਾਸਤ ’ਚ ਭੇਜਿਆ

ਅੰਮ੍ਰਿਤਸਰ : ਤਿੰਨ ਦਾ ਰਿਮਾਂਡ ਖਤਮ ਹੋਣ ਤੋਂ ਬਾਅਦ ਅੱਜ ਸਾਬਕਾ ਮੰਤਰੀ ਲਾਲਜੀਤ ਸਿੰਘ ਭੁੱਲਰ ਨੂੰ ਮੁੜ ਅਦਾਲਤ ’ਚ ਪੇਸ਼ ਕੀਤਾ ਗਿਆ ਜਿਥੇ ਅਦਾਲਤ ਵਲੋਂ ਉਨ੍ਹਾਂ ਨੂੰ 14 ਦਿਨ ਲਈ ਨਿਆਂਇਕ ਹਿਰਾਸਤ ’ਚ ਭੇਜ ਦਿੱਤਾ ਗਿਆ ਹੈ। ਜ਼ਿਕਰਯੋਗ ਹੈ ਕਿ ਡੀ.ਐੱਮ. ਗਗਨਦੀਪ ਸਿੰਘ ਰੰਧਾਵਾ ਦੀ ਕਥਿਤ ਤੌਰ ਉੱਤੇ ਖੁਦਕੁਸ਼ੀ ਦੇ ਮਾਮਲੇ ਵਿਚ ਕਾਰਵਾਈ ਕਰਦਿਆਂ ਪੁਲਿਸ ਨੇ ਸਾਬਕਾ ਟਰਾਂਸਪੋਰਟ ਮੰਤਰੀ ਲਾਲਜੀਤ ਸਿੰਘ ਭੁੱਲਰ ਨੂੰ ਗ੍ਰਿਫ਼ਤਾਰ ਕੀਤਾ ਸੀ । ਇਸ ਮਾਮਲੇ ਵਿਚ ਪੁਲਿਸ ਐੱਫ.ਆਈ.ਆਰ. ਵਿਚ ਮੁੱਖ ਮੁਲਜ਼ਮ ਵਜੋਂ ਸਾਬਕਾ ਟਰਾਂਸਪੋਰਟ ਮੰਤਰੀ ਲਾਲਜੀਤ ਸਿੰਘ ਭੁੱਲਰ, ਉਨ੍ਹਾਂ ਦੇ ਪਿਤਾ ਸੁਖਦੇਵ ਸਿੰਘ ਭੁੱਲਰ ਅਤੇ ਪੀਏ ਦਿਲਬਾਗ ਸਿੰਘ ਨੂੰ ਨਾਮਜ਼ਦ ਕੀਤਾ ਗਿਆ ਸੀ।



# ਬਣਿਆਂ ਸਬੱਬ ਬਬਰਾਂ ਦੀ ਯਾਦ ਦਾ !






ਸਵਰਗੀ ਬੁੱਧ ਸਿੰਘ ਢਾਹਾਂ ਅਤੇ ਕਾਜ਼ਮ ਪੁਰ (ਜ਼ਿਲ੍ਹਾ ਨਵਾਂਸ਼ਹਿਰ) ਵਿਚ ‘ਬਬਰਾਂ ਦੇ ਝਿੜੇ’ ਵਾਲੀ ਥਾਂਹ ਬਬਰ ਪ੍ਰਵਾਰ ਦੀ ਕੋਠੀ।

ਲੰਘੀ 22 ਮਾਰਚ ਵਾਲੇ ਦਿਨ ਜਲੰਧਰੋਂ ਛਪਦੀ ਇਕ ਅਖਬਾਰ ਵਿੱਚ ਬਬਰ ਅਕਾਲੀਆਂ ਦੇ ਪਿੰਡਾਂ ਥਾਵਾਂ ਬਾਰੇ ਛਪਿਆ ਲੇਖ ਪੜ੍ਹ ਰਿਹਾ ਸਾਂ।ਛੇ ਦਹਾਕਿਆਂ ਤੋਂ ਕੁੱਝ ਸਾਲ ਹੋਰ ਵੱਧ ਜ਼ਿੰਦਗੀ ਮੈਂ ਬਿਸਤ ਦੁਆਬ ਇਲਾਕੇ ਵਿਚ ਬਿਤਾਈ ਹੈ। ਇਲਾਕੇ ਵਿੱਚ ਘੁੰਮਦਿਆਂ ਫਿਰਦਿਆਂ ਬਬਰ ਅਕਾਲੀਆਂ ਦੇ ਕਿੱਸੇ ਪਿੰਡਾਂ ਦੀਆਂ ਸੱਥਾਂ ਵਿਚ ਵੀ ਬਹੁਤ ਸੁਣੇ ਅਤੇ ਮਗਰੋਂ ਕਿਤਾਬਾਂ ਪੜ੍ਹਨ ਸਦਕਾ ਬਬਰ ਅਕਾਲੀ ਸਾਹਿਤ ਪ੍ਰਤੀ ਮੇਰਾ ਬਹੁਤ ਝੁਕਾਅ ਰਿਹਾ ਹੈ। ਉਕਤ ਲੇਖ ਵਿੱਚ ਆਪਣੇ ਲਾਗਲੇ ਪਿੰਡ ਦੌਲਤ ਪੁਰ ਤੋਂ ਬਬਰ ਕਰਮ ਸਿੰਘ ਐਡੀਟਰ ਦੇ ਗੁਆਂਢੀ ਪਿੰਡ ਭਕੜੁੱਦੀ (ਹੁਣ ਕਿਸ਼ਨਪੁਰ) ਨੂੰ ਤਿੰਨ ਜਗਾਹ ਗਲ਼ਤ ‘ਫਕਰੂੰਦੀ ਤੇ ਭਕਰੂੰਦੀ’ ਅਤੇ ਮਾਹਲ ਗਹਿਲਾਂ ਨੂੰ ‘ਮਾਹਲਾਂ ਗਹਿਲਾਂ’ ਲਿਖਿਆ ਦੇਖਿਆ। ਇਹ ਤਾਂ ਸ਼ਾਇਦ ਲੇਖ ਦੇ ਲੇਖਕ ਵਲੋਂ ਕਿਸੇ ਅੰਗਰੇਜ਼ੀ ਕਿਤਾਬ ਵਿਚੋਂ ਪੜ੍ਹਕੇ ਲਿਖਣ ਕਾਰਨ ਅਜਿਹਾ ਹੋਇਆ ਹੋਵੇਗਾ। ਇੰਜ ਹੀ ਬਬਰਾਂ ਦੇ ਸੰਗੀ ਸਾਥੀ ਰਹੇ ਜਥੇਦਾਰ ਸੰਸਾਰ ਸਿੰਘ (ਜਿਨ੍ਹਾਂ ਦੇ ਮੈਂ ਕਾਫੀ ਬਿਰਧ ਅਵਸਥਾ ਵਿਚ ਦਰਸ਼ਨ ਕੀਤੇ ਹੋਏ ਹਨ) ਦੇ ਪਿੰਡ ਮਜਾਰਾ ਕਲਾਂ ਨੂੰ ਵੀ ‘ਮੁਜਾਰਾ ਕਲਾਂ’ ਲਿਖਿਆ ਗਿਆ ਹੈ।

ਉਸ ਅਖਬਾਰ ਨੂੰ ਦਰੁਸਤੀ ਵਾਸਤੇ ਖਤ ਲਿਖਣ ਤੋਂ ਬਾਅਦ ਮੇਰੇ ਜ਼ਿਹਨ ਵਿੱਚ ਬਬਰ ਸੂਰਮਿਆਂ ਬਾਰੇ ਇਹ ਵਿਚਾਰ-ਲੜੀ ਚੱਲ ਪਈ-

ਬਬਰ ਕਰਮ ਸਿੰਘ ਦੇ ਪਿੰਡ ਦੌਲਤ ਪੁਰ ਵਿੱਚੋਂ ਲੰਘ ਕੇ ਜਦੋਂ ਅਸੀਂ ਗੜ੍ਹਸ਼ੰਕਰ ਵੱਲ ਵਾਕਿਆ ਆਪਣੇ ਨਾਨਕੇ ਪਿੰਡ ਧਮਾਈ ਨੂੰ ਜਾਂਦੇ ਹੁੰਦੇ ਸਾਂ ਤਦ ਰਾਹ ਵਿਚ ਹਿਆਤ ਪੁਰ ਰੁੜਕੀ ਪਿੰਡ ਨੂੰ ਜਾਂਦੀ ਲਿੰਕ ਰੋਡ ਉੱਤੇ ਸਾਈਨ ਬੋਰਡ ਲੱਗਾ ਹੁੰਦਾ ਸੀ-

‘ਬਬਰ ਧਰਮ ਸਿੰਘ ਮਾਰਗ !’

ਕਈ ਸਾਲ ਤਾਂ ਉਹ ਸਾਈਨ ਬੋਰਡ ਗੜ੍ਹਸ਼ੰਕਰ-ਬਲਾਚੌਰ ਰੋਡ ਉੱਤੇ ਲੱਗਾ ਹੋਇਆ ਅਸੀਂ ਦੇਖਦੇ ਰਹੇ ਹਾਂ ਪਰ ਲੰਮੇਂ ਅਰਸੇ ਤੋਂ ਹਿਆਤ ਪੁਰ ਰੁੜਕੀ ਦੇ ਬਬਰ ਧਰਮ ਸਿੰਘ ਦੇਸ ਭਗਤ ਦਾ ਨਾਮ ਕਿਤੇ ਨਹੀਂ ਦਿਸਿਆ।

ਇਸ ਲੇਖ ਵਿੱਚ ਬਬਰ ਅਕਾਲੀਆਂ ਦੇ ‘ਉਡਾਰੂ ਪ੍ਰੈੱਸ’ ਸਾਈਕਲੋਸਟਾਈਲ ਮਸ਼ੀਨ ਬਾਰੇ ਵੀ ਦੱਸਿਆ ਗਿਆ ਹੈ ਕਿ ਬਬਰਾਂ ਦੇ ਅੰਡਰਗ੍ਰਾਊਂਡ ਰਹਿਣ ਕਰਕੇ ਉਸ ਮਸ਼ੀਨ ਨੂੰ ਏਧਰ-ਓਧਰ ਲਿਜਾਣ ਲਈ ਕੋਈ ਤਕੜੇ ਜੁੱਸੇ ਵਾਲਾ ਸੱਜਣ ਹੀ ਚੁੱਕ ਸਕਦਾ ਸੀ! ਬਬਰ ਅਕਾਲੀਆਂ ਦੀਆਂ ਜੁਝਾਰੂ ਸਰਗਰਮੀਆਂ ਦੇ ਕਈ ਕਿੱਸੇ ਮੈਂ ਸਵਰਗੀ ਬੁੱਧ ਸਿੰਘ ਢਾਹਾਂ ਮੂੰਹੋਂ ਵੀ ਸੁਣੇ ਹੋਏ ਹਨ। ਉਹ ਇਸ ਮਸ਼ੀਨ ਬਾਰੇ ਇੱਕ ਵਾਕਿਆ ਸੁਣਾਉਂਦਿਆਂ ਦੱਸਿਆ ਕਿ ਜਦੋਂ ਇਕ ਵਾਰ ਬੰਗੇ ਲਾਗੇ ਸੂੰਢ ਪਿੰਡ ਦੇ ਅੰਗਰੇਜ਼ ਪ੍ਰਸਤ ਲੋਕ ਇਕ ਸ਼ਾਮ ਬਬਰਾਂ ਦੇ ਜਥੇ ਮਗਰ ਪੈ ਗਏ ਤਾਂ ਸਾਈਕਲੋਸਟਾਈਲ ਮਸ਼ੀਨ ਮੋਢਿਆਂ ਉੱਤੇ ਚੁੱਕਣੀ ਪੈ ਗਈ ਸਿਹਤ ਪੱਖੋਂ ਜ਼ਰਾ ਲਿੱਸੇ ਦਲੀਪ ਸਿੰਘ ਗੋਸਲ ਨੂੰ! ਮੱਕੀਆਂ ਕਮਾਦਾਂ ਵਿੱਚੀਂ ਵੱਟ-ਬੰਨਿਆਂ ਉੱਤੋਂ ਭੱਜਦਿਆਂ ਗੋਸਲ ਸਾਹਿਬ ਦੀ ਪਿੱਠ ਅਤੇ ਮੋਢੇ ਛਿੱਲੇ ਗਏ।ਰਾਤੋ ਰਾਤ ਕਿਸੇ ਟਿਕਾਣੇ ’ਤੇ ਪਹੁੰਚ ਕੇ ਗੋਸਲ ਸਾਹਬ ਆਪਣੇ ਬਬਰ ਸਾਥੀਆਂ ਨੂੰ ਹੱਸਦਿਆਂ ਕਹਿੰਦੇ-

‘...ਆਹ ਛਾਪੇ-ਖਾਨੇ ਨੇ ਤਾਂ ਅੱਜ ਮੇਰੇ ਮੋਢਿਆਂ ’ਤੇ ਹੀ ਖਬਰਾਂ ਇਸ਼ਤਿਹਾਰ ਛਾਪ ਦਿੱਤੇ ਆ ਭਰਾਵੋ!’

ਸੰਨ 67-68 ਵਿਚ ਜਦ ਮੈਂ ਹੋਸ਼ ਸੰਭਾਲੀ ਤਾਂ ਮੇਰਾ ਸਿੰਘ ਸਭੀਆ ਬਾਪ ਮੈਨੂੰ ਸਾਈਕਲ ’ਤੇ ਬਿਠਾ ਕੇ ਨੇੜੇ-ਤੇੜੇ ਦੇ ਇਤਿਹਾਸਕ ਪਿੰਡਾਂ ਥਾਵਾਂ ਤੋਂ ਇਲਾਵਾ ਕਈ ਬਜ਼ੁਰਗਾਂ ਦੀ ਸੰਗਤ ਵਿਚ

ਤਰਲੋਚਨ ਸਿੰਘ ਦੁਪਾਲ ਪੁਰ
tsdupalpuri@yahoo.com
001-408-905-5517



ਵੀ ਲਿਜਾਂਦਾ ਰਹਿੰਦਾ ਸੀ। ਸਾਡੇ ਪਿੰਡ ਦੁਪਾਲ ਪੁਰ ਤੋਂ ਲਹਿੰਦੇ ਪਾਸੇ ਕਾਜ਼ਮ ਪੁਰ ਪਿੰਡ ਦੀ ਗੁੱਠ ਵਿਚ ਵਾਕਿਆ ਇਕ ਘਰ ਹੁੰਦਾ ਸੀ। ਖਜੂਰਾਂ, ਫਲਾਹੀਆਂ, ਜੰਗਲੀ ਕਿੱਕਰਾਂ ਅਤੇ ਸਰਵਹਾੜ ਆਦਿ ਦੇ ਸੰਘਣੇ ਝਾੜ-ਝੁੰਡੇ ਵਿਚ ਘਿਰਿਆ ਹੋਣ ਕਰਕੇ ਇਲਾਕੇ ਵਿਚ ਉਹ ਘਰ ‘ਬਬਰਾਂ ਦੇ ਝਿੜੇ’ ਵਜੋਂ ਮਸ਼ਹੂਰ ਹੁੰਦਾ ਸੀ। ਆਪਣੇ ਬਾਪ ਨਾਲ ਉਦੋਂ ਕਾਜ਼ਮ ਪੁਰ ਗਏ ਹੋਏ ਨੇ ਮੈਂ ਉਸ ਝਿੜੇ ਵਿਚ ਰਹਿ ਰਹੇ ਇਕ ਬਜ਼ੁਰਗ ਦੇ ਦਰਸ਼ਨ ਕੀਤੇ ਹੋਏ ਨੇ। ਆਪਣਾ ਆਖਰੀ ਸਮਾਂ ਮੰਜੇ ਉੱਤੇ ਬਿਤਾ ਰਹੇ ਬਬਰਾਂ ਦੇ ਸਾਥੀ ਰਹੇ ਉਸ ਬਜ਼ੁਰਗ ਦਾ ਪ੍ਰਭਾਵਸ਼ਾਲੀ ਚਿਹਨ-ਚਕਰ ਮੇਰੇ ਮਨ-ਮਸ਼ਤਿਕ ਵਿਚ ਗੂੜ੍ਹਾ ਉਕਰਿਆ ਹੋਇਆ ਹੈ। ਉਨ੍ਹਾਂ ਵਲੋਂ ਭਾਈਆ ਜੀ ਨਾਲ ਕੀਤੀਆਂ ਗੱਲਾਂ ਦੇ ਕੁੱਝ ਬੋਲ ਹਾਲੇ ਵੀ ਮੈਨੂੰ ਧੁੰਦਲੇ ਧੁੰਦਲੇ ਯਾਦ ਹਨ-

‘...ਉੱਧਰੋਂ ਪੁਲੀਸ ਦੀਆਂ ਡਾਂਗਾਂ ਨਾਲ ਜਖਮੀਂ ਤੇ ਨਿਢਾਲ ਹੋਏ ਸਿੰਘ ਆਉਂਦੇ ਦੇਖ ਕੇ ਸਾਡਾ ਜਥੇਦਾਰ ਕਹਿੰਦਾ-ਉਏ ਮੁੰਡਿਉ ਦੇਖ ਲਉ ਅੱਗੇ ਆਹ ਹਾਲ ਕਰਨਾਂ ਐਂ ਸਾਡਾ ਗੋਰੀ ਪੁਲੀਸ ਨੇ..ਜੇ ਪਿੱਛੇ ਮੁੜਨਾਂ ਤਾਂ ਹੁਣੇ ਮੁੜਜੋ..!

...ਲਉ ਗਿਆਨੀ ਜੀ ਸਿੰਘਾਂ ਦੀਆਂ ਪਿੱਠਾਂ ‘ਚੋਂ ਖ਼ੂਨ ਚੋਂਦਾ ਦੇਖ ਕੇ ਸਾਨੂੰ ਚੜ੍ਹ ਗਈਆਂ ਲਾਲੀਆਂ.. ਅਸੀਂ ਵੀ ਅੱਗੇ ਜਾ ਕੇ ਗੋਰਿਆਂ ਦਾ ਘੋਰ ਜ਼ੁਲਮ ਸਹਾਰਿਆ..!

ਬਬਰ ਸੂਰਮਿਆਂ ਦੇ ਇਤਹਾਸ ਦੀਆਂ ਲਿਖਤਾਂ ਵਿਚ ‘ਬਬਰਾਂ ਦੇ ਝਿੜੇ’ ਵਾਲੇ ਇਸ ਪਿੰਡ ਕਾਜ਼ਮ ਪੁਰ ਦਾ ਜ਼ਿਕਰ ਹੋਣੋ ਪਤਾ ਨਹੀਂ ਕਿਵੇਂ ਰਹਿ ਗਿਆ ਹੋਵੇਗਾ?

ਬਬਰ ਅਕਾਲੀਆਂ ਬਾਰੇ ਹੀ ਇਕ ਗੱਲ ਹੋਰ-ਜਦੋਂ ਆਮ ਘਰਾਂ ਵਿਚ

ਰੇਡੀਉ (ਟਰਾਂਜ਼ਿਸਟਰ) ਆ ਗਏ ਉਦੋਂ ਅਕਾਸ਼ਵਾਣੀ ਜਲੰਧਰ ਦੇ ਦਿਹਾਤੀ ਪ੍ਰੋਗਰਾਮ ਵਿੱਚ ਇਕ ਵਾਰ ਅਸੀਂ ਕਿਸੇ ਬਜ਼ੁਰਗ ਅਜ਼ਾਦੀ ਘੁਲਾਟੀਏ ਦੀ ਇੰਟਰਵਿਊ ਸੁਣ ਰਹੇ ਸਾਂ। ਸਵਾਲ ਕਰਤਾ ਨੇ ਉਨ੍ਹਾਂ ਨੂੰ ਪੁੱਛਿਆ ਕਿ ਦੁਆਬੇ ਦੇ ਬਬਰ ਰਤਨ ਸਿੰਘ ਰੱਕੜ ਦੀ ਸੂਰਮਗਤੀ ਦੇ ਕਿੱਸੇ ਵੀ ਬੜੇ ਮਸ਼ਹੂਰ ਹਨ। ਕੀ ਤੁਸੀਂ ਜੰਗੇ ਅਜ਼ਾਦੀ ਦੌਰਾਨ ਕਦੇ ਰੱਕੜ ਸਾਹਬ ਦੇ ਵੀ ਦਰਸ਼ਨ ਕੀਤੇ?

ਸੁਤੰਤਰਤਾ ਸੈਨਾਨੀ ਬਜ਼ੁਰਗ ਕਹਿੰਦੇ ਕਿ ਮੈਨੂੰ ਰੱਕੜ ਹੁਣਾ ਦੇ ਦਰਸ਼ਨ ਤਾਂ ਨਹੀਂ ਹੋਏ ਪਰ ਉਨ੍ਹਾਂ ਦੀ ਬਬਰ ਸ਼ੇਰ ਵਰਗੀ ਗਰਜਵੀਂ ਅਵਾਜ਼ ਅੱਜ ਵੀ ਮੇਰੇ ਕੰਨਾਂ ‘ਚ ਗੂੰਜਦੀ ਹੈ! ਵਿਸਥਾਰ ਨਾਲ ਗੱਲ ਦੱਸਦਿਆਂ ਉਹ ਅਜ਼ਾਦੀ ਘੁਲਾਟੀਏ ਬਜ਼ੁਰਗ ਕਹਿੰਦੇ-

‘ਇਕ ਗੱਦਾਰ ਦੀ ਗੱਦਾਰੀ ਕਾਰਨ ਮੈਂ ਜੇਲ੍ਹ ਵਿਚ ਬੰਦ ਸਾਂ। ਮੇਰੀ ਬੈਰਕ ਵਿਚ ਰੋਟੀ ਦੇਣ ਆਉਂਦੇ ਇਕ ਪੁਲਸੀਏ ਨੇ ਰੋਟੀ ਫੜਾ ਕੇ ਮੈਨੂੰ ਭੱਦੀ ਜਿਹੀ ਟਿੱਚਰ ਕੀਤੀ ਅਖੇ ਲੈ ‘ਚੂਰੀ’ ਖਾ ਲੈ ਸੂਰਮਿਆਂ!

ਮੈਂ ਤਾਂ ਹਾਲੇ ਕੁੱਝ ਨਾ ਬੋਲਿਆ ਪਰ ਮੇਰੇ ਨਾਲ ਦੀ ਬੈਰਕ ਵਿਚੋਂ ਸ਼ੇਰ ਦੇ ਦਹਾੜਨ ਵਰਗੀ ਅਵਾਜ਼ ਗੂੰਜੀ-

“ਆਹ ਕਿਹੜਾ ਹਰਾਮੀ ਆਪਣੀ ਮੌਤ ਨੂੰ ‘ਵਾਜਾਂ ਮਾਰਦਾ ਐ ਉਏ? ਸਾਡੇ ਦੇਸ ਭਗਤ ਨੂੰ ਟਿੱਚਰ ਕਰਕੇ ਮਰਨਾਂ ਐਂ ਤੂੰ?

ਬਜ਼ੁਰਗ ਕਹਿੰਦਾ ਕਿ ਨਾਲ ਦੀ ਬੈਰਕ ‘ਚੋਂ ਗਰਜ਼ ਸੁਣਕੇ ਪੁਲਸੀਏ ਦੀਆਂ ਲੱਤਾਂ ਕੰਬਣ ਲੱਗ ਪਈਆਂ ਸਨ, ਨਾਲੇ ਉਹ ਮਾਫੀ ਮੰਗਣ ਵਾਲੀ ਟੋਨ੍ਹ ’ਚ ਬੋਲਿਆ-

“ਜੀ ਰੱਕੜ ਸਾਬ੍ਹ..ਰੱਕੜ ਸਾਬ੍ਹ, ਮ.ਮਮੈਂ ਤਾਂ ਕੁਛ ਨੀ ਕਿਹਾ ਜੀ ਸਰਦਾਰ ਜੀ ਨੂੰ!

ਬਬਰ ਰਤਨ ਸਿੰਘ ਰੱਕੜ ਵੀ ਸਾਡੇ ਇਲਾਕੇ ਚੋਂ ਗੁਜ਼ਰਦੀ ਬਿਸਤ ਦੁਆਬ ਨਹਿਰ ਕੰਢੇ ਸਥਿੱਤ ਪਿੰਡ ਰੱਕੜ ਬੇਟ ਤੋਂ ਸਨ। ਜਿਨ੍ਹਾਂ ਦੀ ਸੂਰਮਗਤੀ ਦੇ ਦਿਲਚਸਪ ਕਿੱਸੇ ਇਲਾਕੇ ਦੀਆਂ ਪੇਂਡੂ ਸੱਥਾਂ ਵਿੱਚ ਅਕਬਰ-ਬੀਰਬਲ ਦੀਆਂ ਕਥਾਵਾਂ ਵਾਂਗ ਸੁਣੇ-ਸੁਣਾਏ ਜਾਂਦੇ ਸਨ!

‘ਦਾਤਾ ਤੇ ਭਗਤ ਸੂਰਮੇਂ
ਤਿੰਨੇ ਜੱਗ ਜਿਊਂਦੇ ਨੇ !’

# ਸੋਸ਼ਲ ਮੀਡੀਆ ਕੰਪਨੀਆਂ ਨੂੰ ਪੰਜ ਕਰੋੜ ਜੁਰਮਾਨੇ ਦੇ ਚਿਤਾਵਨੀ ਨੋਟਿਸ

## ਆਸਟਰੇਲੀਆ ’ਚ 16 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਦੇ ਸੋਸ਼ਲ ਮੀਡੀਆ ਅਕਾਊਂਟ ਬਣਾਉਣ ਦਾ ਮਾਮਲਾ

ਸਿਡਨੀ : ਆਸਟਰੇਲੀਆ ਦੇ ਈ-ਸੇਫਟੀ ਕਮਿਸ਼ਨਰ ਨੇ ਸੋਸ਼ਲ ਮੀਡੀਆ ਪਲੈਟਫਾਰਮਾਂ ਖ਼ ?ਲਾਫ਼ ਕਾਰਵਾਈ ਕਰਦਿਆਂ ਉਨ੍ਹਾਂ ਨੂੰ ਪੰਜ ਕਰੋੜ ਡਾਲਰ ਤੱਕ ਦੇ ਜੁਰਮਾਨੇ ਦੇ ਚਿਤਾਵਨੀ ਨੋਟਿਸ ਦਿੱਤੇ ਹਨ। ਆਸਟਰੇਲੀਆ ਨੇ ਦਸੰਬਰ 2025 ਵਿੱਚ ਕਾਨੂੰਨ ਲਾਗੂ ਕੀਤਾ ਸੀ, ਜਿਸ ਤਹਿਤ 16 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਦੇ ਸੋਸ਼ਲ ਮੀਡੀਆ ਅਕਾਊਂਟ ਬਣਾਉਣ ਤੋਂ ਰੋਕਿਆ ਗਿਆ ਹੈ। ਇਸ ਕਾਨੂੰਨ ਮੁਤਾਬਕ ਸੋਸ਼ਲ ਮੀਡੀਆ ਅਕਾਊਂਟ ਨਾ ਬਣਾਉਣ ਦੀ ਜ਼ਿੰਮੇਵਾਰੀ ਮਾਪਿਆਂ ਜਾਂ ਬੱਚਿਆਂ ਦੀ ਨਹੀਂ ਸਗੋਂ ਸੋਸ਼ਲ ਮੀਡੀਆ ਪਲੈਟਫਾਰਮਾਂ ਦੀ ਹੈ ਕਿ ਉਹ ਉਮਰ ਦੀ ਪੱਕੀ ਜਾਂਚ ਕਰ ਕੇ ਬੱਚਿਆਂ ਨੂੰ ਪਲੈਟਫਾਰਮ




ਤੋਂ ਦੂਰ ਰੱਖਣ, ਜੇ ਉਹ ਅਸਫਲ ਰਹਿੰਦੇ ਹਨ ਤਾਂ ਉਨ੍ਹਾਂ ਨੂੰ ਜੁਰਮਾਨਾ ਭਰਨਾ ਪਵੇਗਾ।

# ਸ਼੍ਰੋਮਣੀ ਕਮੇਟੀ ਦਾ 1487.41 ਕਰੋੜ ਰੁਪਏ ਦਾ ਬਜਟ

## ਬਜਟ ਸੰਗਤ ਦੀਆਂ ਭਾਵਨਾਵਾਂ ਦੀ ਤਰਜਮਾਨੀ ਵਾਲਾ : ਹਰਜਿੰਦਰ ਸਿੰਘ ਧਾਮੀ





ਅੰਮ੍ਰਿਤਸਰ : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨਾਲ ਸੰਬੰਧਿਤ ਗੁਰਦੁਆਰਾ ਸਾਹਿਬਾਨ, ਧਰਮ ਪ੍ਰਚਾਰ ਕਮੇਟੀ, ਵਿਦਿਅਕ ਅਤੇ ਹੋਰ ਅਦਾਰਿਆਂ ਦਾ ਵਿੱਤੀ ਵਰ੍ਹੇ 2026-27 ਲਈ 1487 ਕਰੋੜ 41 ਲੱਖ ਰੁਪਏ ਦਾ ਅਨੁਮਾਨਤ ਬਜਟ ਅੱਜ ਇਥੇ ਤੇਜਾ ਸਿੰਘ ਸਮੁੰਦਰੀ ਹਾਲ ਵਿਚ ਹੋਏ ਜਨਰਲ ਇਜਲਾਸ ਦੌਰਾਨ ਹਾਜ਼ਰ ਕਰੀਬ 85 ਮੈਂਬਰਾਂ ਵਲੋਂ 'ਬੋਲੇ ਸੋ ਨਿਹਾਲ' ਦੇ ਜੈਕਾਰਿਆਂ ਦੀ ਗੂੰਜ 'ਚ ਪਾਸ ਕੀਤਾ ਗਿਆ। ਪਿਛਲੇ ਵਰ੍ਹੇ 1386 ਕਰੋੜ ਦਾ ਬਜਟ ਪਾਸ ਕੀਤਾ ਗਿਆ ਸੀ। ਬਜਟ ਇਜਲਾਸ ਦੀ ਪ੍ਰਧਾਨਗੀ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਕੀਤੀ, ਜਦਕਿ ਜਨਰਲ ਸਕੱਤਰ ਸ਼ੇਰ ਸਿੰਘ ਮੰਡਵਾਲਾ ਨੇ ਆਗਾਮੀ ਵਿੱਤੀ ਵਰ੍ਹੇ ਦਾ ਬਜਟ ਪੇਸ਼ ਕੀਤਾ। ਇਜਲਾਸ ਦੌਰਾਨ ਸ੍ਰੀ ਹਰਿਮੰਦਰ ਸਾਹਿਬ ਦੇ ਕਾਰਜਕਾਰੀ ਮੁੱਖ ਗ੍ਰੰਥੀ ਗਿਆਨੀ ਅਮਰਜੀਤ ਸਿੰਘ, ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਤੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ, ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਟੇਕ ਸਿੰਘ ਧਨੌਲਾ ਸਮੇਤ ਸ਼ੋ ?ਰਮਣੀ ਕਮੇਟੀ ਦੇ ਅਹੁਦੇਦਾਰ ਤੇ ਮੈਂਬਰ ਵਿਸ਼ੇਸ਼ ਤੌਰ 'ਤੇ ਸ਼ਾਮਿਲ ਹੋਏ।

ਧਾਮੀ ਨੇ ਦੱਸਿਆ ਕਿ ਇਸ ਸਾਲ ਪਾਸ ਕੀਤੇ ਗਏ 1487.41 ਕਰੋੜ ਰੁਪਏ ਦੇ ਬਜਟ ਵਿਚ ਪਿਛਲੇ ਸਾਲ ਨਾਲੋਂ 7.28 ਫੀਸਦੀ ਦਾ ਵਾਧਾ ਦਰਜ ਕੀਤਾ ਗਿਆ ਹੈ। ਸ਼ੇਰ ਸਿੰਘ ਮੰਡਵਾਲਾ ਨੇ ਬਜਟ ਪੇਸ਼ ਕਰਦਿਆਂ ਵੱਖ-ਵੱਖ ਵਿਭਾਗਾਂ ਅਤੇ ਅਦਾਰਿਆਂ ਲਈ ਹੋਣ ਵਾਲੀ ਆਮਦਨ ਦੇ ਵੇਰਵੇ ਸਾਂਝੇ ਕੀਤੇ ਅਤੇ ਭਵਿੱਖੀ ਕਾਰਜਾਂ ਲਈ ਰੱਖੀ ਗਈ ਰਾਸ਼ੀ ਦਾ ਖ਼ੁਲਾਸਾ ਕੀਤਾ। ਤਕਰੀਬਨ ਡੇਢ-ਦੋ ਘੰਟੇ ਤੱਕ ਚੱਲੇ ਬਜਟ ਇਜਲਾਸ ਦੌਰਾਨ ਬਜਟ ਨੂੰ ਪ੍ਰਵਾਨਗੀ ਦਿੱਤੀ ਗਈ। ਸ਼੍ਰੋਮਣੀ ਕਮੇਟੀ ਵਲੋਂ ਇਸ ਵਾਰ ਵੀ ਮੀਡੀਆ ਨੂੰ ਬਜਟ ਇਜਲਾਸ ਦੌਰਾਨ ਤੇਜਾ ਸਿੰਘ ਸਮੁੰਦਰੀ ਹਾਲ ਦੇ ਅੰਦਰ ਜਾ ਕੇ ਸਿੱਧਾ ਪ੍ਰਸਾਰਨ ਕਰਨ ਦੀ ਇਜ਼ਾਜ਼ਤ ਨਹੀਂ ਦਿੱਤੀ ਗਈ।

ਇਜਲਾਸ ਤੋਂ ਬਾਅਦ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸ਼੍ਰੋਮਣੀ ਕਮੇਟੀ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਬਜਟ ਸੰਗਤਾਂ ਦੀਆਂ ਭਾਵਨਾਵਾਂ ਦੀ ਤਰਜਮਾਨੀ ਵਾਲਾ ਹੈ ਅਤੇ ਇਸ ਵਿਚ ਸੰਗਤਾਂ ਲਈ ਸਹੂਲਤਾਂ ਦਾ ਖ਼ਾਸ ਧਿਆਨ ਰੱਖਿਆ ਗਿਆ ਹੈ। ਉਨ੍ਹਾਂ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਬਜਟ ਦਾ ਮੁੱਖ ਸਰੋਤ ਸੰਗਤਾਂ ਵਲੋਂ ਭੇਟਾ ਕੀਤੀ ਜਾਂਦੀ ਰਾਸ਼ੀ ਅਤੇ ਦਸਵੰਧ ਹੈ੍ਹ ਉਨ੍ਹਾਂ ਕਿਹਾ ਕਿ ਪਿਛਲੇ ਸਾਲਾਂ ਤੋਂ ਬਜਟ ਦੀ ਅਨੁਮਾਨਿਤ ਰਾਸ਼ੀ 'ਚ ਵਾਧਾ ਦਰਜ ਕੀਤਾ ਜਾ ਰਿਹਾ ਹੈ। ਧਾਮੀ ਨੇ ਕਿਹਾ ਕਿ ਸੰਸਥਾ ਦੇ ਕਾਰਜ ਸੰਗਤ ਦੀ ਭਾਵਨਾ ਅਨੁਸਾਰ ਜਾਰੀ ਰੱਖੇ ਜਾਣਗੇ। ਉਨ੍ਹਾਂ ਨੇ ਕਿਹਾ ਕਿ ਕਈ ਲੋਕਾਂ ਦਾ ਸਵਾਲ ਹੁੰਦਾ ਹੈ ਕਿ ਸ਼੍ਰੋਮਣੀ ਕਮੇਟੀ ਦਾ ਬਜਟ ਪੰਜਾਬ ਸਰਕਾਰ ਦੇ ਬਜਟ ਦੇ ਬਰਾਬਰ ਹੈ, ਜਦਕਿ ਹਕੀਕਤ ਇਹ ਹੈ ਕਿ ਇਹ ਸਰਕਾਰ ਦੇ ਬਜਟ ਦੇ ਮੁਕਾਬਲੇ ਕੇਵਲ 0.9% ਹੀ ਹੈ। ਬਜਟ ਇਜਲਾਸ ਦੀ ਕਾਰਵਾਈ ਮੁੱਖ ਸਕੱਤਰ ਕੁਲਵੰਤ ਸਿੰਘ ਮੰਨਣ ਵਲੋਂ ਸ਼ੁਰੂ ਕੀਤੀ ਗਈ, ਜਦਕਿ ਇਜਲਾਸ ਦੌਰਾਨ ਸ਼੍ਰੋਮਣੀ ਕਮੇਟੀ ਮੈਂਬਰ ਬਾਬਾ ਗੁਰਪ੍ਰੀਤ ਸਿੰਘ ਰੰਧਾਵਾ ਅਤੇ ਅਜਮੇਰ ਸਿੰਘ ਖੇੜਾ ਨੇ ਵੀ ਆਪਣੇ ਵਿਚਾਰ ਰੱਖੇ।

**ਸਿੱਖੀ ਪ੍ਰਚਾਰ ਲਈ ਵਿਦੇਸ਼ਾਂ 'ਚ ਵੀ ਸਥਾਪਿਤ ਕੀਤੇ ਜਾਣਗੇ ਸਿੱਖ ਮਿਸ਼ਨ** : ਇਕ ਸਵਾਲ ਦੇ ਜਵਾਬ ਵਿਚ ਧਾਮੀ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਵਲੋਂ ਆਉਂਦੇ ਸਮੇਂ ਵਿਦੇਸ਼ਾਂ ਵਿਚ ਵੀ ਸਿੱਖ ਮਿਸ਼ਨ ਸਥਾਪਿਤ ਕਰਨ ਬਾਰੇ ਵਿਚਾਰ ਕੀਤਾ ਜਾ ਰਿਹਾ ਹੈ ਤੇ ਇਸ ਸਬੰਧੀ ਅਮਰੀਕਾ ਦੇ ਯੂਬਾ ਸਿਟੀ ਵਿਚ ਸਾਢੇ 14 ਏਕੜ ਜ਼ਮੀਨ ਵੀ ਸ਼੍ਰੋਮਣੀ ਕਮੇਟੀ ਕੋਲ ਹੈ। ਗੁ: ਅੰਬ ਸਾਹਿਬ ਜ਼ਮੀਨ ਘੁਟਾਲੇ ਮਾਮਲੇ ਸਬੰਧੀ ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਵਲੋਂ ਗਠਿਤ ਪੜਤਾਲੀਆ ਕਮੇਟੀ ਸਮੇਤ ਪੁਲਿਸ ਵਲੋਂ ਵੀ ਇਸ ਮਾਮਲੇ ਦੀ ਅਜੇ ਜਾਂਚ ਜਾਰੀ ਹੈ।

**147 ਵਿਚੋਂ ਕੇਵਲ 85 ਮੈਂਬਰ ਹੋਏ ਇਜਲਾਸ 'ਚ ਸ਼ਾਮਿਲ** : ਇਜਲਾਸ ਵਿਚ ਤਿੰਨ ਸਿੰਘ ਸਾਹਿਬਾਨ ਤੋਂ ਇਲਾਵਾ ਹਾਊਸ ਦੇ 147 ਮੈਂਬਰਾਂ ਵਿਚੋਂ ਕੇਵਲ 85 ਮੈਂਬਰ ਹੀ ਹਾਜ਼ਰ ਰਹੇ ਅਤੇ 62 ਮੈਂਬਰ ਗ਼ੈਰ-ਹਾਜ਼ਰ ਰਹੇ, ਜਿਨ੍ਹਾਂ ਵਿਚ ਸ਼੍ਰੋਮਣੀ ਕਮੇਟੀ ਦੇ ਤਿੰਨ ਤਤਕਾਲੀ ਪ੍ਰਧਾਨ ਬੀਬੀ ਜਗੀਰ ਕੌਰ, ਭਾਈ ਗੋਬਿੰਦ ਸਿੰਘ ਲੌਂਗੋਵਾਲ ਤੇ ਪ੍ਰੋ: ਕਿਰਪਾਲ ਸਿੰਘ ਬਡੂੰਗਰ ਵੀ ਸ਼ਾਮਿਲ ਸਨ। ਜ਼ਿਕਰਯੋਗ ਹੈ ਕਿ ਪਿਛਲੇ 15 ਵਰ੍ਹਿਆਂ ਦੌਰਾਨ ਸ਼੍ਰੋਮਣੀ ਕਮੇਟੀ ਦੇ 34 ਮੈਂਬਰ ਅਕਾਲ ਚਲਾਨਾ ਕਰ ਚੁੱਕੇ ਹਨ ਅਤੇ 4 ਮੈਂਬਰ ਅਸਤੀਫ਼ੇ ਦੇ ਚੁੱਕੇ ਹਨ੍ਹ

ਪ੍ਰਧਾਨ ਧਾਮੀ ਤੋਂ ਇਲਾਵਾ ਸੀਨੀਅਰ ਮੀਤ ਪ੍ਰਧਾਨ ਰਘੂਜੀਤ ਸਿੰਘ ਵਿਰਕ, ਜੂਨੀਅਰ ਮੀਤ ਪ੍ਰਧਾਨ ਬਲਦੇਵ ਸਿੰਘ ਕਲਿਆਣ, ਅੰਤਿ ?ਗ ਮੈਂਬਰ ਸੁਰਜੀਤ ਸਿੰਘ ਗੜ੍ਹੀ, ਸੁਰਜੀਤ ਸਿੰਘ ਤੁਗਲਵਾਲ, ਸੁਰਜੀਤ ਸਿੰਘ ਕੰਗ, ਗੁਰਪ੍ਰੀਤ ਸਿੰਘ ਝੱਬਰ, ਦਲਜੀਤ ਸਿੰਘ ਭਿੰਡਰ, ਬਲਦੇਵ ਸਿੰਘ ਕਾਇਮਪੁਰ, ਮੰਗਵਿੰਦਰ ਸਿੰਘ ਖਾਪੜਖੇੜੀ, ਡਾ. ਜੰਗ ਬਹਾਦਰ ਸਿੰਘ ਰਾਏ, ਮਾਸਟਰ ਮਿੱਠੂ ਸਿੰਘ ਕਾਹਨੇਕੇ, ਭਾਈ ਗੁਰਚਰਨ ਸਿੰਘ ਗਰੇਵਾਲ, ਭਾਈ ਰਜਿੰਦਰ ਸਿੰਘ ਮਹਿਤਾ, ਭਾਈ ਅਮਰਜੀਤ ਸਿੰਘ ਚਾਵਲਾ, ਭਾਈ ਗੁਰਬਖਸ਼ ਸਿੰਘ ਖ਼ਾਲਸਾ, ਅਮਰੀਕ ਸਿੰਘ ਜਨੈਤਪੁਰ, ਹਰਪਾਲ ਸਿੰਘ, ਹਰਭਜਨ ਸਿੰਘ ਮਸਾਣਾਂ, ਬਾਬਾ ਗੁਰਮੀਤ ਸਿੰਘ ਤ੍ਰਿਕੇਵਾਲਾ, ਜਗਸੀਰ ਸਿੰਘ ਮਾਗੇਆਣਾ, ਬੀਬੀ ਕਿਰਨਵੀਰ ਕੌਰ, ਕੌਰ ਸਿੰਘ ਬਹਾਵਵਾਲਾ, ਬੀਬੀ ਪਰਮਿੰਦਰ ਕੌਰ, ਪ੍ਰੀਤਮ ਸਿੰਘ ਮਲਸੀਹਾਂ, ਦਰਸ਼ਨ ਸਿੰਘ ਸ਼ੇਰਖਾਂ, ਬਲਵਿੰਦਰ ਸਿੰਘ ਭੰਮਾਂ ਲੰਡਾ, ਸਤਪਾਲ ਸਿੰਘ ਤਲਵੰਡੀ ਭਾਈ, ਗੁਰਮੀਤ ਸਿੰਘ ਬੂਹ, ਸੁਖਜੀਤ ਸਿੰਘ ਲੋਹਗੜ੍ਹ, ਸੁਖਹਰਪ੍ਰੀਤ ਸਿੰਘ ਰੋਡੇ, ਬੀਬੀ ਗੁਰਿੰਦਰ ਕੌਰ ਭੋਲੂਵਾਲਾ, ਫੁੰਮਣ ਸਿੰਘ, ਬੀਬੀ ਜੋਗਿੰਦਰ ਕੌਰ ਰਠੌਰ, ਸੁਰਜੀਤ ਸਿੰਘ ਰਾਏਪੁਰ, ਬਾਬਾ ਬੂਟਾ ਸਿੰਘ, ਬੀਬੀ ਪਰਮਜੀਤ ਕੌਰ, ਬੀਬੀ ਜਸਪਾਲ ਕੌਰ, ਮਲਕੀਤ ਸਿੰਘ ਚੰਗਾਲ, ਪਰਮਜੀਤ ਸਿੰਘ ਖ਼ਾਲਸਾ, ਬਲਦੇਵ ਸਿੰਘ ਚੂੰਘਾ, ਸੰਤ ਬਲਬੀਰ ਸਿੰਘ ਘੁੰਨਸ, ਬੀਬੀ ਸ਼ਰਨਜੀਤ ਕੌਰ, ਭੁਪਿੰਦਰ ਸਿੰਘ ਭਲਵਾਨ, ਹਰਦੇਵ ਸਿੰਘ ਰੋਗਲਾ, ਬੀਬੀ ਮਲਕੀਤ ਕੌਰ ਕਮਾਲਪੁਰ, ਜਰਨੈਲ ਸਿੰਘ ਕਰਤਾਰਪੁਰ, ਜਸਮੇਰ ਸਿੰਘ ਲਾਛੜੂ, ਬਾਬਾ ਗੁਰਪ੍ਰੀਤ ਸਿੰਘ ਰੰਧਾਵਾ, ਅਵਤਾਰ ਸਿੰਘ ਰਿਆ, ਰਘਬੀਰ ਸਿੰਘ ਸਹਾਰਨ ਮਾਜਰਾ, ਹਰਪਾਲ ਸਿੰਘ ਜੱਲਾ, ਗੁਰਪ੍ਰੀਤ ਸਿੰਘ ਗਰਚਾ, ਜਗਜੀਤ ਸਿੰਘ ਤਲਵੰਡੀ, ਕੇਵਲ ਸਿੰਘ ਬਾਦਲ, ਬਲਵਿੰਦਰ ਸਿੰਘ ਬੈਂਸ, ਬੀਬੀ ਰਜਿੰਦਰ ਕੌਰ, ਬੀਬੀ ਹਰਜਿੰਦਰ ਕੌਰ, ਕੁਲਵੀਰ ਸਿੰਘ ਬੜਾ ਪਿੰਡ, ਬੀਬੀ ਦਵਿੰਦਰ ਕੌਰ ਕਾਲੜਾ, ਬੀਬੀ ਗੁਰਮੀਤ ਕੌਰ ਭਟਨੂਰਾ, ਬੀਬੀ ਗੁਰਪ੍ਰੀਤ ਕੌਰ, ਜਰਨੈਲ ਸਿੰਘ ਡੋਗਰਾਂਵਾਲਾ, ਅਮਰਜੀਤ ਸਿੰਘ ਭਲਾਈਪੁਰ, ਬਲਵਿੰਦਰ ਸਿੰਘ ਵੇਂਈਪੂਈਂ, ਗੁਰਬਚਨ ਸਿੰਘ ਕਰਮੂੰਵਾਲਾ, ਖੁਸ਼ਵਿੰਦਰ ਸਿੰਘ ਭਾਟੀਆ, ਬੀਬੀ ਹਰਜਿੰਦਰ ਕੌਰ, ਭਾਈ ਮਨਜੀਤ ਸਿੰਘ ਭੂਰਾਕੋਹਨਾ, ਬਾਵਾ ਸਿੰਘ ਗੁਮਾਨਪੁਰਾ, ਸੁਰਜੀਤ ਸਿੰਘ ਭਿੱਟੇਵੱਡ, ਅਮਰੀਕ ਸਿੰਘ ਵਿਛੋਆ, ਬੀਬੀ ਸਵਰਨ ਕੌਰ ਤੇੜਾ, ਐਡਵੋਕੇਟ ਭਗਵੰਤ ਸਿੰਘ ਸਿਆਲਕਾ, ਗੁਰਿੰਦਰਪਾਲ ਸਿੰਘ ਗੋਰਾ, ਗੁਰਨਾਮ ਸਿੰਘ ਜੱਸਲ, ਬੀਬੀ ਜੋਗਿੰਦਰ ਕੌਰ, ਬੀਬੀ ਜਸਬੀਰ ਕੌਰ ਜੱਫ਼ਰਵਾਲ, ਰਵਿੰਦਰ ਸਿੰਘ ਚੱਕ, ਤਾਰਾ ਸਿੰਘ ਤਲਵੰਡੀ, ਸੁਰਿੰਦਰ ਸਿੰਘ ਠੇਕੇਦਾਰ, ਅਜਮੇਰ ਸਿੰਘ ਖੇੜਾ, ਸੁਖਮੀਤ ਸਿੰਘ ਕਾਦੀਆਂ ਤੋਂ ਇਲਾਵਾ ਓ.ਐਸ.ਡੀ. ਸਤਬੀਰ ਸਿੰਘ, ਸਕੱਤਰ ਬਲਵਿੰਦਰ ਸਿੰਘ ਕਾਹਲਵਾਂ, ਇੰਜੀ: ਸੁਖਮਿੰਦਰ ਸਿੰਘ, ਗੁਰਿੰਦਰ ਸਿੰਘ ਮਥਰੇਵਾਲ, ਨਿੱਜੀ ਸਕੱਤਰ ਸ਼ਾਹਬਾਜ਼ ਸਿੰਘ, ਵਧੀਕ ਸਕੱਤਰ ਬਿਜੈ ਸਿੰਘ, ਮੀਤ ਸਕੱਤਰ ਗੁਰਦਿਆਲ ਸਿੰਘ, ਬਲਵਿੰਦਰ ਸਿੰਘ ਖੈਰਾਬਾਦ, ਗੁਰਨਾਮ ਸਿੰਘ, ਹਰਭਜਨ ਸਿੰਘ ਵਕਤਾ ਤੇ ਕਾਨੂੰਨੀ ਸਲਾਹਕਾਰ ਐਡਵੋਕੇਟ ਅਮਨਬੀਰ ਸਿੰਘ ਸਿਆਲੀ ਆਦਿ ਵੀ ਮੌਜੂਦ ਸਨ।

# ਧਰਮੀ ਲੋਕਾਂ ਦੀ ਸਾਂਝ ਪਕੇਰੀ ਹੋਣ ਲੱਗੀ : ਗਿਆਨੀ ਹਰਪ੍ਰੀਤ ਸਿੰਘ



ਸੰਗਰੂਰ : ਸ਼੍ਰੋਮਣੀ ਅਕਾਲੀ ਦਲ ਪੁਨਰ ਸੁਰਜੀਤ ਦੇ ਪ੍ਰਧਾਨ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦਾ ਇਨਸਾਫ਼ ਨਾ ਮਿਲਣ ਕਰ ਕੇ ਸਿੱਖ ਜਗਤ ਅੰਦਰ ਅਜੇ ਵੀ ਰੋਹ ਜਿਉਂ ਦਾ ਤਿਉਂ ਹੈ। ਸਮੇਂ-ਸਮੇਂ ਬਣੀਆਂ ਸਰਕਾਰਾਂ ਨੇ ਬੇਅਦਬੀ ਮਾਮਲਿਆਂ ਨੂੰ ਗੰਭੀਰਤਾ ਨਾਲ ਨਹੀਂ ਲਿਆ। ਸੰਗਤ ਅੰਦਰ ਇਹ ਰੋਹ ਵੀ ਕਾਇਮ ਹੈ ਕਿ ਬਾਦਲ ਪਰਿਵਾਰ ਨੇ ਸਰਕਾਰ ਹੁੰਦਿਆਂ ਬੇਅਦਬੀ ਦੇ ਦੋਸ਼ੀਆਂ ਦੀ ਖੁੱਲ੍ਹੇਆਮ ਪੁਸ਼ਤਪਨਾਹੀ ਕੀਤੀ ਉਨ੍ਹਾਂ ਇਹ ਦੋਸ਼ ਵੀ ਲਾਏ ਕਿ ਸ਼੍ਰੋਮਣੀ ਕਮੇਟੀ ਦੀਆਂ ਆਮ ਚੋਣਾਂ ਨੂੰ ਲਮਕਾਉਣ ਵਿਚ ਵੀ ਬਾਦਲ ਪਰਿਵਾਰ ਦੀ ਵੱਡੀ ਭੂਮਿਕਾ ਹੈ। ਉਨ੍ਹਾਂ ਸਰਕਾਰਾਂ ਨੂੰ ਸਿੱਖ ਵਿਚਾਰਧਾਰਾ ਦੀਆਂ ਵਿਰੋਧੀ ਦੱਸਦਿਆਂ ਕਿਹਾ ਕਿ ਸਿੱਖ ਵਿਰੋਧੀ ਸ਼ਕਤੀਆਂ ਪੂਰੀਆਂ ਸਰਗਰਮ ਹਨ। ਉਹ ਇੱਥੇ ਸ਼੍ਰੋਮਣੀ ਅਕਾਲੀ ਦਲ ਜ਼ਿਲ੍ਹਾ ਜਥੇਬੰਦੀ ਵਲੋਂ ਡਿਪਟੀ ਕਮਿਸ਼ਨਰ ਦੇ ਦਫ਼ਤਰ ਸਾਹਮਣੇ ਦਿੱਤੇ ਵਿਸ਼ਾਲ ਰੋਸ ਧਰਨੇ ਨੂੰ ਸੰਬੋਧਨ ਕਰ ਰਹੇ ਸਨ। ਉਨ੍ਹਾਂ ਕਿਹਾ ਕਿ ਪਾਰਟੀ ਵਲੋਂ ਦਿੱਤੇ ਜਾ ਰਹੇ ਧਰਨਿਆਂ ਵਿਚ ਸੰਗਤ ਦੇ ਬੇਮਿਸਾਲ ਇਕੱਠਾਂ ਨੇ ਸਾਬਤ ਕਰ ਦਿੱਤਾ ਹੈ ਕਿ ਧਰਮੀ ਲੋਕਾਂ ਦੀ ਸਾਂਝ ਪਕੇਰੀ ਹੁੰਦੀ ਜਾ ਰਹੀ ਹੈ ਤੇ ਸਮੁੱਚਾ ਪੰਥ ਇੱਕ ਦਿਨ ਪੰਥਕ ਸਿਧਾਂਤਾਂ ਤੇ ਪੰਜਾਬ ਦੇ ਭਲੇ ਲਈ ਇੱਕਜੁੱਟਤਾ ਨਾਲ ਅੱਗੇ ਵਧੇਗਾ। ਜਥੇਦਾਰ ਰਾਮਪਾਲ ਸਿੰਘ ਬਹਿਣੀਵਾਲ ਵਲੋਂ ਕੀਤੇ ਮੰਚ ਸੰਚਾਲਨ ਦੌਰਾਨ ਸਾਬਕਾ ਵਿੱਤ ਮੰਤਰੀ ਪਰਮਿੰਦਰ ਸਿੰਘ ਢੀਂਡਸਾ ਨੇ ਕਿਹਾ ਕਿ ਕੁੱਝ ਤਾਕਤਾਂ ਸਿੱਖੀ ਵਿਚਾਰਧਾਰਾ ਉੱਪਰ ਹਮਲੇ ਕਰ ਰਹੀਆਂ ਹਨ। ਸ਼੍ਰੋਮਣੀ ਕਮੇਟੀ ਦੇ ਸਾਬਕਾ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਨੇ ਕਿਹਾ ਕਿ ਸੁਖਬੀਰ ਸਿੰਘ ਬਾਦਲ ਦੀਆਂ ਕੀਤੀਆਂ ਬੱਜਰ ਗ਼ਲਤੀਆਂ ਕਾਰਨ ਸਿੱਖ ਕੌਮ ਇਸ ਮੋੜ 'ਤੇ ਆ ਖੜੀ ਹੈ। ਇਸ ਮੌਕੇ ਬਾਬੂ ਪ੍ਰਕਾਸ਼ ਚੰਦ ਗਰਗ, ਤੇਜਾ ਸਿੰਘ ਕਮਾਲਪੁਰ, ਸੁਖਵੰਤ ਸਿੰਘ ਸਰਾਓ, ਰਿਪੁਦਮਨ ਸਿੰਘ ਢਿੱਲੋਂ, ਹਰਦੇਵ ਸਿੰਘ ਰੋਗਲਾ, ਮਲਕੀਤ ਸਿੰਘ ਚੰਗਾਲ, ਪ੍ਰੀਤਪਾਲ ਸਿੰਘ ਹਾਂਡਾ, ਭੁਪਿੰਦਰ ਸਿੰਘ ਮੋੜਾਂ, ਜੀਤ ਸਿੰਘ ਸਿੱਧੂ, ਪਾਲ ਸਿੰਘ ਗੇਹਿਲਾ, ਚਮਕੌਰ ਸਿੰਘ ਮੋਰਾਂਵਾਲੀ, ਬਲਦੇਵ ਸਿੰਘ ਭੰਮਾਬਦੀ, ਨਵਇੰਦਰਪ੍ਰੀਤ ਸਿੰਘ ਲੌਂਗੋਵਾਲ ਅਤੇ ਜਗਜੀਤ ਸਿੰਘ ਕੋਹਲੀ ਨੇ ਵੀ ਸੰਬੋਧਨ ਕੀਤਾ। ਭਗਵੰਤ ਸਿੰਘ ਲੌਂਗੋਵਾਲ, ਮਾ. ਅਮਰਜੀਤ ਸਿੰਘ, ਗੁਰਚਰਨ ਸਿੰਘ ਚੰਨਾ, ਵਿੱਕੀ ਛਾਜਲੀ, ਰਣਧੀਰ ਸਿੰਘ ਸਮੂਰਾ, ਕਰਨ ਘੁਮਾਣ, ਸਤਗੁਰ ਸਿੰਘ ਨਮੋਲ, ਗਿਆਨ ਸਿੰਘ ਬਾਵਾ, ਚਮਕੌਰ ਸਿੰਘ ਬਾਦਲਗੜ੍ਹ, ਗੁਰਸੰਤ ਸਿੰਘ ਭੁਟਾਲ, ਗੁਰਜੀਤ ਸਿੰਘ ਚਾਂਗਲੀ, ਜਸਵੰਤ ਸਿੰਘ ਭੱਠਲ, ਭਗਵਾਨ ਸਿੰਘ ਢਡੋਲੀ, ਵਿਜੇ ਲੰਕੇਸ਼, ਸੁਖਜਿੰਦਰ ਸਿੰਘ ਸਿੰਧੜਾਂ, ਸ਼ਿਵਦੇਵ ਸਿੰਘ ਰੂੜਗੜ੍ਹ, ਸੰਦੀਪ ਦਾਨੀਆਂ, ਐਡ.ਸਿਮਰਨਜੀਤ ਸਿੰਘ ਬਲੱਗਣ, ਸਰਪੰਚ ਪਾਲੀ ਕਮਲ ਉਭਾਵਾਲ, ਮੱਖਣ ਸਰਪੰਚ ਉਭਾਵਾਲ, ਦਲਬੀਰ ਸਿੰਘ ਦੁਗਾ, ਕਾਲਾ ਨਾਗਰਾ, ਕੁਲਦੀਪ ਕਿਲਾ ਭਰੀਆਂ, ਜਗਮੇਲ ਉਭਾਵਾਲ, ਹਰਵਿੰਦਰ ਸਿੰਘ ਚੱਠਾ, ਮਹਿੰਦਰ ਸਿੰਘ ਅਕਬਰਪੁਰ, ਗੁਰਸੰਤ ਸਿੰਘ ਸੋਹੀਆ, ਰਾਜਾ ਖੇੜੀ, ਬਬਲੀ ਸਰਪੰਚ ਸੋਹੀਆ, ਵੀਰਇੰਦਰ ਸਿੰਘ ਧਾਲੀਵਾਲ, ਰਮਨ ਬਿਜਲਪੁਰ, ਲਲਿਤ ਜੋਸ਼ੀ, ਪ੍ਰੀਤਮ ਸਿੰਘ ਮੰਗਵਾਲ ਅਮਿ ?ਤਪਾਲ ਸਿੰਘ ਸ਼ੇਟੀ ਮੌਜੂਦ ਸਨ।



Proudly Present BALKAR SINGH & AVTAR LAKHA
in association with ASHOK KUMAR, ASHOK OBEROI & ASHWANI BHAKHRI
AVTAR RECORDS
MOTHER'S DAY BRUNCH
Royale Sakoon PALACE
(CELEBRATING INDIAN FLAVOURS)
5200 MOWRY AVE STE K, FREMONT, CA
SUNDAY
MAY 10TH
2026
12PM TO 6PM
DOOR OPENS AT 12:00 P.M.
ROYAL BUFFET
PREETO SAWHNEY
SHOW HOST
Jasmeen Akhtar
MUSICAL CONCERT
$100 PER PERSON $1,000 PER TABLE
RAFFLE TICKETS OF GOLD RINGS
MORE INFO & SPONSORSHIP CALL
AVTAR LAKHA 209-200 -0818 | BALKAR SINGH 510-771-4215

# ਬੇਅਦਬੀ ਵਿਰੋਧੀ ਕਾਨੂੰਨ: ਸਿੱਖ ਜਥੇਬੰਦੀਆਂ ਦੀ ਮੀਟਿੰਗ ਸੱਦੀ

## ਸੰਜੀਦਾ ਮਸਲੇ ਬਾਰੇ ਪੰਥਕ ਆਮ ਸਹਿਮਤੀ ਜ਼ਰੂਰੀ: ਐਡਵੋਕੇਟ ਧਾਮੀ



ਚੰਡੀਗੜ੍ਹ : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਪੰਜਾਬ ਸਰਕਾਰ ਵੱਲੋਂ ਬੇਅਦਬੀਆਂ ਸਬੰਧੀ ਕਾਨੂੰਨ ਬਣਾਏ ਜਾਣ ਦੇ ਸਬੰਧ ਵਿੱਚ 6 ਅਪ੍ਰੈਲ ਨੂੰ ਸਵੇਰੇ 11 ਵਜੇ ਸ੍ਰੀ ਅੰਮ੍ਰਿਤਸਰ ਵਿਖੇ ਸਥਿਤ ਸ਼੍ਰੋਮਣੀ ਕਮੇਟੀ ਦੇ ਮੁੱਖ ਦਫ਼ਤਰ ਤੇਜਾ ਸਿੰਘ ਸਮੁੰਦਰੀ ਹਾਲ ਵਿੱਚ ਸਮੁੱਚੀਆਂ ਸਿੱਖ ਜਥੇਬੰਦੀਆਂ ਦੀ ਇਕੱਤਰਤਾ ਸੱਦੀ ਹੈ। ਇਸ ਗੱਲ ਦਾ ਪ੍ਰਗਟਾਵਾ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਇੱਥੇ ਸ਼੍ਰੋਮਣੀ ਕਮੇਟੀ ਮੈਂਬਰਾਂ ਨਾਲ ਮੀਟਿੰਗ ਤੋਂ ਬਾਅਦ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ ਹੈ। ਉਨ੍ਹਾਂ ਕਿਹਾ ਕਿ ਇਹ ਬੇਹੱਦ ਸੰਜੀਦਾ ਮਾਮਲਾ ਹੈ ਜਿਸ ਉੱਤੇ ਸਾਂਝੀ ਪੰਥਕ ਰਾਏ ਜ਼ਰੂਰੀ ਹੈ। ਇਸ ਲਈ ਸ਼੍ਰੋਮਣੀ ਕਮੇਟੀ ਵੱਲੋਂ ਸਮੂਹ ਸਿੱਖ ਜਥੇਬੰਦੀਆਂ, ਨਿਹੰਗ ਸਿੰਘ ਦਲਾਂ, ਦਮਦਮੀ ਟਕਸਾਲ, ਸਿੱਖ ਸੰਸਥਾਵਾਂ, ਸਿੱਖ ਵਿਦਵਾਨਾਂ, ਸਿੱਖ ਜੱਜਾਂ ਤੇ ਵਕੀਲਾਂ, ਸਿੱਖ ਮਿਸ਼ਨਰੀ ਕਾਲਜਾਂ, ਸਿੰਘ ਸਭਾਵਾਂ, ਸਿੱਖ ਫੈਡਰੇਸ਼ਨਾਂ, ਸਮੂਹ ਸਿੱਖ ਸੰਪਰਦਾਵਾਂ ਦੇ ਮੁਖੀਆਂ, ਨਿਰਮਲੇ, ਉਦਾਸੀ, ਸੇਵਾ ਪੰਥੀ ਤੇ ਕਾਰਸੇਵਾ ਵਾਲੇ ਮਹਾਂਪੁਰਸ਼ਾਂ 6 ਅਪਰੈਲ ਨੂੰ ਸਾਂਝੀ ਇਕੱਤਰਤਾ ਕੀਤੀ ਜਾਵੇਗੀ।

ਐਡਵੋਕੇਟ ਧਾਮੀ ਨੇ ਕਿਹਾ ਕਿ ਬੇਅਦਬੀਆਂ ਰੋਕਣ ਲਈ ਸਖ਼ਤ ਕਾਨੂੰਨ ਬਾਰੇ ਪੰਜਾਬ ਸਰਕਾਰ ਸਪੱਸ਼ਟ ਨਹੀਂ ਕਰ ਰਹੀ। ਉਨ੍ਹਾਂ ਕਿਹਾ ਕਿ ਧਾਰਮਿਕ ਗ੍ਰੰਥ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਵੱਡਾ ਫਰਕ ਹੈ। ਇਹ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਜਾਗਤ ਜੋਤ ਗੁਰੂ ਵਜੋਂ ਆਭਾ, ਵਡਿਆਈ ਤੇ ਮਹਾਨਤਾ ਦੀ ਵਚਨਬੱਧਤਾ ਬੇਹੱਦ ਜ਼ਰੂਰੀ ਹੈ। ਇਸੇ ਦੇ ਮੱਦੇਨਜ਼ਰ ਕੌਮੀ ਰਾਏ ਬਣਾਉਣ ਲਈ ਸਮੂਹ ਸਿੱਖ ਜਥੇਬੰਦੀਆਂ ਤੇ ਸੰਸਥਾਵਾਂ ਦੀ ਇਕੱਤਰਤਾ ਬੁਲਾਈ ਗਈ ਹੈ।

# ਅਕਾਲੀ ਦਲ (ਅ) ਵੱਲੋਂ ਅਟਾਰੀ ਸਰਹੱਦ 'ਤੇ ਪ੍ਰਦਰਸ਼ਨ

## ਬੀ ਐੱਸ ਐੱਫ ਅਤੇ ਪੰਜਾਬ ਪੁਲਿਸ ਨੇ ਬੈਰੀਕੇਡ ਲਾ ਕੇ ਪ੍ਰਦਰਸ਼ਨਕਾਰੀ ਰੋਕੇ



ਅੰਮ੍ਰਿਤਸਰ : ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਭਾਰਤ-ਪਾਕਿਸਤਾਨ ਸਰਹੱਦ ਖੋਲ੍ਹਣ ਅਤੇ ਦੁਵੱਲਾ ਵਪਾਰ ਮੁੜ ਸ਼ੁਰੂ ਕਰਨ ਦੀ ਮੰਗ ਨੂੰ ਲੈ ਕੇ ਅਟਾਰੀ ਸਰਹੱਦ 'ਤੇ ਰੈਲੀ ਕੀਤੀ। ਪ੍ਰਸ਼ਾਸਨ ਕੋਲੋਂ ਰੈਲੀ ਦੀ ਪ੍ਰਵਾਨਗੀ ਨਾ ਮਿਲਣ ਕਾਰਨ ਪਾਰਟੀ ਵਰਕਰਾਂ ਨੇ ਸੜਕ 'ਤੇ ਹੀ ਇਕੱਠ ਕੀਤਾ। ਜਦੋਂ ਪਾਰਟੀ ਦੇ ਵਰਕਰਾਂ ਅਤੇ ਮੈਂਬਰਾਂ ਨੇ ਸਰਹੱਦ ਵੱਲ ਕੂਚ ਕੀਤਾ ਤਾਂ ਉੱਥੇ ਤਾਇਨਾਤ ਬੀ ਐੱਸ ਐੱਫ ਅਤੇ ਪੰਜਾਬ ਪੁਲੀਸ ਨੇ ਬੈਰੀਕੇਡ ਲਾ ਕੇ ਪ੍ਰਦਰਸ਼ਨਕਾਰੀਆਂ ਨੂੰ ਰੋਕ ਲਿਆ। ਮਗਰੋਂ ਪ੍ਰਦਰਸ਼ਨਕਾਰੀਆਂ ਨੇ ਬੈਰੀਕੇਡਾਂ ਕੋਲ ਖੜ੍ਹੇ ਹੋ ਕੇ ਹੀ ਲਾਂਘਾ ਖੋਲ੍ਹਣ, ਦੁਵੱਲਾ ਵਪਾਰ ਬਹਾਲ ਕਰਨ, ਆਪਸੀ ਆਵਾਜਾਈ ਸ਼ੁਰੂ ਕਰਨ ਤੇ ਗੁਰਦੁਆਰਾ ਕਰਤਾਰਪੁਰ ਸਾਹਿਬ ਦਾ ਲਾਂਘਾ ਖੋਲ੍ਹਣ ਦੀ ਅਰਦਾਸ ਕੀਤੀ। ਇਸ ਮੌਕੇ ਖਾਲਿਸਤਾਨ ਪੱਖੀ ਨਾਅਰੇਬਾਜ਼ੀ ਵੀ ਹੋਈ।

ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੇ ਕਿਹਾ ਕਿ ਸਰਹੱਦ ਖੁੱਲ੍ਹਣ ਅਤੇ ਦੁਵੱਲਾ ਵਪਾਰ ਮੁੜ ਸ਼ੁਰੂ ਹੋਣ ਨਾਲ ਪੰਜਾਬ ਦੇ ਕਿਸਾਨਾਂ ਅਤੇ ਮਜ਼ਦੂਰਾਂ ਦੀ ਆਰਥਿਕ ਹਾਲਤ ਵਿੱਚ ਵੱਡਾ ਸੁਧਾਰ ਆਵੇਗਾ। ਇਸ ਦੁਵੱਲੇ ਵਪਾਰ ਸਦਕਾ ਪੰਜਾਬ ਦੇ ਲੋਕ ਆਰਥਿਕ ਪੱਖੋਂ ਮਜ਼ਬੂਤ ਹੋਣਗੇ ਅਤੇ ਦੇਸ਼ ਦੇ ਕੁੱਲ ਘਰੇਲੂ ਉਤਪਾਦ ਵਿੱਚ ਵੀ ਵਾਧਾ ਹੋਵੇਗਾ। ਉਨ੍ਹਾਂ ਨੇ ਸਰਹੱਦ 'ਤੇ ਖੜ੍ਹ ਕੇ ਜੰਗ ਰੋਕਣ ਅਤੇ ਸਰਹੱਦ ਖੋਲ੍ਹਣ ਦੀ ਅਪੀਲ ਕੀਤੀ। ਇਸ ਮੌਕੇ ਦਲ ਖ਼ਾਲਸਾ ਦੇ ਆਗੂ ਕੰਵਰਪਾਲ ਸਿੰਘ ਨੇ ਵੀ ਸੰਬੋਧਨ ਕੀਤਾ।

# ਮੁੱਖ ਮੰਤਰੀ ਮਾਨ ਨੇ ਜਿਹੜੇ ਸਰਵੇ ਨੂੰ ਜਾਅਲੀ ਕਿਹਾ ਸੀ, ਅੱਜ ਉਸੇ ਨੂੰ ਨਵੇਂ ਰੂਪ ਵਿੱਚ ਪੇਸ਼ ਕਰਕੇ ਦੱਸ ਰਹੇ ਪ੍ਰਾਪਤੀ: ਪ੍ਰਗਟ ਸਿੰਘ

## ਕਾਂਗਰਸ ਸਰਕਾਰ 'ਚ 2021 ਦੇ ਨੈਸ਼ਨਲ ਅਚੀਵਮੇਂਟ ਸਰਵੇ ਵਿੱਚ ਪੰਜਾਬ ਪਹਿਲੇ ਸਥਾਨ 'ਤੇ ਸੀ



ਚੰਡੀਗੜ੍ਹ: ਸਾਬਕਾ ਸਿੱਖਿਆ ਮੰਤਰੀ ਅਤੇ ਵਿਧਾਇਕ ਪਰਗਟ ਸਿੰਘ ਨੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ 'ਤੇ ਰਾਸ਼ਟਰੀ ਪ੍ਰਾਪਤੀ ਸਰਵੇਖਣ ਅਤੇ ਸਿੱਖਿਆ ਕ੍ਰਾਂਤੀ ਦੇ ਨਾਮ 'ਤੇ ਪੰਜਾਬ ਦੇ ਲੋਕਾਂ ਨੂੰ ਗੁੰਮਰਾਹ ਕਰਨ ਦਾ ਦੋਸ਼ ਲਗਾਇਆ। ਉਨ੍ਹਾਂ ਕਿਹਾ ਕਿ ਪੰਜਾਬ 2021 ਦੇ ਰਾਸ਼ਟਰੀ ਪ੍ਰਾਪਤੀ ਸਰਵੇਖਣ ਵਿੱਚ ਪਹਿਲਾਂ ਹੀ ਪਹਿਲੇ ਸਥਾਨ 'ਤੇ ਸੀ, ਜਿਸਨੂੰ ਮੁੱਖ ਮੰਤਰੀ ਮਾਨ ਨੇ ਜਾਅਲੀ ਦੱਸ ਕੇ ਖਾਰਜ ਕਰ ਦਿੱਤਾ। ਹੁਣ ਮਾਨ 2024 ਦੇ ਸਰਵੇਖਣ ਨੂੰ ਅਖੌਤੀ ਸਿੱਖਿਆ ਕ੍ਰਾਂਤੀ ਦੇ ਬੈਨਰ ਹੇਠ ਇੱਕ ਨਵੇਂ ਰੂਪ ਵਿੱਚ ਪੇਸ਼ ਕਰ ਰਹੇ ਹਨ ਅਤੇ ਇਸਨੂੰ ਆਪਣੀ ਪ੍ਰਾਪਤੀ ਵਜੋਂ ਦਿਖਾ ਰਹੇ ਹਨ।

ਪ੍ਰਗਟ ਸਿੰਘ ਨੇ ਕਿਹਾ ਕਿ ਆਮ ਆਦਮੀ ਪਾਰਟੀ ਵਾਰ-ਵਾਰ ਦੁਹਰਾਏ ਜਾਣ ਵਾਲੇ ਝੂਠਾਂ ਦੇ ਅਧਾਰ 'ਤੇ ਪ੍ਰਚਾਰ 'ਤੇ ਫੁੱਲ ਰਹੀ ਹੈ। ਜਦੋਂ ਉਨ੍ਹਾਂ ਦੇ ਝੂਠ ਦਾ ਪਰਦਾਫਾਸ਼ ਹੁੰਦਾ ਹੈ, ਤਾਂ ਉਹ ਉਨ੍ਹਾਂ ਨੂੰ ਸੌ ਵਾਰ ਇਸ ਉਮੀਦ ਵਿੱਚ ਦੁਹਰਾਉਂਦੇ ਹਨ ਕਿ ਉਨ੍ਹਾਂ ਨੂੰ ਸੱਚ ਮੰਨਿਆ ਜਾਵੇਗਾ। ਉਨ੍ਹਾਂ ਕਿਹਾ ਕਿ ਚਾਰ ਸਾਲਾਂ ਬਾਅਦ ਵੀ ਕਾਂਗਰਸ ਸਮੇਂ ਦੀ ਉਪਲਬਧੀ ਤੋਂ ਬਿਨਾਂ ਆਪ ਸਰਕਾਰ ਕੋਲ ਕੋਈ ਆਪਣੀ ਉਪਲਬਧੀ ਨਹੀਂ। ਉਨ੍ਹਾਂ ਕਿਹਾ ਕਿ ਰਾਸ਼ਟਰੀ ਪ੍ਰਾਪਤੀ ਸਰਵੇਖਣ ਇੱਕ ਦੇਸ਼ ਵਿਆਪੀ ਮੁਲਾਂਕਣ ਹੈ ਜੋ ਸਾਰੇ ਰਾਜਾਂ ਵਿੱਚ ਵਿਦਿਆਰਥੀਆਂ ਦੇ ਸਿੱਖਣ ਪੱਧਰਾਂ ਦਾ ਮੁਲਾਂਕਣ ਕਰਨ ਲਈ ਕੀਤਾ ਜਾਂਦਾ ਹੈ। 2021 ਵਿੱਚ ਪੰਜਾਬ ਦੇ ਪ੍ਰਦਰਸ਼ਨ ਨੇ ਇਸਨੂੰ ਉਸ ਸਮੇਂ ਸਭ ਤੋਂ ਵਧੀਆ ਪ੍ਰਦਰਸ਼ਨ ਕਰਨ ਵਾਲੇ ਰਾਜਾਂ ਵਿੱਚ ਰੱਖਿਆ, ਜਿਸਦਾ ਸਿਹਰਾ ਆਮ ਆਦਮੀ ਪਾਰਟੀ ਅਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਹੁਣ ਲੈਣ ਦੀ ਕੋਸ਼ਿਸ਼ ਕਰ ਰਹੇ ਹਨ।

ਪ੍ਰਗਟ ਸਿੰਘ ਨੇ ਮੁੱਖ ਮੰਤਰੀ ਦੇ ਪਹਿਲਾਂ ਦੇ ਰੁਖ ਵਿੱਚ ਇੱਕ ਵਿਰੋਧਾਭਾਸ ਵੱਲ ਵੀ ਇਸ਼ਾਰਾ ਕੀਤਾ। ਉਨ੍ਹਾਂ ਕਿਹਾ ਕਿ ਮਾਨ ਨੇ ਪਹਿਲਾਂ ਸਰਵੇਖਣ ਦੇ ਨਤੀਜਿਆਂ ਦੀ ਭਰੋਸੇਯੋਗਤਾ 'ਤੇ ਸਵਾਲ ਉਠਾਏ ਸਨ। ਉਨ੍ਹਾਂ ਕਿਹਾ ਕਿ ਸਰਵੇਖਣ, ਜਿਸਨੂੰ ਇੱਕ ਵਾਰ ਖਾਰਜ ਕਰ ਦਿੱਤਾ ਗਿਆ ਸੀ, ਹੁਣ ਇੱਕ ਵੱਡੀ ਪ੍ਰਾਪਤੀ ਵਜੋਂ ਪੇਸ਼ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ 2021 ਦੇ ਨਤੀਜੇ ਪਿਛਲੀ ਸਰਕਾਰ ਦੁਆਰਾ ਕੀਤੇ ਗਏ ਲੰਬੇ ਸਮੇਂ ਦੇ ਨੀਤੀਗਤ ਉਪਾਵਾਂ ਅਤੇ ਯੋਜਨਾਬੱਧ ਯਤਨਾਂ ਦਾ ਨਤੀਜਾ ਸਨ। ਇਨ੍ਹਾਂ ਵਿੱਚ ਸਕੂਲ ਸਿੱਖਿਆ ਵਿੱਚ ਸੁਧਾਰ ਅਤੇ ਸਿੱਖਣ ਦੇ ਨਤੀਜਿਆਂ ਦੀ ਨਿਗਰਾਨੀ ਵਰਗੇ ਕਦਮ ਸ਼ਾਮਲ ਸਨ।

ਉਨ੍ਹਾਂ ਮੰਗ ਕੀਤੀ ਕਿ ਸਰਕਾਰਾਂ ਰਾਜਨੀਤਿਕ ਸੰਦੇਸ਼ ਦੇਣ ਲਈ ਪਿਛਲੀਆਂ ਪ੍ਰਾਪਤੀਆਂ ਨੂੰ ਦੁਬਾਰਾ ਪੇਸ਼ ਕਰਨ ਦੀ ਬਜਾਏ, ਡੇਟਾ ਨੂੰ ਇਸਦੇ ਸਹੀ ਸੰਦਰਭ ਵਿੱਚ ਪੇਸ਼ ਕਰਨ। ਉਨ੍ਹਾਂ ਅੱਗੇ ਕਿਹਾ ਕਿ ਅਜਿਹੇ ਅਭਿਆਸ ਜਨਤਕ ਵਿਸ਼ਵਾਸ ਅਤੇ ਸੰਸਥਾਗਤ ਭਰੋਸੇਯੋਗਤਾ ਨੂੰ ਖਤਮ ਕਰਨ ਦਾ ਜੋਖਮ ਰੱਖਦੇ ਹਨ।

ਅੰਤ ਵਿੱਚ, ਪਰਗਟ ਸਿੰਘ ਨੇ ਕਿਹਾ ਕਿ ਬੀ.ਐੱਡ., ਟੀ.ਈ.ਟੀ. ਅਤੇ ਯੂ.ਜੀ.ਸੀ. ਨੈੱਟ ਪਾਸ ਬੇਰੁਜ਼ਗਾਰ ਅਧਿਆਪਕ ਪੰਜਾਬ ਦੇ ਪ੍ਰਧਾਨ ਮਨਦੀਪ ਸਿੰਘ ਨੇ ਦੋਸ਼ ਲਗਾਇਆ ਹੈ ਕਿ ਪੰਜਾਬ ਸਰਕਾਰ 16 ਮਾਰਚ, 2022 ਤੋਂ 14,525 ਨਵੇਂ ਅਧਿਆਪਕਾਂ ਦੀ ਭਰਤੀ ਕਰਨ ਦਾ ਝੂਠਾ ਦਾਅਵਾ ਕਰ ਰਹੀ ਹੈ। ਹਾਲਾਂਕਿ, ਆਮ ਆਦਮੀ ਪਾਰਟੀ ਦੀ ਸਰਕਾਰ ਨੇ ਮਾਸਟਰ ਕੇਡਰ ਜਾਂ ਸਕੂਲ ਲੈਕਚਰਾਰ ਕੇਡਰ ਲਈ ਇੱਕ ਵੀ ਨਵਾਂ ਇਸ਼ਤਿਹਾਰ ਜਾਰੀ ਨਹੀਂ ਕੀਤਾ ਹੈ। ਭਰਤੀ ਕੀਤੇ ਗਏ 14,525 ਅਧਿਆਪਕਾਂ ਵਿੱਚੋਂ ਜ਼ਿਆਦਾਤਰ ਪਿਛਲੀ ਕਾਂਗਰਸ ਸਰਕਾਰ ਦੌਰਾਨ ਭਰਤੀ ਕੀਤੇ ਗਏ ਸਨ। ਇਨ੍ਹਾਂ ਵਿੱਚੋਂ 2,364 ਈ.ਟੀ.ਟੀ., 6,635 ਟੀ.ਈ.ਟੀ., 5,994 ਈ.ਟੀ.ਟੀ., ਅਤੇ 4,161 ਭਰਤੀ (ਮਾਸਟਰ ਕੇਡਰ) ਸ਼ਾਮਿਲ ਹਨ।

# ਅਮਰੀਕਾ-ਈਰਾਨ ਤਣਾਅ ਦੌਰਾਨ ਡਾਲਰ ਦੀ ਮਜ਼ਬੂਤੀ ਕੇਂਦਰ ਸਰਕਾਰ ਦੀਆਂ ਆਰਥਿਕ ਨੀਤੀਆਂ 'ਤੇ ਕਰਦਾ ਸਵਾਲ ਖੜ੍ਹੇ: ਸੁਖਜਿੰਦਰ ਰੰਧਾਵਾ



ਚੰਡੀਗੜ੍ਹ: ਗੁਰਦਾਸਪੁਰ ਤੋਂ ਸੰਸਦ ਮੈਂਬਰ ਅਤੇ ਪੰਜਾਬ ਦੇ ਸਾਬਕਾ ਉਪ ਮੁੱਖ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨੇ ਅਮਰੀਕਾ ਅਤੇ ਈਰਾਨ ਵਿਚਕਾਰ ਵਧਦੇ ਫੌਜੀ ਤਣਾਅ ਦੌਰਾਨ ਡਾਲਰ ਦੇ ਲਗਾਤਾਰ ਵੱਧਦੇ ਮੁੱਲ ਅਤੇ ਡਿੱਗਦੇ ਰੁਪਏ ਨੂੰ ਲੈ ਕੇ ਕੇਂਦਰ ਸਰਕਾਰ 'ਤੇ ਤਿੱਖਾ ਹਮਲਾ ਕੀਤਾ ਹੈ। ਉਨ੍ਹਾਂ ਕਿਹਾ ਕਿ ਭਾਜਪਾ ਸਰਕਾਰ ਵਿਸ਼ਵਵਿਆਪੀ ਹਾਲਾਤਾਂ ਦਾ ਹਵਾਲਾ ਦੇ ਕੇ ਆਪਣੀਆਂ ਆਰਥਿਕ ਨੀਤੀਆਂ ਦੀ ਅਸਫਲਤਾ ਤੋਂ ਨਹੀਂ ਬਚ ਸਕਦੀ। ਡਿੱਗਦਾ ਰੁਪਏ ਇਹ ਵੀ ਦਰਸਾਉਂਦਾ ਹੈ ਕਿ ਭਾਰਤ ਦੀ ਆਰਥਿਕ ਸਥਿਤੀ 'ਤੇ ਵਿਸ਼ਵਾਸ ਅੰਤਰਰਾਸ਼ਟਰੀ ਪੱਧਰ 'ਤੇ ਕਮਜ਼ੋਰ ਹੋ ਰਿਹਾ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਨੇ ਮੁੱਖ ਮੰਤਰੀ ਵਜੋਂ ਮੋਦੀ ਨੂੰ ਡਿੱਗਦੇ ਰੁਪਏ 'ਤੇ ਕਈ ਵਾਰ ਬੋਲਦੇ ਸੁਣਿਆ ਹੈ, ਪਰ ਉਹ ਪ੍ਰਧਾਨ ਮੰਤਰੀ ਵਜੋਂ ਉਨ੍ਹਾਂ ਦੇ ਵਿਚਾਰ ਸੁਣਨ ਦੀ ਉਡੀਕ ਕਰ ਰਹੇ ਹਨ। ਪਤਾ ਨਹੀਂ ਮੋਦੀ ਕਦੋਂ ਆਪਣੀ ਚੁੱਪੀ ਤੋੜਨਗੇ ਅਤੇ ਕਮਜ਼ੋਰ ਹੁੰਦੇ ਰੁਪਏ ਨੂੰ ਸੰਬੋਧਿਤ ਕਰਨਗੇ।

ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਨੂੰ ਦੱਸਣਾ ਚਾਹੀਦਾ ਹੈ ਕਿ ਜੇਕਰ ਅਰਥਵਿਵਸਥਾ ਇੰਨੀ ਮਜ਼ਬੂਤ ਹੈ ਤਾਂ ਡਾਲਰ ਦੇ ਮੁਕਾਬਲੇ ਰੁਪਿਆ ਵਾਰ-ਵਾਰ ਕਿਉਂ ਡਿੱਗ ਰਿਹਾ ਹੈ, ਜਿਵੇਂਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਉਨ੍ਹਾਂ ਦੀ ਸਰਕਾਰ ਲਗਾਤਾਰ ਦਾਅਵਾ ਕਰਦੀ ਹੈ। ਮੋਦੀ ਦਾਅਵਾ ਕਰ ਰਹੇ ਹਨ ਕਿ ਰੁਪਿਆ ਇਸ ਹੱਦ ਤੱਕ ਮਜ਼ਬੂਤ ਹੋਵੇਗਾ ਕਿ ਡਾਲਰ ਦੇ ਮੁਕਾਬਲੇ ਇਸਦਾ ਮੁੱਲ 40 ਤੱਕ ਡਿੱਗ ਜਾਵੇਗਾ। ਹਾਲਾਂਕਿ, ਅੱਜ ਰੁਪਿਆ 94 ਤੋਂ ਉੱਪਰ ਹੈ, ਅਤੇ ਅਨੁਮਾਨਾਂ ਅਨੁਸਾਰ, ਇਹ 100 ਨੂੰ ਪਾਰ ਕਰ ਸਕਦਾ ਹੈ। ਰੰਧਾਵਾ ਨੇ ਕਿਹਾ ਕਿ ਡਿੱਗਦਾ ਰੁਪਿਆ ਪੈਟਰੋਲ, ਡੀਜ਼ਲ, ਰਸੋਈ ਗੈਸ ਅਤੇ ਆਯਾਤ ਕੀਤੀਆਂ ਵਸਤੂਆਂ ਦੀਆਂ ਕੀਮਤਾਂ 'ਤੇ ਸਿੱਧਾ ਪ੍ਰਭਾਵ ਪਾਉਂਦਾ ਹੈ, ਜਿਸ ਨਾਲ ਮਹਿੰਗਾਈ ਵਧਦੀ ਹੈ, ਜਿਸ ਨਾਲ ਆਮ ਆਦਮੀ ਨੂੰ ਨੁਕਸਾਨ ਹੁੰਦਾ ਹੈ।

ਰੰਧਾਵਾ ਨੇ ਕਿਹਾ ਕਿ ਅਮਰੀਕਾ ਅਤੇ ਈਰਾਨ ਵਿਚਕਾਰ ਚੱਲ ਰਹੀ ਜੰਗ ਵਰਗੀ ਸਥਿਤੀ ਸਿੱਧੇ ਤੌਰ 'ਤੇ ਗਲੋਬਲ ਬਾਜ਼ਾਰਾਂ ਨੂੰ ਪ੍ਰਭਾਵਿਤ ਕਰ ਰਹੀ ਹੈ, ਪਰ ਇਸਦਾ ਪ੍ਰਭਾਵ ਭਾਰਤ ਵਿੱਚ ਵਧੇਰੇ ਦਿਖਾਈ ਦੇ ਰਿਹਾ ਹੈ ਕਿਉਂਕਿ ਸਰਕਾਰ ਨੇ ਅਰਥਵਿਵਸਥਾ ਨੂੰ ਮਜ਼ਬੂਤ ਕਰਨ ਦੀ ਬਜਾਏ ਸਿਰਫ਼ ਪ੍ਰਚਾਰ 'ਤੇ ਧਿਆਨ ਕੇਂਦਰਿਤ ਕੀਤਾ ਹੈ। ਉਨ੍ਹਾਂ ਕਿਹਾ ਕਿ ਜਦੋਂ ਵੀ ਅੰਤਰਰਾਸ਼ਟਰੀ ਤਣਾਅ ਵਧਦਾ ਹੈ, ਮਜ਼ਬੂਤ ਅਰਥਵਿਵਸਥਾ ਵਾਲੇ ਦੇਸ਼ ਆਪਣੀਆਂ ਮੁਦਰਾਵਾਂ ਨੂੰ ਸਥਿਰ ਕਰਨ ਵਿੱਚ ਕਾਮਯਾਬ ਹੁੰਦੇ ਹਨ, ਪਰ ਭਾਰਤ ਵਿੱਚ, ਹਰ ਸੰਕਟ ਦੌਰਾਨ ਰੁਪਿਆ ਤੇਜ਼ੀ ਨਾਲ ਕਮਜ਼ੋਰ ਹੁੰਦਾ ਹੈ। ਉਨ੍ਹਾਂ ਕਿਹਾ ਕਿ ਇਹ ਇੱਕ ਸਪੱਸ਼ਟ ਸੰਕੇਤ ਹੈ ਕਿ ਦੇਸ਼ ਦੀਆਂ ਆਰਥਿਕ ਨੀਤੀਆਂ ਕਮਜ਼ੋਰ ਹੋ ਗਈਆਂ ਹਨ ਅਤੇ ਸਰਕਾਰ ਕੋਲ ਇੱਕ ਠੋਸ ਰਣਨੀਤੀ ਦੀ ਘਾਟ ਹੈ।

ਉਨ੍ਹਾਂ ਦੋਸ਼ ਲਾਇਆ ਕਿ ਕੇਂਦਰ ਸਰਕਾਰ ਅੰਤਰਰਾਸ਼ਟਰੀ ਹਾਲਾਤਾਂ ਦਾ ਹਵਾਲਾ ਦੇ ਕੇ ਆਪਣੀ ਜ਼ਿੰਮੇਵਾਰੀ ਤੋਂ ਭੱਜਣ ਦੀ ਕੋਸ਼ਿਸ਼ ਕਰ ਰਹੀ ਹੈ, ਜਦੋਂ ਕਿ ਸੱਚਾਈ ਇਹ ਹੈ ਕਿ ਦੇਸ਼ ਦੀ ਮੁਦਰਾ ਨੁਕਸਦਾਰ ਆਰਥਿਕ ਨੀਤੀਆਂ, ਵਧਦੇ ਕਰਜ਼ੇ ਅਤੇ ਮਾੜੇ ਵਿੱਤੀ ਪ੍ਰਬੰਧਨ ਕਾਰਨ ਵਧਦੇ ਦਬਾਅ ਹੇਠ ਹੈ।

ਰੰਧਾਵਾ ਨੇ ਕਿਹਾ ਕਿ ਜੇਕਰ ਕੇਂਦਰ ਸਰਕਾਰ ਸਮੇਂ ਸਿਰ ਠੋਸ ਆਰਥਿਕ ਕਦਮ ਨਹੀਂ ਚੁੱਕਦੀ ਹੈ, ਤਾਂ ਭਵਿੱਖ ਵਿੱਚ ਮਹਿੰਗਾਈ ਅਤੇ ਬੇਰੁਜ਼ਗਾਰੀ ਦੀਆਂ ਸਮੱਸਿਆਵਾਂ ਹੋਰ ਵੀ ਵਿਗੜ ਸਕਦੀਆਂ ਹਨ। ਉਨ੍ਹਾਂ ਮੰਗ ਕੀਤੀ ਕਿ ਕੇਂਦਰ ਸਰਕਾਰ ਦੇਸ਼ ਦੀ ਆਰਥਿਕਤਾ ਨੂੰ ਮਜ਼ਬੂਤ ਕਰਨ, ਰੁਪਏ ਦੀ ਗਿਰਾਵਟ ਨੂੰ ਰੋਕਣ ਅਤੇ ਆਮ ਲੋਕਾਂ ਨੂੰ ਰਾਹਤ ਪ੍ਰਦਾਨ ਕਰਨ ਲਈ ਪ੍ਰਭਾਵਸ਼ਾਲੀ ਅਤੇ ਪਾਰਦਰਸ਼ੀ ਨੀਤੀਆਂ ਲਾਗੂ ਕਰੇ। ਉਨ੍ਹਾਂ ਕਿਹਾ ਕਿ ਕਾਂਗਰਸ ਪਾਰਟੀ ਨੇ ਹਮੇਸ਼ਾ ਦੇਸ਼ ਦੀ ਆਰਥਿਕ ਸਥਿਰਤਾ ਅਤੇ ਆਮ ਲੋਕਾਂ ਦੇ ਹਿੱਤਾਂ ਦੀ ਵਕਾਲਤ ਕੀਤੀ ਹੈ ਅਤੇ ਅਜਿਹਾ ਕਰਦੀ ਰਹੇਗੀ।

# ਬੀਐੱਸਐੱਫ ਸਿੱਖ ਜਵਾਨ ਦੀ ਹਿਰਾਸਤੀ ਮੌਤ ਮਾਮਲੇ 'ਚ ਦੋਸ਼ੀ ਅਧਿਕਾਰੀਆਂ 'ਤੇ ਹੋਵੇ ਸਖ਼ਤ ਕਾਰਵਾਈ: ਗੜਗੱਜ



ਅੰਮ੍ਰਿਤਸਰ : ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਬੀਤੇ ਦਿਨੀਂ ਨਾਰਕੋਟਿਕਸ ਕੰਟਰੋਲ ਬਿਊਰੋ (ਐੱਨ.ਸੀ.ਬੀ.) ਦੀ ਹਿਰਾਸਤ ਵਿੱਚ ਅੰਮ੍ਰਿਤਸਰ ਵਿਖੇ ਕਥਿਤ ਤਸ਼ੱਦਦ ਕਾਰਨ ਮਾਰੇ ਗਏ ਬੀ.ਐੱਸ.ਐੱਫ ਦੇ ਸਿੱਖ ਜਵਾਨ ਜਸਵਿੰਦਰ ਸਿੰਘ ਦੀ ਮੌਤ ਦੇ ਮਾਮਲੇ ਵਿੱਚ ਦੋਸ਼ੀ ਅਧਿਕਾਰੀਆਂ ਖਿਲਾਫ ਕਾਰਵਾਈ ਦੀ ਮੰਗ ਕੀਤੀ ਹੈ। ਜਥੇਦਾਰ ਗੜਗੱਜ ਆਪਣੇ ਜੰਮੂ ਦੌਰੇ ਮੌਕੇ ਪੀੜਤ ਪਰਿਵਾਰ ਦੇ ਘਰ ਪਹੁੰਚੇ। ਉਨ੍ਹਾਂ ਦੇ ਪਰਿਵਾਰ ਦੀ ਗੱਲਬਾਤ ਸੁਣੀ ਅਤੇ ਉਨ੍ਹਾਂ ਨੂੰ ਹੌਸਲਾ ਦਿੱਤਾ ਕਿ ਸਮੁੱਚਾ ਖ਼ਾਲਸਾ ਪੰਥ ਇਨਸਾਫ਼ ਦੀ ਲੜਾਈ ਵਿੱਚ ਉਨ੍ਹਾਂ ਨਾਲ ਹੈ।

ਜੰਮੂ ਦੇ ਆਰ.ਐੱਸ. ਪੁਰਾ ਖੇਤਰ ਵਿੱਚ ਮਹਲੋਵਾਲ ਵਿਚ ਇੱਕ ਗੁਰਮਤਿ ਸਮਾਗਮ ਦੌਰਾਨ ਸੰਗਤ ਨੂੰ ਸੰਬੋਧਨ ਕਰਦਿਆਂ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਜੰਮੂ ਕਸ਼ਮੀਰ ਦੇ ਮੁੱਖ ਮੰਤਰੀ ਅਤੇ ਸੂਬਾ ਸਰਕਾਰ ਨੂੰ ਜਸਵਿੰਦਰ ਸਿੰਘ ਦੇ ਪਰਿਵਾਰ ਨੂੰ ਇਨਸਾਫ਼ ਦਿਵਾਉਣ ਲਈ ਆਖਿਆ। ਉਨ੍ਹਾਂ ਦੋਸ਼ ਲਾਇਆ ਕਿ ਸਿੱਖ ਨੌਜਵਾਨ ਉੱਤੇ ਐੱਨ.ਸੀ.ਬੀ ਦੀ ਹਿਰਾਸਤ ਵਿੱਚ ਬਹੁਤ ਭਾਰੀ ਤਸ਼ੱਦਦ ਕਰਕੇ ਉਸ ਦਾ ਕਥਿਤ ਕਤਲ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਜਸਵਿੰਦਰ ਸਿੰਘ ਦੇ ਸਰੀਰ ਉੱਤੇ ਪਰਿਵਾਰ ਵੱਲੋਂ ਤਸ਼ੱਦਦ ਦੇ ਨਿਸ਼ਾਨ ਦੇਖੇ ਗਏ ਹਨ, ਜਿਸ ਦੇ ਸਬੂਤ ਵੀ ਮੌਜੂਦ ਹਨ, ਇਸ ਲਈ ਇਸ ਮਾਮਲੇ ਵਿੱਚ ਸਖ਼ਤ ਕਾਰਵਾਈ ਹੋਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਇਸ ਕਤਲ ਲਈ ਐੱਨ.ਸੀ.ਬੀ ਦੇ ਜ਼ਿੰਮੇਵਾਰ ਅਧਿਕਾਰੀਆਂ ਵਿਰੁੱਧ ਪਰਚਾ ਦਰਜ ਹੋਣਾ ਚਾਹੀਦਾ ਹੈ ਅਤੇ ਉਨ੍ਹਾਂ ਨੂੰ ਸਖ਼ਤ ਸਜ਼ਾਵਾਂ ਮਿਲਣੀਆਂ ਚਾਹੀਦੀਆਂ ਹਨ। ਉਨ੍ਹਾਂ ਕਿਹਾ ਕਿ ਜੇਕਰ ਬੀਐੱਸਐੱਫ ਜਵਾਨ ਨੇ ਕੋਈ ਗਲਤ ਕੰਮ ਕੀਤਾ ਸੀ ਤਾਂ ਉਸ ਲਈ ਦੇਸ਼ ਅੰਦਰ ਕਾਨੂੰਨ ਅਤੇ ਅਦਾਲਤਾਂ ਹਨ, ਉਸ ਨੂੰ ਕਾਨੂੰਨ ਅਨੁਸਾਰ ਬਣਦੀ ਸਜ਼ਾ ਦਿੱਤੀ ਜਾਂਦੀ, ਨਾ ਕਿ ਇਸ ਤਰ੍ਹਾਂ ਤਸ਼ੱਦਦ ਕਰਕੇ ਕਤਲ ਕੀਤਾ ਜਾਂਦਾ।



ਡਾ. ਗੁਰਿੰਦਰ ਸਿੰਘ ਗਰੇਵਾਲ
209-321-3771

**ਇਤਿਹਾਸ ਦੀਆਂ ਪਰਤਾਂ ਉਧੇੜਦੀ ਇੱਕ ਨਿਡਰ ਆਵਾਜ਼ :** ਅੱਜ ਦੇ ਦੌਰ ਵਿੱਚ ਜਿੱਥੇ ਇਤਿਹਾਸ ਨੂੰ ਅਕਸਰ ਸੱਤਾ ਦੀਆਂ ਲੋੜਾਂ ਅਨੁਸਾਰ ਮੁੜ-ਲਿਖਿਆ ਜਾਂਦਾ ਹੈ, ਉੱਥੇ ਸੱਚ ਨੂੰ ਇਸਦੇ ਮੂਲ ਰੂਪ ਵਿੱਚ ਪੇਸ਼ ਕਰਨ ਲਈ ਬਹੁਤ ਦਲੇਰੀ ਦੀ ਲੋੜ ਹੁੰਦੀ ਹੈ। ਇਸ ਵਿਸ਼ੇਸ਼ ਲੇਖ ਵਿੱਚ, ਪ੍ਰਸਿੱਧ ਚਿੰਤਕ ਅਤੇ ਵਿਦਵਾਨ ਡਾ. ਗੁਰਿੰਦਰ ਸਿੰਘ ਗਰੇਵਾਲ (MD) ਭਾਰਤ ਦੇ ਰਾਜਨੀਤਿਕ ਅਤੇ ਸਮਾਜਿਕ ਇਤਿਹਾਸ ਦੇ ਉਨ੍ਹਾਂ ਪੰਨਿਆਂ ਨੂੰ ਫਰੋਲਦੇ ਹਨ ਜਿਨ੍ਹਾਂ 'ਤੇ ਅਕਸਰ ਪਰਦਾ ਪਾਇਆ ਜਾਂਦਾ ਰਿਹਾ ਹੈ। ਡਾ. ਗਰੇਵਾਲ ਆਪਣੀ ਤਿੱਖੀ ਵਿਗਿਆਨਕ ਸੋਚ ਅਤੇ ਡੂੰਘੀ ਇਤਿਹਾਸਕ ਖੋਜ ਰਾਹੀਂ ਪੂਨਾ ਪੈਕਟ, ਮਹਾਤਮਾ ਗਾਂਧੀ ਦੀ ਰਣਨੀਤੀ ਅਤੇ ਡਾ. ਬੀ.ਆਰ. ਅੰਬੇਡਕਰ ਦੇ ਫੈਸਲਿਆਂ ਦਾ ਇੱਕ ਅਜਿਹਾ ਵਿਸ਼ਲੇਸ਼ਣ ਪੇਸ਼ ਕਰਦੇ ਹਨ ਜੋ ਸਥਾਪਿਤ ਬਿਰਤਾਂਤਾਂ (narratives) ਨੂੰ ਵੰਗਾਰਦਾ ਹੈ। ਉਹ ਦਲਿਤ ਭਾਈਚਾਰੇ ਅਤੇ ਸਿੱਖ ਕੌਮ ਦੇ ਹਿੱਤਾਂ ਨਾਲ ਹੋਏ ਸਮਝੌਤਿਆਂ ਦੀ ਬੜੀ ਬੇਬਾਕੀ ਨਾਲ ਚਰਚਾ ਕਰਦੇ ਹਨ। ਇਹ ਲੇਖ ਸਿਰਫ਼ ਪੁਰਾਣੀਆਂ ਘਟਨਾਵਾਂ ਦਾ ਵੇਰਵਾ ਨਹੀਂ ਹੈ, ਸਗੋਂ ਇਹ ਉਨ੍ਹਾਂ 'ਗੁਪਤ ਸੌਦਿਆਂ' ਦਾ ਪਰਦਾਫਾਸ਼ ਕਰਦਾ ਹੈ ਜਿਨ੍ਹਾਂ ਨੇ ਅੱਜ ਦੇ ਭਾਰਤ ਵਿੱਚ ਘੱਟ ਗਿਣਤੀਆਂ ਅਤੇ ਦੱਬੇ-ਕੁਚਲੇ ਵਰਗਾਂ ਦੀ ਹੋਣੀ ਨੂੰ ਤੈਅ ਕੀਤਾ। ਡਾ. ਗਰੇਵਾਲ ਸਾਨੂੰ ਸਵਾਲ ਕਰਨ ਲਈ ਮਜਬੂਰ ਕਰਦੇ ਹਨ: ਕੀ ਅਸੀਂ ਅੱਜ ਵੀ ਉਸੇ 'ਸਦੀਵੀ ਗੁਲਾਮੀ' ਦੇ ਪ੍ਰਤੀਕਾਂ ਨੂੰ ਪੂਜ ਰਹੇ ਹਾਂ? ਅਸੀਂ ਮਾਣ ਮਹਿਸੂਸ ਕਰਦੇ ਹਾਂ ਕਿ ਡਾ. ਗੁਰਿੰਦਰ ਸਿੰਘ ਗਰੇਵਾਲ ਵਰਗੀ ਸੂਝਵਾਨ ਸ਼ਖਸੀਅਤ ਨੇ ਇਸ ਗੁੰਝਲਦਾਰ ਵਿਸ਼ੇ 'ਤੇ ਆਪਣੇ ਵਿਚਾਰ ਸਾਡੇ ਪਾਠਕਾਂ ਨਾਲ ਸਾਂਝੇ ਕੀਤੇ ਹਨ। - ਸਤਨਾਮ ਸਿੰਘ ਖਾਲਸਾ

# 'ਇਤਿਹਾਸ ਦੇ ਪੰਨੇ: ਡਾ. ਅੰਬੇਡਕਰ, ਸੰਵਿਧਾਨਕ ਚੁਣੌਤੀਆਂ ਅਤੇ ਧਰਮ ਪਰਿਵਰਤਨ ਦੇ ਫੈਸਲਿਆਂ ਦਾ ਇੱਕ ਡੂੰਘਾ ਵਿਸ਼ਲੇਸ਼ਣ' ਇਤਿਹਾਸਕ ਪਿਛੋਕੜ ਅਤੇ ਗੋਲਮੇਜ਼ ਕਾਨਫਰੰਸ

19ਵੀਂ ਸਦੀ ਦੇ ਅੰਤ ਅਤੇ 20ਵੀਂ ਸਦੀ ਦੀ ਸ਼ੁਰੂਆਤ ਤੋਂ ਹੀ ਭਾਰਤ ਵਿੱਚ ਦੱਬੇ-ਕੁਚਲੇ ਵਰਗਾਂ ਵਿੱਚ ਜਾਗਰੂਕਤਾ ਵਧ ਰਹੀ ਸੀ। ਉਨ੍ਹਾਂ ਨੇ ਆਪਣੇ ਜਾਇਜ਼ ਹੱਕਾਂ ਅਤੇ ਸਮਾਜਿਕ ਬਰਾਬਰੀ ਲਈ ਆਵਾਜ਼ ਉਠਾਈ, ਜਿਸ ਤੋਂ ਉਨ੍ਹਾਂ ਨੂੰ ਸਾਲਾਂ ਬੱਧੀ ਵਾਂਝੇ ਰੱਖਿਆ ਗਿਆ ਸੀ। ਭਾਰਤੀ ਰਾਸ਼ਟਰੀ ਅੰਦੋਲਨ ਦੇ ਦਬਾਅ ਹੇਠ ਬ੍ਰਿਟਿਸ਼ ਸਰਕਾਰ ਨੇ ਭਾਰਤੀਆਂ ਅਤੇ ਵੱਖ-ਵੱਖ ਪ੍ਰਤੀਨਿਧ ਸੰਸਥਾਵਾਂ ਨੂੰ ਸ਼ਾਮਲ ਕਰਨ ਲਈ ਇੱਕ ਸੰਵਿਧਾਨਕ ਰੂਪ ਸ਼ੁਰੂ ਕੀਤਾ। 1909 ਦੇ ਮੋਰਲੇ-ਮਿੰਟੋ ਸੁਧਾਰ ਐਕਟ ਨੇ ਮੁਸਲਮਾਨਾਂ ਲਈ ਵੱਖਰੇ ਚੋਣ ਮੰਡਲ (separate electorate) ਦਾ ਪ੍ਰਬੰਧ ਕੀਤਾ। ਅਛੂਤਾਂ (ਦਲਿਤਾਂ) ਦਾ ਦਾਅਵਾ ਸੀ ਕਿ ਉਹ ਇੱਕ ਵੱਖਰਾ ਭਾਈਚਾਰਾ ਹਨ, ਇਸ ਲਈ ਉਨ੍ਹਾਂ ਨੂੰ ਆਪਣਾ ਪ੍ਰਤੀਨਿਧ ਚੁਣਨ ਦਾ ਅਧਿਕਾਰ ਹੋਣਾ ਚਾਹੀਦਾ ਹੈ। 20 ਫਰਵਰੀ 1929 ਨੂੰ ਮਦਰਾਸ ਵਿੱਚ ਆਲ-ਇੰਡੀਆ ਡਿਪਰੈੱਸਡ ਕਲਾਸਿਜ਼ ਕਾਨਫਰੰਸ ਵਿੱਚ ਸ੍ਰੀ ਬੀ. ਸੀ. ਮੰਡਲ ਨੇ ਕਿਹਾ ਸੀ ਕਿ ਭਾਰਤ ਦੇ ਅਖੌਤੀ ਦੇਸ਼ ਭਗਤ ਰਾਜਨੀਤਿਕ ਅਧਿਕਾਰਾਂ ਦੀ ਮੰਗ ਕਰਦੇ ਹਨ, ਪਰ ਉਹ ਆਪਣੇ ਸਾਥੀ ਨਾਗਰਿਕਾਂ ਨੂੰ ਸਮਾਜਿਕ ਅਧਿਕਾਰ ਦੇਣ ਲਈ ਤਿਆਰ ਨਹੀਂ ਹਨ। ਦੱਬੇ-ਕੁਚਲੇ ਵਰਗਾਂ ਦੇ ਬਹੁਤ ਸਾਰੇ ਨੇਤਾਵਾਂ ਨੇ ਮਹਿਸੂਸ ਕੀਤਾ ਕਿ ਉਨ੍ਹਾਂ ਨੂੰ ਵਿਧਾਨਕ ਸੰਸਥਾਵਾਂ ਵਿੱਚ ਆਪਣੀ ਪ੍ਰਤੀਨਿਧਤਾ ਲਈ ਸੀਟਾਂ ਦੇ ਰਾਖਵੇਂਕਰਨ ਦੀ ਮੰਗ ਵੀ ਕਰਨੀ ਚਾਹੀਦੀ ਹੈ। ਇਸ ਮੁੱਦੇ ਨੂੰ ਹੱਲ ਕਰਨ ਲਈ ਬ੍ਰਿਟਿਸ਼ ਸਰਕਾਰ ਨੇ ਲੰਡਨ ਵਿੱਚ ਗੋਲਮੇਜ਼ ਕਾਨਫਰੰਸ ਬੁਲਾਈ।

ਸਵਾਮੀ ਅਛੂਤਾਨੰਦ ਮਹਾਰਾਜ ਅਤੇ ਬਾਬੂ ਮੰਗੂਰਾਮ ਮੁਗੋਵਾਲੀਆ ਨੇ ਅਛੂਤਾਂ ਦੇ ਹੱਕਾਂ ਲਈ ਲੜਾਈ ਲੜੀ ਅਤੇ ਉਨ੍ਹਾਂ ਨੇ ਡਾ. ਭੀਮ ਰਾਓ ਅੰਬੇਡਕਰ ਨੂੰ ਗੋਲਮੇਜ਼ ਕਾਨਫਰੰਸ ਵਿੱਚ ਆਪਣੇ ਪ੍ਰਤੀਨਿਧ ਵਜੋਂ ਭੇਜਿਆ। ਮਹਾਤਮਾ ਗਾਂਧੀ ਨੇ ਦਾਅਵਾ ਕੀਤਾ ਕਿ ਉਹ ਅਛੂਤਾਂ ਦੇ ਨੇਤਾ ਹਨ; ਹਾਲਾਂਕਿ, ਅੰਗਰੇਜ਼ਾਂ ਨੇ ਡਾ. ਭੀਮ ਰਾਓ ਅੰਬੇਡਕਰ ਨੂੰ ਦਲਿਤਾਂ ਦੇ ਪ੍ਰਤੀਨਿਧ ਵਜੋਂ ਸਵੀਕਾਰ ਕੀਤਾ, ਨਾ ਕਿ ਗਾਂਧੀ ਨੂੰ। ਡਾ. ਭੀਮ ਰਾਓ ਅੰਬੇਡਕਰ ਨੇ ਤਰਕਪੂਰਨ ਢੰਗ ਨਾਲ ਇਹ ਲੜਾਈ ਲੜੀ ਅਤੇ ਕਈ ਦਲੀਲਾਂ ਪੇਸ਼ ਕੀਤੀਆਂ ਜਿਨ੍ਹਾਂ ਨੇ ਅਛੂਤਾਂ ਨੂੰ ਇੱਕ ਵੱਖਰਾ ਭਾਈਚਾਰਾ ਸਾਬਤ ਕੀਤਾ। 15 ਅਗਸਤ 1932 ਨੂੰ ਬ੍ਰਿਟਿਸ਼ ਸਰਕਾਰ ਨੇ ਵੱਖਰੇ ਚੋਣ ਮੰਡਲਾਂ ਨੂੰ ਰਸਮੀ ਰੂਪ ਦਿੱਤਾ। ਦੂਜੀ ਗੋਲਮੇਜ਼ ਕਾਨਫਰੰਸ ਵਿੱਚ ਲੰਬੀ ਗੱਲਬਾਤ ਤੋਂ ਬਾਅਦ, ਬ੍ਰਿਟਿਸ਼ ਪ੍ਰਧਾਨ ਮੰਤਰੀ ਰਾਮਸੇ ਮੈਕਡੋਨਲਡ ਨੇ 'ਕਮਿਊਨਲ ਅਵਾਰਡ' (ਸੰਪਰਦਾਇਕ ਫੈਸਲਾ) ਜਾਰੀ ਕੀਤਾ ਜਿਸ ਨੇ ਦਲਿਤਾਂ, ਮੁਸਲਮਾਨਾਂ, ਐਂਗਲੋ-ਇੰਡੀਅਨਾਂ, ਈਸਾਈਆਂ ਅਤੇ ਯੂਰਪੀਅਨਾਂ ਲਈ ਵੱਖਰੇ ਚੋਣ ਮੰਡਲ ਸਥਾਪਤ ਕੀਤੇ। ਇਸ ਅਵਾਰਡ ਵਿੱਚ ਸੰਸਦ ਦੀਆਂ 71 ਸੀਟਾਂ ਦੱਬੇ-ਕੁਚਲੇ ਵਰਗਾਂ ਲਈ ਰਾਖਵੀਆਂ ਕੀਤੀਆਂ ਗਈਆਂ ਸਨ। ਇਨ੍ਹਾਂ ਸੀਟਾਂ 'ਤੇ ਸਿਰਫ਼ ਦੱਬੇ-ਕੁਚਲੇ ਵਰਗਾਂ ਨੂੰ ਹੀ ਆਪਣੇ ਪ੍ਰਤੀਨਿਧ ਚੁਣਨ ਲਈ ਵੋਟ ਪਾਉਣ ਦੀ ਇਜਾਜ਼ਤ ਸੀ। ਖੁੱਲ੍ਹੀਆਂ ਸੀਟਾਂ ਵਿੱਚ ਵੀ ਦੱਬੇ-ਕੁਚਲੇ ਵਰਗ ਦੇ ਮੈਂਬਰਾਂ ਨੂੰ ਵੋਟ ਪਾਉਣ ਦੀ ਇਜਾਜ਼ਤ ਦਿੱਤੀ ਗਈ ਸੀ, ਜਿਸ ਨਾਲ ਉਨ੍ਹਾਂ ਨੂੰ 'ਦੋਹਰੀ ਵੋਟ' ਦਾ ਅਧਿਕਾਰ ਮਿਲ ਗਿਆ ਸੀ।

ਮਹਾਤਮਾ ਗਾਂਧੀ ਨੇ ਕਮਿਊਨਲ ਅਵਾਰਡ ਦਾ ਵਿਰੋਧ ਕੀਤਾ। ਉਨ੍ਹਾਂ ਅਨੁਸਾਰ ਇਹ ਹਿੰਦੂ ਧਰਮ ਦੇ ਟੁਕੜੇ ਕਰ ਦੇਵੇਗਾ। ਉਨ੍ਹਾਂ ਨੇ ਯਰਵਦਾ ਜੇਲ੍ਹ ਵਿੱਚ ਮਰਨ ਵਰਤ ਸ਼ੁਰੂ ਕਰ ਦਿੱਤਾ। ਹਾਲਾਂਕਿ ਉਨ੍ਹਾਂ ਨੇ ਸਿਰਫ 4 ਦਿਨ ਵਰਤ ਰੱਖਿਆ ਸੀ, ਪਰ ਇੱਕ ਵੱਡਾ ਡਰਾਮਾ ਰਚਿਆ ਗਿਆ ਕਿ ਉਨ੍ਹਾਂ ਦੀ ਜਾਨ ਨੂੰ ਖਤਰਾ ਹੈ ਅਤੇ ਜੇਕਰ ਉਹ ਮਰ ਗਏ ਤਾਂ ਇਸ ਨਾਲ ਦੱਬੇ-ਕੁਚਲੇ ਵਰਗਾਂ/ਦਲਿਤਾਂ ਦਾ ਖੂਨ-ਖਰਾਬਾ ਹੋਵੇਗਾ। ਡਾ. ਅੰਬੇਡਕਰ 'ਤੇ ਕਮਿਊਨਲ ਅਵਾਰਡ ਸਵੀਕਾਰ ਨਾ ਕਰਨ ਲਈ ਦਬਾਅ ਪਾਇਆ ਗਿਆ। ਡਾ. ਅੰਬੇਡਕਰ, ਜੋ ਕਿ ਇੱਕ ਉੱਚ ਸਿੱਖਿਅਤ ਅਤੇ ਜਾਣਕਾਰ ਵਿਅਕਤੀ ਸਨ, ਨੂੰ ਮਹਾਤਮਾ ਗਾਂਧੀ ਦੁਆਰਾ ਧੋਖਾ ਦਿੱਤਾ ਗਿਆ, ਜੋ ਇੱਕ ਫਿਰਕੂ (ਬਾਣੀਆ) ਨੇਤਾ ਸਨ। ਡਾ. ਅੰਬੇਡਕਰ ਨੂੰ 71 ਦੀ ਬਜਾਏ ਸੰਸਦ ਵਿੱਚ 147 ਸੀਟਾਂ ਦੇ ਰਾਖਵੇਂਕਰਨ ਦਾ ਵਾਅਦਾ ਕੀਤਾ ਗਿਆ ਸੀ; ਹਾਲਾਂਕਿ, ਅਸਲ ਵੋਟਿੰਗ ਵਿੱਚ ਹਰ ਕੋਈ ਵੋਟ ਪਾਵੇਗਾ। ਕੁਝ ਹੋਰ ਲਾਭਾਂ ਦਾ ਵੀ ਵਾਅਦਾ ਕੀਤਾ ਗਿਆ ਸੀ। ਭਾਰੀ ਦਬਾਅ ਹੇਠ ਡਾ. ਅੰਬੇਡਕਰ ਨੇ ਪੂਨਾ ਪੈਕਟ 'ਤੇ ਦਸਤਖਤ ਕਰ ਦਿੱਤੇ। ਪੂਨਾ ਪੈਕਟ ਨੇ ਸਮਾਜ ਦੇ ਵਾਂਝੇ ਵਰਗ ਨੂੰ ਰਾਜਨੀਤਿਕ ਮੋਹਰਿਆਂ ਵਿੱਚ ਬਦਲ ਦਿੱਤਾ ਜਿਨ੍ਹਾਂ ਨੂੰ ਹਿੰਦੂ ਜਾਤੀ ਸੰਗਠਨ ਆਪਣੇ ਫਾਇਦੇ ਲਈ ਵਰਤ ਸਕਦੇ ਸਨ। ਮਹਾਤਮਾ ਗਾਂਧੀ ਨੇ ਸਮਝੌਤੇ 'ਤੇ ਦਸਤਖਤ ਨਹੀਂ ਕੀਤੇ। ਇਸ ਦੀ ਬਜਾਏ, ਉਨ੍ਹਾਂ ਨੇ ਦਸਤਖਤ ਕਰਨ ਲਈ ਮਦਨ ਮੋਹਨ ਮਾਲਵੀਆ ਨਾਮ ਦੇ ਇੱਕ ਬ੍ਰਾਹਮਣ ਨੂੰ ਚੁਣਿਆ। ਇਸ ਸਮਝੌਤੇ ਵਿੱਚ ਬ੍ਰਾਹਮਣ/ਬਾਣੀਆ ਗਠਜੋੜ ਨੇ ਡਾ. ਅੰਬੇਡਕਰ ਨੂੰ ਮਾਤ ਦੇ ਦਿੱਤੀ। ਇਸ ਨੇ ਸਾਰੇ ਦਲਿਤਾਂ ਨੂੰ ਹਮੇਸ਼ਾ ਲਈ ਹਿੰਦੂ ਬਣਾ ਦਿੱਤਾ, ਜਿਸਦਾ ਮਤਲਬ ਸੀ ਕਿ ਉਨ੍ਹਾਂ ਨੇ ਦਲਿਤਾਂ ਨੂੰ ਹਮੇਸ਼ਾ ਲਈ ਉੱਚ-ਸ਼੍ਰੇਣੀ ਦੇ ਭਾਈਚਾਰੇ ਦੇ ਅਧੀਨ ਰਹਿਣ ਲਈ ਖਰੀਦ ਲਿਆ। ਨਤੀਜਾ ਇਹ ਨਿਕਲਿਆ ਕਿ ਗਰੀਬ ਵਰਗ ਰਾਜਨੀਤੀ, ਵਿਚਾਰਧਾਰਾ ਅਤੇ ਸੱਭਿਆਚਾਰ ਦੇ ਖੇਤਰਾਂ ਵਿੱਚ ਯਥਾਸਥਿਤੀ ਨੂੰ ਸਵੀਕਾਰ ਕਰਨ ਲਈ ਮਜਬੂਰ ਹੋ ਗਏ ਅਤੇ ਬ੍ਰਾਹਮਣਵਾਦੀ ਪ੍ਰਣਾਲੀ ਨੂੰ ਚੁਣੌਤੀ ਦੇਣ ਲਈ ਸੁਤੰਤਰ ਅਤੇ ਇਮਾਨਦਾਰ ਲੀਡਰਸ਼ਿਪ ਸਥਾਪਤ ਕਰਨ ਵਿੱਚ ਅਸਮਰੱਥ ਰਹੇ। ਇਸ ਨੇ ਦਲਿਤਾਂ ਨੂੰ ਦੇਸ਼ ਵਿੱਚ ਇੱਕ ਵੱਖਰੇ ਤੱਤ ਵਜੋਂ ਸਵੀਕਾਰ ਕਰਨ ਤੋਂ ਇਨਕਾਰ ਕਰ ਦਿੱਤਾ, ਜਿਸ ਨਾਲ ਆਜ਼ਾਦ ਭਾਰਤ ਦੇ ਸੰਵਿਧਾਨ ਵਿੱਚ ਦਲਿਤਾਂ ਲਈ ਸਿੱਧੇ ਅਧਿਕਾਰਾਂ ਅਤੇ ਸੁਰੱਖਿਆ ਨੂੰ ਪਹਿਲਾਂ ਹੀ ਖਤਮ ਕਰ ਦਿੱਤਾ ਗਿਆ।

ਗਾਂਧੀ ਨੇ ਕਿਹਾ ਸੀ ਕਿ ਉਹ ਗਿਣਤੀ ਦੇ ਅਨੁਪਾਤ ਵਿੱਚ ਨੌਕਰੀਆਂ ਅਤੇ ਰਾਜਨੀਤੀ ਵਿੱਚ ਰਾਖਵਾਂਕਰਨ ਦੇਣ ਲਈ ਤਿਆਰ ਹਨ; ਕੋਈ ਰਾਖਵਾਂਕਰਨ ਤਾਂ ਲਵੇ ਪਰ ਹਿੰਦੂ ਧਰਮ ਨੂੰ ਨਾ ਤੋੜੇ। ਕਾਂਗਰਸ ਅਤੇ ਡਾ. ਅੰਬੇਡਕਰ ਵਿਚਕਾਰ ਪੂਨਾ ਪੈਕਟ ਦਾ ਪ੍ਰਭਾਵ ਇਹ ਹੈ ਕਿ ਜੇਕਰ ਕਾਂਗਰਸ ਦਲਿਤਾਂ ਨੂੰ ਰਾਖਵਾਂਕਰਨ (ਸਿੱਖਿਆ, ਨੌਕਰੀਆਂ ਅਤੇ ਰਾਜਨੀਤੀ ਵਿੱਚ ਸੁਰੱਖਿਅਤ ਸੀਟਾਂ) ਦੇਣ ਲਈ ਤਿਆਰ ਹੈ, ਤਾਂ ਦਲਿਤ ਹਿੰਦੂ ਬਣਨ ਲਈ ਤਿਆਰ ਹਨ। ਪੂਨਾ ਪੈਕਟ ਦੀ ਪੁਸ਼ਟੀ ਕਰਨ ਵਾਲੇ ਮਤੇ ਦੇ ਸਮਰਥਨ ਵਿੱਚ ਬੋਲਦਿਆਂ, ਡਾ. ਅੰਬੇਡਕਰ ਦਾ ਤਾੜੀਆਂ ਨਾਲ ਸਵਾਗਤ ਕੀਤਾ ਗਿਆ ਜਦੋਂ ਉਹ ਉੱਠੇ ਅਤੇ ਐਲਾਨ ਕੀਤਾ:

'ਇਹ ਕਹਿਣਾ ਕੋਈ ਅਤਿਕਥਨੀ ਨਹੀਂ ਹੈ ਕਿ ਕੁਝ ਦਿਨ ਪਹਿਲਾਂ ਕੋਈ ਵੀ ਮਨੁੱਖ ਮੇਰੇ ਨਾਲੋਂ ਵੱਡੀ ਦੁਬਿਧਾ ਵਿੱਚ ਨਹੀਂ ਸੀ। ਭਾਰਤ ਦੇ ਸਭ ਤੋਂ ਮਹਾਨ ਵਿਅਕਤੀ ਦੀ ਜਾਨ ਬਚਾਉਣੀ ਸੀ। ਭਾਈਚਾਰੇ ਦੇ ਹਿੱਤਾਂ ਦੀ ਰਾਖੀ ਕਰਨ ਦੀ ਕੋਸ਼ਿਸ਼ ਕਰਨ ਦੀ ਸਮੱਸਿਆ ਵੀ ਸੀ, ਜੋ ਮੈਂ ਆਪਣੇ ਨਿਮਰ ਤਰੀਕੇ ਨਾਲ ਗੋਲਮੇਜ਼ ਕਾਨਫਰੰਸ ਵਿੱਚ ਕਰਨ ਦੀ ਕੋਸ਼ਿਸ਼ ਕਰ ਰਿਹਾ ਸੀ। ਇਸ ਦਾ ਕੁਝ ਸਿਹਰਾ ਮਹਾਤਮਾ ਗਾਂਧੀ ਨੂੰ ਹੀ ਜਾਣਾ ਚਾਹੀਦਾ ਹੈ। ਮੈਨੂੰ ਇਹ ਕਬੂਲ ਕਰਨਾ ਚਾਹੀਦਾ ਹੈ ਕਿ ਜਦੋਂ ਮੈਂ ਉਨ੍ਹਾਂ ਨੂੰ ਮਿਲਿਆ ਤਾਂ ਮੈਂ ਹੈਰਾਨ ਰਹਿ ਗਿਆ ਕਿ ਸਾਡੇ ਦੋਵਾਂ ਵਿਚਕਾਰ ਇੰਨੀ ਸਮਾਨਤਾ ਸੀ।'

15 ਮਈ 1936 ਨੂੰ ਡਾ. ਅੰਬੇਡਕਰ ਨੇ 'ਜਾਤ ਦਾ ਵਿਨਾਸ਼' (Annihilation of Caste) ਨਾਮਕ ਇੱਕ ਪੁਸਤਕ ਪ੍ਰਕਾਸ਼ਿਤ ਕੀਤੀ। ਇਹ ਉਹ ਭਾਸ਼ਣ ਸੀ ਜੋ ਉਨ੍ਹਾਂ ਨੇ ਲਾਹੌਰ ਵਿੱਚ ਇੱਕ ਕਾਨਫਰੰਸ ਵਿੱਚ ਦੇਣ ਲਈ ਲਿਖਿਆ ਸੀ; ਹਾਲਾਂਕਿ, ਉਹ ਉਸ ਸੰਸਥਾ ਨਾਲ ਕੁਝ ਅਸਹਿਮਤੀ ਕਾਰਨ ਕਾਨਫਰੰਸ ਵਿੱਚ ਸ਼ਾਮਲ ਨਹੀਂ ਹੋਏ ਸਨ ਜਿਸ ਨੇ ਉਨ੍ਹਾਂ ਦਾ ਸੱਦਾ ਵਾਪਸ ਲੈ ਲਿਆ ਸੀ। ਇਸ ਕਿਤਾਬ ਵਿੱਚ ਉਹ ਕਹਿੰਦੇ ਹਨ ਕਿ ਉਹ ਹਿੰਦੂ ਪੈਦਾ ਹੋਏ ਸਨ ਪਰ ਹਿੰਦੂ ਨਹੀਂ ਮਰਨਗੇ। ਉਹ ਆਪਣਾ ਧਰਮ ਬਦਲ ਲੈਣਗੇ, ਪਰ ਉਹ ਅਜਿਹਾ ਧਰਮ ਨਹੀਂ ਅਪਣਾਉਣਗੇ ਜੋ ਹਿੰਦੂਆਂ ਨੂੰ ਨੁਕਸਾਨ ਪਹੁੰਚਾਏ। ਉਹ ਇਸਲਾਮ ਜਾਂ ਈਸਾਈ ਧਰਮ ਨੂੰ ਸਵੀਕਾਰ ਨਹੀਂ ਕਰਨਗੇ ਕਿਉਂਕਿ ਉਨ੍ਹਾਂ ਦਾ ਮੂਲ ਵਿਦੇਸ਼ੀ ਹੈ। ਉਨ੍ਹਾਂ ਨੇ ਗਾਂਧੀ ਨਾਲ ਵਾਅਦਾ ਕੀਤਾ ਸੀ ਕਿ ਉਹ ਅਜਿਹਾ ਧਰਮ ਅਪਣਾਉਣਗੇ ਜੋ ਹਿੰਦੂਆਂ ਨੂੰ ਘੱਟ ਤੋਂ ਘੱਟ ਨੁਕਸਾਨ ਪਹੁੰਚਾਏਗਾ।

ਡਾ. ਅੰਬੇਡਕਰ ਨੇ ਹਿੰਦੂ ਮਹਾਸਭਾ ਦੇ ਨੇਤਾ ਡਾ. ਮੁੰਜੇ ਨਾਲ ਸਮਝੌਤਾ ਕੀਤਾ ਕਿ ਉਹ ਸਿੱਖ ਬਣ ਜਾਣਗੇ। ਇਸ ਤੋਂ ਬਾਅਦ ਡਾ. ਮੁੰਜੇ ਨੇ ਸਮਝੌਤੇ ਦੇ ਦਸਤਾਵੇਜ਼ ਮਹਾਤਮਾ ਗਾਂਧੀ ਨੂੰ ਭੇਜੇ, ਜਿਨ੍ਹਾਂ ਨੇ ਇਨ੍ਹਾਂ ਨੂੰ ਪ੍ਰਾਪਤ ਕੀਤਾ ਅਤੇ 8 ਅਗਸਤ 1936 ਨੂੰ ਬੰਬੇ ਕ੍ਰੋਨੀਕਲ ਮੈਗਜ਼ੀਨ ਵਿੱਚ ਪ੍ਰਕਾਸ਼ਿਤ ਕੀਤਾ। ਡਾ. ਅੰਬੇਡਕਰ ਨੇ ਸਿੱਖ ਧਰਮ ਅਪਣਾਉਣ ਦੀ ਪੂਰੀ ਤਿਆਰੀ ਕਰ ਲਈ ਸੀ, ਪਰ ਗਾਂਧੀ ਨੇ ਮੰਨਣ ਤੋਂ ਇਨਕਾਰ ਕਰ ਦਿੱਤਾ। ਉਨ੍ਹਾਂ ਅਨੁਸਾਰ ਜੇਕਰ ਤੁਸੀਂ (ਡਾ. ਅੰਬੇਡਕਰ) ਸਿੱਖ ਬਣ ਜਾਂਦੇ ਹੋ, ਤਾਂ ਅਸੀਂ ਤੁਹਾਨੂੰ ਪੂਨਾ ਪੈਕਟ ਦੁਆਰਾ ਨਿਰਧਾਰਤ ਰਾਖਵੇਂਕਰਨ ਦੇ ਅਧਿਕਾਰ ਨਹੀਂ ਦਿਆਂਗੇ। ਇਸ ਕਾਰਨ ਡਾ. ਅੰਬੇਡਕਰ ਨੇ ਮਹਾਤਮਾ ਗਾਂਧੀ ਅਤੇ ਕਾਂਗਰਸ ਦੇ ਦਬਾਅ ਹੇਠ ਸਿੱਖ ਧਰਮ ਅਪਣਾਉਣ ਦਾ ਵਿਚਾਰ ਤਿਆਗ ਦਿੱਤਾ। ਗਾਂਧੀ ਨੂੰ ਡਰ ਸੀ ਕਿ ਜੇਕਰ ਦਲਿਤ ਸਿੱਖ ਬਣ ਗਏ ਤਾਂ ਉਹ ਹਥਿਆਰ ਪਹਿਨਣਗੇ ਅਤੇ ਬਾਕੀ ਹਿੰਦੂਆਂ ਲਈ ਮੁਸੀਬਤ ਬਣ ਜਾਣਗੇ। ਉਹ ਸਿਰਫ਼ ਉਦੋਂ ਹੀ ਸਵੀਕਾਰ ਕਰਨ ਲਈ ਤਿਆਰ ਸਨ ਜੇਕਰ ਸਿੱਖ ਆਪਣੇ ਆਪ ਨੂੰ ਹਿੰਦੂ ਘੋਸ਼ਿਤ ਕਰ ਸਕਦੇ ਹੋਣ।

ਮਹਾਤਮਾ ਗਾਂਧੀ ਵੱਲੋਂ ਕੀਤੇ ਗਏ ਇੱਕ ਵੱਡੇ ਛਲ ਅਤੇ ਡਾ. ਅੰਬੇਡਕਰ ਵੱਲੋਂ ਕੀਤੇ ਗਏ ਇੱਕ ਵੱਡੇ ਵਿਸ਼ਵਾਸਘਾਤ ਨੇ ਭਾਰਤ ਵਿੱਚ ਜਾਤੀਗਤ ਲੋਕਾਂ ਦੀ ਕਿਸਮਤ ਹਮੇਸ਼ਾ ਲਈ ਸੀਲ ਕਰ ਦਿੱਤੀ। ਦਲਿਤ ਹੁਣ ਹਮੇਸ਼ਾ ਲਈ ਨੀਵੀਂ ਜਾਤ ਦੇ ਹਿੰਦੂ ਬਣ ਕੇ ਰਹਿ ਗਏ ਹਨ। ਪੂਨਾ ਪੈਕਟ ਦੇ ਲਾਭ ਪ੍ਰਾਪਤ ਕਰਨ ਲਈ, ਦਲਿਤਾਂ ਨੂੰ ਇੱਕ ਕਾਗਜ਼ 'ਤੇ ਦਸਤਖਤ ਕਰਨੇ ਪੈਂਦੇ ਹਨ ਅਤੇ ਆਪਣੇ ਆਪ ਨੂੰ ਨੀਵੀਂ ਜਾਤ ਵਜੋਂ ਸ਼੍ਰੇਣੀਬੱਧ ਕੀਤੇ ਜਾਣ ਨੂੰ ਸਵੀਕਾਰ ਕਰਨਾ ਪੈਂਦਾ ਹੈ। ਮਨੂਵਾਦੀ ਸੋਚ ਦੀ ਜਿੱਤ ਹੋਈ ਹੈ ਅਤੇ ਦਲਿਤਾਂ ਨਾਲ ਉਸ ਆਗੂ ਦੁਆਰਾ ਧੋਖਾ ਕੀਤਾ ਗਿਆ ਹੈ ਜਿਸ 'ਤੇ ਉਨ੍ਹਾਂ ਨੇ ਭਰੋਸਾ ਕੀਤਾ ਸੀ। ਡਾ. ਅੰਬੇਡਕਰ ਨੇ ਇਹ ਫੈਸਲਾ ਲੈਣ ਲਈ ਆਪਣੇ ਸਮੇਂ ਦੇ ਦਲਿਤ ਆਗੂਆਂ ਦੀ ਕੋਈ ਮੀਟਿੰਗ ਨਹੀਂ ਬੁਲਾਈ। ਉਹ ਉੱਚ-ਸ਼੍ਰੇਣੀ ਦੇ ਬ੍ਰਾਹਮਣ/ਬਾਣੀਆ ਗਠਜੋੜ ਦੁਆਰਾ ਉਨ੍ਹਾਂ 'ਤੇ ਪਾਏ ਗਏ ਦਬਾਅ ਨੂੰ ਝੱਲਣ ਵਿੱਚ ਅਸਮਰੱਥ ਰਹੇ। ਉਨ੍ਹਾਂ ਨੇ ਉਸ ਨੂੰ ਧਮਕੀ ਦਿੱਤੀ ਸੀ ਕਿ ਜੇਕਰ ਮਿਸਟਰ ਗਾਂਧੀ ਦੀ ਮੌਤ ਹੋ ਗਈ, ਤਾਂ ਖੂਨ-ਖਰਾਬਾ ਹੋਵੇਗਾ ਅਤੇ ਲੱਖਾਂ ਦਲਿਤ ਮਾਰੇ ਜਾਣਗੇ।

ਵਿਸ਼ਵਾਸਘਾਤ ਅਤੇ ਧੋਖੇ ਨੂੰ ਜਾਰੀ ਰੱਖਣ ਲਈ, ਇੱਕ ਬਿਰਤਾਂਤ (narrative) ਬਣਾਇਆ ਗਿਆ ਹੈ ਕਿ ਡਾ. ਅੰਬੇਡਕਰ ਦਲਿਤਾਂ ਦੇ ਇੱਕ ਮਹਾਨ ਨੇਤਾ ਸਨ ਅਤੇ ਉਨ੍ਹਾਂ ਨੇ ਸੰਵਿਧਾਨ ਲਿਖਿਆ ਸੀ, ਜੋ ਨੀਵੀਆਂ ਜਾਤਾਂ ਨੂੰ ਲਾਭਾਂ ਦੀ ਗਾਰੰਟੀ ਦਿੰਦਾ ਹੈ। ਦਲਿਤ ਇਸ ਬੇਤੁਕੀ ਗੱਲ 'ਤੇ ਵਿਸ਼ਵਾਸ ਕਰਦੇ ਰਹਿੰਦੇ ਹਨ। ਡਾ. ਅੰਬੇਡਕਰ ਨੇ ਸੰਸਦ ਦੀ ਚੋਣ ਲੜੀ ਅਤੇ ਹਾਰ ਗਏ। ਉਹ ਦੂਜੀ ਵਾਰ ਫਿਰ ਹਾਰ ਗਏ ਜਦੋਂ ਉਨ੍ਹਾਂ ਨੇ ਇਕ ਹੋਰ ਉਪ-ਚੋਣ ਲੜੀ। ਹਾਲਾਂਕਿ ਸੀਟਾਂ ਦਲਿਤਾਂ ਲਈ ਰਾਖਵੀਆਂ ਹਨ, ਪਰ ਜ਼ਿਆਦਾਤਰ ਵੋਟਰ ਉੱਚ ਜਾਤੀ ਦੇ ਹਨ। ਜੇ ਤੁਸੀਂ ਉਨ੍ਹਾਂ ਦੇ ਪਿੱਠੂ (stooge) ਹੋ, ਤਾਂ ਹੀ ਤੁਸੀਂ ਚੁਣੇ ਜਾ ਸਕਦੇ ਹੋ। ਨਿਰਾਸ਼ ਅਤੇ ਹਾਰ ਕੇ, ਰਾਜ ਸਭਾ ਦੇ ਮੈਂਬਰ ਵਜੋਂ ਡਾ. ਅੰਬੇਡਕਰ ਨੇ ਇੱਥੋਂ ਤੱਕ ਕਹਿ ਦਿੱਤਾ ਸੀ ਕਿ ਇਹ ਸੰਵਿਧਾਨ ਕਿਸੇ ਦੇ ਕੰਮ ਨਹੀਂ ਆਉਂਦਾ ਅਤੇ ਉਹ ਇਸ ਨੂੰ ਸਾੜਨ ਵਾਲੇ ਪਹਿਲੇ ਵਿਅਕਤੀ ਹੋਣਗੇ।

ਡਾ. ਅੰਬੇਡਕਰ ਨੇ ਧਾਰਾ 25 ਵਿੱਚ ਜੈਨੀਆਂ, ਬੋਧਾਂ ਅਤੇ ਸਿੱਖਾਂ ਨੂੰ ਵੀ ਹਿੰਦੂਆਂ ਵਜੋਂ ਸ਼੍ਰੇਣੀਬੱਧ ਕੀਤਾ। ਸਿੱਖ ਨੁਮਾਇੰਦਿਆਂ ਸਰਦਾਰ ਹੁਕਮ ਸਿੰਘ ਅਤੇ ਸਰਦਾਰ ਭੁਪਿੰਦਰ ਸਿੰਘ ਮਾਨ ਨੇ ਜ਼ੋਰਦਾਰ ਦਲੀਲ ਦਿੱਤੀ ਕਿ ਉਹ ਹਿੰਦੂ ਨਹੀਂ ਹਨ। ਫਿਰ ਵੀ, ਡਾ. ਅੰਬੇਡਕਰ ਨੇ ਕਿਸੇ ਵੀ ਸਬੂਤ ਨੂੰ ਸਵੀਕਾਰ ਨਹੀਂ ਕੀਤਾ ਅਤੇ ਆਪਣੀ ਪਰਿਭਾਸ਼ਾ 'ਤੇ ਅੜੇ ਰਹੇ। ਸਿੱਖ ਨੁਮਾਇੰਦਿਆਂ ਨੇ ਕਦੇ ਵੀ ਇਸ ਸੰਵਿਧਾਨ 'ਤੇ ਦਸਤਖਤ ਨਹੀਂ ਕੀਤੇ; ਹਾਲਾਂਕਿ, ਭਾਰਤੀ ਸੰਵਿਧਾਨ ਦੇ ਅਨੁਸਾਰ, ਉਹ ਹਿੰਦੂਆਂ ਵਿੱਚ ਸ਼ਾਮਲ ਹਨ। ਸਿੱਖਾਂ ਲਈ ਇਹ ਡਾ. ਅੰਬੇਡਕਰ ਦਾ ਯੋਗਦਾਨ ਹੈ।

ਡਾ. ਅੰਬੇਡਕਰ ਜਾਣਦੇ ਸਨ ਕਿ ਛੂਤ-ਛਾਤ, ਜਾਤੀਵਾਦ ਅਤੇ ਜਾਤ ਪ੍ਰਥਾ ਬੁੱਧ ਧਰਮ ਦੀ ਦੇਣ ਸੀ। ਇਸ ਸਬੰਧ ਵਿੱਚ ਡਾ. ਅੰਬੇਡਕਰ ਦਾ ਇੱਕ ਲੇਖ 26 ਫਰਵਰੀ 1942 ਨੂੰ ਬੰਬੇ ਕ੍ਰੋਨੀਕਲ ਮੈਗਜ਼ੀਨ ਵਿੱਚ ਵੀ ਪ੍ਰਕਾਸ਼ਿਤ ਹੋਇਆ ਸੀ। ਆਪਣੀ ਕਿਤਾਬ 'ਜਾਤ ਦਾ ਵਿਨਾਸ਼' (Annihilation of Caste) ਪ੍ਰਕਾਸ਼ਿਤ ਕਰਨ ਦੇ ਲਗਭਗ 20 ਸਾਲ ਬਾਅਦ, 14 ਅਕਤੂਬਰ 1956 ਨੂੰ ਡਾ. ਅੰਬੇਡਕਰ ਬੋਧ ਬਣ ਗਏ। ਉਨ੍ਹਾਂ ਦੀ ਮੌਤ 6 ਦਸੰਬਰ 1956 ਨੂੰ ਹੋਈ ਸੀ। ਫਿਰ ਵੀ, ਇਹ ਤੱਥ ਕਿ ਡਾ. ਅੰਬੇਡਕਰ ਨੇ ਬੁੱਧ ਧਰਮ ਅਪਣਾਇਆ, ਸਮਝ ਤੋਂ ਬਾਹਰ ਹੈ। ਉਨ੍ਹਾਂ ਕਿਹਾ ਸੀ ਕਿ ਉਨ੍ਹਾਂ ਨੇ ਬੁੱਧ ਧਰਮ ਇਸ ਲਈ ਅਪਣਾਇਆ ਹੈ ਕਿਉਂਕਿ ਇਹ ਧਰਮ ਭਾਰਤ ਦੇ ਸੱਭਿਆਚਾਰ ਅਤੇ ਇਤਿਹਾਸ ਨੂੰ ਕੋਈ ਨੁਕਸਾਨ ਨਹੀਂ ਪਹੁੰਚਾਏਗਾ। ਬੁੱਧ ਧਰਮ ਅਤੇ ਹਿੰਦੂ ਧਰਮ ਦੇ ਸੱਭਿਆਚਾਰ ਵੱਖਰੇ ਨਹੀਂ ਹਨ; ਉਹ ਲਗਭਗ ਇੱਕੋ ਜਿਹੇ ਹਨ।

ਮੌਜੂਦਾ ਸਮੇਂ ਵਿੱਚ ਅਮਰੀਕਾ ਵਿੱਚ ਰੌਬਰਟ ਈ. ਲੀ ਵਰਗੇ ਕਨਫੈਡਰੇਟ ਨੇਤਾਵਾਂ ਦੀਆਂ ਮੂਰਤੀਆਂ ਹਟਾ ਦਿੱਤੀਆਂ ਗਈਆਂ ਹਨ। ਕੁਝ ਰੱਖਿਆ ਸਥਾਪਨਾਵਾਂ ਦੇ ਨਾਮ, ਉਦਾਹਰਣ ਵਜੋਂ ਫੋਰਟ ਬ੍ਰੈਗ ਹੁਣ ਫੋਰਟ ਲਿਬਰਟੀ ਹੈ। ਦੱਖਣੀ ਕੈਰੋਲੀਨਾ ਅਸੈਂਬਲੀ ਤੋਂ ਕਨਫੈਡਰੇਟ ਝੰਡਾ ਹਟਾ ਦਿੱਤਾ ਗਿਆ ਹੈ। ਇਸ ਦੇ ਉਲਟ, ਆਰ.ਐਸ.ਐਸ./ਬੀ.ਜੇ.ਪੀ. ਸਰਕਾਰ ਨੇ ਅਮਰੀਕਾ ਵਿੱਚ ਮਹਾਤਮਾ ਗਾਂਧੀ ਅਤੇ ਡਾ. ਅੰਬੇਡਕਰ ਦੀਆਂ ਮੂਰਤੀਆਂ ਲਗਾਈਆਂ ਹਨ। ਅਜਿਹਾ ਕਰਕੇ ਉਹ ਇਹ ਦਿਖਾ ਰਹੇ ਹਨ ਕਿ ਉਹ ਆਪਣੀ ਜਾਤ ਪ੍ਰਥਾ 'ਤੇ ਮਾਣ ਕਰਦੇ ਹਨ। ਇਹ ਅਮਰੀਕਾ ਨੂੰ 'ਭਗਵਾ ਅਮਰੀਕਾ' ਬਣਾਉਣ ਦਾ ਹਿੱਸਾ ਹੈ। ਦੇਸ਼ ਦੇ ਅੰਦਰ ਉਹ ਕਾਤਲਾਂ ਦਾ ਜਸ਼ਨ ਮਨਾ ਰਹੇ ਹਨ; ਬਾਹਰ ਉਹ ਮਹਾਤਮਾ ਗਾਂਧੀ ਦੀਆਂ ਮੂਰਤੀਆਂ ਲਗਾ ਰਹੇ ਹਨ ਕਿਉਂਕਿ ਬਾਕੀ ਦੁਨੀਆ ਨੂੰ ਇਹ ਪ੍ਰਭਾਵ ਦਿੱਤਾ ਗਿਆ ਹੈ ਕਿ ਉਹ ਅਹਿੰਸਾ ਦੇ ਮਸੀਹਾ ਅਤੇ ਇੱਕ ਮਹਾਤਮਾ (ਮਹਾਨ ਆਤਮਾ) ਸਨ; ਇਹ ਕਿੰਨੀ ਅਜੀਬ ਗੱਲ ਹੈ। ਉਹ ਦਲਿਤ ਭਾਈਚਾਰੇ ਦੇ ਮੈਂਬਰਾਂ ਨੂੰ ਡਾ. ਅੰਬੇਡਕਰ ਦੀਆਂ ਮੂਰਤੀਆਂ ਤੋਂ ਪਰਦਾ ਹਟਾਉਣ ਲਈ ਵੀ ਸੱਦਦੇ ਹਨ। ਮੈਂ ਆਪਣੇ ਆਪ ਨੂੰ ਪੁੱਛ ਰਿਹਾ ਹਾਂ ਕਿ ਇਹ ਲੋਕ (ਦਲਿਤ) ਆਪਣੀ ਸਦੀਵੀ ਗੁਲਾਮੀ ਦਾ ਜਸ਼ਨ ਕਿਉਂ ਮਨਾ ਰਹੇ ਹਨ। ਮੇਰੀ ਦਲਿਤ ਭਰਾਵਾਂ ਅਤੇ ਚੇਤੰਨ ਲੋਕਾਂ ਨੂੰ ਅਪੀਲ ਹੈ ਕਿ ਉਹ ਸਦੀਵੀ ਗੁਲਾਮੀ ਦੇ ਇਸ ਪ੍ਰਤੀਕ ਨੂੰ ਰੋਕਣ ਅਤੇ ਇਸ ਨੂੰ ਅਮਰੀਕਾ ਵਿੱਚ ਫੈਲਣ ਤੋਂ ਰੋਕਣ। ਭਾਰਤ ਵਿੱਚ ਕਈ ਭਾਜਪਾ ਰਾਜ ਸਰਕਾਰਾਂ ਨੇ ਧਰਮ ਪਰਿਵਰਤਨ ਵਿਰੁੱਧ ਕਾਨੂੰਨ ਬਣਾਏ ਹਨ। ਸਾਨੂੰ ਅਮਰੀਕੀ ਜਨਤਾ ਅਤੇ ਹੋਰ ਆਜ਼ਾਦ ਦੁਨੀਆ ਦੇ ਲੋਕਾਂ ਨੂੰ ਜਾਗਰੂਕ ਕਰਨ ਦੀ ਲੋੜ ਹੈ।


ਡਾ. ਅੰਬੇਡਕਰ ਦਾ ਸਿੱਖ ਬਣਨ ਦੀ ਕੋਸ਼ਿਸ਼ ਕਰਨਾ ਸੰਭਵ ਨਹੀਂ ਸੀ। ਮਿਸਟਰ ਅੰਬੇਡਕਰ ਦਲਿਤਾਂ ਦੀ ਮੁਕਤੀ ਨਹੀਂ ਭਾਲ ਰਹੇ ਸਨ; ਉਹ ਇੱਕ ਬਿਹਤਰ ਸੌਦੇ ਦੀ ਤਲਾਸ਼ ਵਿੱਚ ਸਨ। ਉਨ੍ਹਾਂ ਨੇ ਸੋਚਿਆ ਕਿ ਉਨ੍ਹਾਂ ਨੂੰ ਗਾਂਧੀ ਤੋਂ ਬਿਹਤਰ ਸੌਦਾ ਮਿਲਿਆ ਹੈ, ਪਰ ਉਹ ਹਾਰ ਗਏ। ਉਨ੍ਹਾਂ ਨੇ ਦਸਵੇਂ ਗੁਰੂ ਦੇ ਦੋ ਛੋਟੇ ਸਾਹਿਬਜ਼ਾਦਿਆਂ ਦੀਆਂ ਕੁਰਬਾਨੀਆਂ ਨੂੰ ਨਹੀਂ ਸਮਝਿਆ ਅਤੇ ਨਾ ਹੀ ਪੜ੍ਹਿਆ। 7 ਅਤੇ 9 ਸਾਲ ਦੀ ਉਮਰ ਵਿੱਚ, ਉਨ੍ਹਾਂ ਨੇ ਆਪਣਾ ਧਰਮ ਛੱਡਣ ਦੀ ਬਜਾਏ ਸ਼ਹਾਦਤ ਨੂੰ ਚੁਣਿਆ।

ਮਿਸਟਰ ਨੇਲਸਨ ਮੰਡੇਲਾ ਨੂੰ ਇੱਕ ਕਾਲਜ ਵਿਦਿਆਰਥੀ ਦੇ ਰੂਪ ਵਿੱਚ ਵਿਦਿਆਰਥੀਆਂ ਦੁਆਰਾ ਯੂਨੀਅਨ ਲਈ ਚੁਣਿਆ ਗਿਆ ਸੀ। ਪਰ ਅਧਿਕਾਰੀ ਇਸ ਨੂੰ ਸਵੀਕਾਰ ਨਹੀਂ ਕਰਨਾ ਚਾਹੁੰਦੇ ਸਨ। ਉਨ੍ਹਾਂ ਨੇ ਉਸ ਨੂੰ ਅਸਤੀਫਾ ਦੇਣ ਲਈ ਕਿਹਾ ਅਤੇ ਕਿਹਾ ਕਿ ਉਹ ਉਸ ਨੂੰ ਵਿਦਿਆਰਥੀ ਆਗੂ ਵਜੋਂ ਨਾਮਜ਼ਦ ਕਰਨਗੇ। ਉਨ੍ਹਾਂ ਨੇ ਅਜਿਹਾ ਕਰਨ ਤੋਂ ਇਨਕਾਰ ਕਰ ਦਿੱਤਾ। ਉਹ ਕਈ ਸਾਲਾਂ ਤੱਕ ਜੇਲ੍ਹ ਵੀ ਗਏ; ਆਖਰਕਾਰ ਉਹ ਆਪਣੇ ਦੇਸ਼ ਨੂੰ ਆਜ਼ਾਦ ਕਰਾਉਣ ਵਿੱਚ ਕਾਮਯਾਬ ਹੋਏ ਅਤੇ ਪਹਿਲੇ ਰਾਸ਼ਟਰਪਤੀ ਬਣੇ। ਡਾ. ਅੰਬੇਡਕਰ ਦੀ ਮਾਨਸਿਕਤਾ ਅਤੇ ਦ੍ਰਿੜਤਾ ਅਜਿਹੀ ਨਹੀਂ ਸੀ। 'ਲੋਨ ਸਰਵਾਈਵਰ' ਨਾਂ ਦੀ ਕਿਤਾਬ ਅਫਗਾਨਿਸਤਾਨ ਵਿੱਚ ਲੜ ਰਹੇ ਅਮਰੀਕਾ ਦੇ ਇੱਕ ਵਿਸ਼ੇਸ਼ ਬਲ ਦੇ ਸਿਪਾਹੀ ਦੇ ਜੀਵਨ ਬਾਰੇ ਹੈ। ਜਦੋਂ ਉਹ ਸਖ਼ਤ ਸਿਖਲਾਈ ਲੈ ਰਿਹਾ ਹੁੰਦਾ ਹੈ, ਤਾਂ ਉਸਦਾ ਸਾਰਜੈਂਟ ਉਸਨੂੰ ਦੱਸਦਾ ਹੈ ਕਿ ਸਰੀਰ ਕੁਝ ਵੀ ਕਰ ਸਕਦਾ ਹੈ, ਪਰ ਤੁਹਾਨੂੰ ਆਪਣੇ ਦਿਮਾਗ ਨੂੰ ਸਿਖਲਾਈ ਦੇਣ ਦੀ ਜ਼ਰੂਰਤ ਹੈ। ਡਾ. ਅੰਬੇਡਕਰ ਦਾ ਦਿਮਾਗ ਸਿਰਫ਼ ਇੱਕ ਬਿਹਤਰ ਸੌਦੇ ਦੀ ਤਲਾਸ਼ ਵਿੱਚ ਸੀ, ਜਿੱਤ ਦੀ ਨਹੀਂ। ਉਹ ਸਾਰੀ ਉਮਰ ਬ੍ਰਾਹਮਣਵਾਦੀ ਪ੍ਰਣਾਲੀ ਵਿਰੁੱਧ ਲੜਦੇ ਰਹੇ; ਹਾਲਾਂਕਿ, ਜਦੋਂ ਉਨ੍ਹਾਂ ਦੀ ਪਹਿਲੀ ਪਤਨੀ ਦੀ 57 ਸਾਲ ਦੀ ਉਮਰ ਵਿੱਚ ਮੌਤ ਹੋ ਗਈ, ਤਾਂ ਉਨ੍ਹਾਂ ਨੇ ਇੱਕ ਬ੍ਰਾਹਮਣ ਔਰਤ ਨਾਲ ਵਿਆਹ ਕਰ ਲਿਆ ਜੋ ਇੱਕ 39 ਸਾਲਾ ਡਾਕਟਰ ਸੀ। ਉਹ ਉੱਚ ਵਰਗ ਦੁਆਰਾ ਸਵੀਕਾਰੇ ਜਾਣ ਲਈ ਆਪਣਾ ਰੁਤਬਾ ਉੱਚਾ ਚੁੱਕਣ ਦੀ ਕੋਸ਼ਿਸ਼ ਕਰ ਰਹੇ ਸਨ।

ਮਿਸਟਰ ਚਰਚਿਲ ਅਤੇ ਲਾਰਡ ਵੇਵਲ ਨੂੰ ਇਹ ਸਪੱਸ਼ਟ ਸੀ ਕਿ ਹਿੰਦੂ ਨੇਤਾ, ਖਾਸ ਕਰਕੇ ਮਹਾਤਮਾ ਗਾਂਧੀ, ਅੰਗਰੇਜ਼ਾਂ ਦੇ ਜਾਣ ਤੋਂ ਬਾਅਦ ਸਿਰਫ ਹਿੰਦੂ ਰਾਜ ਸਥਾਪਤ ਕਰਨ ਵਿੱਚ ਦਿਲਚਸਪੀ ਰੱਖਦੇ ਸਨ। ਅੰਤ ਵਿੱਚ, ਮਹਾਤਮਾ ਗਾਂਧੀ, ਡਾ. ਅੰਬੇਡਕਰ ਦੀ ਸਹਾਇਤਾ ਨਾਲ, ਹਿੰਦੂ ਰਾਜ ਸਥਾਪਤ ਕਰਨ ਵਿੱਚ ਸਫਲ ਹੋ ਗਏ।

**References:**

-Round Table conference, November 12, 1930, in Royal Gallery House of Lords in London, inauguration by His Majesty George V
-Poona pact 1932, BR Ambedkar and MK Gandhi
-Bombay Chronicle magazine on August 8, 1936.
-Annihilation of the cast, BR Ambedkar, 1936
-Bombay Chronicle magazine on February 26, 1942.
-Wavell: The Viceroy's Journal, October 1973
-India Defending the Jewel in the Crown, Winston Churchill, 1990
-Long Walk to Freedom, Nelson Mandela November 30, 1994
-Loan survivor, 2007
-Saffron America, Pieter Friedrich




**ਪੂਨਾ ਪੈਕਟ: ਸਦੀਆਂ ਬਾਅਦ ਜਦੋਂ ਦੱਬੇ ਕੁਚਲੇ ਅਤੇ ਦਰੜੇ ਲੋਕਾਂ ਦੇ ਅਧਿਕਾਰਾਂ ਦੀ ਗੱਲ ਕਿਸੇ ਟੇਬਲ 'ਤੇ ਬੈਠਕੇ ਹੋਈ। ਦਲਿਤਾਂ, ਪੂਨਾ ਪੈਕਟ ਦਲਿਤਾਂ, ਸ਼ੂਦਰਾਂ ਦੇ ਅਧਿਕਾਰਾਂ ਦੀ ਇੱਕ ਏਆਈ ਨਾਲ ਤਿਆਰ ਕੀਤੀ ਤਸਵੀਰ ਇਹ ਇੱਕ ਨਵੇਂ ਅਤੇ ਬਰਾਬਰੀ ਵਾਲੇ ਭਾਰਤ ਦੇ ਨਿਰਮਾਣ ਵੱਲ ਇੱਕ ਸ਼ਕਤੀਸ਼ਾਲੀ ਦਸਤਾਵੇਜ਼ ਹੈ।**




## ਅਮਰੀਕਾ ਦੀਆਂ ਸਮੂਹ ਸਿੱਖ ਸੰਗਤਾਂ ਨੂੰ 8ਵੀਂ ਨੈਸ਼ਨਲ ਸਿੱਖ ਡੇਅ ਪਰੇਡ 'ਚ ਪਹੁੰਚਣ ਦੀ ਬੇਨਤੀ



ਵਾਸ਼ਿੰਗਟਨ ਡੀਸੀ ਦੀ ਉਹ ਧਰਤੀ ਹੈ ਜਿਥੇ ਅਮਰੀਕਾ ਭਰ ਤੋਂ ਚੁਣੇ ਹੋਏ ਕਾਂਗਰਸਮੈਨ ਸੈਨੇਟਰ ਅਤੇ ਦੁਨੀਆ ਭਰ ਦੇ ਆਗੂ ਪਹੁੰਚਦੇ ਹਨ। ਇਥੇ ਦੇ ਸਿੱਖ ਪਰੇਡ ਸਿੱਖ ਹੋਂਦ ਲਈ ਅਹਿਮ ਸਥਾਨ ਰੱਖਦੀ ਹੈ। ਸਮੂਹ ਸੰਗਤਾਂ ਨੂੰ ਬੇਨਤੀ ਹੈ ਕਿ ਇਥੇ ਪਰਿਵਾਰ ਸਮੇਤ ਪਹੁੰਚ ਕੇ ਹਰ ਸਾਲ ਹਾਜ਼ਰੀਆਂ ਭਰਿਆ ਕਰਨ। ਸਿੱਖ ਪੰਥ ਦੀ ਅਜਾਦੀ ਦਾ ਪ੍ਰਤੀਕ ਅਤੇ Washington, D.C ਤੋਂ ਕੌਮ ਦੀ ਅੰਤਰਰਾਸ਼ਟਰੀ ਅਵਾਜ਼ ਨੈਸ਼ਨਲ ਸਿੱਖ ਡੇਅ ਪਰੇਡ USA ਜੋ ਕਿ ਸਮੂਹ ਸਿੱਖ ਸੰਗਤਾਂ, ਗੁਰਦੁਆਰਾ ਸਾਹਿਬਾਨ ਦੀਆਂ ਪ੍ਰਬੰਧਕ ਕਮੇਟੀਆ ਅਤੇ ਪੰਥਕ ਜਥੇਬੰਦੀਆਂ ਦੇ ਸਹਿਯੋਗ ਨਾਲ 327ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਵਿਸਾਖੀ ਨੂੰ ਸਮਰਪਿਤ ਸਿੱਖ ਕੋਆਰਡੀਨੇਸ਼ਨ ਕਮੇਟੀ ਈਸਟ ਕੋਸਟ ਵਲੋਂ 9th ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਹੋ ਰਹੀ ਹੈ ਸਮੂਹ ਸੰਗਤਾਂ ਨੂੰ ਪ੍ਰਵਾਰ ਸਮੇਤ ਪਹੁੰਚਣ ਦੀ ਬੇਨਤੀ।

ਸੂ. ਹਿੰਮਤ ਸਿੰਘ,
ਕੋਆਰਡੀਨੇਟਰ ਸਿੱਖ ਕੋਆਰਡੀਨੇਸ਼ਨ ਕਮੇਟੀ ਯੂਐਸਏ

## ਨੈਸ਼ਨਲ ਸਿੱਖ ਡੇਅ ਪਰੇਡ 'ਚ ਸੰਗਤਾਂ ਹੁੰਮ ਹੁੰਮਾ ਕੇ ਪਹੁੰਚਣ : ਸੂ. ਹਰਜਿੰਦਰ ਸਿੰਘ



ਸਿੱਖਾਂ ਦੀ ਆਵਾਜ਼ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਸਮੂਹ ਸੰਗਤਾਂ ਨੂੰ ਪਹੁੰਚਣ ਦੀ ਬੇਨਤੀ ਅਤੇ 327ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ।

ਸੂ. ਹਰਜਿੰਦਰ ਸਿੰਘ, ਸਪੋਕਸਮੈਨ ਸਿੱਖ
ਕੋਆਰਡੀਨੇਸ਼ਨ ਕਮੇਟੀ ਯੂ ਐਸ ਏ

## ਵਾਸ਼ਿੰਗਟਨ ਦੀ ਨੈਸ਼ਨਲ ਸਿੱਖ ਡੇਅ ਪਰੇਡ ਸਿੱਖਾਂ 'ਚ ਅਹਿਮ ਸਥਾਨ ਰੱਖਦੀ ਹੈ : ਸੂ. ਗੁਰਦੇਵ ਸਿੰਘ ਕੰਗ



ਨਿਊਯਾਰਕ ਦੀਆਂ ਸਿੱਖ ਸੰਗਤਾਂ ਵਲੋਂ 327ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ ਅਤੇ 9ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ।

ਸੂ. ਗੁਰਦੇਵ ਸਿੰਘ ਕੰਗ
ਹਿਊਮਨ ਰਾਇਟਸ ਕਮਿਸ਼ਨਰ
ਨਿਊਯਾਰਕ

## ਸਿੱਖਾਂ ਦਾ ਹੁਣ ਆਪਣੇ ਘਰ ਬਿਨਾਂ ਅਤੇ ਮੁਕੰਮਲ ਅਜ਼ਾਦੀ ਤੋਂ ਵਗੈਰ ਕੋਈ ਹੱਲ ਨਹੀਂ



ਵਾਸ਼ਿੰਗਟਨ ਤੋਂ ਕੌਮ ਦੀ ਅੰਤਰਾਸ਼ਟਰੀ ਆਵਾਜ਼ ਖਾਲਿਸਤਾਨ ਅਫੇਅਰ ਸੈਂਟਰ ਵਲੋਂ ਅਮਰੀਕਾ 'ਚ ਵਸਦੇ ਸਮੂਹ ਸਿੱਖਾਂ ਨੂੰ ਸਿੱਖ ਕੌਮ ਦੀ ਕੀਤੀ ਗਈ ਨਸਲਕੁਸ਼ੀ ਦੀ 42ਵੀਂ ਵਰ੍ਹੇਗੰਢ ਉਪਰ ਅਤੇ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਸਮੂਹ ਸੰਗਤਾਂ ਨੂੰ ਪਹੁੰਚਣ ਦੀ ਬੇਨਤੀ।

ਡਾ: ਅਮਰਜੀਤ ਸਿੰਘ ਖਾਲਿਸਤਾਨ ਅਫੇਅਰ ਸੈਂਟਰ,
ਵਾਸ਼ਿੰਗਟਨ ਡੀ.ਸੀ.

## ਸਿੱਖ ਕਲਚਰ, ਸੁਸਾਇਟੀ ਨਿਊਯਾਰਕ ਦੇ ਪ੍ਰਧਾਨ ਸੂ. ਦਵਿੰਦਰ ਸਿੰਘ ਬੋਪਾਰਾਏ ਵਲੋਂ



ਸਿੱਖਾਂ ਦੀ ਅਜ਼ਾਦੀ ਦਾ ਪ੍ਰਤੀਕ 8ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ ਅਤੇ 327ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ।

ਸੂ. ਦਵਿੰਦਰ ਸਿੰਘ ਬੋਪਾਰਾਏ
ਪ੍ਰਧਾਨ ਸਿੱਖ ਕਲਚਰਲ, ਰਿਚਮੰਡ ਹਿੱਲ,
ਨਿਊਯਾਰਕ

## ਡਾ. ਪ੍ਰਿਤਪਾਲ ਸਿੰਘ ਵਲੋਂ ਸਿੱਖ ਡੇਅ ਪਰੇਡ 'ਚ ਪਹੁੰਚਣ ਦਾ ਸੱਦਾ



ਪੂਰੇ ਭਾਰਤ ਵਿਚ ਸਿੱਖਾਂ ਦੀ ਨਸਲਕੁਸ਼ੀ ਨੂੰ 42 ਸਾਲ ਹੋ ਗਏ। ਕਿਸੇ ਸਰਕਾਰ ਅਤੇ ਕਿਸੇ ਭਾਰਤੀ ਅਦਾਲਤ ਨੇ ਸਿੱਖਾਂ ਨੂੰ ਇਨਸਾਫ਼ ਨਹੀਂ ਦਿੱਤਾ। ਸਿੱਖਾਂ ਦੇ ਕਾਤਲ ਉਚ ਅਹੁਦਿਆਂ 'ਤੇ ਬਿਰਾਜਮਾਨ ਹਨ ਅਤੇ ਹੁਣ ਵਿਦੇਸ਼ਾਂ 'ਚ ਸਿੱਖਾਂ ਲਈ ਇਨਸਾਫ਼ ਮੰਗਣ ਵਾਲੇ ਆਗੂਆਂ ਦੇ ਕਤਲ ਕੀਤੇ ਜਾ ਰਹੇ ਹਨ। ਇਸ ਇਤਿਹਾ ਨੂੰ ਠੱਲ੍ਹ ਪਾਉਣ ਲਈ ਪੂਰੀ ਕੌਮ ਨੂੰ ਇਕ ਝੰਡੇ ਹੇਠ ਇੱਕਠੇ ਹੋ ਕੇ ਕੌਮ ਦੀ ਮੁਕੰਮਲ ਅਜ਼ਾਦੀ ਦੀ ਗੱਲ ਕਰਨੀ ਚਾਹੀਦੀ ਹੈ।

ਡਾ. ਪ੍ਰਿਤਪਾਲ ਸਿੰਘ ਕੋਆਰਡੀਨੇਟਰ,
ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ



ਸ਼੍ਰੋਮਣੀ ਅਕਾਲੀ ਦਲ ਅਮਰੀਕਾ ਵਲੋਂ ਸਿੱਖਾਂ ਦੀ ਅਜ਼ਾਦੀ ਦਾ ਪ੍ਰਤੀਕ ਸਿੱਖ 9ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ ਅਤੇ 327ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ।

ਸੂ. ਸੁਰਜੀਤ ਸਿੰਘ ਕੁਲਾਰ
ਪ੍ਰਧਾਨ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਅਮਰੀਕਾ



ਅਮਰੀਕੀ ਦੀਆਂ ਸਮੂਹ ਸਿੱਖ ਸੰਗਤਾਂ ਨੂੰ 9ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ ਅਤੇ ਸਿੱਖਾਂ ਦੀ ਮੁਕੰਮਲ ਅਜ਼ਾਦੀ ਲਈ ਇਕ ਝੰਡੇ ਹੇਠ ਇਕੱਠੇ ਹੋਣ ਦੀ ਅਪੀਲ।

ਸੂ. ਬੂਟਾ ਸਿੰਘ ਖਰੋੜ,
ਕਨਵੀਨਰ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਅਮਰੀਕਾ



ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਸਮੂਹ ਸਿੱਖ ਸੰਗਤਾਂ ਨੂੰ 9ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ ਅਤੇ ਸਿੱਖ ਕੌਮ ਦੀ ਅਜ਼ਾਦੀ ਲਈ ਸਮੂਹ ਸਿੱਖ ਜਗਤ ਨੂੰ ਇਕ ਝੰਡੇ ਹੇਠ ਇਕੱਠੇ ਹੋਣ ਦਾ ਸੱਦਾ।

ਅਮਰੀਕਾ ਦੇ ਉਘੇ ਸਿੱਖ ਆਗੂ
ਸੂ. ਜਸਵੰਤ ਸਿੰਘ ਹੋਠੀ



9ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ ਅਤੇ 327ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਵਿਸਾਖੀ ਦੀਆਂ ਲੱਖ ਲੱਖ ਵਧਾਈਆਂ।

ਡਾ. ਹਰਦਮ ਸਿੰਘ ਆਜ਼ਾਦ



ਸਿੱਖਾਂ ਦਾ ਆਜ਼ਾਦੀ ਬਿਨਾਂ ਕੋਈ ਹੱਲ ਨਹੀਂ

ਪੂਰੇ ਭਾਰਤ ਵਿਚ ਸਿੱਖਾਂ ਦਾ ਕਤਲੇਆਮ ਕੀਤਾ ਗਿਆ ਪਰ ਅੱਜ ਤੱਕ ਕਿਸੇ ਸਿੱਖ ਨੂੰ ਇਨਸਾਫ਼ ਨਹੀਂ ਮਿਲਿਆ। ਸਿੱਖਾਂ ਦੀਆਂ ਧੀਆਂ ਭੈਣ ਨਾਲ ਤਿੰਨ ਦਿਨ ਬਲਾਤਕਾਰ ਕੀਤਾ ਗਿਆ ਅਤੇ ਸਿੱਖਾਂ ਨੂੰ ਜਿਉਂਦੇ ਸਾੜਿਆ ਗਿਆ ਅਤੇ ਸਿੱਖਾਂ ਨੂੰ ਅੱਜ ਤੱਕ ਕੋਈ ਇਨਸਾਫ਼ ਨਹੀਂ ਮਿਲਿਆ। ਸਿੱਖਾਂ ਦਾ ਆਪਣੇ ਘਰ ਬਿਨਾਂ ਕੋਈ ਹੱਲ ਨਹੀਂ।

ਡਾ. ਬਖਸ਼ੀਸ਼ ਸਿੰਘ ਸੰਧੂ (SFJ)
ਕੌਂਸਲ ਆਫ ਖਾਲਿਸਤਾਨ



327ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ। 9ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ ਤੇ ਨਿਧੜਕ ਹੋ ਕੇ ਕੌਮ ਲਈ ਅਵਾਜ਼ ਉਠਾਉਣ ਦਾ ਸੱਦਾ।

ਸ. ਬਲਜਿੰਦਰ ਸਿੰਘ
ਬਰਾੜ ਨਿਊਜਰਸੀ



ਸਿੱਖਾਂ ਦੀ ਆਵਾਜ਼ ਸੂ. ਬਲਵਿੰਦਰ ਸਿੰਘ ਚੱਠਾ ਵਰਜੀਨੀਆ ਵਲੋਂ 9ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ ਅਤੇ 327ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ।

ਸੂ. ਬਲਵਿੰਦਰ ਸਿੰਘ ਚੱਠਾ
ਵਰਜੀਨੀਆ




9ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ ਤੇ ਨਿਧੜਕ ਹੋ ਕੇ ਕੌਮ ਲਈ ਅਵਾਜ਼ ਉਠਾਉਣ ਦਾ ਸੱਦਾ। 327ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ।

ਸੂ. ਭਗਤ ਸਿੰਘ ਪੈਨਸਿਲਵੇਨੀਆ



ਅਮਰੀਕਾ ਦੀਆਂ ਸਮੂਹ ਸਿੱਖ ਸੰਗਤਾਂ ਨੂੰ 9ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ 327ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ।

ਸ੍ਰ. ਬਲਾਕਾ ਸਿੰਘ ਨਿਊਯਾਰਕ



327ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਵਿਸਾਖੀ ਨੂੰ ਸਮਰਪਿਤ ਸਿੱਖ ਕੋਆਰਡੀਨੇਸ਼ਨ ਕਮੇਟੀ ਈਸਟ ਕੋਸਟ ਵਲੋਂ 9ਵੀਂ ਨੈਸ਼ਨਲ ਸਿੱਖ ਪਰੇਡ ਯੂਐਸਏ ਵਿਖੇ ਹੋ ਰਹੇ ਸਮਾਗਮ 'ਚ ਸਮੂਹ ਸੰਗਤਾਂ ਪਰਿਵਾਰ ਸਮੇਤ ਪਹੁੰਚਣ ਦੀ ਕ੍ਰਿਪਾਲਤਾ ਕਰਨ।

ਸ੍ਰ. ਦਲਜਿੰਦਰ ਸਿੰਘ ਨਿਊਯਾਰਕ



ਸਿੱਖਾਂ ਦੀ ਅਜ਼ਾਦੀ ਦਾ ਪ੍ਰਤੀਕ ਸਿੱਖ 9ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ ਅਤੇ 327ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ।

ਸ੍ਰ. ਦਵਿੰਦਰ ਸਿੰਘ ਬਦੇਸ਼ਾ, ਵਰਜੀਨੀਆ



ਪੂਰੇ ਭਾਰਤ ਵਿਚ ਸਿੱਖਾਂ ਦਾ ਕਤਲੇਆਮ ਕੀਤਾ ਗਿਆ ਪਰ ਅੱਜ ਤੱਕ ਕਿਸੇ ਸਿੱਖ ਨੂੰ ਇਨਸਾਫ਼ ਨਹੀਂ ਮਿਲਿਆ। 9ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ ਅਤੇ 327ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਦੀ ਸੰਗਤ ਨੂੰ ਲੱਖ-ਲੱਖ ਵਧਾਈਆਂ।

ਸ੍ਰ. ਹਰਚਰਨ ਸਿੰਘ ਪੈਨਸਿਲਵੇਨੀਆ



ਵਰਜੀਨੀਆ ਦੀ ਸੰਗਤ ਵਲੋਂ ਸਿੱਖਾਂ ਦੀ ਅਜ਼ਾਦੀ ਦਾ ਪ੍ਰਤੀਕ 9ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ ਅਤੇ 327ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ।

ਸ੍ਰ. ਦਵਿੰਦਰ ਸਿੰਘ ਦਿਓ ਵਰਜੀਨੀਆ




ਨਿਊਜਰਸੀ ਦੀਆਂ ਸਿੱਖ ਸੰਗਤਾਂ ਵਲੋਂ 327ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ ਅਤੇ 9ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ।

ਸ੍ਰ. ਪ੍ਰਦੀਪ, ਸਿੰਘ ਖਾਲਸਾ, ਨਿਊਜਰਸੀ



ਮੈਰੀਲੈਂਡ ਦੀਆਂ ਸਮੂਹ ਸਿੱਖ ਸੰਗਤਾਂ ਨੂੰ 9ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ 327ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ।

ਸ੍ਰ. ਬਖ਼ਸ਼ੀਸ਼ ਸਿੰਘ ਮੈਰੀਲੈਂਡ



ਯੂਨਾਈਟਿਡ ਸਿੱਖ ਵਲੋਂ 327ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਵਿਸਾਖੀ ਨੂੰ ਸਮਰਪਿਤ ਸਿੱਖ ਕੋਆਰਡੀਨੇਸ਼ਨ ਕਮੇਟੀ ਈਸਟ ਕੋਸਟ ਵਲੋਂ 9ਵੀਂ ਨੈਸ਼ਨਲ ਸਿੱਖ ਪਰੇਡ ਯੂਐਸਏ ਵਿਖੇ ਹੋ ਰਹੇ ਸਮਾਗਮ 'ਚ ਸੰਗਤਾਂ ਪਰਿਵਾਰ ਸਮੇਤ ਪਹੁੰਚਣ ਦੀ ਕ੍ਰਿਪਾਲਤਾ ਕਰਨ।

ਸ੍ਰ. ਹਰਦਿਆਲ ਸਿੰਘ, ਯੂਨਾਈਟਿਡ ਸਿੱਖ



327ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਵਧਾਈਆਂ। 9ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ ਤੇ ਨਿਡਰ ਹੋ ਕੇ ਕੌਮ ਲਈ ਅਵਾਜ਼ ਉਠਾਉਣ ਦਾ ਸੱਦਾ।

ਸ੍ਰ. ਹਰਮਿੰਦਰ ਸਿੰਘ ਆਹਲੂਵਾਲੀਆ ਨਿਊਯਾਰਕ



327ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ। 9ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ।

ਸ੍ਰ. ਜਾਫੀ ਸਿੰਘ ਇੰਡੀਆਨਾ



ਸਿੱਖ ਯੂਥ ਆਫ ਅਮਰੀਕਾ ਵਲੋਂ 9ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ 327ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ।

ਸ੍ਰ. ਜਸਵੀਰ ਸਿੰਘ,<br>ਸਿੱਖ ਯੂਥ ਆਫ ਅਮਰੀਕਾ



ਸਿੱਖਾਂ ਦੀ ਅਜ਼ਾਦੀ ਦਾ ਪ੍ਰਤੀਕ 9ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ ਅਤੇ 327ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ।

ਸ੍ਰ. ਜਤਿੰਦਰ ਸਿੰਘ ਖੱਟੜਾ<br>ਨਿਊਜਰਸੀ



ਸਿੱਖ ਸੰਗਤਾਂ ਨੂੰ 9ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ ਤੇ ਨਿਡਰ ਹੋ ਕੇ ਕੌਮ ਲਈ ਅਵਾਜ਼ ਉਠਾਉਣ ਦਾ ਸੱਦਾ। ਸਿੱਖਾਂ ਦੀਆਂ ਧੀਆਂ ਭੈਣ ਨਾਲ ਤਿੰਨ ਦਿਨ ਬਲਾਤਕਾਰ ਕੀਤਾ ਗਿਆ ਪਰ ਸਿੱਖਾਂ ਨੂੰ ਅੱਜ ਤੱਕ ਕੋਈ ਇਨਸਾਫ਼ ਨਹੀਂ ਮਿਲਿਆ।

ਸ੍ਰ. ਜੋਗਰਾਜ ਸਿੰਘ ਨਿਊਜਰਸੀ



ਭਾਰਤ ਵਿਚ ਸਿੱਖਾਂ ਦਾ ਕਤਲੇਆਮ ਕੀਤਾ ਗਿਆ ਪਰ ਅੱਜ ਤੱਕ ਕਿਸੇ ਸਿੱਖ ਨੂੰ ਇਨਸਾਫ਼ ਨਹੀਂ ਮਿਲਿਆ। 9ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ 327ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਦੀ ਸੰਗਤ ਵਧਾਈ।

ਸ੍ਰ. ਕੇਵਲ ਸਿੰਘ ਸੰਧੂ, ਫਿਲਾਡੇਲਫੀਆ



ਸਿੱਖਾਂ ਦੀ ਆਵਾਜ਼ ਸ੍ਰ. ਸਤਨਾਮ ਸਿੰਘ ਵਿਰਕ ਨਿਊਜਰਸੀ ਵਲੋਂ ਸਮੂਹ ਸਿੱਖ ਸੰਗਤਾਂ ਨੂੰ 9ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ ਤੇ ਨਿਡਰ ਹੋ ਕੇ ਕੌਮ ਲਈ ਅਵਾਜ਼ ਉਠਾਉਣ ਦਾ ਸੱਦਾ।

ਸ੍ਰ. ਸਤਨਾਮ ਸਿੰਘ ਵਿਰਕ<br>ਕਾਰਟਰੇਟ ਨਿਊਜਰਸੀ



327ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ। 9ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ।

ਸ੍ਰ. ਸਵਰਨਜੀਤ ਸਿੰਘ ਖਾਲਸਾ<br>ਸਿਟੀ ਕੌਂਸਲਰ



9ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ ਅਤੇ 327ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ।

ਸ੍ਰ. ਅਵਤਾਰ ਸਿੰਘ ਪੰਨੂ (SFJ)



ਸਿੱਖਾਂ ਦੀ ਅਜ਼ਾਦੀ ਦਾ ਪ੍ਰਤੀਕ 9ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ ਅਤੇ 327ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ।

ਸ੍ਰ. ਨਵਤੇਜ ਸਿੰਘ ਤੇਜੀ ਪੈਨਸਿਲਵੇਨੀਆ



ਅਮਰੀਕੀ ਦੀਆਂ ਸਮੂਹ ਸਿੱਖ ਸੰਗਤਾਂ ਨੂੰ 9ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ। 327ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ।

ਸ੍ਰ. ਪ੍ਰਿਤਪਾਲ ਸਿੰਘ ਖਾਲਸਾ<br>ਨਿਊਜਰਸੀ



ਸਿੱਖਾਂ ਦੀ ਅਜ਼ਾਦੀ ਦਾ ਪ੍ਰਤੀਕ 9ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ ਅਤੇ 327ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ।

ਸ੍ਰ. ਰਾਜਵਿੰਦਰ ਸਿੰਘ ਬਦੇਸ਼ਾ ਨਿਊਜਰਸੀ



ਸਿੱਖਾਂ ਦੀ ਅਜ਼ਾਦੀ ਦਾ ਪ੍ਰਤੀਕ 9ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ ਅਤੇ 327ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ।

ਸ੍ਰ. ਸੰਤੋਖ ਸਿੰਘ ਇੰਡੀਆਨਾ



ਸ੍ਰ. ਸਰਵਣ ਸਿੰਘ ਨਿਊਜਰਸੀ ਵਲੋਂ ਸਮੂਹ ਸਿੱਖ ਸੰਗਤਾਂ ਨੂੰ 9ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ ਅਤੇ 327ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ।

ਸ੍ਰ. ਸਰਵਣ ਸਿੰਘ ਨਿਊਜਰਸੀ



9ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ ਤੇ ਨਿਡਰ ਹੋ ਕੇ ਕੌਮ ਲਈ ਅਵਾਜ਼ ਉਠਾਉਣ ਦਾ ਸੱਦਾ। 327ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਵਧਾਈਆਂ।

ਸ੍ਰ. ਊਧਮ ਸਿੰਘ ਵਰਜੀਨੀਆ



ਨਿਊਯਾਰਕ ਦੀਆਂ ਸਮੂਹ ਸਿੱਖ ਸੰਗਤਾਂ ਨੂੰ 9ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ 327ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ।

ਸ੍ਰ. ਕੁਲਵੰਤ ਸਿੰਘ ਦਿਓਲ ਨਿਊਯਾਰਕ






ਸਿੱਖਾਂ ਦੀ ਆਵਾਜ਼ ਸ੍ਰ. ਸੱਜਣ ਸਿੰਘ ਨਿਊਯਾਰਕ ਵਲੋਂ 9ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ ਅਤੇ 327ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ।

ਸ੍ਰ. ਸੱਜਣ ਸਿੰਘ ਨਿਊਯਾਰਕ



9ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ ਤੇ ਨਿਧੜਕ ਹੋ ਕੇ ਕੌਮ ਲਈ ਅਵਾਜ਼ ਉਠਾਉਣ ਦਾ ਸੱਦਾ। 327ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ।

ਸ੍ਰ. ਜੋਗਾ ਸਿੰਘ ਨਿਊਜਰਸੀ



ਸਿੱਖ ਕੌਮ ਦੀ ਆਵਾਜ਼ ਸ੍ਰ. ਬਲਵਿੰਦਰ ਸਿੰਘ ਨਿਊਯਾਰਕ ਵਲੋਂ ਸਮੂਹ ਸਿੱਖ ਸੰਗਤਾਂ ਨੂੰ 9ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ ਤੇ ਨਿਧੜਕ ਹੋ ਕੇ ਕੌਮ ਲਈ ਅਵਾਜ਼ ਉਠਾਉਣ ਦਾ ਸੱਦਾ।

ਸ੍ਰ. ਬਲਵਿੰਦਰ ਸਿੰਘ ਨਿਊਯਾਰਕ



ਨਿਊਯਾਰਕ ਦੀਆਂ ਸਮੂਹ ਸਿੱਖ ਸੰਗਤਾਂ ਨੂੰ 9ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ ਅਤੇ 327ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ।

ਸ੍ਰ. ਦਲੇਰ ਸਿੰਘ ਨਿਊਯਾਰਕ



ਸਮੂਹ ਸਿੱਖ ਸੰਗਤਾਂ ਨੂੰ 9ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ ਅਤੇ 327ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ।

ਸ੍ਰ. ਸਵਿੰਦਰ ਸਿੰਘ
ਪ੍ਰਧਾਨ ਸਿੰਘ ਸਭਾ ਗਲੈਨਰਾਕ, ਨਿਊਜਰਸੀ



ਸ੍ਰ. ਬੂਟਾ ਸਿੰਘ ਚੀਮਾ ਨਿਊਯਾਰਕ ਵਲੋਂ 9ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ ਅਤੇ 327ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਵਿਸਾਖੀ ਦੀਆਂ ਲੱਖ ਲੱਖ ਵਧਾਈਆਂ।

ਸ੍ਰ. ਬੂਟਾ ਸਿੰਘ ਚੀਮਾ ਨਿਊਯਾਰਕ



327ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ। 9ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ।

ਸ੍ਰ. ਗੁਰਮੇਲ ਸਿੰਘ, ਨਿਊਯਾਰਕ



ਸਿੱਖਾਂ ਦੀ ਅਜ਼ਾਦੀ ਦਾ ਪ੍ਰਤੀਕ 9ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ ਅਤੇ 327ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ।

ਸ੍ਰ. ਜਿੰਦਰ ਸਿੰਘ, ਨਿਊਯਾਰਕ



ਅਮਰੀਕੀ ਦੀਆਂ ਸਮੂਹ ਸਿੱਖ ਸੰਗਤਾਂ ਨੂੰ 9ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ। 327ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ।

ਸ੍ਰ. ਕੇਵਲ ਸਿੰਘ ਨਿਊਜਰਸੀ



9ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ ਅਤੇ 327ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ।

ਸ੍ਰ. ਮਹਿਤਾਬ ਸਿੰਘ ਵਰਜੀਨੀਆ



9ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ ਤੇ ਨਿਧੜਕ ਹੋ ਕੇ ਕੌਮ ਲਈ ਅਵਾਜ਼ ਉਠਾਉਣ ਦਾ ਸੱਦਾ। 327ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਵਧਾਈਆਂ।

ਸ੍ਰ. ਲਾਲ ਸਿੰਘ, ਪੈਨਸਿਲਵੇਨੀਆ



327ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਵਧਾਈਆਂ। 9ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ ਤੇ ਨਿਧੜਕ ਹੋ ਕੇ ਕੌਮ ਲਈ ਅਵਾਜ਼ ਉਠਾਉਣ ਦਾ ਸੱਦਾ।

ਸ੍ਰ. ਟਹਿਲ ਸਿੰਘ, ਨਿਊਯਾਰਕ



ਅਮਰੀਕੀ ਦੀਆਂ ਸਮੂਹ ਸਿੱਖ ਸੰਗਤਾਂ ਨੂੰ 9ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ। 327ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ।

ਸ੍ਰ. ਕੁਲਦੀਪ ਸਿੰਘ ਨਿਊਯਾਰਕ



ਸਿੱਖਾਂ ਦੀ ਅਜ਼ਾਦੀ ਦਾ ਪ੍ਰਤੀਕ 9ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ ਅਤੇ 327ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ।

ਸ੍ਰ. ਪਰਮਿੰਦਰ ਸਿੰਘ ਬਿੱਲਾ ਨਿਊਯਾਰਕ



ਸ੍ਰ. ਸਵਿੰਦਰ ਸਿੰਘ ਮੈਰੀਲੈਂਡ ਵਲੋਂ 327ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ। 9ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ।

ਸ੍ਰ. ਸਵਿੰਦਰ ਸਿੰਘ ਮੈਰੀਲੈਂਡ



9ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ ਅਤੇ 327ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ।

ਸ੍ਰ. ਨਰਿੰਦਰ ਸਿੰਘ ਵਰਜੀਨੀਆ



ਸਿੱਖਾਂ ਨੂੰ ਜਿਉਂਦੇ ਸਾੜਿਆ ਗਿਆ ਅਤੇ ਸਿੱਖਾਂ ਨੂੰ ਅੱਜ ਤੱਕ ਕੋਈ ਇਨਸਾਫ਼ ਨਹੀਂ ਮਿਲਿਆ। 9ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ ਅਤੇ 327ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਦੀ ਸੰਗਤ ਵਧਾਈ।

ਸ੍ਰ. ਇੰਦਰਜੀਤ ਸਿੰਘ, ਪ੍ਰਧਾਨ
ਗੁਰਦੁਆਰਾ ਦਸਮੇਸ਼ ਦਰਬਾਰ, ਕਾਟਰੇਟ ਨਿਊਜਰਸੀ



ਨਿਊਯਾਰਕ ਦੀਆਂ ਸਮੂਹ ਸਿੱਖ ਸੰਗਤਾਂ ਨੂੰ 9ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ ਅਤੇ 327ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ।

ਸ੍ਰ. ਕੁਲਦੀਪ ਸਿੰਘ ਖਾਲਸਾ, ਨਿਊਯਾਰਕ



ਸ੍ਰ. ਰਾਜਿੰਦਰ ਸਿੰਘ ਨਿਊਯਾਰਕ ਵਲੋਂ 9ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ ਅਤੇ 327ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਵਿਸਾਖੀ ਦੀਆਂ ਲੱਖ ਲੱਖ ਵਧਾਈਆਂ।

ਸ੍ਰ. ਰਾਜਿੰਦਰ ਸਿੰਘ ਨਿਊਯਾਰਕ



ਅਮਰੀਕੀ ਦੀਆਂ ਸਮੂਹ ਸਿੱਖ ਸੰਗਤਾਂ ਨੂੰ 9ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ ਅਤੇ ਸਿੱਖਾਂ ਦੀ ਮੁਕੰਮਲ ਅਜ਼ਾਦੀ ਲਈ ਇਕ ਝੰਡੇ ਹੇਠ ਇਕੱਠੇ ਹੋਣ ਦੀ ਅਪੀਲ।

ਸ੍ਰ. ਕੁਲਵੰਤ ਸਿੰਘ ਮਿਆਣੀ ਨਿਊਯਾਰਕ




# 327ਵੇਂ ਖਾਲਸਾ ਸਾਜਨਾ ਦਿਵਸ (ਵਿਸਾਖੀ) ਨੂੰ ਸਮਰਪਿਤ

## ਸਿੱਖ ਕੋਆਰਡੀਨੇਸ਼ਨ ਕਮੇਟੀ ਈਸਟ ਕੋਸਟ ਵੱਲੋਂ

ਸਮੂਹ ਗੁਰਦੁਆਰਾ ਪ੍ਰਬੰਧਕ ਕਮੇਟੀਆਂ, ਪੰਥਕ ਜਥੇਬੰਦੀਆਂ ਅਤੇ ਸਿੱਖ ਸੰਗਤਾਂ ਦੇ ਸਹਿਯੋਗ ਨਾਲ
ਖਾਲਸਾ ਪੰਥ ਦੇ ਸਾਜਨਾ ਦਿਵਸ ਵਿਸਾਖੀ ਨੂੰ ਨੈਸ਼ਨਲ ਸਿੱਖ ਡੇਅ ਵਜੋਂ ਮਨਾਉਣ ਅਤੇ ਸਥਾਪਤ ਕਰਨ ਲਈ

## ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਅਗਵਾਈ ਵਿਚ

## 9ਵੀਂ ਨੈਸ਼ਨਲ ਸਿੱਖ ਡੇਅ (ਯੂ.ਐਸ.ਏ.)

**SIKH FREEDOM MARCH**
**Washington D.C.**

ਸ਼ਨਿਚਰਵਾਰ 4 ਅਪਰੈਲ 2026 ਨੂੰ
ਕੈਪੀਟਲ ਹਿੱਲ ਵਾਸ਼ਿੰਗਟਨ ਡੀ. ਸੀ. ਵਿਖੇ ਪਰੇਡ ਦੀ ਅਰੰਭਤਾ ਤੋਂ ਪਹਿਲਾਂ
-20th Street & Constitution Ave ਉੱਪਰ-ਦੀਵਾਨ ਦੀ ਸ਼ੁਰੂਆਤ 10 ਵਜੇ ਸਵੇਰੇ
-ਪਰੇਡ ਦੁਪਹਿਰ 12 ਵਜੇ ਸ਼ੁਰੂ ਹੋਵੇਗੀ।
ਉਪਰੰਤ 3 ਵਜੇ CAPITOL HILL ਦੇ ਸਾਹਮਣੇ ਸਟੇਜ ਲੱਗੇਗੀ।

ਗੁਰੂ ਕਾ ਲੰਗਰ ਅਤੁੱਟ ਵਰਤੇਗਾ

# ਸਿੱਖਾਂ ਦੀ ਆਵਾਜ਼ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ 9ਵੇਂ ਮਹਾਨ ਨਗਰ ਕੀਰਤਨ 4 ਅਪ੍ਰੈਲ 2026 ਨੂੰ, ਸਮੂਹ ਸੰਗਤਾਂ ਨੂੰ ਪਹੁੰਚਣ ਦੀ ਬੇਨਤੀ

ਵਾਸ਼ਿੰਗਟਨ : ਸਿੱਖਾਂ ਦੀ ਆਵਾਜ਼ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀ.ਸੀ. ਵਿਖੇ 9ਵੇਂ ਮਹਾਨ ਨਗਰ ਕੀਰਤਨ 4 ਅਪ੍ਰੈਲ 2026 ਨੂੰ ਸਮੂਹ ਸਿੱਖ ਸੰਗਤਾਂ, ਗੁਰਦੁਆਰਾ ਪ੍ਰਬੰਧਕ ਕਮੇਟੀਆਂ ਅਤੇ ਪੰਥਕ ਜਥੇਬੰਦੀਆਂ ਦੇ ਸਹਿਯੋਗ ਨਾਲ 327ਵੇਂ ਖ਼ਾਲਸਾ ਪੰਥ ਦੇ ਸਾਜਨਾ ਦਿਵਸ (ਵਿਸਾਖੀ) ਨੂੰ ਸਮਰਪਿਤ ਸਿੱਖ ਕੋਰਡੀਨੇਸ਼ਨ ਕਮੇਟੀ ਈਸਟ ਕੋਸਟ ਵਲੋਂ ਕਰਵਾਇਆ ਜਾ ਰਿਹਾ ਹੈ। ਇਹ ਪ੍ਰੋਗਰਾਮ ਸ਼ਨਿਚਰਵਾਰ 4 ਅਪ੍ਰੈਲ 2026 ਨੂੰ ਕੈਪੀਟਲ ਹਿੱਲ ਵਾਸ਼ਿੰਗਟਨ ਡੀ.ਸੀ. ਵਿਖੇ ਪਰੇਡ ਦੀ ਆਰੰਭਤਾ ਤੋਂ ਪਹਿਲਾਂ 20th Street & Constitution Ave ਉਪਰ ਦੀਵਾਨ ਦੀ ਸ਼ੁਰੂਆਤ 10 ਵਜੇ ਸਵੇਰੇ, ਪਰੇਡ ਦੁਪਹਿਰ 12 ਵਜੇ ਸ਼ੁਰੂ ਹੋਵੇਗੀ, ਉਪਰੰਤ 3 ਵਜੇ Capitol Hill ਦੇ ਸਾਹਮਣੇ ਸਟੇਜ ਲੱਗੇਗੀ। ਆਪ ਜੀ ਨੂੰ ਪਰਿਵਾਰਾਂ ਸਮੇਤ ਪਹੁੰਚਣ ਲਈ ਬੇਨਤੀ ਕੀਤੀ ਜਾਂਦੀ ਹੈ।

LOCATIONS FOR SIKH CO-ORDINATION COMMITTEE EAST COAST MARCH AND RALLY, SAT., APRIL 4, 2026

1 – Portajohns (between 9 and 11 am) and Vehicle Parking – At Area 5. Portajohns (between 9 am and 2 pm) and Equipment drop at Constitution Avenue and First Street N.W.

2 - Bus drop point – In West Potomac Park at Ohio Drive. Participants walk across mall to Area 5, Constitution Ave. NW, between 22nd & 23rd Street.

3 – Busses Park on Ohio Drive near entrance to West Potomac Park

4 – First Amendment march starts at Area 5, Walk goes down Constitution Avenue NW across 3rd Street onto the National Mall.

5 – Rally to take place on the National Mall between 3rd and 4th Streets NW.

6 – Bus pick up location (after the Rally) - 99 Third Street NW, Washington, D.C.




# ਭਾਰਤ-ਅਮਰੀਕਾ ਰੱਖਿਆ ਨੀਤੀ ਸਮੂਹ ਦੀ ਅਹਿਮ ਬੈਠਕ

## ਨਵੀਂ ਦਿੱਲੀ 'ਚ ਜੁਟੇ ਦੋਵਾਂ ਦੇਸ਼ਾਂ ਦੇ ਦਿੱਗਜ; ਰਣਨੀਤਕ ਸਾਂਝੇਦਾਰੀ 'ਤੇ ਹੋਈ ਵੱਡੀ ਚਰਚਾ





ਨਵੀਂ ਦਿੱਲੀ : ਭਾਰਤ ਅਤੇ ਅਮਰੀਕਾ ਵਿਚਾਲੇ ਰੱਖਿਆ ਸਹਿਯੋਗ ਨੂੰ ਹੋਰ ਮਜ਼ਬੂਤ ਕਰਨ ਦੇ ਉਦੇਸ਼ ਨਾਲ ਬੁੱਧਵਾਰ ਨੂੰ ਨਵੀਂ ਦਿੱਲੀ ਵਿਖੇ 'ਯੂ.ਐੱਸ.-ਇੰਡੀਆ ਡਿਫੈਂਸ ਪਾਲਿਸੀ ਗਰੁੱਪ' (U.S.-India Defence Policy Group) ਦੀ ਇੱਕ ਉੱਚ-ਪੱਧਰੀ ਮੀਟਿੰਗ ਹੋਈ। ਇਸ ਬੈਠਕ ਵਿੱਚ ਦੋਵਾਂ ਦੇਸ਼ਾਂ ਦੇ ਸੀਨੀਅਰ ਡਿਪਲੋਮੈਟਾਂ ਅਤੇ ਰੱਖਿਆ ਮਾਹਿਰਾਂ ਨੇ ਹਿੱਸਾ ਲਿਆ।

ਮੀਟਿੰਗ ਦੀਆਂ ਮੁੱਖ ਸ਼ਖਸੀਅਤਾਂ:

ਸਰਜੀਓ ਗੋਰ: ਭਾਰਤ ਵਿੱਚ ਅਮਰੀਕੀ ਰਾਜਦੂਤ, ਜੋ ਦੋਵਾਂ ਦੇਸ਼ਾਂ ਦੇ ਸਬੰਧਾਂ ਵਿੱਚ ਅਹਿਮ ਕੜੀ ਵਜੋਂ ਕੰਮ ਕਰ ਰਹੇ ਹਨ।

ਐਲਬ੍ਰਿਜ ਕੋਲਬੀ: ਅਮਰੀਕਾ ਦੇ 'ਅੰਡਰ ਸੈਕਟਰੀ ਆਫ਼ ਵਾਰ ਫਾਰ ਪਾਲਿਸੀ' (Under Secretary of War for Policy), ਜੋ ਆਪਣੀ ਸਖ਼ਤ ਰਣਨੀਤਕ ਸੋਚ ਲਈ ਜਾਣੇ ਜਾਂਦੇ ਹਨ।

ਰਾਜੇਸ਼ ਕੁਮਾਰ ਸਿੰਘ: ਭਾਰਤ ਦੇ ਰੱਖਿਆ ਸਕੱਤਰ, ਜਿਨ੍ਹਾਂ ਨੇ ਭਾਰਤੀ ਪੱਖ ਦੀ ਅਗਵਾਈ ਕੀਤੀ।

1. ਤਕਨੀਕੀ ਤਬਾਦਲਾ (iCET): ਮੀਟਿੰਗ ਦੌਰਾਨ ਨਵੀਂ ਰੱਖਿਆ ਤਕਨੀਕਾਂ ਦੇ ਆਪਸੀ ਤਬਾਦਲੇ ਅਤੇ ਸਾਂਝੇ ਉਤਪਾਦਨ (Co-production) 'ਤੇ ਵਿਸ਼ੇਸ਼ ਜ਼ੋਰ ਦਿੱਤਾ ਗਿਆ।

2. ਹਿੰਦ-ਪ੍ਰਸ਼ਾਂਤ ਖੇਤਰ ਦੀ ਸੁਰੱਖਿਆ: ਦੋਵਾਂ ਦੇਸ਼ਾਂ ਨੇ ਹਿੰਦ-ਪ੍ਰਸ਼ਾਂਤ (Indo-Pacific) ਖੇਤਰ ਵਿੱਚ ਚੀਨ ਦੇ ਵਧਦੇ ਪ੍ਰਭਾਵ ਨੂੰ ਦੇਖਦੇ ਹੋਏ ਸਾਂਝੀ ਸੁਰੱਖਿਆ ਰਣਨੀਤੀ 'ਤੇ ਵਿਚਾਰ-ਵਟਾਂਦਰਾ ਕੀਤਾ।

3. ਖੇਤਰੀ ਸਥਿਰਤਾ: ਦੱਖਣੀ ਏਸ਼ੀਆ ਵਿੱਚ ਅਮਨ-ਸ਼ਾਂਤੀ ਬਣਾਈ ਰੱਖਣ ਅਤੇ ਅੱਤਵਾਦ ਵਿਰੁੱਧ ਸਾਂਝੀ ਲੜਾਈ ਨੂੰ ਤੇਜ਼ ਕਰਨ ਬਾਰੇ ਵੀ ਸਹਿਮਤੀ ਬਣੀ।

ਰਣਨੀਤਕ ਮਹੱਤਵ

ਇਹ ਮੀਟਿੰਗ ਅਜਿਹੇ ਸਮੇਂ ਹੋਈ ਹੈ ਜਦੋਂ ਵਿਸ਼ਵ ਪੱਧਰ 'ਤੇ ਭੂ-ਸਿਆਸੀ ਹਾਲਾਤ ਤੇਜ਼ੀ ਨਾਲ ਬਦਲ ਰਹੇ ਹਨ। ਐਲਬ੍ਰਿਜ ਕੋਲਬੀ ਦੀ ਮੌਜੂਦਗੀ ਇਸ ਗੱਲ ਦਾ ਸੰਕੇਤ ਹੈ ਕਿ ਅਮਰੀਕਾ, ਭਾਰਤ ਨੂੰ ਆਪਣੇ ਸਭ ਤੋਂ ਭਰੋਸੇਮੰਦ ਰੱਖਿਆ ਭਾਈਵਾਲ ਵਜੋਂ ਦੇਖ ਰਿਹਾ ਹੈ। ਰੱਖਿਆ ਸਕੱਤਰ ਰਾਜੇਸ਼ ਕੁਮਾਰ ਸਿੰਘ ਨੇ ਭਾਰਤ ਦੀਆਂ ਰੱਖਿਆ ਲੋੜਾਂ ਅਤੇ 'ਆਤਮ-ਨਿਰਭਰ ਭਾਰਤ' ਮੁਹਿੰਮ ਤਹਿਤ ਹੋਣ ਵਾਲੇ ਸਮਝੌਤਿਆਂ 'ਤੇ ਜ਼ੋਰ ਦਿੱਤਾ।

ਇਸ ਬੈਠਕ ਦੇ ਨਤੀਜੇ ਵਜੋਂ ਆਉਣ ਵਾਲੇ ਦਿਨਾਂ ਵਿੱਚ ਦੋਵਾਂ ਦੇਸ਼ਾਂ ਵਿਚਾਲੇ ਕਈ ਵੱਡੇ ਰੱਖਿਆ ਸੌਦੇ ਅਤੇ ਸਾਂਝੇ ਫੌਜੀ ਅਭਿਆਸਾਂ ਦਾ ਐਲਾਨ ਹੋਣ ਦੀ ਉਮੀਦ ਹੈ।

### ਅਮਰੀਕਾ 'ਚ ਰੋਜ਼ੀ-ਰੋਟੀ 'ਤੇ ਹਮਲਾ

# ਇੰਡੀਆਨਾ 'ਚ ਹਜ਼ਾਰਾਂ CDL ਲਾਇਸੈਂਸ ਰੱਦ ਸਿੱਖ, ਪੰਜਾਬੀ ਅਤੇ ਪ੍ਰਵਾਸੀ ਭਾਈਚਾਰੇ 'ਤੇ ਵੱਡਾ ਅਸਰ

## ਅਯੋਗ ਡਰਾਈਵਰ ਨੂੰ ਸਿਖਲਾਈ ਦੇਣ ਵਾਲੇ ਸਕੂਲ ਨੂੰ ਹੋ ਸਕਦਾ $50,000 ਤੱਕ ਦਾ ਜੁਰਮਾਨਾ




ਇੰਡੀਆਨਾ, (ਸਾਡੇ ਲੋਕ) : 2026 ਤੋਂ ਇੰਡੀਆਨਾ ਸੂਬੇ ਨੇ ਇੱਕ ਨਵਾਂ ਸਖ਼ਤ ਕਾਨੂੰਨ ਲਾਗੂ ਕੀਤਾ ਹੈ, ਜਿਸ ਤਹਿਤ ਹਜ਼ਾਰਾਂ ਪ੍ਰਵਾਸੀ ਡਰਾਈਵਰਾਂ ਦੇ ਵਪਾਰਕ ਲਾਇਸੈਂਸ (CDL) ਰੱਦ ਕੀਤੇ ਜਾ ਰਹੇ ਹਨ। ਇਸ ਫੈਸਲੇ ਦਾ ਸਭ ਤੋਂ ਵੱਧ ਅਸਰ ਪੰਜਾਬੀ ਸਿੱਖ ਭਾਈਚਾਰੇ 'ਤੇ ਪੈਣ ਦੀ ਸੰਭਾਵਨਾ ਹੈ, ਜੋ ਅਮਰੀਕਾ ਦੀ ਟਰੱਕਿੰਗ ਇੰਡਸਟਰੀ ਵਿੱਚ ਰੀੜ੍ਹ ਦੀ ਹੱਡੀ ਵਾਂਗ ਕੰਮ ਕਰਦੇ ਹਨ।

ਲਾਇਸੈਂਸ ਰੱਦ ਹੋਣ ਦੀ ਸ਼ੁਰੂਆਤ: ਇੰਡੀਆਨਾ ਦੇ ਗਵਰਨਰ ਮਾਈਕ ਬ੍ਰੌਨ (Mike Braun) ਦੁਆਰਾ ਹਸਤਾਖਰ ਕੀਤੇ ਗਏ ਕਾਨੂੰਨ ਮੁਤਾਬਕ, 1 ਅਪ੍ਰੈਲ ਤੋਂ ਉਨ੍ਹਾਂ ਸਾਰੇ ਡਰਾਈਵਰਾਂ ਦੇ CDL ਅਵੈਧ (invalid) ਮੰਨੇ ਜਾਣਗੇ ਜਿਨ੍ਹਾਂ ਕੋਲ ਅਮਰੀਕਾ ਦੀ ਪੱਕੀ ਕਾਨੂੰਨੀ ਰਿਹਾਇਸ਼ (Legal Status) ਨਹੀਂ ਹੈ।

ਪ੍ਰਭਾਵਿਤ ਡਰਾਈਵਰ: ਅੰਦਾਜ਼ੇ ਮੁਤਾਬਕ ਲਗਭਗ 2,000 ਡਰਾਈਵਰਾਂ ਦੇ ਲਾਇਸੈਂਸ ਤੁਰੰਤ ਪ੍ਰਭਾਵ ਨਾਲ ਰੱਦ ਕੀਤੇ ਗਏ ਹਨ।

ਨਵੀਆਂ ਸ਼ਰਤਾਂ: ਹੁਣ ਸਿਰਫ਼ ਉਹੀ ਗੈਰ-ਨਾਗਰਿਕ CDL ਰੱਖ ਸਕਣਗੇ ਜਿਨ੍ਹਾਂ ਕੋਲ 8-21, 8-22, ਜਾਂ 5-2 ਵਰਕ ਵੀਜ਼ਾ ਹੈ। ਇਸ ਤੋਂ ਇਲਾਵਾ, ਅੰਗਰੇਜ਼ੀ ਭਾਸ਼ਾ ਵਿੱਚ ਮੁਹਾਰਤ ਹੋਣੀ ਵੀ ਲਾਜ਼ਮੀ ਕਰ ਦਿੱਤੀ ਗਈ ਹੈ।

ਭਾਰੀ ਜੁਰਮਾਨੇ: ਜੇਕਰ ਕੋਈ ਟਰੱਕਿੰਗ ਸਕੂਲ ਜਾਂ ਕੰਪਨੀ ਕਿਸੇ ਅਯੋਗ ਡਰਾਈਵਰ ਨੂੰ ਸਿਖਲਾਈ ਦਿੰਦੀ ਜਾਂ ਕੰਮ 'ਤੇ ਰੱਖਦੀ ਫੜੀ ਗਈ, ਤਾਂ ਉਸ ਨੂੰ $50,000 (ਲਗਭਗ 42 ਲੱਖ ਰੁਪਏ) ਤੱਕ ਦਾ ਜੁਰਮਾਨਾ ਹੋ ਸਕਦਾ ਹੈ।

ਸਿੱਖ ਜਥੇਬੰਦੀਆਂ ਦਾ ਪੱਖ

UNITED SIKHS ਅਤੇ Sikh Coalition ਵਰਗੀਆਂ ਜਥੇਬੰਦੀਆਂ ਨੇ ਇਸ ਕਾਨੂੰਨ ਦਾ ਸਖ਼ਤ ਵਿਰੋਧ ਕੀਤਾ ਹੈ:

ਉਨ੍ਹਾਂ ਦਾ ਕਹਿਣਾ ਹੈ ਕਿ ਇਹ ਕਾਨੂੰਨ ਖ਼ਾਸ ਤੌਰ 'ਤੇ ਸਿੱਖ ਡਰਾਈਵਰਾਂ ਨੂੰ ਨਿਸ਼ਾਨਾ ਬਣਾ ਰਿਹਾ ਹੈ।

ਸੰਸਥਾ ਨੇ ਚੇਤਾਵਨੀ ਦਿੱਤੀ ਹੈ ਕਿ ਇਸ ਨਾਲ ਕਈ ਪਰਿਵਾਰਾਂ ਦੀ ਰੋਜ਼ੀ-ਰੋਟੀ ਖੁੱਸ ਜਾਵੇਗੀ।

UNITED SIKHS ਨੇ ਇਸ ਨੂੰ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਦੱਸਦੇ ਹੋਏ ਡਰਾਈਵਰਾਂ ਨੂੰ ਕਾਨੂੰਨੀ ਸਹਾਇਤਾ ਲੈਣ ਅਤੇ ਆਪਣੇ ਹੱਕਾਂ ਲਈ ਜਾਗਰੂਕ ਹੋਣ ਦੀ ਅਪੀਲ ਕੀਤੀ ਹੈ।

ਡਰਾਈਵਰਾਂ ਲਈ ਸਲਾਹ:

ਜੇਕਰ ਤੁਸੀਂ ਜਾਂ ਤੁਹਾਡਾ ਕੋਈ ਜਾਣਕਾਰ ਇਸ ਤੋਂ ਪ੍ਰਭਾਵਿਤ ਹੋ ਰਿਹਾ ਹੈ, ਤਾਂ ਮਾਹਰਾਂ ਮੁਤਾਬਕ:

ਆਪਣੇ ਲਾਇਸੈਂਸ ਦੀ ਸਥਿਤੀ (Status) ਤੁਰੰਤ ਚੈੱਕ ਕਰੋ।

ਜੇਕਰ ਤੁਹਾਡਾ ਵੀਜ਼ਾ ਸਹੀ ਹੈ ਪਰ ਫਿਰ ਵੀ ਨੋਟਿਸ ਆਇਆ ਹੈ, ਤਾਂ ਤੁਰੰਤ ਅਪੀਲ (Appeal) ਦਾਇਰ ਕਰੋ।

ਬਿਨਾਂ ਵੈਧ ਲਾਇਸੈਂਸ ਦੇ ਟਰੱਕ ਚਲਾਉਣ ਦੀ ਗਲਤੀ ਨਾ ਕਰੋ, ਕਿਉਂਕਿ ਇਸ ਦੇ ਗੰਭੀਰ ਕਾਨੂੰਨੀ ਸਿੱਟੇ ਨਿਕਲ ਸਕਦੇ ਹਨ।

# UN ਦੀ ਦਹਿਲੀਜ਼ 'ਤੇ ਪਹੁੰਚਿਆ 'ਟਾਰਗੇਟਿਡ ਕਿਲਿੰਗ' ਦਾ ਮੁੱਦਾ

### ਕੈਨੇਡਾ ਤੋਂ ਅਮਰੀਕਾ ਤੱਕ ਸਿੱਖਾਂ ਨੂੰ ਨਿਸ਼ਾਨਾ ਬਣਾਉਣ ਦੇ ਖੁਲਾਸਿਆਂ ਨੇ ਹਿਲਾਇਆ ਸੰਯੁਕਤ ਰਾਸ਼ਟਰ

## ਸਿੱਖ ਫੈਡਰੇਸ਼ਨ ਇੰਟਰਨੈਸ਼ਨਲ' ਨੇ ਸੰਯੁਕਤ ਰਾਸ਼ਟਰ (UN) ਤੋਂ ਦਖਲ ਦੀ ਕੀਤੀ ਮੰਗ




ਜੇਨੇਵਾ (ਸਵਿਟਜ਼ਰਲੈਂਡ), (ਸਾਡੇ ਲੋਕ/ਵਿਸ਼ੇਸ਼ ਪ੍ਰਤੀਨਿਧ) : ਅੰਤਰਰਾਸ਼ਟਰੀ ਪੱਧਰ 'ਤੇ ਸਿੱਖਾਂ ਵਿਰੁੱਧ ਬੁਣੇ ਜਾ ਰਹੇ ਸਾਜ਼ਿਸ਼ਾਂ ਦੇ ਜਾਲ ਨੂੰ ਨੰਗਾ ਕਰਨ ਲਈ ਜੇਨੇਵਾ ਪ੍ਰੈਸ ਕਲੱਬ ਵਿਖੇ ਇੱਕ ਇਤਿਹਾਸਕ ਧਮਾਕਾ ਹੋਇਆ। 'ਸਿੱਖ ਫੈਡਰੇਸ਼ਨ ਇੰਟਰਨੈਸ਼ਨਲ' ਵੱਲੋਂ ਜਾਰੀ "Beyond Borders" (ਸਰਹੱਦਾਂ ਤੋਂ ਪਾਰ) ਨਾਮਕ 58 ਪੰਨਿਆਂ ਦੀ ਰਿਪੋਰਟ ਨੇ ਵਿਸ਼ਵ ਭਰ ਦੀਆਂ ਸਰਕਾਰਾਂ ਅਤੇ ਮਨੁੱਖੀ ਅਧਿਕਾਰ ਸੰਸਥਾਵਾਂ ਦੀ ਨੀਂਦ ਉਡਾ ਦਿੱਤੀ ਹੈ। ਇਸ ਰਿਪੋਰਟ ਰਾਹੀਂ ਪਹਿਲੀ ਵਾਰ ਦਸਤਾਵੇਜ਼ੀ ਸਬੂਤਾਂ ਦੇ ਨਾਲ ਸੰਯੁਕਤ ਰਾਸ਼ਟਰ (UN) ਦੇ ਦਰਵਾਜ਼ੇ 'ਤੇ ਦਸਤਕ ਦਿੱਤੀ ਗਈ ਹੈ।

ਰਿਪੋਰਟ ਦੇ 3 ਸਭ ਤੋਂ ਵੱਡੇ ਅਤੇ ਖ਼ਤਰਨਾਕ ਖੁਲਾਸੇ:

ਟਰਾਂਸਨੈਸ਼ਨਲ ਰਿਪ੍ਰੈਸ਼ਨ (ਪਾਰ-ਦੇਸ਼ੀ ਦਮਨ): ਰਿਪੋਰਟ ਵਿੱਚ ਸਬੂਤਾਂ ਸਹਿਤ ਦਾਅਵਾ ਕੀਤਾ ਗਿਆ ਹੈ ਕਿ ਕੈਨੇਡਾ, ਅਮਰੀਕਾ, ਬ੍ਰਿਟੇਨ ਅਤੇ ਯੂਰਪੀ ਦੇਸ਼ਾਂ ਵਿੱਚ ਸਿੱਖ ਕਾਰਕੁਨਾਂ ਨੂੰ ਯੋਜਨਾਬੱਧ ਤਰੀਕੇ ਨਾਲ ਨਿਸ਼ਾਨਾ ਬਣਾ ਰਹੀਆਂ ਹਨ। ਇਹ ਸਿਰਫ਼ ਸਿੱਖਾਂ ਦਾ ਕਤਲ ਨਹੀਂ, ਸਗੋਂ ਪੱਛਮੀ ਲੋਕਤੰਤਰ ਦੀ ਪ੍ਰਭੂਸੱਤਾ 'ਤੇ ਸਿੱਧਾ ਹਮਲਾ ਹੈ।

ਹੈਰਾਨੀ ਦੀ ਗੱਲ ਇਹ ਰਹੀ ਕਿ ਜਦੋਂ ਜੇਨੇਵਾ ਪ੍ਰੈਸ ਕਲੱਬ ਵਿੱਚ ਇਹ ਖੁਲਾਸੇ ਕੀਤੇ ਜਾ ਰਹੇ ਸਨ, ਤਾਂ ਲਾਈਵ ਪ੍ਰਸਾਰਣ ਨੂੰ ਰੋਕਣ ਲਈ ਭਾਰੀ ਸਾਈਬਰ ਹਮਲੇ ਕੀਤੇ ਗਏ।

ਸਿੱਖ ਪ੍ਰਤੀਨਿਧਾਂ ਨੇ ਜੇਨੇਵਾ ਦੀ ਧਰਤੀ ਤੋਂ ਕਿਹਾ ਕਿ ਪੱਛਮੀ ਦੇਸ਼ਾਂ (ਅਮਰੀਕਾ, ਕੈਨੇਡਾ ਆਦਿ) ਨੂੰ 'ਵਪਾਰਕ ਹਿੱਤਾਂ' ਦੇ ਲਾਲਚ ਵਿੱਚ ਆਪਣੇ ਹੀ ਨਾਗਰਿਕਾਂ ਦੀਆਂ ਲਾਸ਼ਾਂ ਦਾ ਸੌਦਾ ਕਰਨਾ ਬੰਦ ਕਰਨਾ ਚਾਹੀਦਾ ਹੈ।

# ਲਦਾਖ ਦੇ LG ਵਿਨੈ ਕੁਮਾਰ ਸਕਸੈਨਾ ਨੇ 'ਹਾਲ ਆਫ਼ ਫੇਮ' ਵਿਖੇ ਸ਼ਹੀਦਾਂ ਨੂੰ ਦਿੱਤੀ ਸ਼ਰਧਾਂਜਲੀ; ਸੂਰਬੀਰਾਂ ਦੀ ਬਹਾਦਰੀ ਨੂੰ ਕੀਤਾ ਸਲਾਮ







ਲੇਹ (ਲਦਾਖ): ਲਦਾਖ ਦੇ ਉਪ ਰਾਜਪਾਲ ਵਿਨੈ ਕੁਮਾਰ ਸਕਸੈਨਾ ਨੇ ਲੇਹ ਦੇ ਮਸ਼ਹੂਰ 'ਹਾਲ ਆਫ਼ ਫੇਮ' ਯੁੱਧ ਸਮਾਰਕ ਦਾ ਦੌਰਾ ਕੀਤਾ। ਇਸ ਮੌਕੇ ਉਨ੍ਹਾਂ ਨੇ ਭਾਰਤੀ ਸੈਨਾ ਦੇ ਉਨ੍ਹਾਂ ਮਹਾਨ ਸ਼ਹੀਦਾਂ ਨੂੰ ਯਾਦ ਕੀਤਾ, ਜਿਨ੍ਹਾਂ ਨੇ ਲਦਾਖ ਦੀਆਂ ਬਰਫ਼ੀਲੀਆਂ ਪਹਾੜੀਆਂ 'ਤੇ ਦੇਸ਼ ਦੀ ਰਾਖੀ ਕਰਦਿਆਂ ਆਪਣੀਆਂ ਜਾਨਾਂ ਨਿਛਾਵਰ ਕੀਤੀਆਂ ਸਨ।

**ਸ਼ਰਧਾ ਦੇ ਫੁੱਲ ਭੇਂਟ:** ਉਪ ਰਾਜਪਾਲ ਨੇ ਯੁੱਧ ਸਮਾਰਕ 'ਤੇ ਫੁੱਲਮਾਲਾ ਚੜ੍ਹਾ ਕੇ ਸ਼ਹੀਦਾਂ ਨੂੰ ਨਮਨ ਕੀਤਾ। ਉਨ੍ਹਾਂ ਨੇ ਕਿਹਾ ਕਿ ਸਾਡੇ ਜਵਾਨਾਂ ਦੀ ਬਹਾਦਰੀ ਅਤੇ ਤਿਆਗ ਕਾਰਨ ਹੀ ਅੱਜ ਦੇਸ਼ ਦੀਆਂ ਸਰਹੱਦਾਂ ਸੁਰੱਖਿਅਤ ਹਨ।

**ਹਾਲ ਆਫ਼ ਫੇਮ ਦਾ ਮੁਆਇਨਾ:** LG ਸਕਸੈਨਾ ਨੇ ਮਿਊਜ਼ੀਅਮ ਦੇ ਵੱਖ-ਵੱਖ ਹਿੱਸਿਆਂ ਦਾ ਦੌਰਾ ਕੀਤਾ, ਜਿੱਥੇ ਭਾਰਤ-ਪਾਕਿਸਤਾਨ ਅਤੇ ਭਾਰਤ-ਚੀਨ ਜੰਗਾਂ ਦੌਰਾਨ ਵਰਤੇ ਗਏ ਹਥਿਆਰ, ਦਸਤਾਵੇਜ਼ ਅਤੇ ਸ਼ਹੀਦਾਂ ਦੀਆਂ ਯਾਦਾਂ ਸਾਂਝੀਆਂ ਕੀਤੀਆਂ ਗਈਆਂ ਹਨ।

**ਸੈਨਿਕਾਂ ਨਾਲ ਮੁਲਾਕਾਤ:** ਉਨ੍ਹਾਂ ਨੇ ਉੱਥੇ ਮੌਜੂਦ ਭਾਰਤੀ ਸੈਨਾ ਦੇ ਅਧਿਕਾਰੀਆਂ ਅਤੇ ਜਵਾਨਾਂ ਨਾਲ ਵੀ ਗੱਲਬਾਤ ਕੀਤੀ ਅਤੇ ਬੇਹੱਦ ਮੁਸ਼ਕਿਲ ਹਾਲਾਤ ਵਿੱਚ ਉਨ੍ਹਾਂ ਵੱਲੋਂ ਨਿਭਾਈਆਂ ਜਾ ਰਹੀਆਂ ਸੇਵਾਵਾਂ ਦੀ ਸ਼ਲਾਘਾ ਕੀਤੀ।

ਰਣਨੀਤਕ ਮਹੱਤਵ

ਉਪ ਰਾਜਪਾਲ ਦਾ ਇਹ ਦੌਰਾ ਲਦਾਖ ਵਿੱਚ ਚੱਲ ਰਹੇ ਵਿਕਾਸ ਕਾਰਜਾਂ ਅਤੇ ਸੁਰੱਖਿਆ ਸਥਿਤੀ ਦੇ ਜਾਇਜ਼ੇ ਦੇ ਸਿਲਸਿਲੇ ਵਿੱਚ ਸੀ। ਉਨ੍ਹਾਂ ਨੇ ਕਿਹਾ ਕਿ ਲਦਾਖ ਪ੍ਰਸ਼ਾਸਨ ਸੈਨਿਕਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਦੀ ਭਲਾਈ ਲਈ ਹਮੇਸ਼ਾ ਵਚਨਬੱਧ ਹੈ।

'ਹਾਲ ਆਫ਼ ਫੇਮ' ਲੇਹ ਵਿੱਚ ਸੈਲਾਨੀਆਂ ਲਈ ਖਿੱਚ ਦਾ ਕੇਂਦਰ ਹੈ, ਜੋ ਭਾਰਤੀ ਫੌਜ ਦੇ ਗੌਰਵਮਈ ਇਤਿਹਾਸ ਦੀ ਗਵਾਹੀ ਭਰਦਾ ਹੈ। LG ਸਕਸੈਨਾ ਨੇ ਇਸ ਮੌਕੇ ਵਿਜ਼ਟਰ ਬੁੱਕ ਵਿੱਚ ਆਪਣੇ ਵਿਚਾਰ ਵੀ ਸਾਂਝੇ ਕੀਤੇ ਅਤੇ ਸ਼ਹੀਦਾਂ ਦੀ ਅਮਰ ਗਾਥਾ ਨੂੰ ਆਉਣ ਵਾਲੀਆਂ ਪੀੜ੍ਹੀਆਂ ਲਈ ਪ੍ਰੇਰਨਾ ਸਰੋਤ ਦੱਸਿਆ।

# ਕੈਲੀਫੋਰਨੀਆ ਗਵਰਨਰ ਦੀ ਚੋਣ: ਉੱਘੇ ਕਾਰੋਬਾਰੀ ਜੋਅ ਜੌਹਲ ਦੇ ਗ੍ਰਹਿ ਵਿਖੇ ਕਾਂਗਰਸਮੈਨ ਐਰਿਕ ਸਵੈਲਵੈਲ ਲਈ ਜੁਟੀਆਂ ਸਿਆਸੀ ਤੇ ਕਾਰੋਬਾਰੀ ਸ਼ਖ਼ਸੀਅਤਾਂ

## ਭਾਰਤੀ-ਅਮਰੀਕੀ ਅਤੇ ਪੰਜਾਬੀ ਸਿੱਖ ਭਾਈਚਾਰੇ ਨੇ ਗਵਰਨਰ ਦੀ ਦੌੜ ਵਿੱਚ ਸਵੈਲਵੈਲ ਦੇ ਪੱਖ ਵਿੱਚ ਵਜਾਇਆ ਚੋਣ ਬਿਗਲ







ਪਲੈਜਟਨ/ਕੈਲੀਫੋਰਨੀਆ, (ਸਾਡੇ ਲੋਕ) : ਅਮਰੀਕਾ ਦੇ ਉੱਘੇ ਨੌਜਵਾਨ ਆਗੂ ਅਤੇ ਪ੍ਰਸਿੱਧ ਰੈਸਟੋਰੈਂਟ ਚੇਨ 'Wendy's' ਦੇ ਮਾਲਕ, ਜਿਨ੍ਹਾਂ ਨੂੰ ਅਮਰੀਕਾ ਵਿੱਚ 'ਵੈਂਡੀ ਕਿੰਗ' (Wendy King) ਦੇ ਨਾਮ ਨਾਲ ਜਾਣਿਆ ਜਾਂਦਾ ਹੈ, ਸ੍ਰੀ ਜੋਅ ਜੌਹਲ ਦੇ ਗ੍ਰਹਿ ਵਿਖੇ ਅਮਰੀਕਾ ਦੇ ਅਗਲੇ ਗਵਰਨਰ ਦੇ ਮਜ਼ਬੂਤ ਦਾਅਵੇਦਾਰ ਕਾਂਗਰਸਮੈਨ ਐਰਿਕ ਸਵੈਲਵੈਲ (Eric Swalwell) ਲਈ ਇੱਕ ਵਿਸ਼ਾਲ ਫੰਡ ਰੇਜ਼ਿੰਗ ਪ੍ਰੋਗਰਾਮ ਕਰਵਾਇਆ ਗਿਆ।

ਕੈਲੀਫੋਰਨੀਆ ਦੇ ਅਗਲੇ ਗਵਰਨਰ ਦੀ ਚੋਣ ਨੂੰ ਲੈ ਕੇ ਸਿਆਸੀ ਮੈਦਾਨ ਪੂਰੀ ਤਰ੍ਹਾਂ ਭਖ ਚੁੱਕਾ ਹੈ। ਇਸੇ ਕੜੀ ਤਹਿਤ ਸ੍ਰੀ ਜੋਅ ਜੌਹਲ ਦੇ ਨਿਵਾਸ ਅਸਥਾਨ 'ਤੇ ਆਯੋਜਿਤ ਇਸ ਸਮਾਗਮ ਵਿੱਚ ਕੈਲੀਫੋਰਨੀਆ ਦੀਆਂ ਚੋਟੀ ਦੀਆਂ ਸਿਆਸੀ ਅਤੇ ਕਾਰੋਬਾਰੀ ਸ਼ਖ਼ਸੀਅਤਾਂ ਨੇ ਸ਼ਿਰਕਤ ਕਰਕੇ ਸਵੈਲਵੈਲ ਦੀ ਉਮੀਦਵਾਰੀ 'ਤੇ ਮੋਹਰ ਲਗਾਈ। ਪ੍ਰੋਗਰਾਮ ਦੀ ਮੇਜ਼ਬਾਨੀ ਸ੍ਰੀ ਜੋਅ ਜੌਹਲ ਦੇ ਪਰਿਵਾਰ ਵੱਲੋਂ ਕੀਤੀ ਗਈ।

ਇਸ ਮੌਕੇ ਪੰਜਾਬੀ ਭਾਈਚਾਰੇ ਦੇ ਵੱਡੇ ਸਿਆਸੀ ਆਗੂ ਡਾਕਟਰ ਰਾਜ ਸਲਵਾਨ (ਮੇਅਰ ਫਰੀਮਾਂਟ), ਉੱਘੇ ਕਾਰੋਬਾਰੀ ਸ੍ਰੀ ਬਲਕਾਰ ਸਿੰਘ ਟਾਂਬਰ (ਸੈਕਨ-ਬੰਬੇ ਗਾਰਡਨ), ਸੁਪਰਵਾਈਜ਼ਰ ਸਰਦਾਰ ਮੈਨੀ ਗਰੇਵਾਲ ਸਮੇਤ ਕਈ ਮਾਨਯੋਗ ਸ਼ਖ਼ਸੀਅਤਾਂ ਪਹੁੰਚੀਆਂ। ਮਾਨਯੋਗ ਬਿਲ ਇਲੀਅਨਜ਼ ਦੀ ਹਾਜ਼ਰੀ ਨੇ ਇਸ ਇਕੱਠ ਦੀ ਸਿਆਸੀ ਅਹਿਮੀਅਤ ਨੂੰ ਹੋਰ ਵੀ ਵਧਾ ਦਿੱਤਾ।

**ਐਰਿਕ ਸਵੈਲਵੈਲ ਗਵਰਨਰ ਦੀ ਦੌੜ ਵਿੱਚ ਸਭ ਤੋਂ ਅੱਗੇ**

ਮੌਜੂਦਾ ਗਵਰਨਰ ਗੇਵਿਨ ਨਿਊਸਮ ਦਾ ਕਾਰਜਕਾਲ ਖ਼ਤਮ ਹੋਣ ਦੇ ਨਾਲ ਹੀ ਐਰਿਕ ਸਵੈਲਵੈਲ ਇੱਕ ਮਜ਼ਬੂਤ ਦਾਅਵੇਦਾਰ ਵਜੋਂ ਉਭਰੇ ਹਨ। ਫਰਵਰੀ 2026 ਦੇ ਤਾਜ਼ਾ ਸਰਵੇਖਣਾਂ ਮੁਤਾਬਕ, ਸਵੈਲਵੈਲ ਡੈਮੋਕ੍ਰੇਟਿਕ ਉਮੀਦਵਾਰਾਂ ਦੀ ਸੂਚੀ ਵਿੱਚ ਸਭ ਤੋਂ ਉੱਪਰ ਹਨ। ਹਾਲ ਹੀ ਵਿੱਚ ਸੈਨ ਫਰਾਂਸਿਸਕੋ ਵਿਖੇ ਹੋਈ ਡੈਮੋਕ੍ਰੇਟਿਕ ਕਨਵੈਨਸ਼ਨ ਵਿੱਚ 24% ਡੈਲੀਗੇਟਾਂ ਦਾ ਸਮਰਥਨ ਹਾਸਲ ਕਰਕੇ ਉਨ੍ਹਾਂ ਨੇ ਕੇਟੀ ਪੋਰਟਰ ਅਤੇ ਸਟੀਵ ਹਿਲਟਨ ਵਰਗੇ ਵਿਰੋਧੀਆਂ ਨੂੰ ਪਛਾੜ ਦਿੱਤਾ ਹੈ।

**ਪੰਜਾਬੀ ਭਾਈਚਾਰੇ ਦਾ ਵਧਦਾ ਸਿਆਸੀ ਕੱਦ**

'ਸਾਡੇ ਲੋਕ' ਅਖ਼ਬਾਰ ਨਾਲ ਫ਼ੋਨ ਉੱਪਰ ਵਿਸ਼ੇਸ਼ ਗੱਲਬਾਤ ਕਰਦਿਆਂ ਸ੍ਰੀ ਜੋਅ ਜੌਹਲ ਨੇ ਕਿਹਾ ਕਿ ਕਾਂਗਰਸਮੈਨ ਐਰਿਕ ਸਵੈਲਵੈਲ ਦੀ ਜਿੱਤ ਯਕੀਨੀ ਹੈ ਅਤੇ ਬਹੁਤ ਜਲਦੀ ਉਹ ਕੈਲੀਫੋਰਨੀਆ ਦੇ ਅਗਲੇ ਗਵਰਨਰ ਹੋਣਗੇ। ਉਨ੍ਹਾਂ ਕਿਹਾ ਕਿ ਹੁਣ ਅਮਰੀਕਾ ਵਿੱਚ ਪੰਜਾਬੀ ਕਮਿਊਨਿਟੀ ਦਾ ਯੋਗਦਾਨ ਬੇਮਿਸਾਲ ਹੈ ਅਤੇ ਮਿਹਨਤੀ ਪੰਜਾਬੀ ਭਾਈਚਾਰਾ ਹਮੇਸ਼ਾ ਕਾਂਗਰਸਮੈਨ ਐਰਿਕ ਸਵੈਲਵੈਲ ਨਾਲ ਚਟਾਨ ਵਾਂਗ ਖੜ੍ਹਾ ਹੈ।

**ਧੰਨਵਾਦੀ ਮਤਾ**















# ਕੈਲੀਫੋਰਨੀਆ ਗਵਰਨਰ ਦੀ ਚੋਣ: ਉੱਘੇ ਕਾਰੋਬਾਰੀ ਜੋਅ ਜੌਹਲ ਦੇ ਗ੍ਰਹਿ ਵਿਖੇ ਕਾਂਗਰਸਮੈਨ ਐਰਿਕ ਸਵੈਲਵੈਲ ਲਈ ਜੁਟੀਆਂ ਸਿਆਸੀ ਤੇ ਕਾਰੋਬਾਰੀ ਸ਼ਖ਼ਸੀਅਤਾਂ

## ਭਾਰਤੀ-ਅਮਰੀਕੀ ਅਤੇ ਪੰਜਾਬੀ ਸਿੱਖ ਭਾਈਚਾਰੇ ਨੇ ਗਵਰਨਰ ਦੀ ਦੌੜ ਵਿੱਚ ਸਵੈਲਵੈਲ ਦੇ ਪੱਖ ਵਿੱਚ ਵਜਾਇਆ ਚੋਣ ਬਿਗਲ









ਪ੍ਰੋਗਰਾਮ ਦੇ ਅਖ਼ੀਰ ਵਿੱਚ ਸ੍ਰੀ ਜੋਅ ਜੌਹਲ ਨੇ ਆਏ ਹੋਏ ਸਾਰੇ ਸੱਜਣਾਂ-ਮਿੱਤਰਾਂ ਅਤੇ ਭਾਈਚਾਰੇ ਦੇ ਆਗੂਆਂ ਦਾ ਤਹਿ ਦਿਲੋਂ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਸਵੈਲਵੈਲ ਵਰਗੇ ਦੂਰਅੰਦੇਸ਼ੀ ਨੇਤਾ ਦਾ ਸਾਥ ਦੇਣਾ ਸਮੇਂ ਦੀ ਮੁੱਖ ਲੋੜ ਹੈ ਤਾਂ ਜੋ ਕੈਲੀਫੋਰਨੀਆ ਦਾ ਭਵਿੱਖ ਸੁਰੱਖਿਅਤ ਹੋ ਸਕੇ।

**ਹਾਜ਼ਰ ਪ੍ਰਮੁੱਖ ਸ਼ਖ਼ਸੀਅਤਾਂ:**


ਇਸ ਮੌਕੇ ਬਲਕਾਰ ਸਿੰਘ ਤਾਂਬਰ ਬੰਬੇ ਗਾਰਡਨ-ਸਕੂਨ ਵਾਲੇ, ਡਾ. ਰਾਜ ਸਲਵਾਨ ਮੇਅਰ ਸਿਟੀ ਆਫ ਫਰੀਮਾਂਟ, ਮੱਖਣ ਸਿੰਘ ਬੈਂਸ (ਰਾਜਾ ਸਵੀਟਸ), ਨਿਕ ਬਾਵਾਰੋਂ, ਜੈਕ ਬਾਲਚ, ਯੋਗੀ ਚੁੱਘ, ਦੀਪ ਧਾਲੀਵਾਲ, ਗਾਰਡਨ ਗਾਲਵਨ, ਸੰਨੀ ਘਈ, ਜੇ ਗਿੱਲ, ਡੇਵਿਡ ਹੌਬਰਟ, ਪਾਲ ਹੇਅਰ, ਪੀਟਰ ਹੂਸ, ਪਾਲ ਸੂ, ਰੌਬਰਟ ਸੂ, ਗੀਨਾ ਜਾਧਵ, ਹਰਪ੍ਰੀਤ ਜੱਜ, ਮੈਰੀ ਯਿਨ ਲਿਊ, ਸ੍ਰੀਨਿਵਾਸ ਮੁੱਕਾਮਾਲਾ, ਪੈਟ ਓ-ਬ੍ਰਾਇਨ, ਨੈਂਸੀ ਓ-ਮੈਲੀ, ਰਾਜ ਨਵਾਨੀ, ਅੰਕਿਤ ਪੰਚਾਲ, ਰਾਹੁਲ ਰਾਏ, ਅਜੀਤਪਾਲ ਸੰਧੂ, ਪੀਟ ਸੰਧੂ, ਸੁੱਖੀ ਸੰਘਾ, ਪਾਲ ਸ਼ਰਮਾ, ਰਾਏ ਸ਼ਰਮਾ, ਗੁਰਪ੍ਰੀਤ ਸਿੰਘ, ਜਸਪ੍ਰੀਤ ਸਿੰਘ, ਸ੍ਰੀਧਰ ਵੇਰੋਸ, ਗੁਰਬਚਨ ਵਿਰਕ, ਕਾਰਲ ਵੈਂਟੇ, ਅਨਿਲ ਯਾਦਵ ਅਤੇ ਸੀ.ਸੀ. ਯਿਨ ਸਮੇਤ ਕਈ ਹੋਰ ਆਗੂ ਹਾਜ਼ਰ ਸਨ।













ਸੇਵਾ ਕੌਮ ਦੀ ਜਿੰਦੜੀਏ ਬੜੀ ਔਖੀ, ਗੱਲ ਕਰਨੀਆਂ ਢੇਰ ਸੁਖੱਲੀਆਂ ਨੇ। ਜਿਨ੍ਹਾਂ ਸਿੱਖੀ ਦੀ ਸੇਵਾ ਲਈ ਪੈਰ ਧਰਿਆ ਉਨ੍ਹਾਂ ਲੱਖ ਮੁਸੀਬਤਾਂ ਝੱਲੀਆਂ ਨੇ।

# ਭਾਈ ਜਤਿੰਦਰਪਾਲ ਸਿੰਘ ਭੁੱਲਰ ਦੇ ਅੰਤਿਮ ਸਸਕਾਰ ਸਮੇਂ ਸੰਗਤਾਂ ਵਲੋਂ ਸੇਜਲ ਅੱਖਾਂ ਤੇ ਜੈਕਾਰਿਆਂ ਨਾਲ ਵਿਦਾਇਗੀ








ਕੈਲੀਫੋਰਨੀਆ ਦੀਆਂ ਵੱਖ-ਵੱਖ ਗੁਰਦੁਆਰਾ ਸਾਹਿਬਾਨ ਦੀਆਂ ਪ੍ਰਬੰਧਕ ਕਮੇਟੀਆਂ, ਸਿੱਖ ਜਥੇਬੰਦੀਆਂ ਅਤੇ ਸਿਰਮੌਰ ਸਿੱਖ ਆਗੂਆਂ ਵਲੋਂ ਮਰਹੂਮ ਸ੍ਰ. ਤਜਿੰਦਰਪਾਲ ਸਿੰਘ ਭੁੱਲਰ ਦੀਆਂ ਕੌਮ ਪ੍ਰਤੀ ਸੇਵਾਵਾਂ ਨੂੰ ਮੁੱਖ ਰੱਖਦੇ ਹੋਏ ਜੈਕਾਰਿਆਂ ਦੀ ਗੂੰਜ ਵਿਚ ਅੰਤਿਮ ਸ਼ਰਧਾਂਜਲੀ ਦਿੱਤੀ ਗਈ।










ਯੂਬਾ ਸਿਟੀ, ਕੈਲੀਫੋਰਨੀਆ (ਸਾਡੇ ਲੋਕ) : ਅੱਜ ਕੈਲੀਫੋਰਨੀਆ ਦੀ ਧਰਤੀ 'ਤੇ ਸੋਗ ਅਤੇ ਸ਼ਰਧਾ ਦਾ ਅਜਿਹਾ ਆਲਮ ਸੀ, ਜਿਸ ਨੇ ਸਿੱਖ ਇਤਿਹਾਸ ਦੇ ਇੱਕ ਦਰਦਨਾਕ ਪਰ ਸੂਰਬੀਰ ਅਧਿਆਇ ਨੂੰ ਮੁੜ ਤਾਜ਼ਾ ਕਰ ਦਿੱਤਾ। ਮੌਜੂਦਾ ਸਿੱਖ ਸੰਘਰਸ਼ ਦੀਆਂ ਦੋ ਪੀੜ੍ਹੀਆਂ ਦੀਆਂ ਕੁਰਬਾਨੀਆਂ ਦੇ ਜਿਊਂਦੇ-ਜਾਗਦੇ ਗਵਾਹ ਅਤੇ ਇਨਸਾਫ਼ ਦੀ ਅਡੋਲ ਆਵਾਜ਼, ਸਰਦਾਰ ਤਜਿੰਦਰਪਾਲ ਸਿੰਘ ਭੁੱਲਰ (58) ਦੇ ਅੰਤਿਮ ਸੰਸਕਾਰ ਮੌਕੇ ਉਮੜੇ ਜਨ-ਸੈਲਾਬ ਨੇ ਸੇਜ਼ਲ ਅੱਖਾਂ ਨਾਲ ਆਪਣੇ ਮਹਿਬੂਬ ਯੋਧੇ ਨੂੰ ਅੰਤਿਮ ਵਿਦਾਇਗੀ ਦਿੱਤੀ।

'ਸੇਵਾ ਕੌਮ ਦੀ ਜਿੰਦੜੀਏ ਬੜੀ ਔਖੀ, ਗੱਲਾਂ ਕਰਨੀਆਂ ਢੇਰ ਸੁੱਖਲੀਆਂ ਨੇ। ਜਿਨ੍ਹਾਂ ਕੌਮ ਦੀ ਸੇਵਾ ਲਈ ਪੈਰ ਧਰਿਆ, ਉਨ੍ਹਾਂ ਲੱਖ ਮੁਸੀਬਤਾਂ ਝੱਲੀਆਂ ਨੇ।'

ਸੰਘਰਸ਼ ਅਤੇ ਤਰਾਸਦੀ ਦੀ ਲਹੂ-ਭਿੱਜੀ ਦਾਸਤਾਨ ਭਾਈ ਤਜਿੰਦਰਪਾਲ ਸਿੰਘ ਭੁੱਲਰ ਦਾ ਜੀਵਨ ਸਿਰਫ਼ ਇੱਕ ਵਿਅਕਤੀ ਦਾ ਜੀਵਨ ਨਹੀਂ, ਸਗੋਂ ਭਾਰਤੀ ਸਟੇਟ ਵੱਲੋਂ ਸਿੱਖ ਕੌਮ ਵਿਰੁੱਧ ਛੇੜੀ ਗਈ ਅਣਐਲਾਨੀ ਜੰਗ ਦਾ ਇੱਕ ਦਸਤਾਵੇਜ਼ ਹੈ।

**ਪਰਿਵਾਰਕ ਸ਼ਹਾਦਤਾਂ:** ਉਹਨਾਂ ਦੇ ਪਿਤਾ ਬਲਵੰਤ ਸਿੰਘ ਭੁੱਲਰ ਅਤੇ ਮਾਸੜ ਮਨਜੀਤ ਸਿੰਘ ਸੋਹੀ ਨੂੰ ਸਰਕਾਰੀ ਤੰਤਰ ਵੱਲੋਂ ਬੇਰਹਿਮੀ ਨਾਲ ਤਸ਼ੱਦਦ ਕਰਕੇ ਸ਼ਹੀਦ ਕਰ ਦਿੱਤਾ ਗਿਆ ਸੀ।

**ਨਿਰੰਤਰ ਸੰਘਰਸ਼:** ਜਦੋਂ ਉਹਨਾਂ ਦੇ ਭਰਾ ਪ੍ਰੋਫੈਸਰ ਦਵਿੰਦਰਪਾਲ ਸਿੰਘ ਭੁੱਲਰ ਨੇ ਇਨਸਾਫ਼ ਦੀ ਗੁਹਾਰ ਲਗਾਈ, ਤਾਂ ਤਤਕਾਲੀ ਪੁਲਿਸ ਪ੍ਰਸ਼ਾਸਨ ਨੇ ਅਸਹਿ ਜੁਲਮਾਂ ਦਾ ਦੌਰ ਸ਼ੁਰੂ ਕਰ ਦਿੱਤਾ। ਅੱਜ ਜਦੋਂ ਕਾਤਲ ਸਰਕਾਰੀ ਸੁਰੱਖਿਆ ਹੇਠ ਅਜ਼ਾਦ ਘੁੰਮ ਰਹੇ ਹਨ, ਪ੍ਰੋ. ਭੁੱਲਰ ਨੈਲਸਨ ਮੰਡੇਲਾ ਤੋਂ ਵੀ ਲੰਮੀ ਜੇਲ੍ਹ ਕੱਟ ਕੇ ਅੱਜ ਵੀ ਬੰਦੀ ਹਨ। ਤਜਿੰਦਰਪਾਲ ਸਿੰਘ ਨੇ ਆਪਣੇ ਅੰਤਿਮ ਸਾਹਾਂ ਤੱਕ ਆਪਣੇ ਭਰਾ ਦੀ ਰਿਹਾਈ ਅਤੇ ਪਰਿਵਾਰ ਦੇ ਹੱਕ ਲਈ ਕੌਮਾਂਤਰੀ ਪੱਧਰ 'ਤੇ ਲੜਾਈ ਲੜੀ।

**ਇਨਸਾਫ਼ ਲਈ ਕੌਮਾਂਤਰੀ ਦਸਤਕ**

ਆਪਣੀ ਮਾਤਾ ਉਪਕਾਰ ਕੌਰ ਭੁੱਲਰ ਦੇ ਮੋਢੇ ਨਾਲ ਮੋਢਾ ਜੋੜ ਕੇ, ਉਹਨਾਂ ਨੇ ਭਾਰਤ ਦੀ ਸੁਪਰੀਮ ਕੋਰਟ ਤੋਂ ਲੈ ਕੇ ਯੂ.ਐੱਸ. ਕਾਂਗਰਸ ਅਤੇ ਅੰਤਰਰਾਸ਼ਟਰੀ ਮਨੁੱਖੀ ਅਧਿਕਾਰ ਮੰਚਾਂ ਤੱਕ ਸਿੱਖਾਂ 'ਤੇ ਹੋ ਰਹੇ ਜ਼ੁਲਮਾਂ ਦੀ ਦਾਸਤਾਨ ਪਹੁੰਚਾਈ। ਉਹਨਾਂ






ਸੇਵਾ ਕੌਮ ਦੀ ਜਿੰਦੜੀਏ ਬੜੀ ਔਖੀ, ਗੱਲ ਕਰਨੀਆਂ ਢੇਰ ਸੁਖੱਲੀਆਂ ਨੇ। ਜਿਨ੍ਹਾਂ ਸਿੱਖੀ ਦੀ ਸੇਵਾ ਲਈ ਪੈਰ ਧਰਿਆ ਉਨ੍ਹਾਂ ਲੱਖ ਮੁਸੀਬਤਾਂ ਝੱਲੀਆਂ ਨੇ।

# ਭਾਈ ਜਤਿੰਦਰਪਾਲ ਸਿੰਘ ਭੁੱਲਰ ਦੇ ਅੰਤਿਮ ਸਸਕਾਰ ਸਮੇਂ ਸੰਗਤਾਂ ਵਲੋਂ ਸੇਜਲ ਅੱਖਾਂ ਤੇ ਜੈਕਾਰਿਆਂ ਨਾਲ ਵਿਦਾਇਗੀ









ਕੈਲੀਫੋਰਨੀਆ ਦੀਆਂ ਵੱਖ-ਵੱਖ ਗੁਰਦੁਆਰਾ ਸਾਹਿਬਾਨ ਦੀਆਂ ਪ੍ਰਬੰਧਕ ਕਮੇਟੀਆਂ, ਸਿੱਖ ਜਥੇਬੰਦੀਆਂ ਅਤੇ ਸਿਰਮੌਰ ਸਿੱਖ ਆਗੂਆਂ ਵਲੋਂ ਮਰਹੂਮ ਸ੍ਰ. ਤਜਿੰਦਰਪਾਲ ਸਿੰਘ ਭੁੱਲਰ ਦੀਆਂ ਕੌਮ ਪ੍ਰਤੀ ਸੇਵਾਵਾਂ ਨੂੰ ਮੁੱਖ ਰੱਖਦੇ ਹੋਏ ਜੈਕਾਰਿਆਂ ਦੀ ਗੂੰਜ ਵਿਚ ਅੰਤਿਮ ਸ਼ਰਧਾਂਜਲੀ ਦਿੱਤੀ ਗਈ।










ਦੀ ਦ੍ਰਿੜਤਾ ਇਸ ਗੱਲ ਦਾ ਪ੍ਰਤੀਕ ਸੀ ਕਿ ਸੱਚ ਦੀ ਆਵਾਜ਼ ਨੂੰ ਹਕੂਮਤਾਂ ਕਦੇ ਦਬਾ ਨਹੀਂ ਸਕਦੀਆਂ।

**ਨਿੱਜੀ ਜੀਵਨ: ਨਿਮਰਤਾ ਅਤੇ ਦਲੇਰੀ ਦਾ ਸੰਗਮ**

ਲਾਈਵ ਓਕ (ਕੈਲੀਫੋਰਨੀਆ) ਦੇ ਨਿਵਾਸੀ ਸਰਦਾਰ ਭੁੱਲਰ ਦਾ ਜੀਵਨ ਉੱਚੇ-ਸੁੱਚੇ ਆਚਰਨ ਦੀ ਮਿਸਾਲ ਸੀ। ਜਦੋਂ ਪੰਜਾਬ ਪੁਲਿਸ ਇਸ ਪਰਿਵਾਰ ਦੀ ਨਸਲਕੁਸ਼ੀ 'ਤੇ ਉਤਾਰੂ ਸੀ, ਉਸ ਵੇਲੇ ਕੈਲੀਫੋਰਨੀਆ ਦੇ ਉੱਘੇ ਆਗੂ ਅਤੇ ਅਮਰੀਕਾ ਦੇ ਵੱਡੇ ਕਿਸਾਨ ਸ. ਹਰਬੰਸ ਸਿੰਘ ਪੰਮਾਂ ਨੇ ਆਪਣਾ ਕੌਮੀ ਫਰਜ ਸਮਝਦੇ ਹੋਏ ਆਪਣੀ ਧੀ ਦਾ ਰਿਸ਼ਤਾ ਇਸ 'ਬਾਗੀ' ਪਰਿਵਾਰ ਦੇ ਪੁੱਤਰ ਤਜਿੰਦਰਪਾਲ ਸਿੰਘ ਨਾਲ ਕਰਕੇ ਉਹਨਾਂ ਨੂੰ ਸਹਾਰਾ ਦਿੱਤਾ। ਉਹ ਆਪਣੇ ਪਿੱਛੇ ਪਤਨੀ ਪਰਵਿੰਦਰ ਕੌਰ ਅਤੇ ਤਿੰਨ ਹੋਣਹਾਰ ਪੁੱਤਰਾਂ—ਮਨਵੀਰ, ਇੰਦਰਪਾਲ ਅਤੇ ਹਰੀਪਾਲ—ਨੂੰ ਵਿਰਾਸਤ ਵਿੱਚ ਅਣਖ ਅਤੇ ਸਿਦਕ ਦੇ ਕੇ ਗਏ ਹਨ।

ਵੈਰਾਗਮਈ ਅੰਤਿਮ ਵਿਦਾਇਗੀ

29 ਮਾਰਚ ਨੂੰ ਸੰਸਕਾਰ ਮੌਕੇ ਸੰਗਤਾਂ ਦਾ ਹੜ੍ਹ ਆਇਆ ਹੋਇਆ ਸੀ।

**ਸਨਮਾਨ:** ਵੱਖ-ਵੱਖ ਗੁਰੂਘਰਾਂ ਦੀਆਂ ਪ੍ਰਬੰਧਕ ਕਮੇਟੀਆਂ, ਪੰਥਕ ਜਥੇਬੰਦੀਆਂ ਅਤੇ ਸਿਆਸੀ ਆਗੂਆਂ ਨੇ ਉਹਨਾਂ ਨੂੰ 'ਆਖਰੀ ਸਿਰਪਾਓ' ਭੇਟ ਕੀਤੇ।

**ਭਾਵੁਕ ਪਲ:** ਜਦੋਂ ਉਹਨਾਂ ਦੇ ਬੱਚਿਆਂ ਨੇ ਭਰੇ ਗਲੇ ਨਾਲ ਆਪਣੇ ਪਿਤਾ ਦੀਆਂ ਯਾਦਾਂ ਸਾਂਝੀਆਂ ਕੀਤੀਆਂ, ਤਾਂ ਉਥੇ ਮੌਜੂਦ ਹਰ ਅੱਖ ਨਮ ਸੀ।

ਪੰਥਕ ਵਿਦਵਾਨਾਂ ਨੇ ਸ਼ਰਧਾਂਜਲੀ ਭੇਟ ਕਰਦਿਆਂ ਕਿਹਾ ਕਿ ਇਸ ਦੌਰ ਦੀਆਂ ਸਿੱਖ ਕੁਰਬਾਨੀਆਂ ਦੋਵਾਂ ਘੱਲੂਘਾਰਿਆਂ ਦੇ ਦਰਦ ਨੂੰ ਮਾਤ ਪਾਉਂਦੀਆਂ ਹਨ। ਤਜਿੰਦਰਪਾਲ ਸਿੰਘ ਭੁੱਲਰ ਦਾ ਜਾਣਾ ਇੱਕ ਅਜਿਹੇ ਅਧਿਆਇ ਦੀ ਸਮਾਪਤੀ ਹੈ, ਜਿਸ ਨੇ ਇਨਸਾਫ਼ ਮੰਗਦਿਆਂ-ਮੰਗਦਿਆਂ ਆਪਣਾ ਸਾਰਾ ਪਰਿਵਾਰ ਕੌਮੀ ਲੇਖੇ ਲਾ ਦਿੱਤਾ।

**ਅੰਤਿਮ ਫਤਿਹ:** ਭਾਵੇਂ ਉਹ ਸਰੀਰਕ ਤੌਰ 'ਤੇ ਵਿਛੜ ਗਏ ਹਨ, ਪਰ ਉਹਨਾਂ ਦੀ ਨਿਆਂ ਪ੍ਰਤੀ ਵਚਨਬੱਧਤਾ ਅਤੇ ਕੌਮੀ ਵਫ਼ਾਦਾਰੀ ਆਉਣ ਵਾਲੀਆਂ ਪੀੜ੍ਹੀਆਂ ਲਈ ਹਮੇਸ਼ਾ ਚਾਨਣ-ਮੁਨਾਰਾ ਬਣੀ ਰਹੇਗੀ।

ਪ੍ਰਣਾਮ ਸ਼ਹੀਦਾਂ ਨੂੰ, ਪ੍ਰਣਾਮ ਅਣਖੀਲੇ ਯੋਧਿਆਂ ਨੂੰ!






### ਸ੍ਰੀ ਅਕਾਲ ਤਖਤ ਸਾਹਿਬ ਨੂੰ ਭਾਈ ਰਾਜੋਆਣਾ ਦੀ ਅਪੀਲ

# ਰਾਸ਼ਟਰਪਤੀ ਕੋਲ ਦਾਖਲ ਰਹਿਮ ਦੀ ਅਪੀਲ ਦਸ ਦਿਨਾਂ 'ਚ ਲਈ ਜਾਵੇ ਵਾਪਸ

## ਇਨਸਾਫ਼ ਦੀ ਉਡੀਕ ਕਰਦਿਆਂ ਹੋ ਗਏ 30 ਸਾਲ ਪਰ ਨਹੀਂ ਜਾਪ ਰਿਹਾ ਕੋਈ ਚਿੰਤਤ : ਭਾਈ ਰਾਜੋਆਣਾ

ਪਟਿਆਲਾ: ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਕਤਲ ਕੇਸ ਵਿੱਚ ਦੋਸ਼ੀ ਬਲਵੰਤ ਸਿੰਘ ਰਾਜੋਆਣਾ ਨੇ ਅਕਾਲ ਤਖ਼ਤ ਸਾਹਿਬ ਨੂੰ ਚਿੱਠੀ ਲਿਖ ਕੇ ਅਪੀਲ ਕੀਤੀ ਹੈ ਕਿ ਉਹ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਰਾਸ਼ਟਰਪਤੀ ਕੋਲ ਦਾਖਲ ਕੀਤੀ ਗਈ ਉਸ ਦੀ ਰਹਿਮ ਦੀ ਅਪੀਲ ਦਸ ਦਿਨਾਂ ਦੇ ਅੰਦਰ ਵਾਪਸ ਲੈਣ ਦਾ ਨਿਰਦੇਸ਼ ਦੇਣ।



ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਨੂੰ ਭੇਜੀ ਆਪਣੀ ਤਾਜ਼ਾ ਚਿੱਠੀ ਵਿੱਚ ਰਾਜੋਆਣਾ ਨੇ ਕਿਹਾ ਹੈ ਕਿ ਉਸ ਨੂੰ ਇਨਸਾਫ਼ ਦੀ ਉਡੀਕ ਕਰਦਿਆਂ ਲਗਪਗ 30 ਸਾਲ ਹੋ ਗਏ ਹਨ ਪਰ ਇਸ ਦੇ ਬਾਵਜੂਦ ਕੋਈ ਵੀ ਚਿੰਤਤ ਨਹੀਂ ਜਾਪ ਰਿਹਾ। ਉਸ ਨੇ ਬੇਨਤੀ ਕੀਤੀ ਹੈ ਕਿ ਉਸ ਦੀ ਰਹਿਮ ਦੀ ਅਪੀਲ ਹੁਣ 10 ਦਿਨਾਂ ਦੇ ਅੰਦਰ-ਅੰਦਰ ਵਾਪਸ ਲੈ ਲਈ ਜਾਵੇ।

ਇਸ ਤੋਂ ਪਹਿਲਾਂ 2023 ਵਿੱਚ ਵੀ ਬਲਵੰਤ ਸਿੰਘ ਰਾਜੋਆਣਾ ਨੇ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਨੂੰ ਪੱਤਰ ਲਿਖਿਆ ਸੀ ਅਤੇ ਉਨ੍ਹਾਂ ਨੂੰ ਦਖਲ ਦੇਣ ਅਤੇ ਲਗਪਗ 12 ਸਾਲ ਪਹਿਲਾਂ ਐਸਜੀਪੀਸੀ ਵੱਲੋਂ ਦਾਖਲ ਕੀਤੀ ਗਈ ਆਪਣੀ ਰਹਿਮ ਦੀ ਪਟੀਸ਼ਨ ਨੂੰ ਵਾਪਸ ਲੈਣ ਦੀ ਅਪੀਲ ਕੀਤੀ ਸੀ। ਰਾਜੋਆਣਾ ਨੇ ਧਮਕੀ ਦਿੱਤੀ ਸੀ ਕਿ ਜੇਕਰ ਭਾਰਤ ਦੇ ਰਾਸ਼ਟਰਪਤੀ ਕੋਲ ਪੈਂਡਿੰਗ ਪਟੀਸ਼ਨ ਅਗਲੇ ਦਸ ਦਿਨਾਂ ਦੇ ਅੰਦਰ ਵਾਪਸ ਨਾ ਲਈ ਗਈ ਤਾਂ ਉਹ ਭੁੱਖ ਹੜਤਾਲ 'ਤੇ ਚਲੇ ਜਾਣਗੇ।

ਮਈ 2023 ਵਿੱਚ ਸੁਪਰੀਮ ਕੋਰਟ ਨੇ ਬਲਵੰਤ ਸਿੰਘ ਰਾਜੋਆਣਾ ਦੀ ਫਾਂਸੀ ਦੀ ਸਜ਼ਾ ਨੂੰ ਉਮਰ ਕੈਦ ਵਿੱਚ ਬਦਲਣ ਤੋਂ ਇਨਕਾਰ ਕਰ ਦਿੱਤਾ ਸੀ ਅਤੇ ਕੇਂਦਰ ਨੂੰ ਕਿਹਾ ਸੀ ਕਿ ਉਹ ਜਦੋਂ ਵੀ ਠੀਕ ਸਮਝੇ, ਰਾਜੋਆਣਾ ਦੀ ਰਹਿਮ ਦੀ ਅਪੀਲ 'ਤੇ ਆਪਣਾ ਫੈਸਲਾ ਲੈ ਸਕਦੀ ਹੈ।

ਸਤੰਬਰ 2025 ਵਿੱਚ ਸੁਪਰੀਮ ਕੋਰਟ ਨੇ ਇਸ ਗੱਲ 'ਤੇ ਹੈਰਾਨੀ ਪ੍ਰਗਟ ਕੀਤੀ ਸੀ ਕਿ ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਦੇ ਕਤਲ ਦੇ ਦੋਸ਼ੀ ਬਲਵੰਤ ਸਿੰਘ ਰਾਜੋਆਣਾ ਨੂੰ 2007 ਤੋਂ ਸਜ਼ਾ ਸੁਣਾਏ ਜਾਣ ਦੇ ਬਾਵਜੂਦ ਹਾਲੇ ਤੱਕ ਫਾਂਸੀ ਕਿਉਂ ਨਹੀਂ ਦਿੱਤੀ ਗਈ। ਅਦਾਲਤ ਨੇ ਪੁੱਛਿਆ ਸੀ ਕਿ ਇੰਨੇ ਸਾਲ ਬੀਤ ਜਾਣ ਦੇ ਬਾਅਦ ਵੀ ਇਹ ਮਾਮਲਾ ਕਿਉਂ ਲਟਕ ਰਿਹਾ ਹੈ।

# ਸ. ਪ੍ਰਿਤਪਾਲ ਸਿੰਘ ਨਾਗੀ ਸਟੈਫੋਰਡਸ਼ਾਇਰ ਦੇ ਪਹਿਲੇ ਸਿੱਖ 'ਹਾਈ ਸ਼ੈਰਿਫ' ਬਣੇ

ਲੰਡਨ : ਇੰਗਲੈਂਡ ਦੇ ਸ਼ਹਿਰ ਸਟੈਫੋਰਡਸ਼ਾਇਰ ਦੇ ਪ੍ਰਿਤਪਾਲ ਸਿੰਘ ਨਾਗੀ ਨੂੰ ਮਹਾਰਾਜਾ ਚਾਰਲਸ ਵਲੋਂ 'ਹਾਈ ਸ਼ੈਰਿਫ' ਨਿਯੁਕਤ ਕੀਤਾ ਗਿਆ ਹੈ। ਸਟੈਫੋਰਡਸ਼ਾਇਰ ਦੇ ਹੁਣ ਤੱਕ ਦੇ 1000 ਸਾਲ ਤੋਂ ਵੱਧ ਸਮੇਂ ਵਿਚ ਪਹਿਲਾ ਸਿੱਖ 'ਹਾਈ ਸ਼ੈਰਿਫ਼' ਬਣਿਆ ਹੈ। ਪੰਜਾਬ ਦੇ ਸ਼ਹਿਰ ਬਟਾਲਾ ਦੇ ਨਜ਼ਦੀਕੀ ਕਸਬਾ ਕਾਦੀਆਂ ਦੇ ਜੰਮਪਲ ਪ੍ਰਿਤਪਾਲ ਸਿੰਘ ਨਾਗੀ 16 ਸਾਲ ਦੀ ਉਮਰ ਵਿਚ ਯੂ.ਕੇ. ਆ ਗਏ ਸਨ। ਪ੍ਰਿਤਪਾਲ ਸਿੰਘ ਨਾਗੀ ਨੂੰ 2014 ਵਿਚ ਸਟੈਫੋਰਡਸ਼ਾਇਰ ਦਾ ਡਿਪਟੀ ਲੈਫਟੀਨੈਂਟ ਬਣਾਇਆ ਗਿਆ ਸੀ ਅਤੇ ਉਨ੍ਹਾਂ ਦੀਆਂ ਸਮਾਜਿਕ ਸੇਵਾਵਾਂ ਨੂੰ ਮੁੱਖ ਰੱਖਦਿਆਂ 2017 ਵਿਚ ਮਹਾਰਾਣੀ ਐਲਿਜਾਬੈੱਥ ਵਲੋਂ 'ਮੈਂਬਰ ਆਫ਼ ਦ ਆਰਡਰ ਆਫ਼ ਦ ਬ੍ਰਿਟਿਸ਼ ਐਂਪਾਇਰ' ਐਮ. ਬੀ. ਈ. ਦੇ ਖ਼ਿਤਾਬ ਨਾਲ ਸਨਮਾਨਿਤ ਕੀਤਾ ਗਿਆ ਸੀ। ਇਸ ਮੌਕੇ ਗਿਆਨੀ ਤਜਿੰਦਰ ਸਿੰਘ ਤੇ ਹੋਰ ਸ਼ਖਸੀਅਤਾਂ ਵੀ ਹਾਜ਼ਰ ਸਨ।







# ਸੀਨੀਅਰ ਐਡਵੋਕੇਟ ਐਚ.ਐਸ. ਫੂਲਕਾ ਭਾਜਪਾ 'ਚ ਹੋਏ ਸ਼ਾਮਲ

## ਹਰਦੀਪ ਸਿੰਘ ਪੁਰੀ, ਮਨਜਿੰਦਰ ਸਿਰਸਾ ਤੇ ਸੁਨੀਲ ਜਾਖੜ ਨੇ ਕੀਤਾ ਸਵਾਗਤ



ਨਵੀਂ ਦਿੱਲੀ : ਸੀਨੀਅਰ ਵਕੀਲ ਐਚ.ਐਸ. ਫੂਲਕਾ ਨਵੀਂ ਦਿੱਲੀ ਵਿਖੇ ਭਾਜਪਾ ਵਿਚ ਸ਼ਾਮਿਲ ਹੋ ਗਏ। ਉਹ ਮੁੱਖ ਦਫ਼ਤਰ ਵਿਖੇ ਕੇਂਦਰੀ ਮੰਤਰੀ ਹਰਦੀਪ ਸਿੰਘ ਪੁਰੀ, ਦਿੱਲੀ ਦੇ ਮੰਤਰੀ ਮਨਜਿੰਦਰ ਸਿੰਘ ਸਿਰਸਾ, ਪਾਰਟੀ ਦੇ ਰਾਸ਼ਟਰੀ ਜਨਰਲ ਸਕੱਤਰ ਤਰੁਣ ਚੁੱਘ, ਪੰਜਾਬ ਭਾਜਪਾ ਪ੍ਰਧਾਨ ਸੁਨੀਲ ਜਾਖੜ ਅਤੇ ਹੋਰਾਂ ਦੀ ਮੌਜੂਦਗੀ ਵਿਚ ਭਾਜਪਾ ਵਿਚ ਸ਼ਾਮਿਲ ਹੋਏ।

1984 ਵਿੱਚ ਕਾਂਗਰਸ ਦੀ ਜ਼ਾਲਮ ਸਰਕਾਰ ਦੇ ਦੌਰਾਨ ਹੋਏ ਸਿੱਖ ਨਸਲਕੁਸ਼ੀ ਵਿੱਚ ਪੀੜਤਾਂ ਦੇ ਵਕੀਲ, ਸੀਨੀਅਰ ਵਕੀਲ, ਪ੍ਰਸਿੱਧ ਸਮਾਜਿਕ, ਮਨੁੱਖੀ ਅਧਿਕਾਰ ਅਤੇ ਬਾਲ ਅਧਿਕਾਰ ਕਾਰਕੁਨ ਅਤੇ ਪੰਜਾਬ ਦੇ ਸਾਬਕਾ ਵਿਰੋਧੀ ਧਿਰ ਦੇ ਆਗੂ ਤੇ ਪਦਮਸ਼੍ਰੀ ਐਚ. ਐਸ. ਫੂਲਕਾ ਅੱਜ ਆਪਣੇ ਸਮਰਥਕਾਂ ਸਮੇਤ ਨਵੀਂ ਦਿੱਲੀ ਸਥਿਤ ਭਾਰਤੀ ਜਨਤਾ ਪਾਰਟੀ ਦੇ ਕੇਂਦਰੀ ਦਫ਼ਤਰ ਵਿੱਚ ਭਾਜਪਾ ਪਰਿਵਾਰ ਵਿੱਚ ਸ਼ਾਮਲ ਹੋਏ।

ਇਸ ਮੌਕੇ ਮੰਚ 'ਤੇ ਕੇਂਦਰੀ ਮੰਤਰੀ ਹਰਦੀਪ ਸਿੰਘ ਪੂਰੀ, ਭਾਜਪਾ ਦੇ ਕੌਮੀ ਜਨਰਲ ਸਕੱਤਰ ਤਰੁਣ ਚੁੱਘ, ਪੰਜਾਬ ਭਾਜਪਾ ਪ੍ਰਧਾਨ ਸੁਨੀਲ ਜਾਖੜ, ਪੰਜਾਬ ਭਾਜਪਾ ਦੇ ਕਾਰਜਕਾਰੀ ਪ੍ਰਧਾਨ ਅਸ਼ਵਨੀ ਸ਼ਰਮਾ, ਦਿੱਲੀ ਭਾਜਪਾ ਪ੍ਰਧਾਨ ਵੀਰੇਂਦਰ ਸਚਦੇਵਾ, ਦਿੱਲੀ ਸਰਕਾਰ ਵਿੱਚ ਮੰਤਰੀ ਮਨਜਿੰਦਰ ਸਿੰਘ ਸਿਰਸਾ, ਭਾਜਪਾ ਦੇ ਰਾਸ਼ਟਰੀ ਮੀਡੀਆ ਪ੍ਰਮੁੱਖ ਅਤੇ ਲੋਕ ਸਭਾ ਸਾਂਸਦ ਅਨਿਲ ਬਲੂਨੀ ਅਤੇ ਭਾਜਪਾ ਪ੍ਰਵਕਤਾ ਸਰਦਾਰ ਆਰ.ਪੀ. ਸਿੰਘ ਮੌਜੂਦ ਸਨ। ਹਰਦੀਪ ਸਿੰਘ ਪੂਰੀ ਨੇ ਫੂਲਕਾ ਨੂੰ ਭਾਜਪਾ ਦੀ ਮੈਂਬਰਸ਼ਿਪ ਪਰਚੀ ਦੇ ਕੇ ਅਤੇ ਪਾਰਟੀ ਦੀ ਪਟਕਾ ਪਾ ਕੇ ਉਨ੍ਹਾਂ ਦਾ ਸਵਾਗਤ ਕੀਤਾ।

ਇਸ ਮੌਕੇ ਮੀਡੀਆ ਨਾਲ ਗੱਲਬਾਤ ਕਰਦੇ ਹੋਏ ਤਰੁਣ ਚੁੱਘ ਨੇ ਕਿਹਾ ਕਿ ਪਦਮਸ਼੍ਰੀ ਨਾਲ ਸਨਮਾਨਿਤ ਸਰਦਾਰ ਹਰਵਿੰਦਰ ਸਿੰਘ ਫੂਲਕਾ ਦਾ ਅਸੀਂ ਭਾਜਪਾ ਪਰਿਵਾਰ ਵਿੱਚ ਸਵਾਗਤ ਕਰਦੇ ਹਾਂ। ਉਹ ਲੰਬੇ ਸਮੇਂ ਤੋਂ ਮਨੁੱਖੀ ਅਧਿਕਾਰ ਮਾਮਲਿਆਂ ਵਿੱਚ ਪੀੜਤਾਂ ਦੀ ਵਕਾਲਤ ਕਰਦੇ ਆ ਰਹੇ ਹਨ। 1984 ਵਿੱਚ ਗਾਂਧੀ-ਨਹਿਰੂ ਪਰਿਵਾਰ ਦੇ ਇਸ਼ਾਰਿਆਂ 'ਤੇ ਦੇਸ਼ ਦੇ 52 ਸ਼ਹਿਰਾਂ ਨੂੰ ਸ਼ਮਸ਼ਾਨ ਬਣਾਇਆ ਗਿਆ ਅਤੇ ਦਿੱਲੀ ਸਮੇਤ ਕਈ ਇਲਾਕਿਆਂ ਵਿੱਚ ਸਿੱਖਾਂ ਦੀ ਨਸਲਕੁਸ਼ੀ ਕੀਤੀ। ਉਸ ਸਮੇਂ ਸਿਰਫ਼ ਭਾਰਤੀ ਜਨਤਾ ਪਾਰਟੀ ਹੀ ਇੱਕ ਐਸੀ ਪਾਰਟੀ ਸੀ ਜਿਸ ਨੇ ਸੜਕ ਤੋਂ ਲੈ ਕੇ ਸੰਸਦ ਤੱਕ ਸਿੱਖ ਨਸਲਕੁਸ਼ੀ ਦੇ ਖ਼ਿਲਾਫ਼ ਅਟਲ ਬਿਹਾਰੀ ਵਾਜਪੇਈ ਅਤੇ ਮਦਨ ਲਾਲ ਖੁਰਾਣਾ ਦੀ ਅਗਵਾਈ ਵਿੱਚ ਆਵਾਜ਼ ਉਠਾਈ ਗਈ।

ਐਚ.ਐਸ. ਫੂਲਕਾ ਨੇ ਅੱਗੇ ਆ ਕੇ ਦੋਸ਼ੀਆਂ ਨੂੰ ਸਜ਼ਾ ਦਿਵਾਉਣ ਲਈ ਸੰਘਰਸ਼ ਸ਼ੁਰੂ ਕੀਤਾ। ਉਨ੍ਹਾਂ ਨੇ 70 ਤੋਂ ਵੱਧ ਮਾਮਲਿਆਂ ਵਿੱਚ 250 ਤੋਂ ਵੱਧ ਦੋਸ਼ੀਆਂ ਨੂੰ ਸਜ਼ਾ ਦਿਵਾਉਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ। 1993 ਵਿੱਚ ਜਦੋਂ ਦਿੱਲੀ ਵਿੱਚ ਪਹਿਲੀ ਵਾਰ ਭਾਜਪਾ ਦੀ ਸਰਕਾਰ ਬਣੀ ਤਾਂ ਮੁੱਖ ਮੰਤਰੀ ਮਦਨ ਲਾਲ ਖੁਰਾਣਾ ਨੇ ਉਨ੍ਹਾਂ ਨੂੰ ਆਪਣਾ ਸਲਾਹਕਾਰ ਨਿਯੁਕਤ ਕੀਤਾ, ਜਿਸ ਨਾਲ ਨਿਆਂ ਪ੍ਰਕਿਰਿਆ ਨੂੰ ਹੋਰ ਗਤੀ ਮਿਲੀ।

ਇਸ ਮੌਕੇ ਕੇਂਦਰੀ ਮੰਤਰੀ ਹਰਦੀਪ ਸਿੰਘ ਪੂਰੀ ਨੇ ਕਿਹਾ ਕਿ ਸਰਦਾਰ ਫੂਲਕਾ ਸਿਰਫ਼ ਭਾਰਤ ਹੀ ਨਹੀਂ ਸਗੋਂ ਪੂਰੀ ਦੁਨੀਆ ਵਿੱਚ ਜਾਣੇ-ਪਛਾਣੇ ਨਾਮ ਹਨ। 1984 ਦੀਆਂ ਘਟਨਾਵਾਂ ਨੂੰ ਦੰਗੇ ਕਹਿਣਾ ਠੀਕ ਨਹੀਂ, ਇਹ ਇੱਕ ਯੋਜਨਾਬੱਧ ਨਸਲਕੁਸ਼ੀ ਸੀ ਜਿਸ ਵਿੱਚ ਹਜ਼ਾਰਾਂ ਬੇਗੁਨਾਹਾਂ ਦੀ ਜਾਨ ਗਈ। ਇਹ ਸਿੱਖ ਕੌਮ 'ਤੇ ਹੋਇਆ ਵੱਡਾ ਅਤਿਆਚਾਰ ਸੀ ਜਿਸ ਲਈ ਕਾਂਗਰਸ ਨੇ ਅਜੇ ਤੱਕ ਢੰਗ ਨਾਲ ਮੁਆਫ਼ੀ ਨਹੀਂ ਮੰਗੀ।

ਉਨ੍ਹਾਂ ਨੇ ਇਹ ਵੀ ਕਿਹਾ ਕਿ ਹਾਲ ਹੀ ਵਿੱਚ ਲੋਕ ਸਭਾ ਵਿੱਚ ਕਾਂਗਰਸ ਆਗੂ ਰਾਹੁਲ ਗਾਂਧੀ ਵੱਲੋਂ ਇੱਕ ਸਿੱਖ ਸਾਂਸਦ ਨੂੰ 'ਗੱਦਾਰ' ਕਹਿਣਾ ਉਸ ਸੋਚ ਨੂੰ ਦਰਸਾਉਂਦਾ ਹੈ। ਫੂਲਕਾ ਨੇ ਬਿਨਾਂ ਕਿਸੇ ਸਵਾਰਥ ਦੇ ਪੀੜਤਾਂ ਨੂੰ ਇਨਸਾਫ਼ ਦਿਵਾਉਣ ਲਈ ਕਈ ਲੜਾਈਆਂ ਲੜੀਆਂ ਹਨ। ਮੀਡੀਆ ਨੂੰ ਸੰਬੋਧਨ ਕਰਦੇ ਹੋਏ ਸਰਦਾਰ ਐਚ. ਐਸ. ਫੂਲਕਾ ਨੇ ਭਾਜਪਾ ਵਿੱਚ ਸ਼ਾਮਲ ਹੋਣ 'ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਅਤੇ ਭਾਜਪਾ ਦੇ ਕੌਮੀ ਪ੍ਰਧਾਨ ਨਿਤਿਨ ਨਵੀਨ ਦਾ ਧੰਨਵਾਦ ਕੀਤਾ। ਉਨ੍ਹਾਂ ਨੇ ਕਿਹਾ ਕਿ 2 ਨਵੰਬਰ 1984 ਮੇਰੇ ਜੀਵਨ ਦਾ ਸਭ ਤੋਂ ਭਿਆਨਕ ਦਿਨ ਸੀ ਜਦੋਂ ਮੇਰੇ ਘਰ 'ਤੇ ਹਮਲਾ ਹੋਇਆ। ਮੇਰੀ ਪਤਨੀ ਗਰਭਵਤੀ ਸੀ ਅਤੇ ਮੇਰੀ ਜਾਨ ਬਚਾਉਣ ਲਈ ਭੱਜ ਰਹੀ ਸੀ।

ਉਨ੍ਹਾਂ ਕਿਹਾ ਕਿ ਮੇਰਾ ਕਸੂਰ ਸਿਰਫ਼ ਇਹ ਸੀ ਕਿ ਮੈਂ ਸਿੱਖ ਸੀ। 1984 ਦੇ ਉਹ ਤਿੰਨ ਦਿਨ ਇੱਕ ਯੋਜਨਾਬੱਧ ਸਿੱਖ ਨਸਲਕੁਸ਼ੀ ਸੀ ਜਿਸਨੂੰ ਬਾਅਦ ਵਿੱਚ ਹਿੰਦੂ ਵਿਰੁੱਧ ਸਿੱਖ ਬਣਾਉਣ ਦੀ ਕੋਸ਼ਿਸ਼ ਕੀਤੀ ਗਈ, ਜਦਕਿ ਇਹ ਕਾਂਗਰਸ ਵਿਰੁੱਧ ਸਿੱਖ ਸੀ। ਉਨ੍ਹਾਂ ਦੱਸਿਆ ਕਿ ਉਸ ਸਮੇਂ ਹਾਲਾਤ ਇੰਨੇ ਭਿਆਨਕ ਸਨ ਕਿ ਅਟਲ ਬਿਹਾਰੀ ਵਾਜਪੇਈ ਜੀ ਨੇ 17 ਨਵੰਬਰ 1984 ਨੂੰ 2700 ਸਿੱਖਾਂ ਦੀ ਹੱਤਿਆ ਦੀ ਸੂਚੀ ਜਾਰੀ ਕੀਤੀ ਸੀ, ਜਦਕਿ ਕਾਂਗਰਸ ਸਰਕਾਰ ਕੇਵਲ 650 ਮੌਤਾਂ ਦੀ ਗੱਲ ਕਰ ਰਹੀ ਸੀ।

ਉਨ੍ਹਾਂ ਅੰਤ ਵਿੱਚ ਕਿਹਾ ਕਿ ਭਾਜਪਾ ਨੇ ਹਮੇਸ਼ਾਂ ਇਸ ਮਾਮਲੇ 'ਤੇ ਮੇਰਾ ਸਾਥ ਦਿੱਤਾ ਹੈ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਸਿੱਖ ਕੌਮ ਨਾਲ ਖਾਸ ਲਗਾਵ ਹੈ। ਜੇ ਪੰਜਾਬ ਨੂੰ ਬਚਾਉਣਾ ਹੈ ਤਾਂ ਭਾਜਪਾ ਨੂੰ ਮਜ਼ਬੂਤ ਕਰਨਾ ਹੋਵੇਗਾ ਅਤੇ ਮੈਂ ਪੂਰੀ ਤਨਦੇਹੀ ਨਾਲ ਇਸ ਲਈ ਕੰਮ ਕਰਾਂਗਾ ਕਿ ਆਉਣ ਵਾਲੀਆਂ ਚੋਣਾਂ ਵਿੱਚ ਪੰਜਾਬ ਵਿੱਚ ਭਾਜਪਾ ਦੀ ਸਰਕਾਰ ਬਣੇ।

# ਕੈਲਗਰੀ ਸ਼ਹਿਰ ਦੇ ਮੇਅਰ ਜਰਮੀ ਫਰਕਸ ਨੇ ਅਪ੍ਰੈਲ ਮਹੀਨੇ ਨੂੰ ਸਿੱਖ ਵਿਰਾਸਤੀ ਮਹੀਨੇ ਵਜੋਂ ਐਲਾਨਿਆ

ਕੈਲਗਰੀ : ਕੈਲਗਰੀ ਸ਼ਹਿਰ ਦੇ ਮੇਅਰ ਜਰਮੀ ਫਰਕਸ ਨੇ ਅਪ੍ਰੈਲ ਮਹੀਨੇ ਨੂੰ ਸਿੱਖ ਵਿਰਾਸਤੀ ਮਹੀਨੇ ਵਜੋਂ ਐਲਾਨਿਆ ਹੈ। ਮੇਅਰ ਦੇ ਦਫ਼ਤਰ ਵਲੋਂ ਜਾਰੀ ਕੀਤੀ ਗਈ ਜਾਣਕਾਰੀ ਮੁਤਾਬਕ ਜਰਮੀ ਨੇ ਕਿਹਾ ਕਿ ਅਸੀਂ ਕੈਲਗਰੀ 'ਚ ਵਿਭਿੰਨਤਾ, ਸਮਾਵੇਸ਼ ਅਤੇ ਭਾਈਚਾਰਕ ਭਾਵਨਾ ਨੂੰ ਉਤਸ਼ਾਹਿਤ ਕਰਨ ਵਿਚ ਭਾਈਚਾਰੇ ਵਲੋਂ ਦਿੱਤੇ ਜਾ ਰਹੇ ਸਮਰਥਨ ਦੀ ਸੱਚਮੁੱਚ ਕਦਰ ਕਰਦੇ ਹਾਂ। ਇਹ ਮਾਨਤਾ ਸਿੱਖ ਭਾਈਚਾਰੇ ਦੇ ਅਮੀਰ ਇਤਿਹਾਸ, ਕਦਰਾਂ-ਕੀਮਤਾਂ ਅਤੇ ਯੋਗਦਾਨਾਂ ਦਾ ਜਸ਼ਨ ਮਨਾਉਂਦੀ ਹੈ। ਉਨ੍ਹਾਂ ਕਿਹਾ ਕਿ ਸਿੱਖ ਵਿਰਾਸਤੀ ਮਹੀਨਾ ਸਿੱਖ ਸੱਭਿਆਚਾਰ, ਵਿਸ਼ਵਾਸ ਅਤੇ ਇਤਿਹਾਸ ਦੇ ਨਾਲ-ਨਾਲ ਦੇਸ਼ ਭਰ ਵਿਚ ਸਿੱਖ ਕੈਨੇਡੀਅਨਾਂ ਵਲੋਂ ਕੀਤੇ ਗਏ ਬਹੁਤ ਸਾਰੇ ਯੋਗਦਾਨਾਂ ਨੂੰ ਮਾਨਤਾ ਦਿੰਦਾ ਹੈ। ਅਪ੍ਰੈਲ ਵਿਚ ਮਨਾਈ ਜਾਣ ਵਾਲੀ ਵਿਸਾਖੀ ਸਿੱਖ ਪਛਾਣ ਦੇ ਇੱਕ ਅਨਿੱਖੜਵੇਂ ਅੰਗ ਖ਼ਾਲਸੇ ਦੀ ਸਥਾਪਨਾ ਦੀ ਯਾਦ ਦਿਵਾਉਂਦੀ ਹੈ।ਸਿੱਖਾਂ ਨੇ 1900 ਦੇ ਦਹਾਕੇ ਦੇ ਸ਼ੁਰੂ ਤੋਂ ਹੀ ਅਲਬਰਟਾ ਨੂੰ ਆਪਣਾ ਘਰ ਕਿਹਾ ਹੈ ਅਤੇ ਸੂਬੇ ਵਿਚ ਕੈਨੇਡਾ ਵਿਚ ਤੀਜੀ ਸਭ ਤੋਂ ਵੱਡੀ ਸਿੱਖ ਆਬਾਦੀ ਹੈ। ਕੈਲਗਰੀ ਨਗਰ ਕੀਰਤਨ ਕੈਲਗਰੀ ਵਿਚ ਸਭ ਤੋਂ ਵੱਡੇ ਸਾਲਾਨਾ ਪਰੇਡਾਂ ਵਿਚੋਂ ਇਕ ਹੈ, ਜਿਸ ਵਿਚ ਇਕ ਲੱਖ ਤੋਂ ਵੱਧ ਲੋਕ ਹਿੱਸਾ ਲੈਂਦੇ ਹਨ। ਸਿਟੀ ਕੌਂਸਲ ਅਤੇ ਕੈਲਗਰੀ ਵਾਸੀਆਂ ਵਲੋਂ ਮੈਂ ਅਪ੍ਰੈਲ 2026 ਨੂੰ ਸਿੱਖ ਵਿਰਾਸਤ ਮਹੀਨਾ ਵਜੋਂ ਐਲਾਨ ਕਰਦਾ ਹਾਂ। ਇਸ ਸਮੇਂ ਕੌਂਸਲਰ ਰਾਜ ਧਾਲੀਵਾਲ, ਹਰਦਿਆਲ ਸਿੰਘ ਹੈਪੀ ਮਾਨ, ਜਤਿੰਦਰ ਸਿੰਘ ਤੱਤਲਾ, ਰਣਬੀਰ ਸਿੰਘ ਪਰਮਾਰ, ਮਹਿੰਦਰ ਸਿੰਘ ਮਿਨਹਾਸ, ਭੋਲਾ ਸਿੰਘ ਚੌਹਾਨ, ਸਨਦੀਪ ਸਿੰਘ ਸੰਧੂ, ਮਨਿੰਦਰ ਸਿੰਘ ਢਿੱਲੋਂ, ਸੁਖਪਾਲ ਸਿੰਘ ਖਹਿਰਾ ਅਤੇ ਗੁਰੂ ਘਰਾਂ ਦੀਆਂ ਪ੍ਰਬੰਧਕ ਕਮੇਟੀਆ ਦੇ ਮੈਂਬਰ ਤੇ ਅਹੁਦੇਦਾਰ ਵੀ ਮੌਜੂਦ ਸਨ।



ਕੈਲਗਰੀ ਸਿਟੀ ਕੌਂਸਲ ਵਿਖੇ ਮੇਅਰ ਜਰਮੀ ਫਰਕਸ ਅਪ੍ਰੈਲ ਮਹੀਨੇ ਨੂੰ ਸਿੱਖ ਵਿਰਾਸਤੀ ਮਹੀਨੇ ਵਜੋਂ ਐਲਾਨਦੇ ਹੋਏ, ਨਾਲ ਸਿੱਖ ਪਾਈਚਾਰੇ ਦੇ ਮੋਹਤਬਰ ਵਿਅਕਤੀ

# ਸ੍ਰੀ ਹਰਿਮੰਦਰ ਸਾਹਿਬ ਵਿਖੇ ਨਤਮਸਤਕ ਹੋਈ ਬਾਲੀਵੁੱਡ ਅਦਾਕਾਰਾ ਪ੍ਰਿਅੰਕਾ ਚੋਪੜਾ

ਅੰਮ੍ਰਿਤਸਰ : ਬਾਲੀਵੁੱਡ ਦੀ ਉੱਘੀ ਅਦਾਕਾਰਾ ਪ੍ਰਿਅੰਕਾ ਚੋਪੜਾ ਸ੍ਰੀ ਹਰਿਮੰਦਰ ਸਾਹਿਬ ਵਿਖੇ ਨਤਮਸਤਕ ਹੋਈ। ਪਹਿਲੀ ਵਾਰ ਸ੍ਰੀ ਹਰਿਮੰਦਰ ਸਾਹਿਬ ਵਿਖੇ ਨਤਮਸਤਕ ਹੋਣ ਲਈ ਪੁੱਜੀ ਪ੍ਰਿਅੰਕਾ ਚੋਪੜਾ ਨੇ ਗੁਰੂ ਘਰ ਦੀ ਪਰਿਕਰਮਾ ਸਥਿਤ ਛਬੀਲ ਵਿਖੇ ਕੁਝ ਸਮਾਂ ਬੀਬੀਆਂ ਨਾਲ ਬੈਠ ਕੇ ਸੰਗਤਾਂ ਦੇ ਭਾਂਡੇ ਮਾਂਜਣ ਦੀ ਸੇਵਾ ਵੀ ਕੀਤੀ। ਜ਼ਿਕਰਯੋਗ ਹੈ ਕਿ ਪਹਿਲਾਂ ਤਾਂ ਸ਼ਰਧਾਲੂ ਉਨ੍ਹਾਂ ਨੂੰ ਪਛਾਣ ਹੀ ਨਹੀਂ ਸਕੇ ਪਰ ਬਾਅਦ ਵਿਚ ਉਨ੍ਹਾਂ ਨੂੰ ਪ੍ਰਿਅੰਕਾ ਦੇ ਆਉਣ ਦਾ ਪਤਾ ਲੱਗ ਗਿਆ। ਪ੍ਰਿਅੰਕਾ ਚੋਪੜਾ ਦੇ ਨਾਲ ਸ੍ਰੀ ਹਰਿਮੰਦਰ ਸਾਹਿਬ ਦਰਸ਼ਨ ਕਰਵਾਉਣ ਆਏ ਸਥਾਨਕ ਨੌਜਵਾਨ ਸਰਬਜੀਤ ਸਿੰਘ ਆਈਡੀਆ ਨੇ ਦੱਸਿਆ ਕਿ ਪ੍ਰਿਅੰਕਾ ਚੋਪੜਾ ਕਰੀਬ ਇਕ ਹਫ਼ਤੇ ਤੋਂ ਅੰਮ੍ਰਿਤਸਰ ਵਿਖੇ ਹਨ ਅਤੇ ਆਪਣੀ ਇਕ ਆਉਣ ਵਾਲੀ ਫ਼ਿਲਮ 'ਬਨਾਰਸ' ਦੇ ਕੁਝ ਸੀਨਾਂ ਦੀ ਸ਼ੂਟਿੰਗ ਕਰਨ ਲਈ ਆਏ ਹਨ। ਉਨ੍ਹਾਂ ਦੱਸਿਆ ਕਿ ਪ੍ਰਿਅੰਕਾ ਨੇ ਕਿਹਾ ਕਿ ਉਸ ਦੇ ਪਿਤਾ ਕਈ ਸਾਲ ਪਹਿਲਾਂ ਇਥੇ ਦਰਸ਼ਨ ਕਰਨ ਆਏ ਸਨ ਤੇ ਅੱਜ ਮੈਨੂੰ ਇਸ





ਪਾਵਨ ਅਸਥਾਨ ਦੇ ਦਰਸ਼ਨ ਕਰਕੇ ਮਨ ਨੂੰ ਬਹੁਤ ਸਕੂਨ ਮਿਲਿਆ ਹੈ ਅਤੇ ਜਲਦੀ ਹੀ ਆਪਣੀ ਚਾਰ ਸਾਲਾ ਬੱਚੇ ਨੂੰ ਲੈ ਕੇ ਮੁੜ ਕਿਸੇ ਸਮੇਂ ਇਥੇ ਦਰਸ਼ਨ ਕਰਨ ਆਉਣਗੇ। ਜ਼ਿਕਰਯੋਗ ਹੈ ਕਿ ਪ੍ਰਿਅੰਕਾ ਚੋਪੜਾ ਆਪਣੀ ਫ਼ਿਲਮ ਦੀ ਸ਼ੂਟਿੰਗ ਮੁਕੰਮਲ ਕਰਨ ਅਤੇ ਸ੍ਰੀ ਹਰਿਮੰਦਰ ਸਾਹਿਬ ਵਿਖੇ ਨਤਮਸਤਕ ਹੋਣ ਉਪਰੰਤ ਵਾਪਸ ਮੁੰਬਈ ਪਰਤ ਗਈ।

### ਵ੍ਹਾਈਟ ਹਾਊਸ 'ਚ ਅਹਿਮ ਬੈਠਕ

# ਰਾਸ਼ਟਰਪਤੀ ਡੋਨਾਲਡ ਟਰੰਪ ਨੂੰ ਮਿਲੇ ਭਾਰਤ 'ਚ ਅਮਰੀਕੀ ਰਾਜਦੂਤ ਸਰਜੀਓ ਗੋਰ; ਰਣਨੀਤਕ ਸਬੰਧਾਂ 'ਤੇ ਹੋਈ ਚਰਚਾ

ਵਾਸ਼ਿੰਗਟਨ ਡੀ.ਸੀ. : ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਮੰਗਲਵਾਰ ਨੂੰ ਵ ?ਹਾਈਟ ਹਾਊਸ ਵਿਖੇ ਭਾਰਤ ਵਿੱਚ ਅਮਰੀਕੀ ਰਾਜਦੂਤ ਸਰਜੀਓ ਗੋਰ ਨਾਲ ਇੱਕ ਵਿਸ਼ੇਸ਼ ਮੁਲਾਕਾਤ ਕੀਤੀ। ਇਸ ਬੈਠਕ ਨੂੰ ਭਾਰਤ-ਅਮਰੀਕਾ ਦੇ ਦੁਵੱਲੇ ਸਬੰਧਾਂ ਅਤੇ ਆਉਣ ਵਾਲੇ ਸਮੇਂ ਦੀਆਂ ਰਣਨੀਤਕ ਯੋਜਨਾਵਾਂ ਦੇ ਲਿਹਾਜ਼ ਨਾਲ ਬੇਹੱਦ ਮਹੱਤਵਪੂਰਨ ਮੰਨਿਆ ਜਾ ਰਿਹਾ ਹੈ।



ਮੁਲਾਕਾਤ ਦੇ ਮੁੱਖ ਬਿੰਦੂ:

ਰਣਨੀਤਕ ਭਾਈਵਾਲੀ: ਰਾਸ਼ਟਰਪਤੀ ਟਰੰਪ ਅਤੇ ਰਾਜਦੂਤ ਸਰਜੀਓ ਗੋਰ ਵਿਚਕਾਰ ਭਾਰਤ-ਅਮਰੀਕਾ ਦੇ ਵਪਾਰਕ, ਰੱਖਿਆ ਅਤੇ ਤਕਨੀਕੀ ਸਬੰਧਾਂ ਨੂੰ ਹੋਰ ਮਜ਼ਬੂਤ ਕਰਨ 'ਤੇ ਵਿਚਾਰ-ਵਟਾਂਦਰਾ ਕੀਤਾ ਗਿਆ।

ਖੇਤਰੀ ਸੁਰੱਖਿਆ: ਦੋਵਾਂ ਆਗੂਆਂ ਨੇ ਦੱਖਣੀ ਏਸ਼ੀਆ ਅਤੇ ਹਿੰਦ-ਪ੍ਰਸ਼ਾਂਤ (Indo-Pacific) ਖੇਤਰ ਵਿੱਚ ਸਥਿਰਤਾ ਅਤੇ ਸੁਰੱਖਿਆ ਚੁਣੌਤੀਆਂ ਬਾਰੇ ਵੀ ਚਰਚਾ ਕੀਤੀ।

ਡਿਪਲੋਮੈਟਿਕ ਮਿਸ਼ਨ: ਸਰਜੀਓ ਗੋਰ ਨੇ ਭਾਰਤ ਵਿੱਚ ਆਪਣੇ ਮਿਸ਼ਨ ਅਤੇ ਅਮਰੀਕੀ ਹਿੱਤਾਂ ਨੂੰ ਉਤਸ਼ਾਹਿਤ ਕਰਨ ਲਈ ਕੀਤੇ ਜਾ ਰਹੇ ਯਤਨਾਂ ਬਾਰੇ ਰਾਸ਼ਟਰਪਤੀ ਨੂੰ ਜਾਣਕਾਰੀ ਦਿੱਤੀ।

ਭਾਰਤ-ਅਮਰੀਕਾ ਸਬੰਧਾਂ ਦਾ ਨਵਾਂ ਅਧਿਆਏ

ਰਾਸ਼ਟਰਪਤੀ ਟਰੰਪ ਦੀ ਅਗਵਾਈ ਹੇਠ ਭਾਰਤ ਦੇ ਨਾਲ ਸਬੰਧਾਂ ਨੂੰ ਲੈ ਕੇ ਅਮਰੀਕਾ ਦੀ ਨੀਤੀ ਹਮੇਸ਼ਾ ਚਰਚਾ ਵਿੱਚ ਰਹੀ ਹੈ। ਇਸ ਮੁਲਾਕਾਤ ਤੋਂ ਸੰਕੇਤ ਮਿਲਦੇ ਹਨ ਕਿ ਆਉਣ ਵਾਲੇ ਸਮੇਂ ਵਿੱਚ ਦੋਵਾਂ ਦੇਸ਼ਾਂ ਵਿਚਾਲੇ ਕਈ ਵੱਡੇ ਸਮਝੌਤੇ ਹੋ ਸਕਦੇ ਹਨ। ਸਰਜੀਓ ਗੋਰ, ਜੋ ਕਿ ਰਾਸ਼ਟਰਪਤੀ ਟਰੰਪ ਦੇ ਭਰੋਸੇਮੰਦ ਮੰਨੇ ਜਾਂਦੇ ਹਨ, ਭਾਰਤ ਵਿੱਚ ਅਮਰੀਕੀ ਪ੍ਰਸ਼ਾਸਨ ਦੀਆਂ ਤਰਜੀਹਾਂ ਨੂੰ ਅੱਗੇ ਵਧਾਉਣ ਵਿੱਚ ਅਹਿਮ ਭੂਮਿਕਾ ਨਿਭਾ ਰਹੇ ਹਨ।

# 'ਇੱਕ ਰਾਸ਼ਟਰ ਇੱਕ ਭਾਸ਼ਾ' ਸਮੇਤ 'ਅਪਮਾਨਜਨਕ' ਟਿੱਪਣੀਆਂ ਕਾਰਨ ਗੁਰਦਾਸ ਮਾਨ ਦੇ ਬਰੈਂਪਟਨ, ਕੈਨੇਡਾ ਸ਼ੋਅ ਖਿਲਾਫ ਰੋਸ ਪ੍ਰਦਰਸ਼ਨ

### 'ਟਰਾਂਸ ਨੈਸ਼ਨਲ ਕਲਚਰਲ ਰਿਪਰੈਸ਼ਨ' ਲਈ ਬਣੇ ਹੱਥਠੋਕੇ ਮਾਨ ਖਿਲਾਫ ਐਡਮਿੰਟਨ, ਕੈਲਗਰੀ ਅਤੇ ਵੈਨਕੂਵਰ ਵਿਖੇ ਵਿਰੋਧ ਜਾਰੀ ਰਹਿਣਗੇ' : ਪੰਜਾਬੀ ਮਾਂ ਬੋਲੀ ਦੇ ਵਾਰਿਸ, ਕੈਨੇਡਾ

ਟੋਰਾਂਟੋ : ਸੰਨ 2019 ਦੇ 'ਇੱਕ ਰਾਸ਼ਟਰ ਇੱਕ ਭਾਸ਼ਾ' ਦੇ ਬਿਆਨ ਅਤੇ 'ਅਪਮਾਨਜਨਕ ਟਿੱਪਣੀਆਂ' ਕਾਰਨ ਪੈਦਾ ਹੋਏ ਵਿਵਾਦ ਮਗਰੋਂ, ਗਾਇਕ ਗੁਰਦਾਸ ਮਾਨ ਦਾ ਬਰੈਂਪਟਨ 'ਚ ਹੋਇਆ ਪਹਿਲਾ ਸ਼ੋਅ ਵਿਰੋਧ ਦੀ ਭੇਟ ਚੜ੍ਹ ਗਿਆ ਅਤੇ ਉਸ ਦੇ ਖਿਲਾਫ ਰੋਸ ਪ੍ਰਦਰਸ਼ਨ ਕੀਤਾ। ਕੈਨੇਡਾ ਦੇ ਬ੍ਰਿਟਿਸ਼ ਕੋਲੰਬੀਆ ਤੋਂ ਲੈ ਕੇ ਓਂਟਾਰੀਓ ਤੱਕ ਦੀਆਂ ਪੰਜਾਬੀ ਅਤੇ ਸਿੱਖ ਸੰਸਥਾਵਾਂ ਵੱਲੋਂ ਗੁਰਦਾਸ ਮਾਨ ਦੇ ਸ਼ੋਅ ਦੇ ਬਾਈਕਾਟ ਦਾ ਸੱਦਾ ਸੀ। ਪਿਛਲੇ ਕੁਝ ਸਾਲਾਂ ਦੌਰਾਨ ਗੁਰਦਾਸ ਮਾਨ ਵੱਲੋਂ ਕੀਤੇ ਗਏ ਬਿਆਨਾਂ; ਭੰਗੀ ਪਖੰਡੀ ਸਾਧ ਦੀ ਤੁਲਨਾ ਗੁਰੂ ਅਮਰਦਾਸ ਜੀ ਨਾਲ ਕਰਨਾ, ਕੇਪੀਐਸ ਵਰਗੇ ਬੁੱਚੜ ਦੀ ਪਰੋੜਤਾ ਕਰਨੀ, "ਇੱਕ ਰਾਸ਼ਟਰ, ਇੱਕ ਭਾਸ਼ਾ" ਦੀ ਵਕਾਲਤ, ਪੰਜਾਬੀ ਭਾਸ਼ਾ ਨੂੰ ਹਾਸ਼ੀਏ 'ਤੇ ਰੱਖਣ ਵਾਲੇ ਵਿਚਾਰ, ਅਤੇ ਕੈਨੇਡਾ ਵਿੱਚ ਪ੍ਰਦਰਸ਼ਨਕਾਰੀਆਂ ਨਾਲ 'ਅਪਮਾਨਜਨਕ' ਵਰਤਾਅ ਨੇ ਵਿਸ਼ਾਲ ਪੱਧਰ 'ਤੇ ਨਾਰਾਜ਼ਗੀ




ਪੈਦਾ ਕੀਤੀ ਹੈ। ਗੁਰਦਾਸ ਮਾਨ ਦੀ ਅਪਮਾਨਜਨਕ ਸ਼ਬਦਾਵਲੀ ਅਤੇ ਅਜਿਹੇ ਬਿਆਨ ਅਤੇ ਰਵੱਈਏ ਸਿੱਖ ਪਹਿਚਾਣ ਅਤੇ ਪੰਜਾਬੀ ਬੋਲੀ ਲਈ ਖ਼ਤਰਾ ਮੰਨੇ ਜਾ ਰਹੇ ਹਨ। ਇਸ ਦੌਰਾਨ ਐਡਮਿੰਟਨ ਵਾਸੀ ਸਿੱਖ ਆਗੂ ਭਾਈ ਗੁਲਜ਼ਾਰ ਸਿੰਘ ਨੇ ਕਿਹਾ ਕਿ ਗੁਰਦਾਸ ਮਾਨ ਦੀ ਸਿੱਖ ਵਿਰੋਧੀ ਅਤੇ ਪੰਜਾਬੀ ਵਿਰੋਧੀ ਹਰਕਤਾਂ ਕਰਕੇ ਦੋ ਅਪ੍ਰੈਲ ਨੂੰ ਐਡਮਿੰਟਨ ਅਤੇ ਚਾਰ ਅਪ੍ਰੈਲ ਨੂੰ ਕੈਲਗਰੀ ਵਿੱਚ ਜ਼ੋਰਦਾਰ ਵਿਰੋਧਤਾ ਕੀਤੀ ਜਾਏਗੀ ਅਤੇ ਜਾਗਦੀ ਜ਼ਮੀਰ ਵਾਲੇ ਪੰਜਾਬੀ ਇਸ ਵਿੱਚ ਸ਼ਾਮਿਲ ਹੋਣਗੇ।

# ਚਾਰ ਨਵੇਂ ਲੇਬਰ ਕੋਡਾਂ ਵਿਰੁੱਧ ਮਜ਼ਦੂਰਾਂ ਦਾ ਹੱਲਾ ਬੋਲ; ਨਿਯੋਜਨ ਭਵਨ ਦੇ ਬਾਹਰ ਕੇਂਦਰ ਸਰਕਾਰ ਵਿਰੁੱਧ ਜੰਮ ਕੇ ਨਾਅਰੇਬਾਜ਼ੀ






ਪਟਨਾ (ਬਿਹਾਰ) : ਬੁੱਧਵਾਰ ਨੂੰ ਪਟਨਾ ਦੇ ਨਿਯੋਜਨ ਭਵਨ ਦੇ ਬਾਹਰ ਉਸ ਸਮੇਂ ਹੰਗਾਮਾ ਹੋ ਗਿਆ ਜਦੋਂ ਆਲ ਇੰਡੀਆ ਵਰਕਰਜ਼ (All India Workers) ਦੇ ਸੈਂਕੜੇ ਮੈਂਬਰਾਂ ਨੇ ਇਕੱਠੇ ਹੋ ਕੇ ਕੇਂਦਰ ਸਰਕਾਰ ਦੇ ਚਾਰ ਨਵੇਂ ਲੇਬਰ ਕੋਡਾਂ (Labour Codes) ਵਿਰੁੱਧ ਰੋਸ ਪ੍ਰਦਰਸ਼ਨ ਕੀਤਾ। ਮਜ਼ਦੂਰ ਆਗੂਆਂ ਨੇ ਇਹਨਾਂ ਕਾਨੂੰਨਾਂ ਨੂੰ 'ਮਜ਼ਦੂਰ ਵਿਰੋਧੀ' ਕਰਾਰ ਦਿੰਦਿਆਂ ਇਨ੍ਹਾਂ ਨੂੰ ਤੁਰੰਤ ਵਾਪਸ ਲੈਣ ਦੀ ਮੰਗ ਕੀਤੀ।

ਪ੍ਰਦਰਸ਼ਨ ਦੇ ਮੁੱਖ ਕਾਰਨ ਅਤੇ ਮੰਗਾਂ:

ਲੇਬਰ ਕੋਡਾਂ ਦਾ ਵਿਰੋਧ: ਪ੍ਰਦਰਸ਼ਨਕਾਰੀਆਂ ਦਾ ਕਹਿਣਾ ਹੈ ਕਿ ਸਰਕਾਰ ਵੱਲੋਂ ਲਿਆਂਦੇ ਗਏ ਚਾਰ ਨਵੇਂ ਲੇਬਰ ਕੋਡ ਮਜ਼ਦੂਰਾਂ ਦੇ ਹੱਕਾਂ 'ਤੇ ਡਾਕਾ ਮਾਰਨ ਦੇ ਬਰਾਬਰ ਹਨ। ਇਸ ਨਾਲ ਕੰਮ ਦੇ ਘੰਟੇ ਵਧਣਗੇ ਅਤੇ ਨੌਕਰੀ ਦੀ ਸੁਰੱਖਿਆ ਖਤਮ ਹੋ ਜਾਵੇਗੀ।

ਕਾਰਪੋਰੇਟ ਪੱਖੀ ਨੀਤੀਆਂ: ਮਜ਼ਦੂਰ ਜਥੇਬੰਦੀਆਂ ਨੇ ਦੋਸ਼ ਲਾਇਆ ਕਿ ਇਹ ਕਾਨੂੰਨ ਸਿਰਫ ਵੱਡੇ ਕਾਰਪੋਰੇਟ ਘਰਾਣਿਆਂ ਨੂੰ ਫਾਇਦਾ ਪਹੁੰਚਾਉਣ ਲਈ ਬਣਾਏ ਗਏ ਹਨ, ਜਦਕਿ ਆਮ ਮਜ਼ਦੂਰ ਦਾ ਸ਼ੋਸ਼ਣ ਵਧੇਗਾ।

ਘੱਟੋ-ਘੱਟ ਉਜਰਤ: ਪ੍ਰਦਰਸ਼ਨ ਦੌਰਾਨ ਮਜ਼ਦੂਰਾਂ ਨੇ ਸਾਰਿਆਂ ਲਈ ਸਨਮਾਨਜਨਕ ਘੱਟੋ-ਘੱਟ ਉਜਰਤ ਅਤੇ ਸਮਾਜਿਕ ਸੁਰੱਖਿਆ ਦੀ ਗਾਰੰਟੀ ਦੇਣ ਦੀ ਵੀ ਮੰਗ ਕੀਤੀ।

ਨਿਯੋਜਨ ਭਵਨ ਦੇ ਬਾਹਰ ਭਾਰੀ ਜਾਮ

ਪ੍ਰਦਰਸ਼ਨ ਕਾਰਨ ਨਿਯੋਜਨ ਭਵਨ ਦੇ ਆਸ-ਪਾਸ ਦੇ ਇਲਾਕੇ ਵਿੱਚ ਆਵਾਜਾਈ ਪ੍ਰਭਾਵਿਤ ਹੋਈ। ਮਜ਼ਦੂਰਾਂ ਨੇ ਹੱਥਾਂ ਵਿੱਚ ਲਾਲ ਝੰਡੇ ਅਤੇ ਬੈਨਰ ਫੜੇ ਹੋਏ ਸਨ, ਜਿਨ੍ਹਾਂ 'ਤੇ ਸਰਕਾਰ ਵਿਰੋਧੀ ਨਾਅਰੇ ਲਿਖੇ ਹੋਏ ਸਨ। ਪੁਲਿਸ ਨੇ ਸੁਰੱਖਿਆ ਦੇ ਮੱਦੇਨਜ਼ਰ ਬੈਰੀਕੇਡ ਲਗਾਏ ਹੋਏ ਸਨ, ਪਰ ਪ੍ਰਦਰਸ਼ਨਕਾਰੀ ਆਪਣੀਆਂ ਮੰਗਾਂ 'ਤੇ ਅੜੇ ਰਹੇ। ਮਜ਼ਦੂਰ ਆਗੂਆਂ ਨੇ ਚੇਤਾਵਨੀ ਦਿੱਤੀ ਕਿ ਜੇਕਰ ਸਰਕਾਰ ਨੇ ਇਹਨਾਂ ਮਜ਼ਦੂਰ ਵਿਰੋਧੀ ਫੈਸਲਿਆਂ ਨੂੰ ਜਲਦ ਵਾਪਸ ਨਾ ਲਿਆ, ਤਾਂ ਆਉਣ ਵਾਲੇ ਦਿਨਾਂ ਵਿੱਚ ਦੇਸ਼ ਵਿਆਪੀ ਅੰਦੋਲਨ ਛੇੜਿਆ ਜਾਵੇਗਾ। ਉਨ੍ਹਾਂ ਕਿਹਾ ਕਿ ਮਜ਼ਦੂਰ ਜਮਾਤ ਆਪਣੇ ਹੱਕਾਂ ਦੀ ਰਾਖੀ ਲਈ ਲੰਬੀ ਲੜਾਈ ਲੜਨ ਲਈ ਤਿਆਰ ਹੈ।

# ਅਪ੍ਰੈਲ ਦੁਨੀਆ ਵਿੱਚ 'ਸਿੱਖ ਵਿਰਾਸਤੀ ਮਹੀਨਾ

## ਇਤਿਹਾਸ, ਅਣਥੱਕ ਸੰਘਰਸ਼ ਅਤੇ ਵਿਸਾਖੀ ਦੀ ਅਧਿਆਤਮਿਕ ਮਹਾਨਤਾ




ਲਿਵਰਮੋਰ/ਕੈਲੀਫੋਰਨੀਆ: ਅਪ੍ਰੈਲ ਦਾ ਮਹੀਨਾ ਕੈਲੀਫੋਰਨੀਆ ਦੀ ਧਰਤੀ 'ਤੇ ਸਿਰਫ਼ ਇੱਕ ਕੈਲੰਡਰ ਬਦਲਣ ਦਾ ਪ੍ਰਤੀਕ ਨਹੀਂ ਹੈ, ਸਗੋਂ ਇਹ 'ਸਿੱਖ ਵਿਰਾਸਤੀ ਮਹੀਨੇ' ਵਜੋਂ ਇੱਕ ਅਜਿਹੀ ਕੌਮ ਦੀ ਦਲੇਰੀ ਅਤੇ ਸੇਵਾ ਨੂੰ ਸਲਾਮ ਕਰਨ ਦਾ ਸਮਾਂ ਹੈ ਜਿਸ ਨੇ ਆਪਣੀ ਮਿਹਨਤ ਨਾਲ ਅਮਰੀਕਾ ਦੇ ਇਤਿਹਾਸ ਵਿੱਚ ਸੁਨਹਿਰੀ ਅੱਖਰ ਲਿਖੇ ਹਨ। ਸਾਲ 2026 ਦਾ ਇਹ ਮਹੀਨਾ ਪੰਜਾਬੀ ਮੋਢੀਆਂ (Pioneers) ਦੀ ਉਸ ਵਿਰਾਸਤ ਨੂੰ ਸਮਰਪਿਤ ਹੈ, ਜਿਨ੍ਹਾਂ ਨੇ ਨਸਲੀ ਵਿਤਕਰੇ ਦੇ ਤੂਫ਼ਾਨਾਂ ਵਿੱਚ ਵੀ ਸਿੱਖੀ ਦੀ ਸ਼ਾਨ ਨੂੰ ਬਰਕਰਾਰ ਰੱਖਿਆ।

**ਇਤਿਹਾਸਕ ਪਿਛੋਕੜ: ਪੰਜਾਬ ਦੇ ਖੇਤਾਂ ਤੋਂ ਕੈਲੀਫੋਰਨੀਆ ਦੀਆਂ ਵਾਦੀਆਂ ਤੱਕ**

ਸਿੱਖਾਂ ਦਾ ਕੈਲੀਫੋਰਨੀਆ ਨਾਲ ਰਿਸ਼ਤਾ 19ਵੀਂ ਸਦੀ ਦੇ ਅੰਤਲੇ ਸਾਲਾਂ ਵਿੱਚ ਸ਼ੁਰੂ ਹੋਇਆ। ਉਸ ਸਮੇਂ ਪੰਜਾਬ ਤੋਂ ਆਏ ਗੱਭਰੂਆਂ ਨੇ ਸੈਂਟਰਲ ਵੈਲੀ ਦੀਆਂ ਬੰਜਰ ਜ਼ਮੀਨਾਂ ਨੂੰ ਆਪਣੀ ਮਿਹਨਤ ਨਾਲ ਉਪਜਾਊ ਬਣਾਇਆ।

ਸਟਾਕਟਨ ਗੁਰਦੁਆਰਾ ਸਾਹਿਬ (1912): ਇਹ ਸਿਰਫ਼ ਇੱਕ ਧਾਰਮਿਕ ਅਸਥਾਨ ਨਹੀਂ ਸੀ, ਸਗੋਂ ਅਮਰੀਕਾ ਵਿੱਚ ਸਿੱਖ ਪਛਾਣ ਦਾ ਪਹਿਲਾ ਕਿਲ੍ਹਾ ਸੀ। ਇਸ ਨੇ ਪ੍ਰਵਾਸੀ ਸਿੱਖਾਂ ਨੂੰ ਇਕੱਠੇ ਰੱਖਣ ਅਤੇ ਉਨ੍ਹਾਂ ਦੀਆਂ ਮੁਸ਼ਕਲਾਂ ਦੇ ਹੱਲ ਲਈ ਇੱਕ ਮਜ਼ਬੂਤ ਮੰਚ ਪ੍ਰਦਾਨ ਕੀਤਾ।

**ਗ਼ਦਰ ਲਹਿਰ ਦਾ ਜਨਮ:** ਇਹੀ ਉਹ ਪਵਿੱਤਰ ਅਸਥਾਨ ਹੈ ਜਿੱਥੇ 'ਗ਼ਦਰ ਪਾਰਟੀ' ਦੀਆਂ ਨੀਹਾਂ ਰੱਖੀਆਂ ਗਈਆਂ। ਸਿੱਖਾਂ ਨੇ ਅਮਰੀਕਾ ਦੀ ਧਰਤੀ ਤੋਂ ਭਾਰਤ ਦੀ ਆਜ਼ਾਦੀ ਦਾ ਬਿਗੁਲ ਵਜਾਇਆ, ਜੋ ਉਨ੍ਹਾਂ ਦੀ ਵਿਸ਼ਵਵਿਆਪੀ ਆਜ਼ਾਦੀ ਦੀ ਸੋਚ ਦਾ ਪ੍ਰਤੀਕ ਹੈ।

**2. ਨਾਗਰਿਕਤਾ ਅਤੇ ਹੱਕਾਂ ਲਈ ਕਾਨੂੰਨੀ ਜੰਗ**

ਸਿੱਖਾਂ ਨੇ ਕੈਲੀਫੋਰਨੀਆ ਵਿੱਚ ਸਿਰਫ਼ ਹਲ ਹੀ ਨਹੀਂ ਚਲਾਏ, ਸਗੋਂ ਅਮਰੀਕੀ ਕਾਨੂੰਨੀ ਪ੍ਰਣਾਲੀ ਵਿੱਚ ਆਪਣੇ ਹੱਕਾਂ ਲਈ ਇਤਿਹਾਸਕ ਲੜਾਈਆਂ ਵੀ ਲੜੀਆਂ।

**ਭਗਤ ਸਿੰਘ ਥਿੰਦ ਦਾ ਕੇਸ** (1923): ਨਾਗਰਿਕਤਾ ਲਈ ਲੜੀ ਗਈ ਇਹ ਕਾਨੂੰਨੀ ਲੜਾਈ ਸਿੱਖਾਂ ਦੇ ਅਟੁੱਟ ਦ੍ਰਿੜ੍ਹ ਇਰਾਦੇ ਦੀ ਮਿਸਾਲ ਹੈ।

**ਕਾਮਾਗਾਟਾਮਾਰੂ ਕਾਂਡ** (1914): ਇਸ ਦੁਖਾਂਤ ਨੇ ਸਿੱਖਾਂ ਅੰਦਰ ਨਿਆਂ ਅਤੇ ਬਰਾਬਰੀ ਦੀ ਭਾਵਨਾ ਨੂੰ ਹੋਰ ਪ੍ਰਚੰਡ ਕੀਤਾ। ਇਨ੍ਹਾਂ ਸੰਘਰਸ਼ਾਂ ਨੇ ਹੀ ਅੱਜ ਦੀ ਸਿੱਖ ਪੀੜ੍ਹੀ ਲਈ ਅਮਰੀਕਾ ਵਿੱਚ ਬਰਾਬਰ ਦੇ ਨਾਗਰਿਕ ਬਣਨ ਦਾ ਰਾਹ ਪੱਧਰਾ ਕੀਤਾ।

**3. ਸਿਆਸੀ ਪ੍ਰਾਪਤੀ: ਸ. ਦਲੀਪ ਸਿੰਘ ਸੌਂਦ ਦਾ ਰਾਹ-ਦਸੇਰਾ ਸਫ਼ਰ**

ਸਿੱਖ ਵਿਰਾਸਤੀ ਮਹੀਨੇ ਦੌਰਾਨ ਸ. ਦਲੀਪ ਸਿੰਘ ਸੌਂਦ ਦਾ ਜ਼ਿਕਰ ਕਰਨਾ ਲਾਜ਼ਮੀ ਹੈ। ਉਹ ਪਹਿਲੇ ਏਸ਼ੀਅਨ ਅਮਰੀਕਨ ਅਤੇ ਪਹਿਲੇ ਸਿੱਖ ਸਨ ਜੋ 1956 ਵਿੱਚ ਅਮਰੀਕੀ ਕਾਂਗਰਸ ਲਈ ਚੁਣੇ ਗਏ। ਉਨ੍ਹਾਂ ਦੀ ਜਿੱਤ ਨੇ ਇਹ ਸਾਬਿਤ ਕਰ ਦਿੱਤਾ ਕਿ ਸਿੱਖ ਕਿਸੇ ਵੀ ਲੋਕਤੰਤਰ ਦਾ ਅਹਿਮ ਅਤੇ ਅਟੁੱਟ ਹਿੱਸਾ ਹਨ।

**4. ਵਿਸਾਖੀ: ਖਾਲਸਾ ਸਾਜਨਾ ਦਿਵਸ ਦੀ ਮਹਾਨਤਾ**

ਸਿੱਖ ਵਿਰਾਸਤੀ ਮਹੀਨੇ ਦਾ ਰੂਹਾਨੀ ਕੇਂਦਰ ਬਿੰਦੂ 14 ਅਪ੍ਰੈਲ ਹੈ।

**ਸੰਨ 1699 ਦੀ ਕ੍ਰਾਂਤੀ:** ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਅਨੰਦਪੁਰ ਸਾਹਿਬ ਦੀ ਧਰਤੀ 'ਤੇ ਖਾਲਸਾ ਪੰਥ ਦੀ ਸਿਰਜਣਾ ਕਰਕੇ ਮਨੁੱਖਤਾ ਨੂੰ ਜ਼ੁਲਮ ਵਿਰੁੱਧ ਲੜਨ ਅਤੇ ਮਜ਼ਲੂਮ ਦੀ ਰੱਖਿਆ ਕਰਨ ਦਾ ਮਾਰਗ ਦਿਖਾਇਆ।

**ਸਰਬੱਤ ਦਾ ਭਲਾ:** ਵਿਸਾਖੀ ਸਾਨੂੰ ਯਾਦ ਦਿਵਾਉਂਦੀ ਹੈ ਕਿ ਸਿੱਖ ਧਰਮ ਦਾ ਮੂਲ 'ਸਮਾਨਤਾ' ਅਤੇ 'ਨਿਆਂ' ਹੈ। ਕੈਲੀਫੋਰਨੀਆ ਦੇ ਨਗਰ ਕੀਰਤਨਾਂ ਵਿੱਚ ਉਮੜਦਾ ਜਨ-ਸੈਲਾਬ ਸਿੱਖੀ ਦੀ ਚੜ੍ਹਦੀ ਕਲਾ ਦਾ ਪ੍ਰਤੱਖ ਪ੍ਰਮਾਣ ਹੈ।

**5. ਸਮਾਜਿਕ ਸੇਵਾ ਅਤੇ ਲੰਗਰ ਦੀ ਪ੍ਰਥਾ**

ਅੱਜ ਕੈਲੀਫੋਰਨੀਆ ਦੇ ਹਰ ਕੋਨੇ ਵਿੱਚ 'ਸੇਵਾ' ਅਤੇ 'ਲੰਗਰ' ਦੇ ਸਿਧਾਂਤਾਂ ਨੂੰ ਸਤਿਕਾਰ ਦੀ ਨਜ਼ਰ ਨਾਲ ਦੇਖਿਆ ਜਾਂਦਾ ਹੈ। ਚਾਹੇ ਉਹ ਓਰੋਵਿਲ ਡੈਮ ਦੇ ਸੰਕਟ ਦੌਰਾਨ ਸੇਵਾ ਹੋਵੇ ਜਾਂ ਕੋਵਿਡ-19 ਦੌਰਾਨ ਹਜ਼ਾਰਾਂ ਲੋਕਾਂ ਨੂੰ ਮੁਫ਼ਤ ਭੋਜਨ ਛਕਾਉਣਾ, ਸਿੱਖ ਸੰਸਥਾਵਾਂ ਨੇ ਹਮੇਸ਼ਾ ਇਨਸਾਨੀਅਤ ਨੂੰ ਪਹਿਲ ਦਿੱਤੀ ਹੈ।

6. ਸਿੱਖਿਆ ਅਤੇ ਆਉਣ ਵਾਲੀਆਂ ਪੀੜ੍ਹੀਆਂ

ਇਹ ਮਹੀਨਾ ਸਕੂਲਾਂ ਅਤੇ ਕਾਲਜਾਂ ਵਿੱਚ ਸਿੱਖ ਇਤਿਹਾਸ ਬਾਰੇ ਜਾਣਕਾਰੀ ਸਾਂਝੀ ਕਰਨ ਦਾ ਇੱਕ ਵੱਡਾ ਜ਼ਰੀਆ ਹੈ। ਸਾਡਾ ਮਕਸਦ ਸਿਰਫ਼ ਇਤਿਹਾਸ ਨੂੰ ਯਾਦ ਕਰਨਾ ਨਹੀਂ, ਸਗੋਂ ਅਗਲੀ ਪੀੜ੍ਹੀ ਨੂੰ ਆਪਣੇ ਵਿਰਸੇ ਨਾਲ ਜੋੜਨਾ ਹੈ ਤਾਂ ਜੋ ਉਹ ਮਾਣ ਨਾਲ ਕਹਿ ਸਕਣ ਕਿ ਉਹ ਉਸ ਕੌਮ ਦੇ ਵਾਰਿਸ ਹਨ ਜਿਸ ਨੇ ਖ਼ੂਨ ਪਸੀਨਾ ਵਹਾ ਕੇ ਇਸ ਧਰਤੀ ਨੂੰ ਸਿੰਜਿਆ ਹੈ।

### ਸੰਦੇਸ਼

ਅਪ੍ਰੈਲ ਦਾ ਇਹ ਮਹੀਨਾ ਸਾਨੂੰ ਸਾਰਿਆਂ ਨੂੰ ਇੱਕ-ਦੂਜੇ ਦੇ ਕਰੀਬ ਆਉਣ, ਸਿੱਖ ਕਦਰਾਂ-ਕੀਮਤਾਂ ਨੂੰ ਸਮਝਣ ਅਤੇ 'ਵੰਨ-ਸੁਵੰਨਤਾ' (Diversity) ਦਾ ਜਸ਼ਨ ਮਨਾਉਣ ਦਾ ਸੱਦਾ ਦਿੰਦਾ ਹੈ। ਆਓ, ਅਸੀਂ ਸਾਰੇ ਮਿਲ ਕੇ ਇਸ ਮਹੀਨੇ ਨੂੰ ਵਿੱਦਿਅਕ ਅਤੇ ਸੱਭਿਆਚਾਰਕ ਤੌਰ 'ਤੇ ਯਾਦਗਾਰੀ ਬਣਾਈਏ।

ਸਾਡੇ ਲੋਕ ਦੇ ਸਮੂਹ ਪਰਿਵਾਰ ਵੱਲੋਂ ਪਾਠਕਾਂ ਅਤੇ ਸਮੂਹ ਸੰਗਤ ਨੂੰ 'ਸਿੱਖ ਵਿਰਾਸਤੀ ਮਹੀਨੇ' ਦੀਆਂ ਲੱਖ-ਲੱਖ ਵਧਾਈਆਂ!

**-ਸਤਨਾਮ ਸਿੰਘ ਖਾਲਸਾ**

# ਅੰਮ੍ਰਿਤਧਾਰੀ ਪਰਿਵਾਰਾਂ ਲਈ ਦਿੱਲੀ ਕਮੇਟੀ ਦਾ ਵੱਡਾ ਤੋਹਫ਼ਾ

## ਹੁਣ ਬੱਚਿਆਂ ਦੀ ਪੜ੍ਹਾਈ ਹੋਵੇਗੀ ਬਿਲਕੁਲ ਮੁਫ਼ਤ : ਸ. ਹਰਮੀਤ ਸਿੰਘ ਕਾਲਕਾ

ਨਵੀਂ ਦਿੱਲੀ: ਵਿਸ਼ਵ ਭਰ ਦੇ ਸਿੱਖ ਪਰਿਵਾਰਾਂ ਲਈ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ (DSGMC) ਵਲੋਂ ਇੱਕ ਬਹੁਤ ਹੀ ਇਤਿਹਾਸਕ ਅਤੇ ਵੱਡਾ ਫੈਸਲਾ ਲਿਆ ਗਿਆ ਹੈ। ਦਿੱਲੀ ਕਮੇਟੀ ਦੇ ਪ੍ਰਧਾਨ ਹਰਮੀਤ ਸਿੰਘ ਕਾਲਕਾ ਨੇ ਇੱਕ ਵਿਸ਼ੇਸ਼ ਐਲਾਨ ਕਰਦਿਆਂ ਕਿਹਾ ਕਿ ਹੁਣ ਤੋਂ ਜੋ ਵੀ ਪਰਿਵਾਰ ਪੂਰਨ ਤੌਰ 'ਤੇ ਅੰਮ੍ਰਿਤਧਾਰੀ ਹੋਵੇਗਾ, ਉਨ੍ਹਾਂ ਦੇ ਬੱਚਿਆਂ ਦੀ ਸਕੂਲਾਂ ਅਤੇ ਕਾਲਜਾਂ ਦੀ ਸਾਰੀ ਫੀਸ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਭਰੀ ਜਾਵੇਗੀ।

ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸਿੱਖ ਕੌਮ ਅਤੇ ਨੌਜਵਾਨ ਪੀੜ੍ਹੀ ਨੂੰ ਬਾਣੀ ਅਤੇ ਬਾਣੇ ਨਾਲ ਜੋੜਨ ਲਈ ਇੱਕ ਬੇਮਿਸਾਲ ਕਦਮ ਚੁੱਕਿਆ ਹੈ। ਪ੍ਰਧਾਨ ਹਰਮੀਤ ਸਿੰਘ ਕਾਲਕਾ ਨੇ ਸੰਗਤ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਕਮੇਟੀ ਦੀ ਸਮੁੱਚੀ ਟੀਮ ਨੇ ਇਹ ਫੈਸਲਾ ਲਿਆ ਹੈ ਕਿ ਸਿੱਖੀ ਸਰੂਪ ਅਤੇ ਅੰਮ੍ਰਿਤ ਦੀ ਮਰਿਆਦਾ ਨੂੰ ਉਤਸ਼ਾਹਿਤ ਕਰਨ ਲਈ ਹੁਣ ਪੂਰਨ ਅੰਮ੍ਰਿਤਧਾਰੀ ਪਰਿਵਾਰਾਂ ਦੇ ਬੱਚਿਆਂ ਦੀ ਪੜ੍ਹਾਈ ਦਾ ਖਰਚਾ ਕਮੇਟੀ ਚੁੱਕੇਗੀ।



ਮੁਫ਼ਤ ਸਿੱਖਿਆ: ਪੂਰਨ ਅੰਮ੍ਰਿਤਧਾਰੀ ਪਰਿਵਾਰਾਂ ਦੇ ਬੱਚਿਆਂ ਦੀਆਂ ਸਕੂਲ ਅਤੇ ਕਾਲਜ ਦੀਆਂ ਫੀਸਾਂ ਕਮੇਟੀ ਵਲੋਂ ਦਿੱਤੀਆਂ ਜਾਣਗੀਆਂ।

ਸਿੱਖੀ ਦਾ ਪ੍ਰਚਾਰ: ਇਸ ਫੈਸਲੇ ਦਾ ਮੁੱਖ ਮਕਸਦ ਸਿੱਖ ਪਰਿਵਾਰਾਂ ਨੂੰ ਅੰਮ੍ਰਿਤ ਸੰਚਾਰ ਅਤੇ ਗੁਰੂ ਵਾਲੇ ਬਣਨ ਲਈ ਪ੍ਰੇਰਿਤ ਕਰਨਾ ਹੈ।

ਇਤਿਹਾਸਕ ਫੈਸਲਾ: ਦਿੱਲੀ ਕਮੇਟੀ ਵਲੋਂ ਸਿੱਖਿਆ ਦੇ ਖੇਤਰ ਵਿੱਚ ਇਹ ਹੁਣ ਤੱਕ ਦਾ ਸਭ ਤੋਂ ਵੱਡਾ ਤੇ ਇਨਕਲਾਬੀ ਫੈਸਲਾ ਮੰਨਿਆ ਜਾ ਰਿਹਾ ਹੈ। 'ਜਿਹੜਾ ਵੀ ਪਰਿਵਾਰ ਪੂਰਨ ਅੰਮ੍ਰਿਤਧਾਰੀ ਹੋਵੇਗਾ, ਉਨ੍ਹਾਂ ਦੀਆਂ ਸਕੂਲਾਂ-ਕਾਲਜਾਂ ਦੀਆਂ ਫੀਸਾਂ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇਵੇਗੀ।'

# ਪੁੰਛ 'ਚ ਮੈਡੀਕਲ ਮੁਲਾਜ਼ਮਾਂ ਦੀ 72 ਘੰਟਿਆਂ ਦੀ ਹੜਤਾਲ

## ਰੁਕੀਆਂ ਤਨਖਾਹਾਂ ਅਤੇ ਮੰਗਾਂ ਨੂੰ ਲੈ ਕੇ ਸਰਕਾਰ ਵਿਰੁੱਧ ਖੋਲ੍ਹਿਆ ਮੋਰਚਾ

ਪੁੰਛ (ਜੰਮੂ-ਕਸ਼ਮੀਰ), (ਸਾਡੇ ਲੋਕ) : ਪੁੰਛ ਜ਼ਿਲ੍ਹੇ ਵਿੱਚ ਸਿਹਤ ਸੇਵਾਵਾਂ ਨਾਲ ਜੁੜੇ ਮੁਲਾਜ਼ਮਾਂ ਨੇ ਆਪਣੀਆਂ ਲੰਬੇ ਸਮੇਂ ਤੋਂ ਲਟਕਦੀਆਂ ਮੰਗਾਂ ਨੂੰ ਲੈ ਕੇ ਸਰਕਾਰ ਦੇ ਖ਼?ਲਾਫ਼ ਜ਼ੋਰਦਾਰ ਪ੍ਰਦਰਸ਼ਨ ਸ਼ੁਰੂ ਕਰ ਦਿੱਤਾ ਹੈ। ਮੈਡੀਕਲ ਇੰਪਲਾਈਜ਼ ਫੈਡਰੇਸ਼ਨ ਅਤੇ ਫਾਰਮਾਸਿਸਟ ਐਸੋਸੀਏਸ਼ਨ ਦੇ ਸੱਦੇ 'ਤੇ ਜ਼ਿਲ੍ਹਾ ਹਸਪਤਾਲ ਪੁੰਛ ਵਿਖੇ 72 ਘੰਟਿਆਂ ਦੀ ਹੜਤਾਲ ਸ਼ੁਰੂ ਕੀਤੀ ਗਈ ਹੈ, ਜਿਸ ਕਾਰਨ ਹਸਪਤਾਲ ਦਾ ਕੰਮਕਾਜ ਕਾਫੀ ਪ੍ਰਭਾਵਿਤ ਹੋ ਰਿਹਾ ਹੈ।



ਮੁੱਖ ਮੰਗਾਂ ਅਤੇ ਵਿਰੋਧ ਦਾ ਕਾਰਨ

ਮੁਲਾਜ਼ਮਾਂ ਦੇ ਗੁੱਸੇ ਦਾ ਮੁੱਖ ਕਾਰਨ ਵਿੱਤ ਵਿਭਾਗ ਵੱਲੋਂ ਜਾਰੀ ਕੀਤਾ ਗਿਆ ਉਹ ਹੁਕਮ ਹੈ, ਜਿਸ ਤਹਿਤ ਮੁਲਾਜ਼ਮਾਂ ਦੀ 2.5 ਦਿਨਾਂ ਦੀ ਵਾਧੂ ਤਨਖਾਹ ਕੱਟਣ ਦਾ ਫੈਸਲਾ ਲਿਆ ਗਿਆ ਹੈ।

ਇਤਿਹਾਸਕ ਹੱਕ: ਮੁਲਾਜ਼ਮਾਂ ਦਾ ਕਹਿਣਾ ਹੈ ਕਿ ਉਹ 1991 ਤੋਂ ਇਹ ਢਾਈ ਦਿਨਾਂ ਦੀ ਵਾਧੂ ਤਨਖਾਹ ਪ੍ਰਾਪਤ ਕਰ ਰਹੇ ਹਨ, ਕਿਉਂਕਿ ਮੈਡੀਕਲ ਸਟਾਫ ਦਿਨ-ਰਾਤ ਅਤੇ ਛੁੱਟੀਆਂ ਵਾਲੇ ਦਿਨ ਵੀ ਆਪਣੀਆਂ ਸੇਵਾਵਾਂ ਨਿਭਾਉਂਦਾ ਹੈ।

ਸਰਕਾਰੀ ਫੈਸਲੇ ਦਾ ਵਿਰੋਧ: 20 ਜਨਵਰੀ, 1926 (ਪੁਰਾਣੇ ਨਿਯਮਾਂ ਦੇ ਹਵਾਲੇ ਨਾਲ) ਅਤੇ ਤਾਜ਼ਾ ਸਰਕਾਰੀ ਸੋਧਾਂ ਰਾਹੀਂ ਇਸ ਭੱਤੇ ਨੂੰ ਬੰਦ ਕਰਨ ਦੇ ਫੈਸਲੇ ਨੂੰ ਮੁਲਾਜ਼ਮਾਂ ਨੇ 'ਬੇਇਨਸਾਫ਼ੀ' ਕਰਾਰ ਦਿੱਤਾ ਹੈ।

ਤਰੱਕੀਆਂ ਵਿੱਚ ਦੇਰੀ: ਮੁਲਾਜ਼ਮ ਇਸ ਗੱਲ ਤੋਂ ਵੀ ਨਾਰਾਜ਼ ਹਨ ਕਿ ਸਰਕਾਰ ਵੱਲੋਂ ਵਿਭਾਗੀ ਤਰੱਕੀ ਕਮੇਟੀ (DPC) ਦੀਆਂ ਮੀਟਿੰਗਾਂ ਸਾਲ ਵਿੱਚ ਦੋ ਵਾਰ ਕਰਨ ਦੇ ਹੁਕਮ ਦੇ ਬਾਵਜੂਦ ਅਜੇ ਤੱਕ ਤਰੱਕੀਆਂ ਨਹੀਂ ਕੀਤੀਆਂ ਗਈਆਂ।

ਆਗੂਆਂ ਦੇ ਵਿਚਾਰ

ਹੜਤਾਲ ਦੀ ਅਗਵਾਈ ਕਰ ਰਹੇ ਮੈਡੀਕਲ ਇੰਪਲਾਈਜ਼ ਫੈਡਰੇਸ਼ਨ ਦੇ ਪ੍ਰਧਾਨ ਸੁਰਿੰਦਰ ਸਿੰਘ ਅਤੇ ਫਾਰਮਾਸਿਸਟ ਐਸੋਸੀਏਸ਼ਨ ਦੇ ਪ੍ਰਧਾਨ ਚੌਧਰੀ ਮੁਹੰਮਦ ਅਯੂਬ ਨੇ ਸਖ਼ਤ ਸ਼ਬਦਾਂ ਵਿੱਚ ਕਿਹਾ:

'ਅਸੀਂ ਆਪਣੇ ਪਰਿਵਾਰਾਂ ਦੀ ਪਰਵਾਹ ਕੀਤੇ ਬਿਨਾਂ 24 ਘੰਟੇ ਜਨਤਾ ਦੀ ਸੇਵਾ ਕਰਦੇ ਹਾਂ। ਸਰਕਾਰ ਦਾ ਇਹ ਫੈਸਲਾ ਸਾਡੇ ਨਾਲ ਧੱਕਾ ਹੈ। ਜਦੋਂ ਤੱਕ ਢਾਈ ਦਿਨਾਂ ਦੀ ਤਨਖਾਹ ਬਹਾਲ ਨਹੀਂ ਹੁੰਦੀ ਅਤੇ ਡੀ.ਪੀ.ਸੀ (DPC) ਦੀਆਂ ਮੀਟਿੰਗਾਂ ਨਿਯਮਤ ਨਹੀਂ ਹੁੰਦੀਆਂ, ਸਾਡਾ ਸੰਘਰਸ਼ ਜਾਰੀ ਰਹੇਗਾ।'

**ਸਿਹਤ ਸੇਵਾਵਾਂ 'ਤੇ ਅਸਰ**

ਇਸ 72 ਘੰਟਿਆਂ ਦੀ ਹੜਤਾਲ ਕਾਰਨ ਜ਼ਿਲ੍ਹਾ ਹਸਪਤਾਲ ਵਿੱਚ ਆਉਣ ਵਾਲੇ ਮਰੀਜ਼ਾਂ ਨੂੰ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਹਾਲਾਂਕਿ ਮੁਲਾਜ਼ਮਾਂ ਨੇ ਚੇਤਾਵਨੀ ਦਿੱਤੀ ਹੈ ਕਿ ਜੇਕਰ ਸਰਕਾਰ ਨੇ ਜਲਦ ਕੋਈ ਠੋਸ ਕਦਮ ਨਾ ਚੁੱਕਿਆ ਤਾਂ ਇਹ ਪ੍ਰਦਰਸ਼ਨ ਹੋਰ ਵੀ ਤਿੱਖਾ ਕੀਤਾ ਜਾਵੇਗਾ।

# 'ਗੁਰੂ ਨਾਨਕ ਦੇਵ ਜੀ ਦੇ ਪਹਿਲੇ ਅਨਿਨ ਸੇਵਕ, ਸ਼ਰਧਾਲੂ, ਮੁਰੀਦ'

## ਰੂਹਾਨੀ ਰੂਹ ਰਾਏ ਬੁਲਾਰ ਭੱਟੀ ਸਾਹਿਬ ਜੀ



ਧੰਨ ਹਨ ਰਾਏ ਬੁਲਾਰ ਸਾਹਿਬ, ਜਿਨ੍ਹਾਂ ਨੇ ਬੇਬੇ ਨਾਨਕੀ ਜੀ ਤੋਂ ਬਾਅਦ ਜਗਤ ਗੁਰੂ ਬਾਬਾ ਨਾਨਕ ਦੇ ਇਲਾਹੀ ਨੂਰ ਨੂੰ ਸਭ ਤੋਂ ਪਹਿਲਾਂ ਪਛਾਣਿਆ। ਆਪ ਜੀ ਗੁਰੂ ਸਾਹਿਬ ਦੇ ਉਹ ਪਹਿਲੇ ਮੁਸਲਿਮ ਮੁਰੀਦ ਸਨ, ਜਿਨ੍ਹਾਂ ਨੇ ਅਥਾਹ ਸ਼ਰਧਾ ਵਜੋਂ 18,500 ਏਕੜ ਜ਼ਮੀਨ ਗੁਰੂ ਚਰਨਾਂ ਵਿੱਚ ਅਰਪਨ ਕਰ ਦਿੱਤੀ, ਜਿੱਥੇ ਅੱਜ ਪਵਿੱਤਰ ਨਨਕਾਣਾ ਸਾਹਿਬ ਸੁਸ਼ੋਭਿਤ ਹੈ। ਸਿੱਖ ਕੌਮ ਵੱਲੋਂ ਇਸ ਮਹਾਨ ਸਾਂਝ ਤੇ ਸੇਵਾ ਨੂੰ ਸਤਿਕਾਰ ਦਿੰਦਿਆਂ, ਆਪ ਜੀ ਦੀ ਤਸਵੀਰ ਸ੍ਰੀ ਦਰਬਾਰ ਸਾਹਿਬ ਦੇ ਕੇਂਦਰੀ ਸਿੱਖ ਅਜਾਇਬ ਘਰ ਵਿੱਚ ਸੁਸ਼ੋਭਿਤ ਕੀਤੀ ਗਈ ਹੈ। ਇਹ ਤਸਵੀਰ ਸਦੀਆਂ ਤੱਕ ਸਾਂਝੀਵਾਲਤਾ ਅਤੇ ਸੱਚੇ ਇਸ਼ਕ ਦੀ ਗਵਾਹੀ ਦਿੰਦੀ ਰਹੇਗੀ।

# ਗਿਆਨ ਗੋਦੜੀ: ਮਨੁੱਖਤਾ ਦੀ ਇੱਕ 'ਲੁੱਟੀ ਹੋਈ' ਵਿਰਾਸਤ

ਪੰਜ ਸਦੀਆਂ ਪਹਿਲਾਂ, ਹਰਿਦੁਆਰ ਵਿੱਚ ਗੰਗਾ ਦੇ ਕੰਢੇ 'ਤੇ ਬਾਬਾ ਨਾਨਕ ਨੇ ਤਰਕ ਅਤੇ ਰੂਹਾਨੀ ਆਜ਼ਾਦੀ ਦਾ ਉਹ ਸਬਕ ਪੜ੍ਹਾਇਆ ਸੀ ਜਿਸ ਨੇ ਦੁਨੀਆ ਦੀ ਸੋਚ ਬਦਲ ਦਿੱਤੀ। ਪੱਛਮ ਵੱਲ ਆਪਣੇ ਖੇਤਾਂ ਨੂੰ ਪਾਣੀ ਦੇਣ ਦਾ ਕੌਤਕ ਰਚ ਕੇ, ਉਨ੍ਹਾਂ ਨੇ ਸਿਰਫ਼ ਇੱਕ ਰੀਤ ਨੂੰ ਹੀ ਨਹੀਂ ਵੰਗਾਰਿਆ, ਸਗੋਂ ਮਨੁੱਖੀ ਮਨ ਅੰਦਰ ਇੱਕ ਮਾਨਸਿਕ ਇਨਕਲਾਬ ਪੈਦਾ ਕਰ ਦਿੱਤਾ। ਉਨ੍ਹਾਂ ਨੇ ਇਸ ਸਥਾਨ ਨੂੰ ਤਰਕ, ਬਰਾਬਰੀ ਅਤੇ ਸੱਚ ਦਾ ਇੱਕ ਅਜਿਹਾ ਕੇਂਦਰ ਬਣਾਇਆ ਜੋ ਪੂਰੀ ਮਨੁੱਖਤਾ ਲਈ ਚਾਨਣ ਮੁਨਾਰਾ ਸੀ।



**ਇਲਾਹੀ ਗਿਆਨ ਤੋਂ ਵਪਾਰਕ ਲਾਲਚ ਤੱਕ**

ਇਤਿਹਾਸਕ ਅਤੇ ਰੂਹਾਨੀ ਪੱਖੋਂ ਇਹ ਅਸਥਾਨ ਪੂਰੀ ਦੁਨੀਆ ਦੀ ਸਾਂਝੀ ਵਿਰਾਸਤ ਹੈ। ਪਰ ਬਹੁਤ ਹੀ ਅਫ਼ਸੋਸ ਅਤੇ ਦਰਦ ਦੀ ਗੱਲ ਹੈ ਕਿ ਸਾਡੇ ਸੱਭਿਆਚਾਰਕ ਇਤਿਹਾਸ ਨੂੰ ਮਿਟਾਉਣ ਦੀ ਕੋਸ਼ਿਸ਼ ਤਹਿਤ, ਇਤਿਹਾਸਕ ਗੁਰਦੁਆਰਾ ਗਿਆਨ ਗੋਦੜੀ ਸਾਹਿਬ ਦਾ ਨਾਮੋ-ਨਿਸ਼ਾਨ ਮਿਟਾ ਦਿੱਤਾ ਗਿਆ ਹੈ।

ਕੌੜੀ ਸੱਚਾਈ

ਜਿੱਥੇ 'ਜਗਤ ਗੁਰੂ' ਨੇ ਇਨਸਾਨੀਅਤ ਦੀਆਂ ਰੂਹਾਂ ਨੂੰ ਰੁਸ਼ਨਾਇਆ ਸੀ, ਅੱਜ ਉਸ ਪਵਿੱਤਰਤਾ ਨੂੰ ਵਪਾਰਕ ਲਾਲਚ ਦੇ ਬੋਝ ਹੇਠ ਦੱਬ ਦਿੱਤਾ ਗਿਆ ਹੈ।

ਜਿੱਥੇ ਕਦੇ ਇਲਾਹੀ ਬਾਣੀ ਦੇ ਕੀਰਤਨ ਗੂੰਜਦੇ ਸਨ, ਉੱਥੇ ਅੱਜ ਬਾਜ਼ਾਰ ਦਾ ਸ਼ੋਰ ਹੈ।

ਜਿਸ ਧਰਤੀ ਨੂੰ ਗੁਰੂ ਸਾਹਿਬ ਦੇ ਚਰਨਾਂ ਦੀ ਛੋਹ ਪ੍ਰਾਪਤ ਸੀ, ਉਸ ਦੀ ਬੇਅਦਬੀ ਕਰਕੇ ਉੱਥੇ ਜਨਤਕ ਪਖਾਨੇ ਅਤੇ ਦੁਕਾਨਾਂ ਉਸਾਰ ਦਿੱਤੀਆਂ ਗਈਆਂ ਹਨ।

**ਸਾਡੀ ਜ਼ਮੀਰ 'ਤੇ ਇੱਕ ਡੂੰਘਾ ਜ਼ਖ਼ਮ**

ਇਹ ਸਿਰਫ਼ ਸਿੱਖ ਕੌਮ ਦਾ ਨੁਕਸਾਨ ਨਹੀਂ, ਸਗੋਂ ਪੂਰੀ ਦੁਨੀਆ ਦੀ ਜ਼ਮੀਰ 'ਤੇ ਇੱਕ ਗਹਿਰਾ ਜ਼ਖ਼ਮ ਹੈ। ਗਿਆਨ ਦੇ ਚਾਨਣ ਮੁਨਾਰੇ ਨੂੰ ਢਾਹ ਕੇ ਉੱਥੇ ਦੁਕਾਨਾਂ ਬਣਾਉਣਾ ਇਹ ਦਰਸਾਉਂਦਾ ਹੈ ਕਿ ਅਸੀਂ ਆਪਣੇ ਪੁਰਖਿਆਂ ਦੀਆਂ ਕਦਰਾਂ-ਕੀਮਤਾਂ ਨਾਲੋਂ ਮੁਨਾਫ਼ੇ ਨੂੰ ਵੱਧ ਅਹਿਮੀਅਤ ਦੇ ਰਹੇ ਹਾਂ।

**ਸਾਡੀ ਮੰਗ:** ਗਿਆਨ ਗੋਦੜੀ ਦੀ ਜੰਗ ਸਾਡੀ ਹੋਂਦ ਅਤੇ ਅਣਖ ਦੀ ਜੰਗ ਹੈ। ਅਸੀਂ ਮੰਗ ਕਰਦੇ ਹਾਂ ਕਿ ਇਸ 'ਲੁੱਟੀ ਹੋਈ ਵਿਰਾਸਤ' ਨੂੰ ਉਸ ਦੇ ਅਸਲ ਰੂਪ ਵਿੱਚ ਬਹਾਲ ਕੀਤਾ ਜਾਵੇ। ਇਹ ਕੋਈ ਬਾਜ਼ਾਰ ਨਹੀਂ, ਸਗੋਂ 'ਸੱਚ ਦਾ ਅਬਦੀ ਪ੍ਰਕਾਸ਼' ਹੋਣਾ ਚਾਹੀਦਾ ਹੈ।

# ਸੂਰਤ ਰੇਲਵੇ ਸਟੇਸ਼ਨ 'ਤੇ ਭਾਰੀ ਟ੍ਰੈਫਿਕ ਜਾਮ : ਮੁਸਾਫਰ ਹੋਏ ਪ੍ਰੇਸ਼ਾਨ

ਸੂਰਤ/ਗੁਜਰਾਤ, (ਸਾਡੇ ਲੋਕ) : ਗੁਜਰਾਤ ਦੇ ਸਭ ਤੋਂ ਵਿਅਸਤ ਰੇਲਵੇ ਸਟੇਸ਼ਨਾਂ ਵਿੱਚੋਂ ਇੱਕ, ਸੂਰਤ ਰੇਲਵੇ ਸਟੇਸ਼ਨ ਦੇ ਆਲੇ-ਦੁਆਲੇ ਅੱਜ ਭਾਰੀ ਟ੍ਰੈਫਿਕ ਜਾਮ ਦੇਖਣ ਨੂੰ ਮਿਲਿਆ। ਸ਼ੁੱਕਰਵਾਰ ਹੋਣ ਕਾਰਨ ਯਾਤਰੀਆਂ ਦੀ ਵਧਦੀ ਭੀੜ ਅਤੇ ਸਟੇਸ਼ਨ ਦੇ ਨਵੀਨੀਕਰਨ (Redevelopment) ਦੇ ਚੱਲ ਰਹੇ ਕੰਮ ਨੇ ਸਥਿਤੀ ਨੂੰ ਹੋਰ ਗੰਭੀਰ ਬਣਾ ਦਿੱਤਾ ਹੈ।

ਟ੍ਰੈਫਿਕ ਦੇ ਮੁੱਖ ਕਾਰਨ: ਨਵੀਨੀਕਰਨ ਦਾ ਕੰਮ: ਸੂਰਤ ਰੇਲਵੇ ਸਟੇਸ਼ਨ ਨੂੰ 1,500 ਕਰੋੜ ਦੀ ਲਾਗਤ ਨਾਲ 'ਮਲਟੀ-ਮੋਡਲ ਟਰਾਂਸਪੋਰਟ ਹੱਬ' ਵਜੋਂ ਵਿਕਸਤ ਕੀਤਾ ਜਾ ਰਿਹਾ ਹੈ। ਇਸ ਪ੍ਰੋਜੈਕਟ ਦਾ ਪਹਿਲਾ ਪੜਾਅ 50% ਮੁਕੰਮਲ ਹੋ ਚੁੱਕਾ ਹੈ, ਜਿਸ ਕਾਰਨ ਸਟੇਸ਼ਨ ਦੇ ਆਲੇ-ਦੁਆਲੇ ਕਈ ਰਸਤੇ ਡਾਇਵਰਟ ਕੀਤੇ ਗਏ ਹਨ।



**30 ਦਿਨਾਂ ਦਾ ਮੈਗਾ ਬਲਾਕ:** ਰੇਲਵੇ ਪ੍ਰਸ਼ਾਸਨ ਨੇ ਸਟੇਸ਼ਨ 'ਤੇ 'ਯੂ-ਰੂਫ' (U-roof) ਢਾਂਚਾ ਸਥਾਪਤ ਕਰਨ ਲਈ 30 ਦਿਨਾਂ ਦੇ ਟਰੈਫਿਕ ਵਰਕਿੰਗ ਆਰਡਰ (TWO) ਦਾ ਐਲਾਨ ਕੀਤਾ ਹੈ, ਜੋ 30 ਮਾਰਚ ਤੋਂ ਸ਼ੁਰੂ ਹੋਣਾ ਹੈ। ਇਸ ਦੀਆਂ ਤਿਆਰੀਆਂ ਕਾਰਨ ਅੱਜ ਤੋਂ ਹੀ ਆਵਾਜਾਈ ਪ੍ਰਭਾਵਿਤ ਹੋਣੀ ਸ਼ੁਰੂ ਹੋ ਗਈ ਹੈ।

**ਟਰੇਨਾਂ ਦੇ ਸ਼ਡਿਊਲ ਵਿੱਚ ਬਦਲਾਅ:** ਕੰਮ ਦੇ ਚੱਲਦਿਆਂ ਕਈ ਲੰਬੀ ਦੂਰੀ ਦੀਆਂ ਟਰੇਨਾਂ ਨੂੰ ਸੂਰਤ ਦੀ ਬਜਾਏ 'ਉਧਨਾ ਸਟੇਸ਼ਨ' (Udhna Junction) 'ਤੇ ਤਬਦੀਲ ਕੀਤਾ ਗਿਆ ਹੈ। ਇਸ ਬਦਲਾਅ ਕਾਰਨ ਯਾਤਰੀਆਂ ਨੂੰ ਇੱਕ ਸਟੇਸ਼ਨ ਤੋਂ ਦੂਜੇ ਸਟੇਸ਼ਨ ਜਾਣ ਲਈ ਆਟੋ ਅਤੇ ਟੈਕਸੀਆਂ ਦਾ ਸਹਾਰਾ ਲੈਣਾ ਪੈ ਰਿਹਾ ਹੈ, ਜਿਸ ਨਾਲ ਸੜਕਾਂ 'ਤੇ ਵਾਹਨਾਂ ਦੀ ਗਿਣਤੀ ਵਧ ਗਈ ਹੈ।

**ਮੁਸਾਫਰਾਂ ਦੀ ਹਾਲਤ:**


ਸਟੇਸ਼ਨ ਰੋਡ, ਦਿੱਲੀ ਗੇਟ ਅਤੇ ਲਾਂਬੇ ਹਨੂਮਾਨ ਰੋਡ 'ਤੇ ਵਾਹਨਾਂ ਦੀਆਂ ਲੰਬੀਆਂ ਕਤਾਰਾਂ ਦੇਖਣ ਨੂੰ ਮਿਲੀਆਂ। ਦਫਤਰ ਜਾਣ ਵਾਲੇ ਲੋਕਾਂ ਅਤੇ ਰੇਲ ਫੜਨ ਵਾਲੇ ਮੁਸਾਫਰਾਂ ਨੂੰ ਕਾਫੀ ਦਿੱਕਤਾਂ ਆਈਆਂ। ਕਈ ਯਾਤਰੀਆਂ ਨੇ ਸ਼ਿਕਾਇਤ ਕੀਤੀ ਕਿ ਜਾਮ ਕਾਰਨ ਉਨ੍ਹਾਂ ਦੀਆਂ ਟਰੇਨਾਂ ਛੁੱਟਣ ਦਾ ਡਰ ਬਣਿਆ ਰਿਹਾ।

ਭਵਿੱਖ ਦੀ ਯੋਜਨਾ:

ਰੇਲਵੇ ਅਧਿਕਾਰੀਆਂ ਅਨੁਸਾਰ, ਇਹ ਜਾਮ ਆਉਣ ਵਾਲੇ ਕੁਝ ਦਿਨਾਂ ਤੱਕ ਜਾਰੀ ਰਹਿ ਸਕਦਾ ਹੈ ਕਿਉਂਕਿ 30 ਮਾਰਚ ਤੋਂ ਮੈਗਾ ਬਲਾਕ ਕਾਰਨ ਟਰੇਨਾਂ ਦੀ ਆਵਾਜਾਈ ਹੋਰ ਪ੍ਰਭਾਵਿਤ ਹੋਵੇਗੀ। ਹਾਲਾਂਕਿ, ਪ੍ਰੋਜੈਕਟ ਦੇ ਮੁਕੰਮਲ ਹੋਣ ਤੋਂ ਬਾਅਦ ਇੱਥੇ ਇੱਕ 5 ਕਿਲੋਮੀਟਰ ਲੰਬੀ ਐਲੀਵੇਟਿਡ ਰਿੰਗ ਰੋਡ ਬਣੇਗੀ, ਜੋ ਭਵਿੱਖ ਵਿੱਚ ਇਸ ਟ੍ਰੈਫਿਕ ਸਮੱਸਿਆ ਨੂੰ ਜੜ੍ਹ ਤੋਂ ਖਤਮ ਕਰ ਦੇਵੇਗੀ।

ਸਲਾਹ: ਜੇਕਰ ਤੁਸੀਂ ਅੱਜ ਜਾਂ ਆਉਣ ਵਾਲੇ ਦਿਨਾਂ ਵਿੱਚ ਸੂਰਤ ਸਟੇਸ਼ਨ ਤੋਂ ਯਾਤਰਾ ਕਰਨੀ ਹੈ, ਤਾਂ ਘਰੋਂ ਸਮੇਂ ਸਿਰ ਨਿਕਲੋ ਅਤੇ ਉਧਨਾ ਸਟੇਸ਼ਨ ਤੋਂ ਚੱਲਣ ਵਾਲੀਆਂ ਟਰੇਨਾਂ ਬਾਰੇ ਪਹਿਲਾਂ ਹੀ ਜਾਣਕਾਰੀ ਚੈੱਕ ਕਰ ਲਵੋ।

# ਹਨੂੰਮਾਨ ਜਯੰਤੀ 'ਤੇ ਅਯੁੱਧਿਆ ਪਹੁੰਚੇ ਗੌਤਮ ਅਡਾਨੀ: ਸ਼੍ਰੀ ਰਾਮ ਜਨਮ ਭੂਮੀ ਮੰਦਰ 'ਚ ਟੇਕਿਆ ਮੱਥਾ





ਅਯੁੱਧਿਆ : ਦੇਸ਼ ਦੇ ਮਸ਼ਹੂਰ ਉਦਯੋਗਪਤੀ ਅਤੇ ਅਡਾਨੀ ਗਰੁੱਪ ਦੇ ਚੇਅਰਮੈਨ ਗੌਤਮ ਅਡਾਨੀ ਨੇ ਵੀਰਵਾਰ ਨੂੰ ਹਨੂੰਮਾਨ ਜਯੰਤੀ ਦੇ ਪਵਿੱਤਰ ਦਿਹਾੜੇ 'ਤੇ ਅਯੁੱਧਿਆ ਵਿਖੇ ਸ਼੍ਰੀ ਰਾਮ ਜਨਮ ਭੂਮੀ ਮੰਦਰ ਵਿੱਚ ਨਤਮਸਤਕ ਹੋ ਕੇ ਆਸ਼ੀਰਵਾਦ ਲਿਆ। ਉਨ੍ਹਾਂ ਦੀ ਇਹ ਫੇਰੀ ਅਜਿਹੇ ਸਮੇਂ ਹੋਈ ਹੈ ਜਦੋਂ ਪੂਰਾ ਦੇਸ਼ ਹਨੂੰਮਾਨ ਜਯੰਤੀ ਦਾ ਤਿਉਹਾਰ ਬੜੀ ਸ਼ਰਧਾ ਨਾਲ ਮਨਾ ਰਿਹਾ ਹੈ।

ਦਰਸ਼ਨ ਅਤੇ ਪੂਜਾ ਅਰਚਨਾ:

ਵਿਸ਼ੇਸ਼ ਪ੍ਰਾਰਥਨਾ: ਗੌਤਮ ਅਡਾਨੀ ਨੇ ਰਾਮ ਲੱਲਾ ਦੇ ਦਰਸ਼ਨ ਕੀਤੇ ਅਤੇ ਦੇਸ਼ ਦੀ ਤਰੱਕੀ ਤੇ ਖੁਸ਼ਹਾਲੀ ਲਈ ਪ੍ਰਾਰਥਨਾ ਕੀਤੀ। ਮੰਦਰ ਦੇ ਪੁਜਾਰੀਆਂ ਵੱਲੋਂ ਉਨ੍ਹਾਂ ਦਾ ਰਵਾਇਤੀ ਤਰੀਕੇ ਨਾਲ ਸਵਾਗਤ ਕੀਤਾ ਗਿਆ।

ਸੁਰੱਖਿਆ ਦੇ ਪ੍ਰਬੰਧ: ਅਡਾਨੀ ਦੀ ਆਮਦ ਨੂੰ ਲੈ ਕੇ ਮੰਦਰ ਪਰਿਸਰ ਵਿੱਚ ਸੁਰੱਖਿਆ ਦੇ ਸਖ਼ਤ ਇੰਤਜ਼ਾਮ ਕੀਤੇ ਗਏ ਸਨ। ਉਨ੍ਹਾਂ ਨੇ ਮੰਦਰ ਦੇ ਨਿਰਮਾਣ ਕਾਰਜਾਂ ਅਤੇ ਉੱਥੇ ਮੌਜੂਦ ਸਹੂਲਤਾਂ ਦਾ ਵੀ ਜਾਇਜ਼ਾ ਲਿਆ।

ਧਾਰਮਿਕ ਮਹੱਤਵ: ਹਨੂੰਮਾਨ ਜਯੰਤੀ ਦੇ ਮੌਕੇ 'ਤੇ ਅਯੁੱਧਿਆ ਵਿੱਚ ਸ਼ਰਧਾਲੂਆਂ ਦੀ ਭਾਰੀ ਭੀੜ ਦੇਖਣ ਨੂੰ ਮਿਲੀ। ਗੌਤਮ ਅਡਾਨੀ ਨੇ ਇਸ ਮੌਕੇ ਮੰਦਰ ਦੇ ਦਰਸ਼ਨਾਂ ਨੂੰ ਇੱਕ ਅਧਿਆਤਮਿਕ ਅਨੁਭਵ ਦੱਸਿਆ।

**ਅਯੁੱਧਿਆ ਵਿੱਚ ਵਧ ਰਹੀ ਆਸਥਾ ਤੇ ਸੈਰ-ਸਪਾਟਾ**

ਰਾਮ ਮੰਦਰ ਦੇ ਨਿਰਮਾਣ ਤੋਂ ਬਾਅਦ ਅਯੁੱਧਿਆ ਵਿਸ਼ਵ ਪੱਧਰ 'ਤੇ ਖਿੱਚ ਦਾ ਕੇਂਦਰ ਬਣ ਗਈ ਹੈ। ਦੇਸ਼ ਦੇ ਵੱਡੇ ਕਾਰੋਬਾਰੀਆਂ ਅਤੇ ਪ੍ਰਮੁੱਖ ਸ਼ਖ਼ਸੀਅਤਾਂ ਦਾ ਇੱਥੇ ਆਉਣਾ ਲਗਾਤਾਰ ਜਾਰੀ ਹੈ। ਗੌਤਮ ਅਡਾਨੀ ਦੀ ਇਸ ਫੇਰੀ ਨੂੰ ਸੋਸ਼ਲ ਮੀਡੀਆ 'ਤੇ ਵੀ ਕਾਫੀ ਚਰਚਾ ਮਿਲ ਰਹੀ ਹੈ।

ਅਡਾਨੀ ਗਰੁੱਪ ਵੱਲੋਂ ਅਯੁੱਧਿਆ ਅਤੇ ਆਸ-ਪਾਸ ਦੇ ਇਲਾਕਿਆਂ ਵਿੱਚ ਬੁਨਿਆਦੀ ਢਾਂਚੇ ਦੇ ਵਿਕਾਸ ਵਿੱਚ ਵੀ ਦਿਲਚਸਪੀ ਦਿਖਾਈ ਗਈ ਹੈ, ਜਿਸ ਕਾਰਨ ਉਨ੍ਹਾਂ ਦੀ ਇਸ ਫੇਰੀ ਨੂੰ ਕਾਫੀ ਅਹਿਮ ਮੰਨਿਆ ਜਾ ਰਿਹਾ ਹੈ।

# ਸਾਬਕਾ 'ਆਪ' ਵਿਧਾਇਕ ਲਾਲਜੀਤ ਸਿੰਘ ਭੁੱਲਰ ਨੂੰ 14 ਦਿਨਾਂ ਦੀ ਨਿਆਇਕ ਹਿਰਾਸਤ 'ਚ ਭੇਜਿਆ; ਪੁਲਿਸ ਰਿਮਾਂਡ ਦੀ ਮੰਗ ਰੱਦ

ਅੰਮ੍ਰਿਤਸਰ: ਆਮ ਆਦਮੀ ਪਾਰਟੀ ਦੇ ਸਾਬਕਾ ਵਿਧਾਇਕ ਲਾਲਜੀਤ ਸਿੰਘ ਭੁੱਲਰ (ਅਤੇ ਉਨ੍ਹਾਂ ਦੇ ਸਾਥੀਆਂ ਮਨਦੀਪ ਸਿੰਘ ਭੁੱਲਰ ਤੇ ਗੁਰਪ੍ਰੀਤ ਸਿੰਘ ਲਾਭ) ਨਾਲ ਜੁੜੇ ਕਾਨੂੰਨੀ ਮਾਮਲੇ ਵਿੱਚ ਅੱਜ ਅੰਮ੍ਰਿਤਸਰ ਦੀ ਅਦਾਲਤ ਵਿੱਚ ਅਹਿਮ ਸੁਣਵਾਈ ਹੋਈ। ਅਦਾਲਤ ਨੇ ਪੁਲਿਸ ਵੱਲੋਂ ਮੰਗੇ ਗਏ 3 ਦਿਨਾਂ ਦੇ ਵਾਧੂ ਰਿਮਾਂਡ ਨੂੰ ਖਾਰਜ ਕਰਦਿਆਂ ਸਾਬਕਾ ਵਿਧਾਇਕ ਨੂੰ 14 ਦਿਨਾਂ ਦੀ ਨਿਆਇਕ ਹਿਰਾਸਤ (Judicial Custody) ਵਿੱਚ ਜੇਲ੍ਹ ਭੇਜਣ ਦੇ ਹੁਕਮ ਜਾਰੀ ਕੀਤੇ ਹਨ।

ਅਦਾਲਤੀ ਕੰਪਲੈਕਸ ਵਿੱਚ ਸੁਣਵਾਈ ਦੌਰਾਨ ਭਾਰੀ ਹਫੜਾ-ਦਫੜੀ ਅਤੇ ਸੁਰੱਖਿਆ ਦੇ ਸਖ਼ਤ ਪ੍ਰਬੰਧ ਦੇਖਣ ਨੂੰ ਮਿਲੇ। ਲਾਲਜੀਤ ਸਿੰਘ ਭੁੱਲਰ ਦੇ ਵਕੀਲ ਹੀਰਾ ਸਿੰਘ ਨੇ ਅਦਾਲਤ ਵਿੱਚ ਜ਼ੋਰਦਾਰ ਪੱਖ ਰੱਖਦਿਆਂ ਕਿਹਾ:

ਤਫਤੀਸ਼ ਮੁਕੰਮਲ: ਐਡਵੋਕੇਟ ਹੀਰਾ ਸਿੰਘ ਨੇ ਦਲੀਲ ਦਿੱਤੀ ਕਿ ਪੁਲਿਸ ਪਹਿਲਾਂ ਹੀ ਆਪਣੀ ਪੁੱਛਗਿੱਛ ਪੂਰੀ ਕਰ ਚੁੱਕੀ ਹੈ ਅਤੇ ਹੁਣ ਕਿਸੇ ਵੀ ਤਰ੍ਹਾਂ ਦੇ ਵਾਧੂ ਰਿਮਾਂਡ ਦੀ ਕੋਈ ਕਾਨੂੰਨੀ ਲੋੜ ਨਹੀਂ ਹੈ।

ਰਿਮਾਂਡ ਦਾ ਵਿਰੋਧ: ਬਚਾਅ ਪੱਖ ਵੱਲੋਂ ਵਰਮਾ



ਸਾਹਿਬ ਅਤੇ ਆਰ.ਪੀ. ਲੂੰਬਾ ਦੀਆਂ ਪੁਰਾਣੀਆਂ ਦਲੀਲਾਂ ਦਾ ਹਵਾਲਾ ਦਿੰਦੇ ਹੋਏ ਰਿਮਾਂਡ ਦਾ ਸਖ਼ਤ ਵਿਰੋਧ ਕੀਤਾ ਗਿਆ।

ਅਦਾਲਤ ਦਾ ਫੈਸਲਾ: ਮਾਨਯੋਗ ਜੱਜ ਨੇ ਪੁਲਿਸ ਦੀਆਂ ਦਲੀਲਾਂ ਨਾਲ ਅਸਹਿਮਤੀ ਜਤਾਉਂਦੇ ਹੋਏ ਮੁਲਜ਼ਮਾਂ ਨੂੰ 14 ਦਿਨਾਂ ਲਈ ਜੁਡੀਸ਼ੀਅਲ ਰਿਮਾਂਡ 'ਤੇ ਭੇਜ ਦਿੱਤਾ।

**ਸੁਰੱਖਿਆ ਦੇ ਮੱਦੇਨਜ਼ਰ ਅੰਮ੍ਰਿਤਸਰ ਜੇਲ੍ਹ ਤਬਦੀਲੀ**

: ਅਦਾਲਤ ਦੇ ਹੁਕਮਾਂ ਅਨੁਸਾਰ, ਲਾਲਜੀਤ ਸਿੰਘ ਭੁੱਲਰ ਅਤੇ ਹੋਰਨਾਂ ਨੂੰ ਸੁਰੱਖਿਆ ਕਾਰਨਾਂ ਕਰਕੇ ਅੰਮ੍ਰਿਤਸਰ ਕੇਂਦਰੀ ਜੇਲ੍ਹ ਵਿੱਚ ਭੇਜਿਆ ਜਾਵੇਗਾ। ਅਦਾਲਤ ਦੇ ਬਾਹਰ ਮੌਜੂਦ ਸਮਰਥਕਾਂ ਅਤੇ ਮੀਡੀਆ ਦੀ ਭਾਰੀ ਭੀੜ ਨੂੰ ਦੇਖਦਿਆਂ ਪੁਲਿਸ ਨੇ ਸੁਰੱਖਿਆ ਦੇ ਵਿਸ਼ੇਸ਼ ਇੰਤਜ਼ਾਮ ਕੀਤੇ ਹੋਏ ਸਨ।

ਸਿਆਸੀ ਹਲਕਿਆਂ ਵਿੱਚ ਚਰਚਾ

ਸਾਬਕਾ ਵਿਧਾਇਕ ਦੀ ਜੁਡੀਸ਼ੀਅਲ ਹਿਰਾਸਤ ਤੋਂ ਬਾਅਦ ਪੰਜਾਬ ਦੀ ਸਿਆਸਤ ਵਿੱਚ ਮੁੜ ਚਰਚਾਵਾਂ ਛਿੜ ਗਈਆਂ ਹਨ। ਵਿਰੋਧੀ ਧਿਰਾਂ ਇਸ ਨੂੰ ਸਰਕਾਰ ਦੇ ਅੰਦਰੂਨੀ ਕਲੇਸ਼ ਅਤੇ ਕਾਨੂੰਨ ਦੀ ਜਿੱਤ ਵਜੋਂ ਦੇਖ ਰਹੀਆਂ ਹਨ, ਜਦਕਿ 'ਆਪ' ਦੇ ਅੰਦਰੂਨੀ ਹਲਕਿਆਂ ਵਿੱਚ ਇਸ ਫੈਸਲੇ ਨੂੰ ਲੈ ਕੇ ਸੰਨਾਟਾ ਪਸਰਿਆ ਹੋਇਆ ਹੈ।

# ਚੰਡੀਗੜ੍ਹ 'ਚ ਪੰਜਾਬ ਭਾਜਪਾ ਦੇ ਮੁੱਖ ਦਫ਼ਤਰ ਬਾਹਰ ਧਮਾਕਾ

ਚੰਡੀਗੜ੍ਹ : ਚੰਡੀਗੜ੍ਹ ਦੇ ਸੈਕਟਰ-37 ਏ ਸਥਿਤ ਪੰਜਾਬ ਭਾਜਪਾ ਦੇ ਮੁੱਖ ਦਫ਼ਤਰ ਬਾਹਰ ਬੁੱਧਵਾਰ ਸ਼ਾਮ ਲਗਭਗ 5 ਵਜੇ ਇਕ ਜ਼ੋਰਦਾਰ ਧਮਾਕਾ ਹੋਇਆ, ਜਿਸ ਨਾਲ ਇਲਾਕੇ 'ਚ ਦਹਿਸ਼ਤ ਫੈਲ ਗਈ। ਧਮਾਕੇ ਕਾਰਨ ਪਾਰਕਿੰਗ ਵਿਚ ਖੜ੍ਹੀਆਂ ਕਈ ਗੱਡੀਆਂ ਦੇ ਸ਼ੀਸ਼ੇ ਟੁੱਟ ਗਏ, ਜਦਕਿ ਦਫ਼ਤਰ ਦੀ ਕੰਧ 'ਤੇ ਕਈ ਛੱਰ੍ਹਿਆਂ ਵਰਗੇ ਨਿਸ਼ਾਨ ਵੀ ਬਣ ਗਏ। ਧਮਾਕੇ ਦੀ ਸੂਚਨਾ ਮਿਲਦੇ ਹੀ ਪਹਿਲਾਂ ਡੀ.ਐਸ.ਪੀ. ਧੀਰਜ ਕੁਮਾਰ ਦੀ ਅਗਵਾਈ ਹੇਠ ਥਾਣਾ ਸੈਕਟਰ-39 ਦੀ ਪੁਲਿਸ ਅਤੇ ਆਪਰੇਸ਼ਨ ਸੈੱਲ ਸਮੇਤ ਵੱਖ-ਵੱਖ ਟੀਮਾਂ ਫੌਰੀ ਤੌਰ 'ਤੇ ਮੌਕੇ 'ਤੇ ਪਹੁੰਚ ਗਈਆਂ। ਇਸ ਦੇ ਨਾਲ ਹੀ ਫਾਇਰ ਬ੍ਰਿਗੇਡ ਦੀਆਂ ਗੱਡੀਆਂ ਨੂੰ ਵੀ ਸੁਰੱਖਿਆ ਦੇ ਮੱਦੇਨਜ਼ਰ ਤੁਰੰਤ ਬੁਲਾ ਲਿਆ ਗਿਆ। ਇਸ ਤੋਂ ਇਲਾਵਾ ਫੌਜ ਅਤੇ ਰਾਸ਼ਟਰੀ ਜਾਂਚ ਏਜੰਸੀ (ਐਨ. ਆਈ. ਏ.) ਦੀਆਂ ਟੀਮਾਂ ਨੇ ਵੀ ਘਟਨਾ ਵਾਲੀ ਥਾਂ ਦਾ ਜਾਇਜ਼ਾ ਲਿਆ। ਬੰਬ ਨਿਰੋਧਕ ਦਸਤੇ, ਡੌਗ ਸਕੂਐਡ ਅਤੇ ਕੇਂਦਰੀ ਫੋਰੈਂਸਿਕ ਸਾਇੰਸ ਲੈਬੋਰੇਟਰੀ ਮਾਹਿਰਾਂ ਵਲੋਂ ਸਾਰੇ ਖੇਤਰ ਦੀ ਘੇਰਾਬੰਦੀ ਕਰਕੇ ਤਲਾਸ਼ੀ ਮੁਹਿੰਮ ਚਲਾਈ ਗਈ ਅਤੇ ਵਿਸਫੋਟਕ ਪਦਾਰਥ ਦੇ ਅਵਸ਼ੇਸ਼ਾਂ ਨੂੰ ਜਾਂਚ ਲਈ ਇਕੱਠਾ ਕੀਤਾ ਗਿਆ। ਇਸ ਘਟਨਾ ਨਾਲ ਸੰਬੰਧਿਤ ਇਕ ਵੀਡੀਓ ਵੀ ਸਾਹਮਣੇ ਆਈ ਹੈ, ਜਿਸ ਵਿਚ ਇਕ ਵਿਅਕਤੀ ਜਿਸ ਨੇ ਗੱਲ ਵਿਚ



ਕੇਸਰੀ ਪਰਨਾ ਪਾਇਆ ਹੋਇਆ ਹੈ, ਨੂੰ ਗ੍ਰਨੇਡ ਦੀ ਪਿੰਨ ਕੱਢ ਕੇ ਸੁੱਟਦੇ ਅਤੇ ਮੌਕੇ ਤੋਂ ਭੱਜਦੇ ਹੋਏ ਵੇਖਿਆ ਜਾ ਸਕਦਾ ਹੈ। ਵੀਡੀਓ 'ਚ ਧਮਾਕੇ ਦੀ ਆਵਾਜ਼ ਵੀ ਸਾਫ਼ ਸੁਣਾਈ ਦਿੰਦੀ ਹੈ। ਹਾਲਾਂਕਿ ਇਸ ਵੀਡੀਓ ਦੀ ਪੁਸ਼ਟੀ ਅਧਿਕਾਰਕ ਤੌਰ 'ਤੇ ਨਹੀਂ ਕੀਤੀ ਗਈ। ਪੁਲਿਸ ਨੂੰ ਸੀ. ਸੀ. ਟੀ. ਵੀ. ਫੁਟੇਜ 'ਚ ਦੋ ਸ਼ੱਕੀ ਵਿਅਕਤੀ ਨਜ਼ਰ ਆਏ ਹਨ, ਜੋ ਕਿ ਮੋਟਰਸਾਈਕਲ 'ਤੇ ਦਫ਼ਤਰ ਦੇ ਆਸ-ਪਾਸ ਘੁੰਮਦੇ ਵੇਖੇ ਗਏ ਹਨ। ਦੋਹਾਂ ਦੀ ਤਲਾਸ਼ ਲਈ ਮੁਹਿੰਮ ਤੇਜ਼ ਕਰ ਦਿੱਤੀ ਗਈ ਹੈ। ਪੰਜਾਬ ਪੁਲਿਸ ਦੀ ਐਂਟੀ ਗੈਂਗਸਟਰ ਟਾਸਕ ਫੋਰਸ (ਏ. ਜੀ. ਟੀ. ਐਫ.) ਵੀ ਜਾਂਚ ਵਿਚ ਸ਼ਾਮਿਲ ਹੋ ਗਈ ਹੈ। ਚੰਡੀਗੜ੍ਹ ਦੀ ਐਸ. ਪੀ. ਕੰਵਰਦੀਪ ਕੌਰ ਨੇ ਕਿਹਾ ਕਿ ਭਾਜਪਾ ਦੇ ਪੰਜਾਬ ਦਫ਼ਤਰ 'ਤੇ ਧਮਾਕਾ ਹੋਣ ਦੀ ਪੁਸ਼ਟੀ ਹੋਈ ਹੈ ਅਤੇ ਮਾਮਲੇ ਦੀ ਡੂੰਘਾਈ ਨਾਲ ਜਾਂਚ ਕੀਤੀ ਜਾ ਰਹੀ ਹੈ। ਵੀਡੀਓ ਵਾਇਰਲ ਹੋਣ ਤੋਂ ਪਹਿਲਾਂ ਉਨ੍ਹਾਂ ਕਿਹਾ ਕਿ ਹਾਲੇ ਇਹ ਨਹੀਂ ਕਿਹਾ ਜਾ ਸਕਦਾ ਕਿ ਧਮਾਕਾ ਕਿਸ ਨੇ ਅਤੇ ਕਿਉਂ ਕੀਤਾ ਜਾਂ ਕਿਸ ਤਰ੍ਹਾਂ ਦੇ ਵਿਸਫੋਟਕ ਦੀ ਵਰਤੋਂ ਕੀਤੀ ਗਈ। ਧਮਾਕੇ ਤੋਂ ਬਾਅਦ ਚੰਡੀਗੜ੍ਹ ਵਿਚ ਸੁਰੱਖਿਆ ਵਧਾ ਦਿੱਤੀ ਗਈ ਹੈ। ਫ਼ਿਲਹਾਲ ਪੁਲਿਸ ਵਲੋਂ ਮੁਲਜ਼ਮਾਂ ਦੀ ਭਾਲ ਕੀਤੀ ਜਾ ਰਹੀ ਹੈ ਅਤੇ ਅਣਪਛਾਤੇ ਵਿਅਕਤੀਆਂ ਖਿਲਾਫ਼ ਕਤਲ ਦੀ ਕੋਸ਼ਿਸ਼ ਅਤੇ ਵਿਸਫੋਟਕ ਪਦਾਰਥ ਐਕਟ ਅਧੀਨ ਮਾਮਲਾ ਦਰਜ ਕਰ ਲਿਆ ਗਿਆ ਹੈ।

## ਧਰਮਵੀਰ ਗਾਂਧੀ ਨੇ ਕਾਨੂੰਨ ਵਿਵਸਥਾ 'ਤੇ ਚੁੱਕੇ ਸਵਾਲ; ਸੂਬੇ ਵਿੱਚ ਤੇਲ ਅਤੇ ਗੈਸ ਦੀ ਭਾਰੀ ਕਿੱਲਤ

ਨਵੀਂ ਦਿੱਲੀ/ਚੰਡੀਗੜ੍ਹ: ਪਟਿਆਲਾ ਤੋਂ ਸੰਸਦ ਮੈਂਬਰ ਅਤੇ ਸੀਨੀਅਰ ਕਾਂਗਰਸੀ ਆਗੂ ਡਾ. ਧਰਮਵੀਰ ਗਾਂਧੀ ਨੇ ਚੰਡੀਗੜ੍ਹ ਸਥਿਤ ਪੰਜਾਬ ਭਾਜਪਾ ਦੇ ਮੁੱਖ ਦਫ਼ਤਰ ਦੇ ਬਾਹਰ ਹੋਏ ਗ੍ਰਨੇਡ ਧਮਾਕੇ ਦੀ ਸਖ਼ਤ ਨਿਖੇਧੀ ਕਰਦਿਆਂ ਪੰਜਾਬ ਦੀ ਕਾਨੂੰਨ ਵਿਵਸਥਾ 'ਤੇ ਡੂੰਘੀ ਚਿੰਤਾ ਪ੍ਰਗਟਾਈ ਹੈ। ਉਨ੍ਹਾਂ ਇਸ ਘਟਨਾ ਨੂੰ ਸੂਬੇ ਦੀ ਅਮਨ-ਸ਼ਾਂਤੀ ਭੰਗ ਕਰਨ ਦੀ ਇੱਕ ਵੱਡੀ ਸਾਜ਼ਿਸ਼ ਕਰਾਰ ਦਿੱਤਾ ਹੈ।




**ਕਾਨੂੰਨ ਵਿਵਸਥਾ ਦੀ ਡਗਮਗਾ ਰਹੀ ਸਥਿਤੀ ਅਤੇ ਸਿਆਸੀ ਸਾਜ਼ਿਸ਼**

ਡਾ. ਗਾਂਧੀ ਨੇ ਕਿਹਾ ਕਿ ਪੰਜਾਬ, ਜੋ ਕਿ ਆਪਣੀ ਖੁਸ਼ਹਾਲੀ ਅਤੇ ਦੇਸ਼ ਦੇ ਅੰਨ ਭੰਡਾਰ ਵਿੱਚ ਯੋਗਦਾਨ ਲਈ ਜਾਣਿਆ ਜਾਂਦਾ ਹੈ, ਪਿਛਲੇ ਕੁਝ ਸਾਲਾਂ ਤੋਂ ਹਿੰਸਾ ਅਤੇ ਅਸਥਿਰਤਾ ਦਾ ਸ਼ਿਕਾਰ ਹੋ ਰਿਹਾ ਹੈ। ਉਨ੍ਹਾਂ ਦੇ ਮੁੱਖ ਨੁਕਤੇ ਹੇਠ ਲਿਖੇ ਹਨ:

**ਵਧਦੀਆਂ ਅਪਰਾਧਿਕ ਘਟਨਾਵਾਂ:** ਬਾਜ਼ਾਰਾਂ ਵਿੱਚ ਗੋਲੀਬਾਰੀ, ਜਬਰੀ ਵਸੂਲੀ (Extortion) ਅਤੇ ਸਿਆਸੀ ਦਫ਼ਤਰਾਂ 'ਤੇ ਹਮਲੇ ਹੁਣ ਰੋਜ਼ਾਨਾ ਦੀ ਗੱਲ ਬਣ ਗਏ ਹਨ।

**ਰਾਸ਼ਟਰਪਤੀ ਸ਼ਾਸਨ ਦਾ ਖਦਸ਼ਾ:** ਉਨ੍ਹਾਂ ਖਦਸ਼ਾ ਜ਼ਾਹਰ ਕੀਤਾ ਕਿ ਅਜਿਹੀਆਂ ਘਟਨਾਵਾਂ ਸੂਬੇ ਵਿੱਚ ਰਾਸ਼ਟਰਪਤੀ ਸ਼ਾਸਨ ਲਾਗੂ ਕਰਨ ਜਾਂ ਆਉਣ ਵਾਲੀਆਂ ਚੋਣਾਂ ਵਿੱਚ ਵਿਸ਼ੇਸ਼ ਪਾਰਟੀਆਂ ਨੂੰ ਸਿਆਸੀ ਲਾਹਾ ਪਹੁੰਚਾਉਣ ਦੀ ਇੱਕ ਡੂੰਘੀ ਸਾਜ਼ਿਸ਼ ਦਾ ਹਿੱਸਾ ਹੋ ਸਕਦੀਆਂ ਹਨ।

**ਸੁਰੱਖਿਆ ਫੇਲ੍ਹ:** ਚੰਡੀਗੜ੍ਹ ਵਰਗੇ ਸੁਰੱਖਿਅਤ ਸ਼ਹਿਰ ਵਿੱਚ ਭਾਜਪਾ ਦਫ਼ਤਰ ਨੂੰ ਨਿਸ਼ਾਨਾ ਬਣਾਉਣਾ ਸੁਰੱਖਿਆ ਅਤੇ ਖੁਫੀਆ ਤੰਤਰ ਦੀ ਵੱਡੀ ਨਾਕਾਮੀ ਹੈ।

**LPG ਅਤੇ ਤੇਲ ਦੀ ਕਿੱਲਤ: ਆਮ ਜਨਤਾ ਅਤੇ ਕਿਸਾਨ ਪ੍ਰੇਸ਼ਾਨ**

ਧਮਾਕੇ ਦੀ ਘਟਨਾ ਦੇ ਨਾਲ-ਨਾਲ ਸੂਬੇ ਵਿੱਚ ਜ਼ਰੂਰੀ ਵਸਤਾਂ ਦੀ ਸਪਲਾਈ ਵਿੱਚ ਆ ਰਹੀ ਰੁਕਾਵਟ ਨੇ ਲੋਕਾਂ ਦੀਆਂ ਮੁਸ਼ਕਲਾਂ ਵਧਾ ਦਿੱਤੀਆਂ ਹਨ:

**ਈਂਧਨ ਦੀ ਕਮੀ:** ਪੰਜਾਬ ਦੇ ਕਈ ਹਿੱਸਿਆਂ ਵਿੱਚ ਪੈਟਰੋਲ, ਡੀਜ਼ਲ ਅਤੇ ਐਲ.ਪੀ.ਜੀ. (LPG) ਸਿਲੰਡਰਾਂ ਦੀ ਭਾਰੀ ਕਿੱਲਤ ਦੀਆਂ ਰਿਪੋਰਟਾਂ ਮਿਲ ਰਹੀਆਂ ਹਨ।

**ਆਰਥਿਕ ਬੋਝ:** ਵਧਦੀਆਂ ਕੀਮਤਾਂ ਅਤੇ ਸਪਲਾਈ ਵਿੱਚ ਦੇਰੀ ਕਾਰਨ ਮਹਿੰਗਾਈ ਆਸਮਾਨ ਨੂੰ ਛੂਹ ਰਹੀ ਹੈ, ਜਿਸ ਦਾ ਸਿੱਧਾ ਅਸਰ ਰਸੋਈ ਦੇ ਬਜਟ ਅਤੇ ਖੇਤੀਬਾੜੀ ਦੇ ਕੰਮਾਂ 'ਤੇ ਪੈ ਰਿਹਾ ਹੈ।

**ਸਰਕਾਰ ਦੀ ਚੁੱਪ:** ਡਾ. ਗਾਂਧੀ ਨੇ ਸਰਕਾਰ ਦੀ ਆਲੋਚਨਾ ਕਰਦਿਆਂ ਕਿਹਾ ਕਿ ਪ੍ਰਸ਼ਾਸਨ ਕੋਲ ਜ਼ਰੂਰੀ ਸਪਲਾਈ ਸਬੰਧੀ ਕੋਈ ਠੋਸ ਡੇਟਾ ਨਹੀਂ ਹੈ, ਜਿਸ ਕਾਰਨ ਖਪਤਕਾਰਾਂ ਅਤੇ ਕਿਸਾਨਾਂ ਨੂੰ ਆਰਥਿਕ ਮਾਰ ਝੱਲਣੀ ਪੈ ਰਹੀ ਹੈ।

ਕਾਂਗਰਸੀ ਆਗੂ ਨੇ ਕੇਂਦਰ ਅਤੇ ਰਾਜ ਸਰਕਾਰ ਨੂੰ ਅਪੀਲ ਕੀਤੀ ਹੈ ਕਿ ਉਹ ਸਿਆਸੀ ਦੋਸ਼-ਤਰਾਸ਼ੀ ਛੱਡ ਕੇ ਪੰਜਾਬ ਦੀ ਸੁਰੱਖਿਆ ਅਤੇ ਆਮ ਲੋਕਾਂ ਦੀਆਂ ਮੁੱਢਲੀਆਂ ਲੋੜਾਂ ਵੱਲ ਧਿਆਨ ਦੇਣ। ਉਨ੍ਹਾਂ ਚੇਤਾਵਨੀ ਦਿੱਤੀ ਕਿ ਜੇਕਰ ਹਾਲਾਤ 'ਤੇ ਜਲਦੀ ਕਾਬੂ ਨਾ ਪਾਇਆ ਗਿਆ ਤਾਂ ਸੂਬੇ ਦੀ ਆਰਥਿਕਤਾ ਅਤੇ ਸਮਾਜਿਕ ਸਾਂਝ ਨੂੰ ਭਾਰੀ ਨੁਕਸਾਨ ਪਹੁੰਚ ਸਕਦਾ ਹੈ।

## ਪੰਜਾਬ 'ਚ ਕਾਨੂੰਨ ਵਿਵਸਥਾ ਦਾ ਜਨਾਜ਼ਾ ਨਿਕਲ ਚੁੱਕਿਆ, 'ਆਪ' ਸਰਕਾਰ ਹਰ ਫਰੰਟ 'ਤੇ ਫੇਲ੍ਹ: ਪ੍ਰਗਟ ਸਿੰਘ

ਜਲੰਧਰ/ਚੰਡੀਗੜ੍ਹ: ਸਾਬਕਾ ਪੰਜਾਬ ਕੈਬਨਿਟ ਮੰਤਰੀ ਅਤੇ ਸੀਨੀਅਰ ਕਾਂਗਰਸੀ ਆਗੂ ਪ੍ਰਗਟ ਸਿੰਘ ਨੇ ਚੰਡੀਗੜ੍ਹ ਵਿੱਚ ਭਾਜਪਾ ਦਫ਼ਤਰ ਦੇ ਬਾਹਰ ਹੋਏ ਧਮਾਕੇ ਨੂੰ ਲੈ ਕੇ ਆਮ ਆਦਮੀ ਪਾਰਟੀ (AAP) ਦੀ ਸਰਕਾਰ 'ਤੇ ਤਿੱਖੇ ਸਵਾਲ ਖੜ੍ਹੇ ਕੀਤੇ ਹਨ। ਉਨ੍ਹਾਂ ਨੇ ਸੂਬੇ ਦੀ ਮੌਜੂਦਾ ਸਥਿਤੀ ਨੂੰ 'ਕਾਨੂੰਨ ਵਿਵਸਥਾ ਦਾ ਮੁਕੰਮਲ ਪਤਨ' ਕਰਾਰ ਦਿੱਤਾ ਹੈ।

ਚੰਡੀਗੜ੍ਹ ਸਥਿਤ ਭਾਜਪਾ ਦਫ਼ਤਰ ਦੇ ਬਾਹਰ ਹੋਏ ਗ੍ਰਨੇਡ ਹਮਲੇ ਤੋਂ ਬਾਅਦ ਸਾਬਕਾ ਕੈਬਨਿਟ ਮੰਤਰੀ ਪ੍ਰਗਟ ਸਿੰਘ ਨੇ ਮੁੱਖ ਮੰਤਰੀ ਭਗਵੰਤ ਮਾਨ ਦੀ ਸਰਕਾਰ ਨੂੰ ਕਰੜੇ ਹੱਥੀਂ ਲਿਆ ਹੈ। ਪ੍ਰਗਟ ਸਿੰਘ ਨੇ ਕਿਹਾ ਕਿ ਪੰਜਾਬ ਵਿੱਚ ਅਮਨ-ਸ਼ਾਂਤੀ ਪੂਰੀ ਤਰ੍ਹਾਂ ਖਤਮ ਹੋ ਚੁੱਕੀ ਹੈ ਅਤੇ ਸਰਕਾਰ ਸੂਬੇ ਨੂੰ ਸੁਰੱਖਿਆ ਦੇਣ ਦੀ ਬਜਾਏ ਸਿਰਫ 'ਧੋਖੇ ਦੀ ਰਾਜਨੀਤੀ' ਕਰ ਰਹੀ ਹੈ।



**ਸੁਰੱਖਿਆ ਵਿੱਚ ਸੰਨ੍ਹ ਅਤੇ ਰੋਜ਼ਾਨਾ ਹਿੰਸਾ**

ਪ੍ਰਗਟ ਸਿੰਘ ਨੇ ਚੰਡੀਗੜ੍ਹ ਧਮਾਕੇ ਦਾ ਹਵਾਲਾ ਦਿੰਦੇ ਹੋਏ ਕਿਹਾ:

**ਲੀਡਰਾਂ ਦੇ ਘਰਾਂ 'ਤੇ ਹਮਲੇ:** ਪੰਜਾਬ ਵਿੱਚ ਹੁਣ ਸਿਆਸੀ ਆਗੂਆਂ ਦੇ ਘਰ ਅਤੇ ਦਫ਼ਤਰ ਵੀ ਸੁਰੱਖਿਅਤ ਨਹੀਂ ਹਨ। ਗ੍ਰਨੇਡ ਹਮਲੇ ਅਤੇ ਰੋਜ਼ਾਨਾ ਹੋ ਰਹੇ ਕਤਲ ਇਸ ਗੱਲ ਦਾ ਸਬੂਤ ਹਨ ਕਿ ਅਪਰਾਧੀਆਂ ਦੇ ਮਨਾਂ ਵਿੱਚ ਪੁਲਿਸ ਦਾ ਕੋਈ ਖੌਫ਼ ਨਹੀਂ ਰਿਹਾ।

**ਵਪਾਰੀਆਂ ਵਿੱਚ ਦਹਿਸ਼ਤ:** ਸੂਬੇ ਦੇ ਛੋਟੇ ਅਤੇ ਵੱਡੇ ਵਪਾਰੀਆਂ ਨੂੰ ਰੋਜ਼ਾਨਾ ਫਿਰੌਤੀ (Extortion) ਦੀਆਂ ਕਾਲਾਂ ਆ ਰਹੀਆਂ ਹਨ, ਜਿਸ ਕਾਰਨ ਪੰਜਾਬ ਦਾ ਕਾਰੋਬਾਰੀ ਵਰਗ ਬੇਹੱਦ ਡਰ ਦੇ ਸਾਏ ਹੇਠ ਜੀ ਰਿਹਾ ਹੈ।

**ਨਸ਼ਿਆਂ ਦਾ ਕਹਿਰ ਅਤੇ ਮੁੜ-ਵਸੇਬਾ ਕੇਂਦਰਾਂ ਦੀ ਹਾਲਤ**

ਸਰਕਾਰ ਦੀਆਂ ਨਸ਼ਾ ਵਿਰੋਧੀ ਮੁਹਿੰਮਾਂ 'ਤੇ ਸਵਾਲ ਚੁੱਕਦਿਆਂ ਉਨ੍ਹਾਂ ਕਿਹਾ:

**ਨਸ਼ਾ ਰੋਕਣ ਵਿੱਚ ਨਾਕਾਮੀ:** 'ਆਪ' ਸਰਕਾਰ ਨੇ ਚੋਣਾਂ ਵੇਲੇ ਨਸ਼ਾ ਖਤਮ ਕਰਨ ਦੇ ਵੱਡੇ-ਵੱਡੇ ਵਾਅਦੇ ਕੀਤੇ ਸਨ, ਪਰ ਅੱਜ ਸਥਿਤੀ ਪਹਿਲਾਂ ਨਾਲੋਂ ਵੀ ਮਾੜੀ ਹੋ ਗਈ ਹੈ।

**ਨਰਕ ਵਰਗੀ ਹਾਲਤ:** ਨਸ਼ਾ ਛੁਡਾਊ ਅਤੇ ਮੁੜ-ਵਸੇਬਾ ਕੇਂਦਰਾਂ (Rehab Centers) ਦੀ ਹਾਲਤ ਅਣਮਨੁੱਖੀ ਹੈ, ਜਿੱਥੇ ਮਰੀਜ਼ਾਂ ਨੂੰ ਸਹੀ ਇਲਾਜ ਅਤੇ ਸਹੂਲਤਾਂ ਨਹੀਂ ਮਿਲ ਰਹੀਆਂ।

**ਸਰਕਾਰ 'ਤੇ 'ਧੋਖਾਧੜੀ' ਦੇ ਇਲਜ਼ਾਮ**

ਪ੍ਰਗਟ ਸਿੰਘ ਨੇ ਆਮ ਆਦਮੀ ਪਾਰਟੀ 'ਤੇ ਪੰਜਾਬ ਦੇ ਲੋਕਾਂ ਨਾਲ 'ਫਰਾਡ' ਕਰਨ ਦਾ ਦੋਸ਼ ਲਾਉਂਦਿਆਂ ਕਿਹਾ ਕਿ ਇਹ ਸਰਕਾਰ ਸਿਰਫ ਇਸ਼ਤਿਹਾਰਾਂ ਵਿੱਚ ਚੱਲ ਰਹੀ ਹੈ। ਉਨ੍ਹਾਂ ਉਮੀਦ ਜਤਾਈ ਕਿ ਆਉਣ ਵਾਲੀਆਂ ਚੋਣਾਂ ਵਿੱਚ ਪੰਜਾਬ ਦੀ ਜਨਤਾ ਇਸ ਅਰਾਜਕਤਾ ਦਾ ਜਵਾਬ ਦੇਵੇਗੀ ਅਤੇ ਸੂਬੇ ਵਿੱਚ ਲੋੜੀਂਦੀ ਤਬਦੀਲੀ ਲਿਆਵੇਗੀ।

ਉਨ੍ਹਾਂ ਮੰਗ ਕੀਤੀ ਕਿ ਇਸ ਧਮਾਕੇ ਦੀ ਉੱਚ ਪੱਧਰੀ ਜਾਂਚ ਕੀਤੀ ਜਾਵੇ ਅਤੇ ਪੰਜਾਬ ਦੀ ਸੁਰੱਖਿਆ ਨੂੰ ਲੈ ਕੇ ਤੁਰੰਤ ਠੋਸ ਕਦਮ ਚੁੱਕੇ ਜਾਣ।

## ਰਵਨੀਤ ਬਿੱਟੂ ਦਾ ਮੁੱਖ ਮੰਤਰੀ ਭਗਵੰਤ ਮਾਨ 'ਤੇ ਵੱਡਾ ਹਮਲਾ; 'ਪੰਜਾਬ 'ਚ ਕਾਨੂੰਨ ਦਾ ਨਹੀਂ, ਗੁੰਡਿਆਂ ਦਾ ਰਾਜ'

ਨਵੀਂ ਦਿੱਲੀ/ਚੰਡੀਗੜ੍ਹ: ਪੰਜਾਬ ਭਾਜਪਾ ਦੇ ਮੁੱਖ ਦਫ਼ਤਰ (ਸੈਕਟਰ 37, ਚੰਡੀਗੜ੍ਹ) ਦੇ ਬਾਹਰ ਹੋਏ ਗ੍ਰਨੇਡ ਧਮਾਕੇ ਤੋਂ ਬਾਅਦ ਸਿਆਸੀ ਮਾਹੌਲ ਪੂਰੀ ਤਰ੍ਹਾਂ ਭਖ ਗਿਆ ਹੈ। ਕੇਂਦਰੀ ਰਾਜ ਮੰਤਰੀ ਰਵਨੀਤ ਸਿੰਘ ਬਿੱਟੂ ਨੇ ਇਸ ਹਮਲੇ ਲਈ ਸਿੱਧੇ ਤੌਰ 'ਤੇ ਪੰਜਾਬ ਦੀ ਆਮ ਆਦਮੀ ਪਾਰਟੀ ਸਰਕਾਰ ਅਤੇ ਮੁੱਖ ਮੰਤਰੀ ਭਗਵੰਤ ਮਾਨ ਦੀ ਨਾਕਾਮੀ ਨੂੰ ਜ਼ਿੰਮੇਵਾਰ ਠਹਿਰਾਇਆ ਹੈ।



ਖਾਲਿਸਤਾਨੀ ਅਨਸਰਾਂ ਦੀ ਸਾਜ਼ਿਸ਼ ਅਤੇ ਸੁਰੱਖਿਆ 'ਚ ਸੰਨ੍ਹ

ਰਵਨੀਤ ਬਿੱਟੂ ਨੇ ਕਿਹਾ ਕਿ ਇਹ ਹਮਲਾ ਕੋਈ ਮਾਮੂਲੀ ਘਟਨਾ ਨਹੀਂ ਹੈ, ਸਗੋਂ ਪੰਜਾਬ ਨੂੰ ਮੁੜ ਅੱਗ ਦੀ ਭੱਠੀ ਵਿੱਚ ਝੋਕਣ ਦੀ ਕੋਸ਼ਿਸ਼ ਹੈ। ਉਨ੍ਹਾਂ ਦੇ ਮੁੱਖ ਇਲਜ਼ਾਮ ਹੇਠ ਲਿਖੇ ਹਨ:

ਪ੍ਰੋ-ਖਾਲਿਸਤਾਨੀ ਸਬੰਧ: ਹਮਲੇ ਦੀ ਜ਼ਿੰਮੇਵਾਰੀ ਕਥਿਤ ਤੌਰ 'ਤੇ ਖਾਲਿਸਤਾਨੀ ਅਨਸਰਾਂ ਵੱਲੋਂ ਲਈ ਗਈ ਹੈ, ਜੋ ਕਿ ਪੰਜਾਬ ਵਿੱਚ ਹੋਏ ਇੱਕ ਪੁਲਿਸ ਮੁਕਾਬਲੇ ਦਾ ਬਦਲਾ ਲੈਣ ਦੀ ਗੱਲ ਕਰ ਰਹੇ ਹਨ। ਬਿੱਟੂ ਨੇ ਚੇਤਾਵਨੀ ਦਿੱਤੀ ਕਿ ਅਜਿਹੇ ਅਨਸਰਾਂ ਨੂੰ ਸਿਰ ਚੁੱਕਣ ਦੀ ਇਜਾਜ਼ਤ ਮਿਲਣਾ ਸੂਬੇ ਲਈ ਘਾਤਕ ਹੈ।

ਚੀਨੀ ਗ੍ਰਨੇਡਾਂ ਦੀ ਆਮਦ: ਬਿੱਟੂ ਨੇ ਚਿੰਤਾ ਜ਼ਾਹਰ ਕੀਤੀ ਕਿ ਸਰਹੱਦੀ ਸੂਬਾ ਹੋਣ ਦੇ ਨਾਤੇ ਪੰਜਾਬ ਵਿੱਚ ਚੀਨ ਦੇ ਬਣੇ ਗ੍ਰਨੇਡਾਂ ਅਤੇ ਹਥਿਆਰਾਂ ਦੀ ਸਪਲਾਈ ਵਧ ਰਹੀ ਹੈ, ਜਿਸ ਨੂੰ ਰੋਕਣ ਵਿੱਚ ਸੂਬਾ ਸਰਕਾਰ ਫੇਲ੍ਹ ਰਹੀ ਹੈ।

ਗੈਂਗਸਟਰਵਾਦ ਦਾ ਦਬਦਬਾ: ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਅੱਜ ਕਾਨੂੰਨ ਦਾ ਨਹੀਂ ਸਗੋਂ ਗੈਂਗਸਟਰਾਂ ਦਾ ਰਾਜ ਹੈ, ਜੋ ਫਿਰੌਤੀਆਂ ਅਤੇ ਕਤਲੋਗਾਰਤ ਰਾਹੀਂ ਲੋਕਾਂ ਵਿੱਚ ਦਹਿਸ਼ਤ ਫੈਲਾ ਰਹੇ ਹਨ।

ਮੁੱਖ ਮੰਤਰੀ ਭਗਵੰਤ ਮਾਨ 'ਤੇ ਨਿੱਜੀ ਹਮਲੇ

ਰਵਨੀਤ ਬਿੱਟੂ ਨੇ ਭਗਵੰਤ ਮਾਨ ਦੀ ਕਾਰਜਸ਼ੈਲੀ 'ਤੇ ਸਵਾਲ ਚੁੱਕਦਿਆਂ ਕਿਹਾ:

ਦਿੱਲੀ ਦਾ ਰਿਮੋਟ ਕੰਟਰੋਲ: ਬਿੱਟੂ ਅਨੁਸਾਰ ਮੁੱਖ ਮੰਤਰੀ ਮਾਨ ਪੰਜਾਬ ਦੇ ਮਸਲਿਆਂ ਵੱਲ ਧਿਆਨ ਦੇਣ ਦੀ ਬਜਾਏ ਦਿੱਲੀ ਦੀ ਲੀਡਰਸ਼ਿਪ (ਕੇਜਰੀਵਾਲ ਅਤੇ ਸਿਸੋਦੀਆ) ਦੇ ਇਸ਼ਾਰਿਆਂ 'ਤੇ ਚੱਲ ਰਹੇ ਹਨ।

ਗੁਜਰਾਤ ਦੇ ਗੇੜੇ: ਉਨ੍ਹਾਂ ਇਲਜ਼ਾਮ ਲਾਇਆ ਕਿ ਜਦੋਂ ਪੰਜਾਬ ਸੁਰੱਖਿਆ ਚੁਣੌਤੀਆਂ ਦਾ ਸਾਹਮਣਾ ਕਰ ਰਿਹਾ ਹੁੰਦਾ ਹੈ, ਤਾਂ ਮੁੱਖ ਮੰਤਰੀ ਦੂਜੇ ਰਾਜਾਂ (ਜਿਵੇਂ ਕਿ ਗੁਜਰਾਤ) ਵਿੱਚ ਪਾਰਟੀ ਦੇ ਪ੍ਰਚਾਰ ਵਿੱਚ ਰੁੱਝੇ ਰਹਿੰਦੇ ਹਨ।

ਸੁਰੱਖਿਆ ਨੂੰ ਲੈ ਕੇ ਸਖ਼ਤ ਚੇਤਾਵਨੀ

ਭਾਜਪਾ ਆਗੂ ਨੇ ਕਿਹਾ ਕਿ ਜੇਕਰ ਚੰਡੀਗੜ੍ਹ ਵਰਗੇ ਹਾਈ-ਪ੍ਰੋਫਾਈਲ ਇਲਾਕੇ ਵਿੱਚ, ਜਿੱਥੇ ਦੋ ਰਾਜਾਂ ਦੇ ਮੁੱਖ ਮੰਤਰੀ ਅਤੇ ਰਾਜਪਾਲ ਰਹਿੰਦੇ ਹਨ, ਭਾਜਪਾ ਦਫ਼ਤਰ ਸੁਰੱਖਿਅਤ ਨਹੀਂ ਹੈ, ਤਾਂ ਬਾਕੀ ਪੰਜਾਬ ਦੇ ਆਮ ਲੋਕਾਂ ਦੀ ਸੁਰੱਖਿਆ ਦਾ ਕੀ ਬਣੇਗਾ? ਉਨ੍ਹਾਂ ਕੇਂਦਰੀ ਏਜੰਸੀਆਂ ਨੂੰ ਇਸ ਮਾਮਲੇ ਦੀ ਡੂੰਘਾਈ ਨਾਲ ਜਾਂਚ ਕਰਨ ਅਤੇ ਦੋਸ਼ੀਆਂ ਵਿਰੁੱਧ ਸਖ਼ਤ ਕਾਰਵਾਈ ਕਰਨ ਦੀ ਅਪੀਲ ਕੀਤੀ ਹੈ।

## ਬੈਂਕ ਅਧਿਕਾਰੀਆਂ ਖ਼ਿਲਾਫ਼ ਕਾਰਵਾਈ ਲਈ ਧਰਨੇ

### ਦੋ ਸਕੇ ਭਰਾਵਾਂ ਨੂੰ ਖੁਦਕੁਸ਼ੀ ਲਈ ਮਜਬੂਰ ਕਰਨ ਦਾ ਮਾਮਲਾ

ਫ਼ਰੀਦਕੋਟ : ਪਿਛਲੇ ਹਫ਼ਤੇ ਫਰੀਦਕੋਟ ਜ਼ਿਲ੍ਹੇ ਦੇ ਪਿੰਡ ਹਰੀਨੌਂ ਦੇ ਦੋ ਸਕੇ ਭਰਾਵਾਂ ਨੇ ਕਰਜ਼ੇ ਤੋਂ ਤੰਗ ਆ ਕੇ ਰੇਲਗੱਡੀ ਹੇਠਾਂ ਆ ਕੇ ਖੁਦਕੁਸ਼ੀ ਕਰ ਲਈ ਸੀ। ਇਸ ਪੀੜਤ ਕਿਸਾਨ ਪਰਿਵਾਰ ਨੂੰ ਇਨਸਾਫ਼ ਦਿਵਾਉਣ ਅਤੇ ਕਸੂਰਵਾਰ ਬੈਂਕ ਅਧਿਕਾਰੀਆਂ ਖ਼ ?ਲਾਫ਼ ਕਾਰਵਾਈ ਕਰਵਾਉਣ ਲਈ ਅੱਜ ਸੰਯੁਕਤ ਕਿਸਾਨ ਮੋਰਚਾ (ਗੈਰ-ਰਾਜਨੀਤਕ) ਦੀ ਅਗਵਾਈ ਹੇਠ ਇੱਥੇ ਬੈਂਕ ਦੇ ਡਿਵੀਜ਼ਨਲ ਦਫ਼ਤਰ ਸਾਹਮਣੇ ਰੋਸ ਧਰਨਾ ਦਿੱਤਾ ਗਿਆ।



ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਨੇ ਦੱਸਿਆ ਕਿ ਜ਼ਿਲ੍ਹਾ ਫਰੀਦਕੋਟ ਦੇ ਪਿੰਡ ਹਰੀਨੌਂ ਦੇ ਖੁਦਕੁਸ਼ੀ ਕਰਨ ਵਾਲੇ ਸਕੇ ਭਰਾਵਾਂ ਨੂੰ ਇਨਸਾਫ ਦਿਵਾਉਣ ਲਈ ਲੈਂਡ ਮਾਰਗੇਜ ਬੈਂਕ ਅੱਗੇ ਧਰਨਾ ਦਿੱਤਾ ਅਤੇ ਮੰਗ ਕੀਤੀ ਕਿ ਮਿਹਨਤੀ ਕਿਸਾਨਾਂ ਦੀ ਜ਼ਿੰਦਗੀ ਨਾਲ ਖੇਡਣ ਵਾਲੇ ਬੈਂਕ ਅਧਿਕਾਰੀਆਂ ਖ਼ ?ਲਾਫ਼ ਬਣਦੀ ਕਾਨੂੰਨੀ ਕਾਰਵਾਈ ਕੀਤੀ ਜਾਵੇ। ਇਸ ਮੌਕੇ ਕਿਸਾਨਾਂ ਨੇ ਪੰਜਾਬ ਸਰਕਾਰ ਦਾ ਪੁਤਲਾ ਫੂਕ ਕੇ ਨਾਅਰੇਬਾਜ਼ੀ ਕੀਤੀ ਗਈ। ਰੋਸ ਪ੍ਰਦਰਸ਼ਨ ਮੌਕੇ ਕਿਸਾਨ ਆਗੂ ਬੋਹੜ ਸਿੰਘ ਰੁਪਈਆਂ ਵਾਲਾ, ਇੰਦਰਜੀਤ ਸਿੰਘ ਘਣੀਆ, ਗੁਰਦਿੱਤਾ ਸਿੰਘ, ਤੇਜਾ ਸਿੰਘ, ਜਿੰਦਰ ਸਿੰਘ, ਸੁਖਚਰਨ ਸਿੰਘ, ਰਾਜਵੀਰ ਸਿੰਘ ਆਦਿ ਵੀ ਹਾਜ਼ਰ ਸਨ।

'ਧਰਤੀ ਸਾਗਰ ਇਕ ਨੇ, ਨਾ ਕੋਈ ਵੱਖਰਾ ਦੇਸ। ਤਾਪ ਚੜ੍ਹੇ ਜੇ ਇਕ ਨੂੰ, ਹੁੰਗਣ ਹੋਰ ਹਮੇਸ਼।'

# ਕਵੀ ਮੰਗਾ ਸਿੰਘ ਬਾਸੀ, ਪਿੰਡ ਬੀਰ ਬੰਸੀਆਂ ਦੀ 'ਧਰਤਿ ਕਰੇ ਅਰਜ਼ੋਈ'

ਬਹੁਤ ਵਧੀਆ ਇਨਸਾਨ, ਵਧੀਆ ਸ਼ਾਇਰ ਅਤੇ ਮਿੱਤਰਾਂ ਦੇ ਮਿੱਤਰ ਮੰਗਾ ਸਿੰਘ ਬਾਸੀ ਸਰੀਰਕ ਤੌਰ 'ਤੇ ਚੜਾਈ ਕਰ ਗਏ ਹਨ, ਪਰ ਉਹਨਾਂ ਦੀਆਂ ਲਿਖਤਾਂ ਦਿਲਾਂ ਵਿੱਚ ਕਾਇਮ ਹਨ। ਜ਼ਿਲਾ ਜਲੰਧਰ ਵਿੱਚ ਪੈਂਦੇ ਪਿੰਡ ਬੀਰ ਬੰਸੀਆਂ ਵਿਖੇ ਮੰਗਾ ਸਿੰਘ ਬਾਸੀ ਦਾ ਜਨਮ 15 ਜਨਵਰੀ 1954 ਨੂੰ ਹੋਇਆ। ਜੰਡਿਆਲਾ ਕਾਲਜ ਵਿਚ ਪੜ੍ਹਨ ਮਗਰੋਂ ਮੰਗਾ ਸਿੰਘ ਬਾਸੀ 70ਵਿਆਂ ਵਿੱਚ ਕੈਨੇਡਾ ਵਾਸੀ ਹੋ ਗਿਆ ਅਤੇ ਅੱਜ ਕੱਲ ਸ਼ਹਿਰ ਕੈਮਲੂਪਸ ਵਿਖੇ ਖੁਸ਼ਹਾਲ ਜ਼ਿੰਦਗੀ ਬਸਰ ਕਰ ਰਿਹਾ ਸੀ। ਜੇ ਉਸ ਦੇ ਨਾਂ ਦੀ ਗੱਲ ਕਰੀਏ ਤਾਂ 'ਮੰਗਾ ਸਿੰਘ' ਆਪਣੀਆਂ ਭੈਣਾਂ ਦੀ ਪੈਦਾਇਸ਼ ਤੋਂ ਬਾਅਦ, ਮਾਪਿਆਂ ਵੱਲੋਂ ਰੱਬ ਕੋਲੋਂ 'ਮੰਗ' ਕੇ ਲਿਆ ਪੁੱਤਰ ਸੀ। ਕਵੀ ਤੋਂ ਇਲਾਵਾ ਹੋਟਲ ਕਾਰੋਬਾਰ ਅਤੇ ਰੀਅਲ ਅਸਟੇਟ ਵਿੱਚ ਵੀ ਉਸ ਨੇ ਬੜੀ ਮਿਹਨਤ ਕੀਤੀ।

ਕੈਨੇਡਾ ਵਿੱਚ ਮੰਗਾ ਸਿੰਘ ਨੇ ਚੰਗਾ ਕਾਰੋਬਾਰ ਸਥਾਪਤ ਕੀਤਾ, ਪਰ ਮਾਪਿਆਂ ਦੇ ਪਿਆਰ ਨੂੰ ਸਦਾ ਚੇਤੇ ਰੱਖਿਆ। ਆਪਣੇ ਸਤਿਕਾਰਯੋਗ ਬਾਪ ਦੀ ਯਾਦ ਵਿੱਚ ਉਸ ਨੇ ਪੁਰਸਕਾਰ ਆਰੰਭ ਕੀਤਾ ਅਤੇ 'ਬਾਪੂ ਸ. ਪ੍ਰੀਤਮ ਸਿੰਘ ਬਾਸੀ ਮੈਮੋਰੀਅਲ ਐਵਾਰਡ' ਹਰ ਸਾਲ ਦਿਆ ਕਰਦਾ ਸੀ। ਅਜੇ ਕੁਝ ਦਿਨ ਪਹਿਲਾਂ ਮਾਰਚ ਦੇ ਪਹਿਲੇ ਹਫਤੇ ਸਾਡੀਆਂ ਵਿਚਾਰਾਂ ਹੋਈਆਂ, ਪਰ ਇਹ ਨਹੀਂ ਸੀ ਪਤਾ ਕਿ ਭਾਣਾ ਵਰਤਣ ਵਾਲਾ ਹੈ। 73 ਸਾਲਾ ਮੰਗਾ ਸਿੰਘ ਬਾਸੀ ਕੈਮਲੂਪਸ ਸਥਿਤ ਰੋਇਲ ਇਨਲੈਂਡ ਹਸਪਤਾਲ ਵਿੱਚ ਇਲਾਜ ਅਧੀਨ ਸੀ, ਜਿੱਥੇ ਉਸ ਨੇ 25 ਮਾਰਚ ਨੂੰ ਆਪਣੀ ਸੰਸਾਰਕ ਯਾਤਰਾ ਪੂਰੀ ਕਰਦੇ ਹੋਏ ਆਖ਼ਰੀ ਸਾਹ ਲਿਆ।

ਮੰਗਾ ਸਿੰਘ ਬਾਸੀ ਦੀ 'ਸਾਹਿਤ ਯਾਤਰਾ' ਵਿੱਚ ਉਸ ਵੱਲੋਂ 'ਮਾਂ ਕਹਿੰਦੀ ਸੀ', 'ਧਰਤਿ ਕਰੇ ਅਰਜ਼ੋਈ,' 'ਬਰਫ ਦਾ ਮਾਰੂਥਾਲ', 'ਵਿੱਚ ਪਰਦੇਸਾਂ ਦੇ', 'ਮੈਂ ਤੇ ਕਵਿਤਾ', 'ਕੂੰਜ ਦੇ ਸਿਰਨਾਵੇਂ', ਸੁਣ ਨੀ ਜਿੰਦੇ ਮੇਰੀਏ' ਆਦਿ ਕਈ ਲਿਖਤਾਂ ਹਨ। ਆਰੰਭ ਵਿੱਚ ਭੂ-ਹੇਰਵੇ ਦਾ ਦਰਦ ਕਵਿਤਾਵਾਂ ਵਿੱਚ ਸੀ, ਪਰ ਮਗਰੋਂ 'ਕੈਨੇਡਾ ਨੂੰ ਆਪਣਾ ਦੇਸ' ਮੰਨਦੇ ਹੋਏ ਮੰਗਾ ਸਿੰਘ ਬਾਸੀ ਨੇ ਲਿਖਿਆ ;

**'ਹੁਣ ਇਹ ਦੇਸ**
**ਪਰਦੇਸ ਨਹੀਂ**
**ਆਪਣਾ ਦੇਸ ਬਣ ਗਿਆ ਹੈ**
**ਜਿੱਥੇ ਮੈਂ**
**ਸੁਪਨਿਆਂ ਦੇ ਬੀਅ ਬੀਜਦਾ**
**ਸਾਕਾਰਤਾ ਦੇ ਫੁੱਲਾਂ ਦਾ**
**ਗੀਤ ਲਿਖ ਰਿਹਾ ਹਾਂ'**

ਸੰਨ 2010 ਵਿੱਚ ਮੰਗਾ ਸਿੰਘ ਬਾਸੀ ਨੇ ਆਪਣੀ ਕਿਤਾਬ 'ਧਰਤਿ ਕਰੇ ਅਰਜ਼ੋਈ' ਮੈਨੂੰ ਪਿਆਰ ਸਹਿਤ ਦਿੱਤੀ। ਮੈਂ ਬਹੁਤ ਗਹੁ ਨਾਲ ਇਹ ਕਾਵਿ-ਨਾਟਕ ਪੜ੍ਹਿਆ ਤੇ ਉਸ ਵੇਲੇ ਜੋ ਸ਼ਬਦ ਕਹੇ ਉਹ ਇਸ ਤਰ੍ਹਾਂ ਹਨ : ਪੰਜਾਬੀ ਦੇ ਸਿਰਮੌਰ ਕਵੀ ਡਾਕਟਰ ਹਰਭਜਨ ਸਿੰਘ ਜੀ ਦੀ ਕਿਤਾਬ 'ਰੁਖ ਤੇ ਰਿਸ਼ੀ' ਜਿੱਥੇ ਕੁਦਰਤ ਸਬੰਧੀ ਸਾਹਿਤ ਜਗਤ ਦੀ ਸਿਖਰਲੀ ਰਚਨਾ ਹੈ, ਉਥੇ ਉਸੇ ਤਰਜ਼ 'ਤੇ ਮੰਗਾ ਸਿੰਘ ਬਾਸੀ ਦੀ 'ਧਰਤਿ ਕਰੇ ਅਰਜ਼ੋਈ' ਅਜਿਹੇ ਹੀ ਭਾਵ ਚਿੰਤਨ ਨੂੰ ਪੇਸ਼ ਕਰਦੀ ਵਡਮੁੱਲੀ ਰਚਨਾ ਹੈ;

**'ਪਵਨ ਗੁਰੂ ਹੈ ਸਭ ਦਾ,**
**ਪਾਣੀ ਪਿਤਾ ਸਮਾਨ।**
**ਧਰਤੀ ਜਿਹੀ ਕੋਈ ਮਾਤ ਨਾ,**
**ਦੇਖੇ ਬਹੁਤ ਜਹਾਨ।**
**ਸੇਵ ਕਮਾਉਣੀ ਏਸ ਦੀ,**
**ਹੈ ਜੀਵਨ ਦੀ ਸ਼ਾਨ।**
**ਜੇ ਕੋਈ ਕੁਹਜ ਕਮਾਂਵਦਾ,**
**ਪਲ ਵਿਚ ਕਰੋ ਪਛਾਣ।'**
**ਧਰਤੀ ਸਾਗਰ ਰੁੱਖੜੇ,**

ਡਾ. ਗੁਰਵਿੰਦਰ ਸਿੰਘ
604 825 1550



**ਜ਼ਿੰਦਗੀ ਦਾ ਸੰਗੀਤ।**
**ਸੰਗ ਨਦੀਆਂ ਦੇ ਗਾਉਂਦੀਆਂ**
**ਲਹਿਰਾਂ ਜੀਵਨ ਗੀਤ।**


ਮੰਗਾ ਸਿੰਘ ਬਾਸੀ ਨੇ ਗਲੋਬਲ ਵਾਰਮਿੰਗ ਦੇ ਵਿਸ਼ੇ ਨੂੰ ਲੈ ਕੇ ਇਹ ਕਾਵਿ ਨਾਟਕ ਲਿਖਿਆ, ਜਿਸ ਵਿੱਚ ਘਟਾਵਾਂ, ਬੱਦਲ, ਮੀਂਹ, ਹਨੇਰੀਆਂ, ਤੂਫਾਨ, ਜੰਗਲ 'ਚ ਅੱਗਾਂ, ਨਦੀਆਂ ਚ ਸੋਕਾ, ਪ੍ਰਕਿਰਤੀ ਦਾ ਘਾਣ, ਜੀਵ ਜੰਤੂਆਂ ਦੀ ਤਬਾਹੀ, ਬਰਫ ਦੇ ਤੋਦਿਆਂ ਦਾ ਪਿਘਲਣਾ, ਗਲੇਸ਼ੀਅਰਾਂ ਦਾ ਟੁੱਟਣਾ, ਸਮੁੰਦਰਾਂ 'ਚ ਪਾਣੀ ਦਾ ਵਧਣਾ ਤੇ ਖਤਰਨਾਕ ਰਸਾਇਣਾਂ ਦਾ ਪਾਣੀ ਚ ਘੁਲਣਾ ਤੇ ਮੱਛੀਆਂ ਦਾ ਮਰਨਾ ਆਦਿ ਜਿੱਥੇ ਚਿੰਤਾ ਦਾ ਵਿਸ਼ਾ ਹਨ, ਉਥੇ ਨਾਲ ਹੀ ਬ੍ਰਹਮੰਡ, ਕੁਦਰਤ, ਧਰਤੀ, ਸਾਗਰ, ਬਿਰਖ, ਜੀਵ ਜੰਤ, ਨਦੀ, ਮੱਛੀ, ਮੋਰ, ਲੋਕ, ਕਵੀ, ਸਾਇੰਸਦਾਨ, ਚਿੰਤਕ ਬੁੱਧੀਜੀਵੀ ਆਦਿ 'ਧਰਤ ਕਰੇ ਅਰਜੋਈ' ਵਿੱਚ ਵਿੱਚ ਪਾਤਰਾਂ ਵਜੋਂ ਉਜਾਗਰ ਹੁੰਦੇ ਹਨ।

**ਧਰਤੀ, ਨਦੀ ਤੇ ਬਿਰਖ਼ ਬਿਨ**
**ਬਚ ਨਹੀਂ ਸਕਦਾ ਸ਼ਹਿਰ।**
**ਕਿੰਨਾ ਚਿਰ ਸਾਹ ਲਹਿਣਗੇ,**
**ਚਖ਼ਦੇ ਜੋ ਨਿੱਤ ਜ਼ਹਿਰ**
**'ਇਹ ਕੈਸੀ ਰੁੱਤ ਆਈ ਵੇ ਲੋਕਾ,**
**ਇਹ ਕੈਸੀ ਰੁੱਤ ਆਈ।**
**ਪਿੰਡੇ ਛਾਲੇ ਦਰਦਾਂ ਪੀੜਾਂ,**
**ਜਿੰਦ ਜਾਪੇ ਕੁਮਲਾਈ।**
**ਹਰ ਰੁੱਤ ਧਰਤੀ ਵਿਹੜੇ ਆ ਕੇ,**
**ਵੱਖਰੇ ਸਦਾ ਪੈਗ਼ਾਮ ਲਿਆਵੇ।**
**ਗਰਮੀ ਸਰਦੀ ਮੇਘ ਘਟਾਵਾਂ,**
**ਰੰਗ ਬਸੰਤੀ ਮਨ ਬਹਿਲਾਵੇ।**
**ਗਹਿਰ ਜਹੀ ਚਾਰ ਚੁਫ਼ੇਰੇ,**
**ਹਰ ਥਾਂ ਕਾਲਖ਼ ਛਾਈ-**
**ਵੇ ਲੋਕਾ, ਇਹ ਕੈਸੀ ਰੁੱਤ ਆਈ।**
**ਡਰਦੇ ਜੀਵ ਗੁਫ਼ਾਈ ਸੁੱਤੇ,**
**ਰਾਤ ਹਨੇਰੀ ਭੌਂਕਣ ਕੁੱਤੇ।**
**ਬਦ-ਸ਼ਗਨੇ ਮੌਸਮ ਬੇ-ਰੁੱਤੇ, ਧਰਤੀ,**
**ਸਾਗਰ ਤੇ ਹੀ ਨਾਹੀਂ**
**ਮੌਤ ਚੰਘਾੜੇ ਅੰਬਰਾਂ ਉੱਤੇ।**
**ਨਾ ਕੋਈ ਸੁਣੇ ਦੁਹਾਈ- ਵੇ ਲੋਕਾ।**
**ਇਹ ਕੈਸੀ ਰੁੱਤ ਆਈ- ਵੇ ਲੋਕਾ !'**

ਇਹ ਕਾਵਿ-ਨਾਟ 'ਦਸ ਭਾਗਾਂ' ਵਿੱਚ ਵੰਡਿਆ ਹੋਇਆ ਹੈ, ਜਿਸ ਵਿੱਚ ਨਿਜ ਤੋਂ ਉੱਪਰ ਉੱਠ ਕੇ, ਸਮੁੱਚੇ ਬ੍ਰਹਮੰਡ ਦੇ ਦਰਦ ਨੂੰ ਕਵੀ ਨੇ ਸਮਾਉਣ ਦੀ ਕੋਸ਼ਿਸ਼ ਕੀਤੀ ਹੈ। ਇਸ ਕਾਵਿ-ਨਾਟ ਵਿੱਚ ਦਿਸ਼ਾ ਵੀ ਤੇ ਦ੍ਰਿਸ਼ਟੀ ਵੀ ਹੈ ਅਤੇ ਦੋਹਾਂ ਦੀ ਸੁਮੇਲ ਦੀ ਪ੍ਰਭਾਵਸ਼ਾਲੀ ਸਿਰਜਣਾ ਕੀਤੀ ਗਈ ਹੈ। ਗਲੋਬਲ ਵਾਰਮਿੰਗ ਚੁਣੌਤੀਆਂ ਦੇ ਬਾਵਜੂਦ, ਕਵਿਤਾ ਚੜ੍ਹਦੀ ਕਲਾ ਵਿੱਚ ਨਜ਼ਰ ਆਉਂਦੀ ਹੈ ;

**'ਅਸੀਂ ਜੀਊਣਾ ਮਰਨਾ ਧਰਤ ਲਈ,**
**ਲਾਉਣਾ ਮਾਨਵ ਬਾਗ਼।**
**ਫੁੱਲਾਂ ਰੰਗ ਬਿਖੇਰਨੇ,**
**ਗਾਉਣ ਤਿਤਲੀਆਂ ਰਾਗ।**
**ਹਵਾ ਕਰੇਗੀ ਚੌਰੀਆਂ,**
**ਜਗਣਾ ਕਿਰਨ ਚਿਰਾਗ਼।**
**ਸਾਗਰ ਖ਼ੁਸ਼ੀ ਮਨਾਵਣੀ,**
**ਗਾਉਣੇ ਨਦੀ ਸੁਹਾਗ।**
**ਰਿਸ਼ਮਾਂ ਪੋਚੇ ਫ਼ੇਰਕੇ,**
**ਧੋਣੇ ਧਰਤ ਤੋਂ ਦਾਗ।**
**ਭੱਜਣੇ ਕੋਹਾਂ ਦੂਰ ਨੇ,**
**ਜ਼ਹਿਰ ਵੰਡੇਂਦੇ ਨਾਗ।**
**ਸਭ ਚਾਨਣ ਹੋ ਜਾਵਣਾ,**
**ਹੁਣ ਮਾਨਵ ਉੱਠਿਆ ਜਾਗ।'**

ਪੰਜਾਬੀ ਕਾਵਿ ਵਿੱਚ 'ਵਿਸ਼ਵ ਦ੍ਰਿਸ਼ਟੀ ਵਾਲੀ' ਪਹੁੰਚ ਦੀ 'ਧਰਤਿ ਕਰੇ ਅਰਜ਼ੋਈ' ਮਿਸਾਲ ਹੈ। ਇਹ ਪੰਜਾਬੀ ਪਾਠਕਾਂ ਦੇ ਪੜ੍ਹਨ-ਯੋਗ ਕਿਤਾਬ ਹੈ ਅਤੇ ਸਾਹਿਤ ਜਗਤ ਵਿੱਚ ਇਸ ਦਾ ਸਹੀ ਮੁੱਲ ਪਾਇਆ ਜਾਣਾ ਬਣਦਾ ਹੈ। ਅਖੀਰ ਵਿੱਚ ਮੰਗਾ ਸਿੰਘ ਬਾਸੀ ਨੇ ਆਸ਼ਾਵਾਦੀ ਸੋਚ ਦੀ ਮਿਸਾਲ ਇਉਂ ਪੇਸ਼ ਕੀਤੀ ਗਈ ਹੈ ;




**'ਬੰਬ ਮਿਜ਼ਾਇਲਾਂ ਐਟਮੀ,**
**ਨਹੀਂ ਚੱਲਣ ਦੇਣੀਆਂ ਹੋਰ।**
**ਪੀਢੀ ਕਰਾਂਗੇ ਲੋਕਤਾ,**
**ਢਾਹ ਸਕਤੇ ਦਾ ਜ਼ੋਰ।**
**ਜਦ ਲੋਕ ਤੁਰੇ ਸੰਗ ਲੋਕਤਾ,**
**ਨਾ ਥੰਮ੍ਹ ਸਕਦਾ ਕੋਈ ਤੋਰ।**
**ਕੁਝ ਸਮਾਂ ਅਸਾਂ ਨੂੰ ਦੇ ਦਿਓ,**
**ਪਰਤ ਆਵਣਾ ਫੇਰ।**
**ਆ ਫਿਰ ਅੱਖੀਂ ਵੇਖਣਾ,**
**ਮੁੱਕਣੇ ਕੁਹਜ ਹਨ੍ਹੇਰ।**
**ਕਿਰਨਾਂ ਪਾਉਣੇ ਆਲ੍ਹਣੇ,**
**ਹਰ ਥਾਂ ਚਾਰ ਚੁਫ਼ੇਰ।**
**ਹੜ੍ਹ ਆਉਣਾ ਹਰਿਆਵਲਾਂ,**
**ਨਾ ਹੁਣ ਬਹੁਤੀ ਦੇਰ।**
**ਚੜ੍ਹਨੀ ਨਵੇਂ ਜ਼ਹਾਨ ਤੇ,**
**ਮੁੜਕੇ ਨਵੀਂ ਸਵੇਰ।'**

ਮੰਗਾ ਸਿੰਘ ਬਾਸੀ 'ਧਰਤ ਕਰੇ ਅਰਜ਼ੋਈ' ਰਾਹੀਂ 'ਕੁਦਰਤ ਵਿੱਚ ਇੱਕ ਮਿਕ' ਹੋ ਚੁੱਕੇ ਹਨ। ਮੰਗਾ ਬਾਸੀ ਦੀ ਧਰਤੀ ਦੇ ਬਚਾਊ ਅਤੇ ਖੈਰ-ਸੁਖ ਮੰਗਣ ਦੀ ਇਹ ਅਰਜ਼ੋਈ, ਸਦਾ ਹੀ ਸਾਡੇ ਦਿਲਾਂ 'ਚ ਕਾਇਮ ਰਹੇਗੀ! ਅੰਤ ਵਿੱਚ ਮੰਗਾ ਸਿੰਘ ਬਾਸੀ ਦੀਆਂ ਉਤਸ਼ਾਹ ਬੋਲੀਆਂ ਵਿੱਚੋਂ ਹੀ ਅੰਤਮ ਵਿਦਾਇਗੀ ਦਾ ਸੁਨੇਹਾ ਸਾਂਝਾ ਕਰਦੇ ਹਾਂ;

**'ਬੋਲੀ ਬੋਲੀ ਦੁਨੀਆ ਕਰਦੀ**
**ਆ ਜਾ ਬੋਲੀਆਂ ਪਾਈਏ**
**ਦਿਨ ਖੁਸੀਆਂ ਦਾ ਰੁੱਤ ਗਿਧਿਆਂ ਦੀ**
**ਰੁੱਸਿਆਂ ਤਾਈ ਮਨਾਈਏ**
**ਜ਼ਿੰਦਗੀ ਦਾ ਹਰ ਪੈਡਾਂ**
**ਸਿਰੜਆਂ ਨਾਲ ਮੁਕਾਈਏ**
**ਤੱਕ ਕੇ ਮੁਸ਼ਕਲ ਨੂੰ**
**ਭੁਲਕੇ ਨਾ ਘਬ੍ਰਾਈਏ÷**
**ਅਲਵਿਦਾ ਮੰਗਾ ਸਿੰਘ ਬਾਸੀ ਜੀਓ !!**

ਪਠਾਨਕੋਟ 'ਚ ਕੁਦਰਤ ਦਾ ਕਹਿਰ

# ਭਾਰੀ ਮੀਂਹ ਤੇ ਗੜ੍ਹੇਮਾਰੀ ਨੇ ਤਬਾਹ ਕੀਤੀਆਂ ਫ਼ਸਲਾਂ; ਕਿਸਾਨਾਂ ਨੇ ਸਰਕਾਰ ਤੋਂ ਮੰਗਿਆ ਮੁਆਵਜ਼ਾ









ਪਠਾਨਕੋਟ: ਸਰਹੱਦੀ ਜ਼ਿਲ੍ਹਾ ਪਠਾਨਕੋਟ ਦੇ ਪਿੰਡਾਂ ਵਿੱਚ ਪਿਛਲੇ ਦਿਨੀਂ ਹੋਈ ਭਾਰੀ ਬਾਰਿਸ਼ ਅਤੇ ਗੜੇਮਾਰੀ ਨੇ ਕਿਸਾਨਾਂ ਦੀਆਂ ਉਮੀਦਾਂ 'ਤੇ ਪਾਣੀ ਫੇਰ ਦਿੱਤਾ ਹੈ। ਪਿੰਡ ਕਾਲਸਪੁਰ ਦੇ ਰਹਿਣ ਵਾਲੇ ਕਿਸਾਨ ਸੇਵਾ ਸਿੰਘ ਨੇ ਆਪਣੀ ਹੱਡ-ਭੰਨਵੀਂ ਮਿਹਨਤ ਨਾਲ ਪਾਲੀ ਕਣਕ ਦੀ ਫ਼ਸਲ ਨੂੰ ਅੱਖਾਂ ਸਾਹਮਣੇ ਬਰਬਾਦ ਹੁੰਦੇ ਦੇਖ ਕੇ ਸਰਕਾਰ ਅੱਗੇ ਮਦਦ ਦੀ ਗੁਹਾਰ ਲਗਾਈ ਹੈ।

ਕਿਸਾਨ ਸੇਵਾ ਸਿੰਘ ਨੇ ਆਪਣਾ ਦਰਦ ਬਿਆਨ ਕਰਦਿਆਂ ਕਿਹਾ ਕਿ ਉਹ ਪਹਿਲਾਂ ਵੀ ਹੜ੍ਹਾਂ ਅਤੇ ਬੇਮੌਸਮੀ ਬਾਰਿਸ਼ ਕਾਰਨ ਭਾਰੀ ਨੁਕਸਾਨ ਝੱਲ ਚੁੱਕੇ ਹਨ। ਉਨ੍ਹਾਂ ਦੇ ਮੁੱਖ ਨੁਕਤੇ ਹੇਠ ਲਿਖੇ ਹਨ:

ਫ਼ਸਲ ਦੀ ਬਰਬਾਦੀ: ਕਣਕ ਦੀ ਫ਼ਸਲ, ਜੋ ਕਿ ਵੱਢਣ ਦੇ ਨੇੜੇ ਸੀ, ਮੀਂਹ ਅਤੇ ਗੜਿਆਂ ਕਾਰਨ ਖੇਤਾਂ ਵਿੱਚ ਹੀ ਵਿਛ ਗਈ ਹੈ।

ਲਾਗਤ ਦਾ ਬੋਝ: ਖਾਦਾਂ, ਬੀਜਾਂ ਅਤੇ ਕੀਟਨਾਸ਼ਕਾਂ ਦੀਆਂ ਲਗਾਤਾਰ ਵਧ ਰਹੀਆਂ ਕੀਮਤਾਂ ਕਾਰਨ ਪਹਿਲਾਂ ਹੀ ਕਿਸਾਨ ਕਰਜ਼ੇ ਹੇਠ ਹਨ। ਹੁਣ ਫ਼ਸਲ ਤਬਾਹ ਹੋਣ ਨਾਲ ਆਰਥਿਕ ਸਥਿਤੀ ਬੇਹੱਦ ਗੰਭੀਰ ਹੋ ਗਈ ਹੈ।

ਸਰਕਾਰੀ ਬੇਰੁਖੀ: ਸੇਵਾ ਸਿੰਘ ਅਨੁਸਾਰ, ਪਿਛਲੇ ਨੁਕਸਾਨਾਂ ਦੇ ਬਾਵਜੂਦ ਸਰਕਾਰ ਵੱਲੋਂ ਉਨ੍ਹਾਂ ਨੂੰ ਅਜੇ ਤੱਕ ਕੋਈ ਮੁਆਵਜ਼ਾ ਜਾਂ ਵਿੱਤੀ ਸਹਾਇਤਾ ਪ੍ਰਾਪਤ ਨਹੀਂ ਹੋਈ।

ਸਰਕਾਰ ਤੋਂ ਵਿਸ਼ੇਸ਼ ਗਿਰਦਾਵਰੀ ਦੀ ਮੰਗ

ਪ੍ਰਭਾਵਿਤ ਕਿਸਾਨਾਂ ਨੇ ਪੰਜਾਬ ਸਰਕਾਰ ਅਤੇ ਜ਼ਿਲ੍ਹਾ ਪ੍ਰਸ਼ਾਸਨ ਤੋਂ ਮੰਗ ਕੀਤੀ ਹੈ ਕਿ:

ਖਰਾਬ ਹੋਈਆਂ ਫ਼ਸਲਾਂ ਦੀ ਤੁਰੰਤ ਵਿਸ਼ੇਸ਼ ਗਿਰਦਾਵਰੀ ਕਰਵਾਈ ਜਾਵੇ।

ਕਿਸਾਨਾਂ ਨੂੰ ਹੋਏ ਨੁਕਸਾਨ ਦਾ ਬਣਦਾ ਯੋਗ ਮੁਆਵਜ਼ਾ ਜਲਦ ਤੋਂ ਜਲਦ ਜਾਰੀ ਕੀਤਾ ਜਾਵੇ।

ਅਗਲੀ ਫ਼ਸਲ ਦੀ ਬਿਜਾਈ ਲਈ ਕਿਸਾਨਾਂ ਨੂੰ ਸਬਸਿਡੀ 'ਤੇ ਬੀਜ ਅਤੇ ਹੋਰ ਸਹੂਲਤਾਂ ਦਿੱਤੀਆਂ ਜਾਣ। ਖੇਤੀਬਾੜੀ ਮਾਹਿਰਾਂ ਅਨੁਸਾਰ ਇਸ ਵਾਰ ਗੜੇਮਾਰੀ ਦੀ ਤੀਬਰਤਾ ਜ਼ਿਆਦਾ ਹੋਣ ਕਾਰਨ ਫ਼ਸਲ ਦੀ ਗੁਣਵੱਤਾ 'ਤੇ ਵੀ ਅਸਰ ਪਵੇਗਾ। ਕਿਸਾਨ ਸੇਵਾ ਸਿੰਘ ਵਰਗੇ ਹਜ਼ਾਰਾਂ ਕਿਸਾਨ ਹੁਣ ਸਰਕਾਰ ਦੇ ਮੂੰਹ ਵੱਲ ਦੇਖ ਰਹੇ ਹਨ ਕਿ ਕੀ ਇਸ ਵਾਰ ਉਨ੍ਹਾਂ ਦੀ ਬਾਂਹ ਫੜੀ ਜਾਵੇਗੀ ਜਾਂ ਉਨ੍ਹਾਂ ਨੂੰ ਮੁੜ ਰੱਬ ਆਸਰੇ ਛੱਡ ਦਿੱਤਾ ਜਾਵੇਗਾ।

### ਰੰਗਾਲੀ ਬੀਹੂ ਦੀਆਂ ਤਿਆਰੀਆਂ ਸ਼ੁਰੂ

# ਗੁਹਾਟੀ 'ਚ ਬੀਹੂ ਲੋਕ ਨਾਚ ਵਰਕਸ਼ਾਪ ਰਾਹੀਂ ਸੱਭਿਆਚਾਰਕ ਰੰਗ ਬਿਖੇਰਿਆ



ਗੁਹਾਟੀ (ਅਸਾਮ): ਅਸਾਮ ਦੇ ਪ੍ਰਸਿੱਧ ਤਿਉਹਾਰ ਰੰਗਾਲੀ ਬੀਹੂ ਦੀ ਆਮਦ ਨੂੰ ਲੈ ਕੇ ਪੂਰੇ ਸੂਬੇ ਵਿੱਚ ਉਤਸ਼ਾਹ ਦਾ ਮਾਹੌਲ ਹੈ। ਇਸੇ ਸਿਲਸਿਲੇ ਵਿੱਚ, ਗੁਹਾਟੀ ਦੇ ਨੂਨਮਤੀ ਇਲਾਕੇ ਵਿੱਚ ਬੀਹੂ ਲੋਕ ਨਾਚ ਦੀ ਇੱਕ ਵਿਸ਼ੇਸ਼ ਵਰਕਸ਼ਾਪ ਲਗਾਈ ਗਈ। ਇਹ ਵਰਕਸ਼ਾਪ 'ਸਤਪੁਰੁਸ਼ਾ ਬੀਹੂ ਸੰਮੇਲਨ' ਵੱਲੋਂ 'ਨੂਨਮਤੀ ਬੀਹੂ ਸੰਮੇਲਨ' ਦੇ ਸਹਿਯੋਗ ਨਾਲ ਕਰਵਾਈ ਗਈ।

**ਮਹਿਲਾ ਭਾਗੀਦਾਰਾਂ ਦਾ ਉਤਸ਼ਾਹ:** ਵੀਰਵਾਰ ਨੂੰ ਹੋਈ ਇਸ ਵਰਕਸ਼ਾਪ ਵਿੱਚ ਵੱਡੀ ਗਿਣਤੀ ਵਿੱਚ ਮੁਟਿਆਰਾਂ ਅਤੇ ਔਰਤਾਂ ਨੇ ਹਿੱਸਾ ਲਿਆ। ਰਵਾਇਤੀ ਪਹਿਰਾਵੇ ਵਿੱਚ ਸਜੀਆਂ ਇਹ ਮਹਿਲਾਵਾਂ ਬੀਹੂ ਨਾਚ ਦੀਆਂ ਬਾਰੀਕੀਆਂ ਸਿੱਖਦੀਆਂ ਨਜ਼ਰ ਆਈਆਂ।

**ਸੱਭਿਆਚਾਰਕ ਵਿਰਸੇ ਦੀ ਸਾਂਭ-ਸੰਭਾਲ:** ਇਸ ਆਯੋਜਨ ਦਾ ਮੁੱਖ ਮਕਸਦ ਨਵੀਂ ਪੀੜ੍ਹੀ ਨੂੰ ਅਸਾਮੀ ਸੱਭਿਆਚਾਰ ਅਤੇ ਲੋਕ ਨਾਚਾਂ ਨਾਲ ਜੋੜਨਾ ਹੈ, ਤਾਂ ਜੋ ਰੰਗਾਲੀ ਬੀਹੂ ਦੇ ਤਿਉਹਾਰ ਨੂੰ ਪੂਰੀ ਰਵਾਇਤੀ ਸ਼ਾਨੋ-ਸ਼ੌਕਤ ਨਾਲ ਮਨਾਇਆ ਜਾ ਸਕੇ।

**ਸਾਂਝਾ ਉਪਰਾਲਾ:** ਸਤਪੁਰੁਸ਼ਾ ਅਤੇ ਨੂਨਮਤੀ ਬੀਹੂ ਸੰਮੇਲਨਾਂ ਦੇ ਸਾਂਝੇ ਯਤਨਾਂ ਸਦਕਾ ਇਸ ਵਰਕਸ਼ਾਪ ਨੇ ਇਲਾਕੇ ਵਿੱਚ ਇੱਕ ਜਸ਼ਨ ਭਰਿਆ ਮਾਹੌਲ ਸਿਰਜ ਦਿੱਤਾ ਹੈ।

**ਰੰਗਾਲੀ ਬੀਹੂ ਦਾ ਮਹੱਤਵ**

ਰੰਗਾਲੀ ਬੀਹੂ (ਜਿਸ ਨੂੰ ਬੋਹਾਗ ਬੀਹੂ ਵੀ ਕਿਹਾ ਜਾਂਦਾ ਹੈ) ਅਸਾਮੀ ਨਵੇਂ ਸਾਲ ਦੀ ਸ਼ੁਰੂਆਤ ਦਾ ਪ੍ਰਤੀਕ ਹੈ। ਇਹ ਤਿਉਹਾਰ ਫ਼ਸਲਾਂ ਦੀ ਕਟਾਈ ਅਤੇ ਬਸੰਤ ਰੁੱਤ ਦੀ ਖ਼ੁਸ਼ੀ ਵਿੱਚ ਮਨਾਇਆ ਜਾਂਦਾ ਹੈ। ਵਰਕਸ਼ਾਪ ਦੌਰਾਨ ਢੋਲ, ਪੇਪਾ (ਮੱਝ ਦੇ ਸਿੰਗ ਤੋਂ ਬਣਿਆ ਸਾਜ਼) ਅਤੇ ਤਾਲੀਆਂ ਦੀ ਗੂੰਜ ਨੇ ਸਭ ਦਾ ਮਨ ਮੋਹ ਲਿਆ।

ਇਸ ਵਰਕਸ਼ਾਪ ਦੇ ਆਯੋਜਕਾਂ ਅਨੁਸਾਰ, ਅਜਿਹੇ ਪ੍ਰੋਗਰਾਮ ਲੋਕਾਂ ਵਿੱਚ ਆਪਸੀ ਭਾਈਚਾਰਾ ਵਧਾਉਣ ਅਤੇ ਆਪਣੀਆਂ ਜੜ੍ਹਾਂ ਨਾਲ ਜੁੜੇ ਰਹਿਣ ਲਈ ਬਹੁਤ ਜ਼ਰੂਰੀ ਹਨ।

# ਦੇਸ਼ ਦੀ ਸੁਰੱਖਿਆ ਨੂੰ ਲੈ ਕੇ ਪ੍ਰਧਾਨ ਮੰਤਰੀ ਮੋਦੀ ਦੀ ਵੱਡੀ ਮੀਟਿੰਗ

### CCS ਦੀ ਬੈਠਕ 'ਚ ਅਹਿਮ ਫੈਸਲਿਆਂ 'ਤੇ ਲੱਗੀ ਮੋਹਰ



ਨਵੀਂ ਦਿੱਲੀ : ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਬੁੱਧਵਾਰ ਨੂੰ ਨਵੀਂ ਦਿੱਲੀ ਵਿਖੇ ਕੈਬਨਿਟ ਕਮੇਟੀ ਆਨ ਸਕਿਓਰਿਟੀ (CCS) ਦੀ ਇੱਕ ਉੱਚ ਪੱਧਰੀ ਮੀਟਿੰਗ ਦੀ ਪ੍ਰਧਾਨਗੀ ਕੀਤੀ। ਇਸ ਮੀਟਿੰਗ ਵਿੱਚ ਦੇਸ਼ ਦੀ ਅੰਦਰੂਨੀ ਅਤੇ ਬਾਹਰੀ ਸੁਰੱਖਿਆ ਸਥਿਤੀ ਦੇ ਨਾਲ-ਨਾਲ ਗੁਆਂਢੀ ਦੇਸ਼ਾਂ ਵਿੱਚ ਵਾਪਰ ਰਹੀਆਂ ਤਾਜ਼ਾ ਘਟਨਾਵਾਂ 'ਤੇ ਡੂੰਘਾਈ ਨਾਲ ਚਰਚਾ ਕੀਤੀ ਗਈ।

ਰੱਖਿਆ ਰਣਨੀਤੀ: ਮੀਟਿੰਗ ਦੌਰਾਨ ਭਾਰਤੀ ਸੈਨਾ ਦੀਆਂ ਸਮਰੱਥਾਵਾਂ ਨੂੰ ਵਧਾਉਣ ਅਤੇ ਨਵੀਂ ਰੱਖਿਆ ਤਕਨੀਕ ਦੀ ਖਰੀਦ ਸਬੰਧੀ ਕਈ ਅਹਿਮ ਮੁੱਦਿਆਂ 'ਤੇ ਵਿਚਾਰ-ਵਟਾਂਦਰਾ ਕੀਤਾ ਗਿਆ।

ਸਰਹੱਦੀ ਸੁਰੱਖਿਆ: ਐਲ.ਏ.ਸੀ. (LAC) ਅਤੇ ਐਲ.ਓ.ਸੀ. (LOC) 'ਤੇ ਮੌਜੂਦਾ ਹਾਲਾਤ ਦਾ ਜਾਇਜ਼ਾ ਲਿਆ ਗਿਆ ਅਤੇ ਸਰਹੱਦਾਂ 'ਤੇ ਚੌਕਸੀ ਵਧਾਉਣ ਦੇ ਨਿਰਦੇਸ਼ ਦਿੱਤੇ ਗਏ।

ਅਹਿਮ ਸ਼ਖਸੀਅਤਾਂ ਦੀ ਮੌਜੂਦਗੀ: ਪ੍ਰਧਾਨ ਮੰਤਰੀ ਮੋਦੀ ਦੀ ਅਗਵਾਈ ਹੇਠ ਹੋਈ ਇਸ ਬੈਠਕ ਵਿੱਚ ਰੱਖਿਆ ਮੰਤਰੀ, ਗ੍ਰਹਿ ਮੰਤਰੀ, ਵਿਦੇਸ਼ ਮੰਤਰੀ ਅਤੇ ਵਿੱਤ ਮੰਤਰੀ ਸਮੇਤ ਰਾਸ਼ਟਰੀ ਸੁਰੱਖਿਆ ਸਲਾਹਕਾਰ (NSA) ਵੀ ਸ਼ਾਮਲ ਹੋਏ।

ਸੁਰੱਖਿਆ ਚੁਣੌਤੀਆਂ 'ਤੇ ਚਰਚਾ

ਸੂਤਰਾਂ ਅਨੁਸਾਰ, ਇਸ ਮੀਟਿੰਗ ਵਿੱਚ ਖਾਸ ਤੌਰ 'ਤੇ ਹਿੰਦ ਮਹਾਸਾਗਰ ਖੇਤਰ ਵਿੱਚ ਵਧ ਰਹੀਆਂ ਚੁਣੌਤੀਆਂ ਅਤੇ ਅੱਤਵਾਦ ਵਿਰੋਧੀ ਮੁਹਿੰਮਾਂ ਨੂੰ ਹੋਰ ਤੇਜ਼ ਕਰਨ ਬਾਰੇ ਰਣਨੀਤੀ ਤਿਆਰ ਕੀਤੀ ਗਈ ਹੈ। ਕੇਂਦਰ ਸਰਕਾਰ ਦੇਸ਼ ਦੀ ਪ੍ਰਭੂਸੱਤਾ ਅਤੇ ਅਖੰਡਤਾ ਨੂੰ ਬਣਾਈ ਰੱਖਣ ਲਈ ਕਿਸੇ ਵੀ ਤਰ੍ਹਾਂ ਦੇ ਸਮਝੌਤੇ ਨਾ ਕਰਨ ਦੀ ਨੀਤੀ 'ਤੇ ਅੱਗੇ ਵਧ ਰਹੀ ਹੈ।

ਇਹ ਮੀਟਿੰਗ ਅਜਿਹੇ ਸਮੇਂ ਹੋਈ ਹੈ ਜਦੋਂ ਵਿਸ਼ਵ ਪੱਧਰ 'ਤੇ ਕਈ ਭੂ-ਸਿਆਸੀ (Geopolitical) ਤਬਦੀਲੀਆਂ ਦੇਖਣ ਨੂੰ ਮਿਲ ਰਹੀਆਂ ਹਨ। ਪ੍ਰਧਾਨ ਮੰਤਰੀ ਨੇ ਸਾਰੇ ਵਿਭਾਗਾਂ ਨੂੰ ਆਪਸੀ ਤਾਲਮੇਲ ਨਾਲ ਕੰਮ ਕਰਨ ਅਤੇ ਕਿਸੇ ਵੀ ਅਣਸੁਖਾਵੀਂ ਸਥਿਤੀ ਨਾਲ ਨਜਿੱਠਣ ਲਈ ਹਮੇਸ਼ਾ ਤਿਆਰ ਰਹਿਣ ਲਈ ਕਿਹਾ ਹੈ।

# ਪੱਛਮੀ ਜ਼ਿਲ੍ਹਿਆਂ ਵਿਚ ਗੜਿਆਂ ਦੀ ਮਾਰ ਨੇ ਕੀਤੀ ਪੱਕੀ ਫ਼ਸਲ ਤਬਾਹ

### ਪੀੜਤ ਕਿਸਾਨਾਂ ਵਲੋਂ ਮੁਆਵਜ਼ੇ ਦੀ ਮੰਗ





ਸ੍ਰੀ ਮੁਕਤਸਰ ਸਹਿਬ : ਬੇਮੌਸਮੀ ਤਬਦੀਲੀ ਗੜ੍ਹੇ ਅਤੇ ਤੇਜ਼ ਹਨ੍ਹੇਰੀ ਨੇ ਕਈ ਜ਼ਿਲ੍ਹਿਆਂ ਵਿਚ ਪੱਕੀ ਕਣਕ ਦੀ ਫ਼ਸਲ ਤਬਾਹ ਕਰਨ ਕਰ ਦਿੱਤੇ।

ਜਿਸ ਕਿਸਾਨ ਨੇ ਲੱਖਾਂ ਦੀ ਫ਼ਸਲ ਵੇਚ ਕੇ ਪੁੱਤ-ਧੀ ਦੇ ਕੀਤੇ ਕਾਰਜਾਂ, ਮਕਾਨ ਅਤੇ ਕਿਸੇ ਨੇ ਕੋਈ ਹੋਰ ਅਤਿ ਲੋੜੀਂਦਾ ਪਾੜ੍ਹ ਪੱਟਿਆ ਹੋਵੇਗਾ ਤੇ ਆੜਤੀਏ ਜਾਂ ਹੋਰ ਲੈਣ ਦੇਣ ਵਾਲੇ ਨੂੰ ਆਈ ਕਣਕ ਵੇਚ ਕੇ ਹਿਸਾਬ ਨਬੇੜਣ ਦਾ ਵਾਅਦਾ ਕੀਤਾ ਹੋਵੇਗਾ ਤੇ ਉਸ ਦੀਆਂ ਸਾਰੀਆਂ ਆਸਾਂ ਕੁਦਰਤੀ ਆਫ਼ਤ ਨੇ ਕੁੱਝ ਮਿੰਟਾਂ ਵਿਚ ਤਬਾਹ ਕਰ ਦਿਤੀਆਂ ਹੋਣ, ਜਦੋਂ ਅਜਿਹੇ ਪੀੜਤ ਕਿਸਾਨਾਂ ਦੀ ਸਰਕਾਰਾਂ ਬਾਂਹ ਨੇੜੀਉਂ ਹੋ ਕੇ ਨਾ ਫੜਨ ਤਾਂ ਵਿਚਾਰੇ ਕਿਸਾਨ ਅਣਆਈ ਮੌਤ ਨੂੰ ਗਲ ਲਗਾਉਂਦੇ ਹਨ। ਕੇਵਲ ਗੱਲਾਂ ਨਾਲ ਕਰਜ਼ੇ ਨਹੀਂ ਉਤਰਦੇ, ਸਰਕਾਰਾਂ ਨੂੰ ਅਪਣੀ ਬੇਰੁਖੀ ਛੱਡ ਖੁੱਲ੍ਹੇ ਦਿਲ ਨਾਲ ਕਾਰਪੋਰੇਟਾਂ ਦੀ ਮਦਦ ਕਰਨ ਵਾਂਗ ਕਿਸਾਨਾਂ ਦੀ ਵੀ ਬਾਂਹ ਫੜਨੀ ਚਾਹੀਦੀ ਹੈ।

ਕੁੱਝ ਦਿਨ ਪਹਿਲਾਂ ਮੌਸਮ ਦੀ ਖਰਾਬੀ, ਗੜ੍ਹੇ ਪੈਣ ਅਤੇ ਝੱਖੜ ਆਦਿ ਕਰ ਕੇ ਮਾਝੇ ਅਤੇ ਦੁਆਬੇ ਦੇ ਕੁਝ ਹਿੱਸਿਆਂ ਵਿਚ ਆਲੂਆਂ ਸਮੇਤ ਕਣਕ ਦੀ ਪੱਕ ਰਹੀ ਫ਼ਸਲ ਦਾ ਵੀ ਭਾਰੀ ਨੁਕਸ਼ਾਨ ਹੋਇਆ ਸੀ। ਹੁਣ ਬੀਤੇ ਦਿਨ ਤੋਂ ਖ਼ਰਾਬ ਮੌਸਮ ਕਾਰਨ ਸ਼ਾਮ ਨੂੰ ਗੜ੍ਹੇ ਪੈਣ ਅਤੇ ਤੇਜ ਹਨ੍ਹੇਰੀ ਨੇ ਸ੍ਰੀ ਮੁਕਤਸਰ ਸਾਹਿਬ, ਫਾਜ਼ਿਲਕਾ ਅਤੇ ਬਠਿੰਡਾ ਜ਼ਿਲ੍ਹਿਆਂ ਵਿਚ ਪੱਕ ਚੁਕੀ ਕਣਕ ਦੀ ਫ਼ਸਲ ਦਾ ਭਾਰੀ ਨੁਕਸਾਨ ਕਰ ਦਿਤਾ। ਸ੍ਰੀ ਮੁਕਤਸਰ ਸਾਹਿਬ ਦੇ ਮਲੋਟ ਹਲਕੇ ਦੇ ਪਿੰਡਾਂ ਲੱਖੇਵਾਲੀ, ਨੰਦਗੜ੍ਹ, ਭਾਗਸਰ, ਗੰਦੜ, ਸ਼ੇਰੇਵਾਲਾ, ਲੱਕੜਵਾਲਾ ਭਲੇਰੀਆਂ, ਸ਼ੇਰਗੜ੍ਹ ਆਦਿ ਪਿੰਡਾਂ ਵਿਚ ਕੈਬਨਿਟ ਮੰਤਰੀ ਡਾ. ਬਲਜੀਤ ਕੌਰ ਨੇ ਪਹੁੰਚ ਕੇ ਕਿਸਾਨਾਂ ਨਾਲ ਦੁੱਖ ਸਾਂਝਾ ਕੀਤਾ ਅਤੇ ਹਰ ਤਰ੍ਹਾਂ ਦੀ ਮਦਦ ਦਾ ਵਿਸ਼ਵਾਸ ਦਿਵਾਇਆ।

ਜਦੋਂ ਕੇ ਲੰਬੀ ਹਲਕੇ ਦੇ ਪਿੰਡਾਂ ਆਲਮਵਾਲਾ, ਬੋਦੀ ਵਾਲਾ, ਸਰਾਵਾਂ ਬੋਦਲਾ, ਕੱਟਿਆਂ ਵਾਲੀ, ਰਾਣੀ ਵਾਲਾ, ਕਬਰਵਾਲਾ ਆਦਿ ਪਿੰਡਾਂ ਵਿਚ ਖੇਤਬਾੜੀ ਮੰਤਰੀ ਗੁਰਮੀਤ ਸਿੰਘ ਖੁਡੀਆਂ ਕਿਸਾਨਾਂ ਨਾਲ ਦੁੱਖ ਸਾਂਝਾ ਕਰਨ ਪਹੁੰਚੇ ਅਤੇ ਹਰ ਤਰ੍ਹਾਂ ਦੀ ਮਦਦ ਦਾ ਸਰਕਾਰ ਵਲੋਂ ਭਰੋਸਾ ਦਿਵਾਇਆ। ਜਦੋਂਕਿ ਬਠਿੰਡਾ ਜ਼ਿਲ੍ਹੇ ਦੇ ਲੂਲਬਾਈ, ਜੰਡੀਆਂ, ਰਾਇਕੇ ਆਦਿ ਪਿੰਡਾਂ ਅਤੇ ਇਸੇ ਤਰਾਂ ਫਾਜਿਲਕਾ ਜ਼ਿਲ੍ਹੇ ਦੇ ਮਲੋਟ ਹਲਕੇ ਨਾਲ਼ ਲਗਦੇ ਪਿੰਡਾਂ ਵਿਚ ਕਣਕ ਦੀ ਫ਼ਸਲ ਦਾ ਭਾਰੀ ਨੁਕਸਾਨ ਹੋਣ ਦੀਆਂ ਖ਼ਬਰਾਂ ਹਨ। ਇਸ ਗੜ੍ਹੇਮਾਰੀ ਕਾਰਨ 80 ਤੋਂ 90% ਤਕ ਭਾਰੀ ਨੁਕਸਾਨ ਹੋਇਆ।

# ਮਹਿਲਾ ਦੇ ਕਥਿਤ ਕਤਲ ਨੂੰ ਲੈ ਕੇ ਪਿੰਡ ਰੌਂਗਲਾ ਦੇ ਨਿਵਾਸੀਆਂ ਦਾ ਹੱਲਾ ਬੋਲ

### ਪੰਜਾਬ ਸਰਕਾਰ ਖ਼ਿਲਾਫ਼ ਜ਼ੋਰਦਾਰ ਪ੍ਰਦਰਸ਼ਨ



ਪਟਿਆਲਾ : ਪਟਿਆਲਾ ਜ਼ਿਲ੍ਹੇ ਦੇ ਪਿੰਡ ਰੌਂਗਲਾ ਵਿੱਚ ਇੱਕ ਮਹਿਲਾ ਦੇ ਹੋਏ ਸ਼ੱਕੀ ਕਤਲ ਤੋਂ ਬਾਅਦ ਇਲਾਕੇ ਵਿੱਚ ਭਾਰੀ ਰੋਸ ਪਾਇਆ ਜਾ ਰਿਹਾ ਹੈ। ਵੀਰਵਾਰ ਨੂੰ ਵੱਡੀ ਗਿਣਤੀ ਵਿੱਚ ਪਿੰਡ ਵਾਸੀਆਂ ਨੇ ਇਕੱਠੇ ਹੋ ਕੇ ਪੰਜਾਬ ਸਰਕਾਰ ਅਤੇ ਪੁਲਿਸ ਪ੍ਰਸ਼ਾਸਨ ਵਿਰੁੱਧ ਰੋਸ ਮੁਜ਼ਾਹਰਾ ਕੀਤਾ। ਪ੍ਰਦਰਸ਼ਨਕਾਰੀਆਂ ਦਾ ਦੋਸ਼ ਹੈ ਕਿ ਪੁਲਿਸ ਇਸ ਮਾਮਲੇ ਵਿੱਚ ਦੋਸ਼ੀਆਂ ਨੂੰ ਗ੍ਰਿਫ਼ਤਾਰ ਕਰਨ ਵਿੱਚ ਢਿੱਲ ਵਰਤ ਰਹੀ ਹੈ।

ਤੁਰੰਤ ਗ੍ਰਿਫ਼ਤਾਰੀ: ਪਿੰਡ ਵਾਸੀਆਂ ਦੀ ਮੰਗ ਹੈ ਕਿ ਮਹਿਲਾ ਦੇ ਕਤਲ ਪਿੱਛੇ ਸ਼ਾਮਲ ਅਸਲ ਦੋਸ਼ੀਆਂ ਨੂੰ ਜਲਦ ਤੋਂ ਜਲਦ ਸਲਾਖਾਂ ਪਿੱਛੇ ਭੇਜਿਆ ਜਾਵੇ।

ਇਨਸਾਫ਼ ਦੀ ਗੁਹਾਰ: ਪਰਿਵਾਰਕ ਮੈਂਬਰਾਂ ਅਤੇ ਪਿੰਡ ਦੇ ਮੋਹਤਬਰਾਂ ਨੇ ਕਿਹਾ ਕਿ ਜਦੋਂ ਤੱਕ ਇਨਸਾਫ਼ ਨਹੀਂ ਮਿਲਦਾ, ਉਨ੍ਹਾਂ ਦਾ ਸੰਘਰਸ਼ ਜਾਰੀ ਰਹੇਗਾ।

ਸੁਰੱਖਿਆ 'ਤੇ ਸਵਾਲ: ਪ੍ਰਦਰਸ਼ਨਕਾਰੀਆਂ ਨੇ ਸੂਬੇ ਦੀ ਮੌਜੂਦਾ ਕਾਨੂੰਨ ਵਿਵਸਥਾ 'ਤੇ ਸਵਾਲ ਚੁੱਕਦਿਆਂ ਕਿਹਾ ਕਿ ਦਿਨ-ਦਿਹਾੜੇ ਹੋ ਰਹੀਆਂ ਅਜਿਹੀਆਂ ਘਟਨਾਵਾਂ ਨੇ ਆਮ ਲੋਕਾਂ ਵਿੱਚ ਦਹਿਸ਼ਤ ਦਾ ਮਾਹੌਲ ਪੈਦਾ ਕਰ ਦਿੱਤਾ ਹੈ।

ਪ੍ਰਸ਼ਾਸਨਿਕ ਕਾਰਵਾਈ

ਧਰਨੇ ਕਾਰਨ ਆਵਾਜਾਈ ਵਿੱਚ ਵੀ ਵਿਘਨ ਪਿਆ, ਜਿਸ ਤੋਂ ਬਾਅਦ ਮੌਕੇ 'ਤੇ ਪਹੁੰਚੇ ਉੱਚ ਪੁਲਿਸ ਅਧਿਕਾਰੀਆਂ ਨੇ ਪ੍ਰਦਰਸ਼ਨਕਾਰੀਆਂ ਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ। ਪੁਲਿਸ ਵੱਲੋਂ ਭਰੋਸਾ ਦਿੱਤਾ ਗਿਆ ਹੈ ਕਿ ਮਾਮਲੇ ਦੀ ਗੰਭੀਰਤਾ ਨਾਲ ਜਾਂਚ ਕੀਤੀ ਜਾ ਰਹੀ ਹੈ ਅਤੇ ਫੋਰੈਂਸਿਕ ਰਿਪੋਰਟਾਂ ਦੇ ਆਧਾਰ 'ਤੇ ਅਗਲੀ ਕਾਰਵਾਈ ਕੀਤੀ ਜਾਵੇਗੀ।

ਪਿੰਡ ਵਾਸੀਆਂ ਨੇ ਚੇਤਾਵਨੀ ਦਿੱਤੀ ਹੈ ਕਿ ਜੇਕਰ ਅਗਲੇ ਕੁਝ ਦਿਨਾਂ ਵਿੱਚ ਕੋਈ ਠੋਸ ਨਤੀਜਾ ਨਾ ਨਿਕਲਿਆ, ਤਾਂ ਉਹ ਆਪਣੇ ਸੰਘਰਸ਼ ਨੂੰ ਹੋਰ ਤਿੱਖਾ ਕਰਨਗੇ ਅਤੇ ਜ਼ਿਲ੍ਹਾ ਪੱਧਰੀ ਰੋਸ ਪ੍ਰਦਰਸ਼ਨ ਸ਼ੁਰੂ ਕਰਨਗੇ।

# ਭਾਰਤ ਮਾਲਾ ਪ੍ਰੋਜੈਕਟ ਵਿਰੁੱਧ ਕਿਸਾਨਾਂ ਦਾ ਹੱਲਾ-ਬੋਲ; ਪਿੰਡ ਵਿਧਾਤਾ ਵਿਖੇ ਕੰਮ ਮੁਕੰਮਲ ਬੰਦ ਕਰਵਾ ਕੇ ਲਾਇਆ ਧਰਨਾ

### ਜ਼ਮੀਨਾਂ ਦੇ ਉੱਚ ਮੁਆਵਜ਼ੇ ਲਈ ਕੇਂਦਰ ਸਰਕਾਰ ਵਿਰੁੱਧ ਨਾਅਰੇਬਾਜ਼ੀ; ਲੁਧਿਆਣਾ ਦੀ ਤਰਜ਼ 'ਤੇ ਰੇਟ ਦੇਣ ਦੀ ਮੰਗ



ਸ਼ਹਿਣਾ : ਭਾਰਤ ਮਾਲਾ ਸੜਕ ਪ੍ਰੋਜੈਕਟ ਅਧੀਨ ਐਕੁਆਇਰ ਕੀਤੀਆਂ ਜਾ ਰਹੀਆਂ ਜ਼ਮੀਨਾਂ ਦੇ ਘੱਟ ਮੁਆਵਜ਼ੇ ਨੂੰ ਲੈ ਕੇ ਕਿਸਾਨਾਂ ਦਾ ਗੁੱਸਾ ਫੁੱਟ ਪਿਆ ਹੈ। ਅਧਿਕਾਰੀਆਂ ਵੱਲੋਂ ਮੰਗਾਂ ਨੂੰ ਅਣਗੌਲਿਆਂ ਕਰਨ ਦੇ ਰੋਸ ਵਜੋਂ ਪੀੜਤ ਕਿਸਾਨਾਂ ਨੇ ਬਠਿੰਡਾ-ਲੁਧਿਆਣਾ ਭਾਰਤ ਮਾਲਾ ਸੜਕ ਦਾ ਕੰਮ ਮੁਕੰਮਲ ਤੌਰ 'ਤੇ ਬੰਦ ਕਰਵਾ ਦਿੱਤਾ ਅਤੇ ਪਿੰਡ ਵਿਧਾਤਾ ਵਿਖੇ ਵੱਡਾ ਇਕੱਠ ਕਰਕੇ ਸਰਕਾਰ ਖਿਲਾਫ ਜ਼ੋਰਦਾਰ ਨਾਅਰੇਬਾਜ਼ੀ ਕੀਤੀ। ਕਿਸਾਨ ਆਗੂਆਂ ਨੇ ਸਪੱਸ਼ਟ ਕੀਤਾ ਕਿ ਜਿੰਨਾ ਚਿਰ ਇਨਸਾਫ਼ ਨਹੀਂ ਮਿਲਦਾ, ਸੰਘਰਸ਼ ਜਾਰੀ ਰਹੇਗਾ। ਧਰਨੇ ਨੂੰ ਸੰਬੋਧਨ ਕਰਦਿਆਂ ਕਿਸਾਨ ਆਗੂ ਬਿੰਦਰ ਸਿੰਘ ਅਤੇ ਜਗਸੀਰ ਸਿੰਘ ਸੀਰਾ ਨੇ ਕਿਹਾ ਕਿ ਪ੍ਰੋਜੈਕਟ ਦੇ ਅਧਿਕਾਰੀ ਬਠਿੰਡਾ ਅਤੇ ਬਰਨਾਲਾ ਇਲਾਕੇ ਦੇ ਕਿਸਾਨਾਂ ਨਾਲ ਵਿਤਕਰਾ ਕਰ ਰਹੇ ਹਨ ਅਤੇ ਉਨ੍ਹਾਂ ਦੀਆਂ ਜ਼ਮੀਨਾਂ ਦੇ ਪੂਰੇ ਮੁੱਲ ਨਹੀਂ ਦਿੱਤੇ ਜਾ ਰਹੇ।

# ਦਿੱਲੀ ਦੇ ਉਪ ਰਾਜਪਾਲ ਤਰਨਜੀਤ ਸਿੰਘ ਸੰਧੂ ਨੂੰ ਮਿਲਿਆ ਸਿੱਖ ਵਫ਼ਦ

## ਪਰਮਜੀਤ ਸਿੰਘ ਸਰਨਾ ਅਤੇ ਮਨਜੀਤ ਸਿੰਘ ਜੀ.ਕੇ. ਨੇ ਚੁੱਕੇ ਭਾਈਚਾਰਕ ਮਸਲੇ





ਨਵੀਂ ਦਿੱਲੀ : ਦਿੱਲੀ ਦੇ ਉਪ ਰਾਜਪਾਲ (LG) ਸਰਦਾਰ ਤਰਨਜੀਤ ਸਿੰਘ ਸੰਧੂ ਨਾਲ ਅੱਜ ਲੋਕ ਨਿਵਾਸ ਵਿਖੇ ਇੱਕ ਪ੍ਰਭਾਵਸ਼ਾਲੀ ਸਿੱਖ ਵਫ਼ਦ ਨੇ ਮੁਲਾਕਾਤ ਕੀਤੀ। ਇਸ ਵਫ਼ਦ ਦੀ ਅਗਵਾਈ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ (DSGMC) ਦੇ ਸਾਬਕਾ ਪ੍ਰਧਾਨ ਸਰਦਾਰ ਪਰਮਜੀਤ ਸਿੰਘ ਸਰਨਾ ਅਤੇ ਸਰਦਾਰ ਮਨਜੀਤ ਸਿੰਘ ਜੀ.ਕੇ. ਵੱਲੋਂ ਸਾਂਝੇ ਤੌਰ 'ਤੇ ਕੀਤੀ ਗਈ।

ਮੁਲਾਕਾਤ ਦੇ ਮੁੱਖ ਮੁੱਦੇ:

ਸਿੱਖ ਸੰਸਥਾਵਾਂ ਦਾ ਪ੍ਰਬੰਧ: ਵਫ਼ਦ ਨੇ ਦਿੱਲੀ ਦੀਆਂ ਸਿੱਖ ਸੰਸਥਾਵਾਂ ਅਤੇ ਗੁਰਦੁਆਰਾ ਪ੍ਰਬੰਧਾਂ ਵਿੱਚ ਪਾਰਦਰਸ਼ਤਾ ਅਤੇ ਸੁਧਾਰਾਂ ਸਬੰਧੀ ਚਰਚਾ ਕੀਤੀ।

ਭਾਈਚਾਰਕ ਮੰਗਾਂ: ਦਿੱਲੀ ਵਿੱਚ ਰਹਿ ਰਹੇ ਸਿੱਖ ਪਰਿਵਾਰਾਂ ਦੀਆਂ ਸਿੱਖਿਆ, ਸਿਹਤ ਅਤੇ ਰੁਜ਼ਗਾਰ ਨਾਲ ਜੁੜੀਆਂ ਮੁਸ਼ਕਲਾਂ ਨੂੰ ਉਪ ਰਾਜਪਾਲ ਦੇ ਧਿਆਨ ਵਿੱਚ ਲਿਆਂਦਾ ਗਿਆ।

ਧਾਰਮਿਕ ਆਜ਼ਾਦੀ ਤੇ ਸੁਰੱਖਿਆ: ਦੇਸ਼ ਦੀ ਰਾਜਧਾਨੀ ਵਿੱਚ ਸਿੱਖਾਂ ਦੀ ਸੁਰੱਖਿਆ ਅਤੇ ਧਾਰਮਿਕ ਅਧਿਕਾਰਾਂ ਦੀ ਰਾਖੀ ਲਈ ਠੋਸ ਕਦਮ ਚੁੱਕਣ ਦੀ ਅਪੀਲ ਕੀਤੀ ਗਈ।

ਰਣਨੀਤਕ ਸਾਂਝ

ਇਹ ਪਹਿਲੀ ਵਾਰ ਹੈ ਕਿ ਦੋਵੇਂ ਸਾਬਕਾ ਪ੍ਰਧਾਨ, ਜੋ ਕਿ ਅਕਸਰ ਸਿਆਸੀ ਤੌਰ 'ਤੇ ਵੱਖ-ਵੱਖ ਰਾਵਾਂ ਰੱਖਦੇ ਹਨ, ਇੱਕਜੁੱਟ ਹੋ ਕੇ ਭਾਈਚਾਰਕ ਹਿੱਤਾਂ ਲਈ ਉਪ ਰਾਜਪਾਲ ਕੋਲ ਪਹੁੰਚੇ ਹਨ। ਸਰਦਾਰ ਤਰਨਜੀਤ ਸਿੰਘ ਸੰਧੂ, ਜੋ ਕਿ ਖੁਦ ਸਿੱਖ ਭਾਈਚਾਰੇ ਨਾਲ ਸਬੰਧ ਰੱਖਦੇ ਹਨ ਅਤੇ ਇੱਕ ਤਜਰਬੇਕਾਰ ਡਿਪਲੋਮੈਟ ਰਹੇ ਹਨ, ਨੇ ਵਫ਼ਦ ਦੀਆਂ ਗੱਲਾਂ ਨੂੰ ਬੜੀ ਗੰਭੀਰਤਾ ਨਾਲ ਸੁਣਿਆ।

LG ਵੱਲੋਂ ਭਰੋਸਾ

ਉਪ ਰਾਜਪਾਲ ਨੇ ਵਫ਼ਦ ਨੂੰ ਭਰੋਸਾ ਦਿੱਤਾ ਕਿ ਦਿੱਲੀ ਪ੍ਰਸ਼ਾਸਨ ਸਿੱਖ ਭਾਈਚਾਰੇ ਦੀਆਂ ਹੱਕੀ ਮੰਗਾਂ 'ਤੇ ਹਮਦਰਦੀ ਨਾਲ ਵਿਚਾਰ ਕਰੇਗਾ ਅਤੇ ਗੁਰਦੁਆਰਾ ਚੋਣਾਂ ਸਮੇਤ ਹੋਰ ਕਾਨੂੰਨੀ ਮਸਲਿਆਂ ਵਿੱਚ ਨਿਰਪੱਖਤਾ ਬਣਾਈ ਰੱਖੀ ਜਾਵੇਗੀ।

ਇਸ ਮੌਕੇ ਵਫ਼ਦ ਦੇ ਹੋਰ ਮੈਂਬਰਾਂ ਨੇ ਉਪ ਰਾਜਪਾਲ ਨੂੰ ਸਿਰੋਪਾਓ ਭੇਂਟ ਕਰਕੇ ਸਨਮਾਨਿਤ ਵੀ ਕੀਤਾ। ਇਹ ਮੁਲਾਕਾਤ ਆਉਣ ਵਾਲੀਆਂ ਦਿੱਲੀ ਗੁਰਦੁਆਰਾ ਚੋਣਾਂ ਦੇ ਮੱਦੇਨਜ਼ਰ ਵੀ ਕਾਫੀ ਅਹਿਮ ਮੰਨੀ ਜਾ ਰਹੀ ਹੈ।

# ਲੋਕ ਸਭਾ ਦੇ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਦਾ ਕਾਰਬੀ ਆਂਗਲੋਂਗ 'ਚ ਨਿੱਘਾ ਸਵਾਗਤ

## ਜਨਤਕ ਸਭਾ ਰਾਹੀਂ ਭਰਿਆ ਚੋਣ ਹੁੰਗਾਰਾ







ਕਾਰਬੀ ਆਂਗਲੋਂਗ (ਅਸਾਮ) : ਕਾਂਗਰਸ ਦੇ ਸੀਨੀਅਰ ਆਗੂ ਅਤੇ ਲੋਕ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ (LoP) ਰਾਹੁਲ ਗਾਂਧੀ ਨੇ ਅੱਜ ਅਸਾਮ ਦੇ ਕਾਰਬੀ ਆਂਗਲੋਂਗ ਜ਼ਿਲ੍ਹੇ ਦੇ ਸਾਰੀਹਾਜਨ ਵਿਖੇ ਇੱਕ ਵਿਸ਼ਾਲ ਜਨਤਕ ਸਭਾ ਨੂੰ ਸੰਬੋਧਨ ਕੀਤਾ। ਇਸ ਮੌਕੇ ਰਾਹੁਲ ਗਾਂਧੀ ਦਾ ਰਵਾਇਤੀ ਅਸਾਮੀ ਅੰਦਾਜ਼ ਵਿੱਚ ਸ਼ਾਨਦਾਰ ਸਵਾਗਤ ਕੀਤਾ ਗਿਆ।

ਵਿਸ਼ੇਸ਼ ਸਨਮਾਨ: ਸਾਰੀਹਾਜਨ ਵਿੱਚ ਹੋਈ ਇਸ ਰੈਲੀ ਦੌਰਾਨ ਅਸਾਮ ਪ੍ਰਦੇਸ਼ ਕਾਂਗਰਸ ਕਮੇਟੀ (APCC) ਦੇ ਪ੍ਰਧਾਨ ਗੌਰਵ ਗੋਗੋਈ ਨੇ ਰਾਹੁਲ ਗਾਂਧੀ ਨੂੰ ਸਨਮਾਨਿਤ ਕੀਤਾ। ਉਨ੍ਹਾਂ ਨੂੰ ਅਸਾਮੀ ਸੱਭਿਆਚਾਰ ਦਾ ਪ੍ਰਤੀਕ 'ਗਮੋਛਾ' ਅਤੇ ਹੋਰ ਰਵਾਇਤੀ ਤੋਹਫ਼ੇ ਭੇਟ ਕੀਤੇ ਗਏ।

ਸੀਨੀਅਰ ਲੀਡਰਸ਼ਿਪ ਦੀ ਮੌਜੂਦਗੀ: ਇਸ ਜਨਤਕ ਸਭਾ ਵਿੱਚ ਆਲ ਇੰਡੀਆ ਕਾਂਗਰਸ ਕਮੇਟੀ (AICC) ਦੇ ਜਨਰਲ ਸਕੱਤਰ ਜਤਿੰਦਰ ਸਿੰਘ ਵੀ ਵਿਸ਼ੇਸ਼ ਤੌਰ 'ਤੇ ਮੌਜੂਦ ਸਨ।

ਸਿਆਸੀ ਸੁਨੇਹਾ: ਰਾਹੁਲ ਗਾਂਧੀ ਨੇ ਆਪਣੇ ਸੰਬੋਧਨ ਵਿੱਚ ਸੂਬੇ ਦੇ ਭਖਦੇ ਮਸਲਿਆਂ, ਜਨਜਾਤੀ ਅਧਿਕਾਰਾਂ ਅਤੇ ਦੇਸ਼ ਦੀ ਮੌਜੂਦਾ ਸਿਆਸੀ ਸਥਿਤੀ 'ਤੇ ਚਰਚਾ ਕੀਤੀ। ਉਨ੍ਹਾਂ ਕਾਰਬੀ ਆਂਗਲੋਂਗ ਦੇ ਲੋਕਾਂ ਨਾਲ ਜੁੜੇ ਸਥਾਨਕ ਮੁੱਦਿਆਂ ਨੂੰ ਵੀ ਪ੍ਰਮੁੱਖਤਾ ਨਾਲ ਚੁੱਕਿਆ।

ਕਾਰਬੀ ਆਂਗਲੋਂਗ ਵਿੱਚ ਕਾਂਗਰਸ ਦਾ ਸ਼ਕਤੀ ਪ੍ਰਦਰਸ਼ਨ

ਵੀਰਵਾਰ ਨੂੰ ਹੋਈ ਇਸ ਸਭਾ ਵਿੱਚ ਭਾਰੀ ਗਿਣਤੀ ਵਿੱਚ ਕਾਂਗਰਸੀ ਵਰਕਰਾਂ ਅਤੇ ਸਥਾਨਕ ਲੋਕਾਂ ਨੇ ਸ਼ਮੂਲੀਅਤ ਕੀਤੀ। ਰਾਹੁਲ ਗਾਂਧੀ ਦੀ ਇਸ ਫੇਰੀ ਨੂੰ ਆਉਣ ਵਾਲੀਆਂ ਚੋਣਾਂ ਦੇ ਮੱਦੇਨਜ਼ਰ ਅਸਾਮ ਵਿੱਚ ਕਾਂਗਰਸ ਨੂੰ ਮਜ਼ਬੂਤ ਕਰਨ ਲਈ ਇੱਕ ਅਹਿਮ ਕਦਮ ਵਜੋਂ ਦੇਖਿਆ ਜਾ ਰਿਹਾ ਹੈ। ਰੈਲੀ ਦੌਰਾਨ ਵਰਕਰਾਂ ਵਿੱਚ ਭਾਰੀ ਉਤਸ਼ਾਹ ਦੇਖਣ ਨੂੰ ਮਿਲਿਆ ਅਤੇ ਪੂਰਾ ਪੰਡਾਲ 'ਕਾਂਗਰਸ ਜ਼ਿੰਦਾਬਾਦ' ਦੇ ਨਾਅਰਿਆਂ ਨਾਲ ਗੂੰਜ ਉੱਠਿਆ।

ਰਾਹੁਲ ਗਾਂਧੀ ਨੇ ਅਸਾਮੀ ਭਾਈਚਾਰੇ ਦੀ ਭਾਸ਼ਾ ਅਤੇ ਸੱਭਿਆਚਾਰ ਦੀ ਰਾਖੀ ਲਈ ਕਾਂਗਰਸ ਦੀ ਵਚਨਬੱਧਤਾ ਨੂੰ ਦੁਹਰਾਇਆ ਅਤੇ ਕੇਂਦਰ ਸਰਕਾਰ ਦੀਆਂ ਨੀਤੀਆਂ 'ਤੇ ਤਿੱਖੇ ਨਿਸ਼ਾਨੇ ਸਾਧੇ।

## ਨੇਪਾਲ 'ਚ ਸਿਆਸੀ ਭੂਚਾਲ

# ਸਾਬਕਾ PM ਕੇ.ਪੀ. ਓਲੀ ਦੀ ਗ੍ਰਿਫ਼ਤਾਰੀ ਵਿਰੁੱਧ ਕਾਠਮਾਂਡੂ ਦੀਆਂ ਸੜਕਾਂ 'ਤੇ ਉਤਰੇ ਹਜ਼ਾਰਾਂ ਸਮਰਥਕ





ਕਾਠਮਾਂਡੂ (ਨੇਪਾਲ): ਨੇਪਾਲ ਦੇ ਸਾਬਕਾ ਪ੍ਰਧਾਨ ਮੰਤਰੀ ਅਤੇ ਸੀਪੀਐਨ-ਯੂਐਮਐਲ (CPN-UML) ਦੇ ਪ੍ਰਧਾਨ ਕੇ.ਪੀ. ਸ਼ਰਮਾ ਓਲੀ ਦੀ ਗ੍ਰਿਫ਼ਤਾਰੀ ਤੋਂ ਬਾਅਦ ਪੂਰੇ ਦੇਸ਼ ਵਿੱਚ ਤਣਾਅ ਦਾ ਮਾਹੌਲ ਬਣ ਗਿਆ ਹੈ। ਸੋਮਵਾਰ ਨੂੰ ਕਾਠਮਾਂਡੂ ਦੇ ਮੈਤੀਘਰ ਮੰਡਲਾ ਵਿਖੇ ਹਜ਼ਾਰਾਂ ਦੀ ਗਿਣਤੀ ਵਿੱਚ ਪਾਰਟੀ ਵਰਕਰਾਂ ਨੇ ਇਕੱਠੇ ਹੋ ਕੇ ਓਲੀ ਦੀ ਤੁਰੰਤ ਰਿਹਾਈ ਦੀ ਮੰਗ ਕੀਤੀ ਅਤੇ ਨਵੀਂ ਬਣੀ ਬਾਲੇਂਦਰ ਸ਼ਾਹ (ਬਾਲੇਨ) ਸਰਕਾਰ ਵਿਰੁੱਧ ਨਾਅਰੇਬਾਜ਼ੀ ਕੀਤੀ।

ਗ੍ਰਿਫ਼ਤਾਰੀ ਦਾ ਕਾਰਨ: 'ਜਨ-ਜ਼ੈਡ' (Gen Z) ਅੰਦੋਲਨ

ਕੇ.ਪੀ. ਸ਼ਰਮਾ ਓਲੀ ਅਤੇ ਸਾਬਕਾ ਗ੍ਰਹਿ ਮੰਤਰੀ ਰਮੇਸ਼ ਲੇਖਕ ਨੂੰ ਪਿਛਲੇ ਸਾਲ ਸਤੰਬਰ (2025) ਵਿੱਚ ਹੋਏ 'ਜਨ-ਜ਼ੈਡ' ਭ੍ਰਿਸ਼ਟਾਚਾਰ ਵਿਰੋਧੀ ਅੰਦੋਲਨ ਦੌਰਾਨ ਹੋਈ ਹਿੰਸਾ ਅਤੇ ਮੌਤਾਂ ਦੇ ਸਬੰਧ ਵਿੱਚ ਗ੍ਰਿਫ਼ਤਾਰ ਕੀਤਾ ਗਿਆ ਹੈ।

ਇਲਜ਼ਾਮ: ਸਰਕਾਰ ਦੁਆਰਾ ਗਠਿਤ ਕੀਤੇ ਗਏ 'ਕਾਰਕੀ ਕਮਿਸ਼ਨ' ਦੀ ਰਿਪੋਰਟ ਵਿੱਚ ਓਲੀ 'ਤੇ ਪ੍ਰਦਰਸ਼ਨਕਾਰੀਆਂ ਵਿਰੁੱਧ ਅੰਨ੍ਹੇਵਾਹ ਤਾਕਤ ਦੀ ਵਰਤੋਂ ਕਰਨ ਅਤੇ ਅਪਰਾਧਿਕ ਲਾਪਰਵਾਹੀ ਦੇ ਇਲਜ਼ਾਮ ਲਗਾਏ ਗਏ ਹਨ। ਉਸ ਸਮੇਂ ਹੋਈ ਹਿੰਸਾ ਵਿੱਚ 77 ਦੇ ਕਰੀਬ ਲੋਕ ਮਾਰੇ ਗਏ ਸਨ।

ਅਦਾਲਤੀ ਕਾਰਵਾਈ: ਕਾਠਮਾਂਡੂ ਜ਼ਿਲ੍ਹਾ ਅਦਾਲਤ ਨੇ ਓਲੀ ਨੂੰ 5 ਦਿਨਾਂ ਦੇ ਜੁਡੀਸ਼ੀਅਲ ਰਿਮਾਂਡ 'ਤੇ ਭੇਜਿਆ ਹੈ। ਖਰਾਬ ਸਿਹਤ ਕਾਰਨ ਉਨ੍ਹਾਂ ਨੂੰ ਹਸਪਤਾਲ ਵਿੱਚ ਹੀ ਹਿਰਾਸਤ ਵਿੱਚ ਰੱਖਿਆ ਗਿਆ ਹੈ।

ਪ੍ਰਦਰਸ਼ਨਕਾਰੀਆਂ ਦਾ ਪੱਖ

ਸੀਪੀਐਨ-ਯੂਐਮਐਲ ਦੇ ਆਗੂਆਂ ਨੇ ਇਸ ਗ੍ਰਿਫ਼ਤਾਰੀ ਨੂੰ 'ਸਿਆਸੀ ਬਦਲਾਖੋਰੀ' ਕਰਾਰ ਦਿੱਤਾ ਹੈ। ਪ੍ਰਦਰਸ਼ਨਕਾਰੀਆਂ ਦੇ ਮੁੱਖ ਨੁਕਤੇ:

1. ਗੈਰ-ਕਾਨੂੰਨੀ ਗ੍ਰਿਫ਼ਤਾਰੀ: ਪਾਰਟੀ ਦਾ ਕਹਿਣਾ ਹੈ ਕਿ ਬਾਲੇਨ ਸਰਕਾਰ ਲੋਕਤੰਤਰੀ ਕਦਰਾਂ-ਕੀਮਤਾਂ ਦਾ ਘਾਣ ਕਰ ਰਹੀ ਹੈ ਅਤੇ ਸਿਆਸੀ ਵਿਰੋਧੀਆਂ ਨੂੰ ਨਿਸ਼ਾਨਾ ਬਣਾ ਰਹੀ ਹੈ।
2. ਸੰਘਰਸ਼ ਦਾ ਐਲਾਨ: ਪਾਰਟੀ ਨੇ ਓਲੀ ਦੀ ਰਿਹਾਈ ਲਈ 11 ਅਪ੍ਰੈਲ ਤੋਂ ਦੇਸ਼ ਵਿਆਪੀ ਦੋ ਹਫ਼ਤਿਆਂ ਦੇ ਪ੍ਰਦਰਸ਼ਨਾਂ ਦਾ ਐਲਾਨ ਕੀਤਾ ਹੈ।
3. ਹਸਪਤਾਲ ਦੇ ਬਾਹਰ ਭੀੜ: ਓਲੀ ਦੇ ਸਮਰਥਕ ਉਸ ਹਸਪਤਾਲ ਦੇ ਬਾਹਰ ਵੀ ਡਟੇ ਹੋਏ ਹਨ ਜਿੱਥੇ ਉਨ੍ਹਾਂ ਦਾ ਇਲਾਜ ਚੱਲ ਰਿਹਾ ਹੈ।

ਸੁਰੱਖਿਆ ਦੇ ਸਖ਼ਤ ਪ੍ਰਬੰਧ

ਕਾਠਮਾਂਡੂ ਵਿੱਚ ਹਿੰਸਾ ਦੇ ਖਦਸ਼ੇ ਨੂੰ ਦੇਖਦੇ ਹੋਏ ਭਾਰੀ ਪੁਲਿਸ ਬਲ ਤਾਇਨਾਤ ਕੀਤਾ ਗਿਆ ਹੈ। ਪਿਛਲੇ ਕੁਝ ਦਿਨਾਂ ਵਿੱਚ ਵਰਕਰਾਂ ਅਤੇ ਪੁਲਿਸ ਵਿਚਾਲੇ ਹੋਈਆਂ ਝੜਪਾਂ ਵਿੱਚ ਕਈ ਲੋਕ ਜ਼ਖਮੀ ਵੀ ਹੋਏ ਹਨ। ਨੇਪਾਲ ਦੀ ਰਾਜਨੀਤੀ ਵਿੱਚ ਆਇਆ ਇਹ ਮੋੜ ਆਉਣ ਵਾਲੀਆਂ ਚੋਣਾਂ ਅਤੇ ਸੂਬੇ ਦੀ ਸਥਿਰਤਾ ਲਈ ਇੱਕ ਵੱਡੀ ਚੁਣੌਤੀ ਬਣ ਸਕਦਾ ਹੈ।

# ਚੋਣ ਕਮਿਸ਼ਨ ਦੇ ਦਫ਼ਤਰ ਬਾਹਰ TMC ਅਤੇ BJP ਵਰਕਰਾਂ ਵਿਚਾਲੇ ਟਕਰਾਅ

## ਵੋਟਰ ਲਿਸਟਾਂ 'ਚ ਹੇਰਾਫੇਰੀ ਦੇ ਲੱਗੇ ਇਲਜ਼ਾਮ







ਕੋਲਕਾਤਾ (ਪੱਛਮੀ ਬੰਗਾਲ): ਪੱਛਮੀ ਬੰਗਾਲ ਦੀ ਰਾਜਨੀਤੀ ਵਿੱਚ ਇੱਕ ਵਾਰ ਫਿਰ ਗਰਮਾ-ਗਰਮੀ ਦੇਖਣ ਨੂੰ ਮਿਲ ਰਹੀ ਹੈ। ਕੋਲਕਾਤਾ ਵਿੱਚ ਚੋਣ ਕਮਿਸ਼ਨ ਦੇ ਦਫ਼ਤਰ ਦੇ ਬਾਹਰ ਉਸ ਸਮੇਂ ਹਾਲਾਤ ਤਣਾਅਪੂਰਨ ਹੋ ਗਏ ਜਦੋਂ ਤ੍ਰਿਣਮੂਲ ਕਾਂਗਰਸ (TMC) ਦੇ ਪ੍ਰਦਰਸ਼ਨ ਦੌਰਾਨ ਭਾਰਤੀ ਜਨਤਾ ਪਾਰਟੀ (BJP) ਦੇ ਸਮਰਥਕ ਵੀ ਉੱਥੇ ਜਮ੍ਹਾਂ ਹੋ ਗਏ।

ਪੱਛਮੀ ਬੰਗਾਲ ਵਿੱਚ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ (2026) ਤੋਂ ਪਹਿਲਾਂ ਸਿਆਸੀ ਜੰਗ ਤੇਜ਼ ਹੋ ਗਈ ਹੈ। ਕੋਲਕਾਤਾ ਸਥਿਤ ਮੁੱਖ ਚੋਣ ਅਧਿਕਾਰੀ (CEO) ਦੇ ਦਫ਼ਤਰ ਦੇ ਬਾਹਰ ਟੀ.ਐਮ.ਸੀ. ਅਤੇ ਭਾਜਪਾ ਦੇ ਵਰਕਰਾਂ ਵਿਚਾਲੇ ਜ਼ੋਰਦਾਰ ਹੰਗਾਮਾ ਅਤੇ ਹੱਥੋਪਾਈ ਹੋਈ। ਪੁਲਿਸ ਨੂੰ ਸਥਿਤੀ 'ਤੇ ਕਾਬੂ ਪਾਉਣ ਲਈ ਭਾਰੀ ਜੱਦੋ-ਜਹਿਦ ਕਰਨੀ ਪਈ।

**ਵਿਵਾਦ ਦਾ ਮੁੱਖ ਕਾਰਨ: ਫਾਰਮ 6 (Form 6)**

ਇਹ ਸਾਰਾ ਵਿਵਾਦ ਵੋਟਰ ਸੂਚੀ ਵਿੱਚ ਨਵੇਂ ਨਾਮ ਦਰਜ ਕਰਨ ਲਈ ਵਰਤੇ ਜਾਣ ਵਾਲੇ ਫਾਰਮ 6 ਨੂੰ ਲੈ ਕੇ ਸ਼ੁਰੂ ਹੋਇਆ:

**TMC ਦੇ ਇਲਜ਼ਾਮ:** ਸੱਤਾਧਾਰੀ ਪਾਰਟੀ ਟੀ.ਐਮ.ਸੀ. ਨੇ ਦੋਸ਼ ਲਾਇਆ ਕਿ ਭਾਜਪਾ ਦੇ ਲੋਕ ਬਾਹਰੀ ਰਾਜਾਂ (ਜਿਵੇਂ ਬਿਹਾਰ ਅਤੇ ਯੂ.ਪੀ.) ਦੇ ਨਿਵਾਸੀਆਂ ਨੂੰ ਬੰਗਾਲ ਦੀ ਵੋਟਰ ਲਿਸਟ ਵਿੱਚ ਸ਼ਾਮਲ ਕਰਨ ਦੀ ਕੋਸ਼ਿਸ਼ ਕਰ ਰਹੇ ਹਨ। ਉਨ੍ਹਾਂ ਦਾ ਦਾਅਵਾ ਹੈ ਕਿ ਭਾਜਪਾ ਵਰਕਰ ਵੱਡੀ ਮਾਤਰਾ ਵਿੱਚ ਫਾਰਮ 6 ਜਮ ?ਹਾਂ ਕਰਵਾ ਕੇ 'ਵੋਟਰ ਹਾਈਜੈਕਿੰਗ' ਕਰ ਰਹੇ ਹਨ।

**BJP ਦਾ ਪੱਖ:** ਦੂਜੇ ਪਾਸੇ, ਭਾਜਪਾ ਨੇ ਇਹਨਾਂ ਇਲਜ਼ਾਮਾਂ ਨੂੰ ਨਕਾਰਦਿਆਂ ਕਿਹਾ ਕਿ ਟੀ.ਐਮ.ਸੀ. ਹਾਰ ਦੇ ਡਰੋਂ ਪ੍ਰਸ਼ਾਸਨ 'ਤੇ ਦਬਾਅ ਬਣਾ ਰਹੀ ਹੈ। ਭਾਜਪਾ ਸਮਰਥਕਾਂ ਨੇ ਦਫ਼ਤਰ ਦੇ ਬਾਹਰ ਇਕੱਠੇ ਹੋ ਕੇ ਟੀ.ਐਮ.ਸੀ. ਵਿਰੁੱਧ ਜੰਮ ਕੇ ਨਾਅਰੇਬਾਜ਼ੀ ਕੀਤੀ।

**ਮਮਤਾ ਬਨਰਜੀ ਵੱਲੋਂ ਸਖ਼ਤ ਚਿੱਠੀ**

ਮੁੱਖ ਮੰਤਰੀ ਮਮਤਾ ਬਨਰਜੀ ਨੇ ਮੁੱਖ ਚੋਣ ਕਮਿਸ਼ਨਰ ਨੂੰ ਪੱਤਰ ਲਿਖ ਕੇ ਇਸ ਮਾਮਲੇ ਵਿੱਚ ਦਖ਼ਲ ਦੇਣ ਦੀ ਮੰਗ ਕੀਤੀ ਹੈ। ਉਨ੍ਹਾਂ ਕਿਹਾ ਕਿ ਇਹ ਲੋਕਤੰਤਰ ਦਾ ਕਤਲ ਹੈ ਅਤੇ ਗੈਰ-ਕਾਨੂੰਨੀ ਤਰੀਕੇ ਨਾਲ ਵੋਟਾਂ ਬਣਾਈਆਂ ਜਾ ਰਹੀਆਂ ਹਨ।

**ਪੁਲਿਸ ਕਾਰਵਾਈ ਅਤੇ ਧਾਰਾ 163 (Section 163)**

**ਹਫੜਾ-ਦਫੜੀ:** ਦੋਵਾਂ ਪਾਰਟੀਆਂ ਦੇ ਵਰਕਰਾਂ ਵਿਚਾਲੇ ਹੋਏ ਟਕਰਾਅ ਤੋਂ ਬਾਅਦ ਪੁਲਿਸ ਨੇ ਲਾਠੀਚਾਰਜ ਕਰਕੇ ਭੀੜ ਨੂੰ ਖਿੰਡਾਇਆ।

**ਪਾਬੰਦੀਆਂ:** ਕੋਲਕਾਤਾ ਪੁਲਿਸ ਕਮਿਸ਼ਨਰ ਨੇ ਚੋਣ ਕਮਿਸ਼ਨ ਦੇ ਦਫ਼ਤਰ ਦੇ ਆਲੇ-ਦੁਆਲੇ ਧਾਰਾ 163 (BNSS) ਲਾਗੂ ਕਰ ਦਿੱਤੀ ਹੈ ਤਾਂ ਜੋ ਕਿਸੇ ਵੀ ਤਰ੍ਹਾਂ ਦੇ ਇਕੱਠ ਜਾਂ ਹਿੰਸਾ ਨੂੰ ਰੋਕਿਆ ਜਾ ਸਕੇ।

ਚੋਣ ਕਮਿਸ਼ਨ ਨੇ ਸਪੱਸ਼ਟ ਕੀਤਾ ਹੈ ਕਿ ਫਾਰਮ ਜਮ੍ਹਾਂ ਕਰਵਾਉਣਾ ਇੱਕ ਕਾਨੂੰਨੀ ਪ੍ਰਕਿਰਿਆ ਹੈ ਅਤੇ ਹਰ ਅਰਜ਼ੀ ਦੀ ਨਿਯਮਾਂ ਅਨੁਸਾਰ ਜਾਂਚ ਕੀਤੀ ਜਾਵੇਗੀ। ਫਿਲਹਾਲ ਇਲਾਕੇ ਵਿੱਚ ਕੇਂਦਰੀ ਸੁਰੱਖਿਆ ਬਲ ਤਾਇਨਾਤ ਕੀਤੇ ਗਏ ਹਨ।

# ਸਮੁੰਦਰੀ ਸੁਰੱਖਿਆ ਲਈ ਭਾਰਤ-ਮੋਜ਼ਾਮਬੀਕ ਦਾ ਹੱਥ: INS ਤ੍ਰਿਕੰਡ ਦਾ ਦੌਰਾ ਮੁਕੰਮਲ

## ਭਾਰਤ ਨੇ ਸੌਂਪੀ ਮਾਨਵਤਾਵਾਦੀ ਰਾਹਤ ਸਮੱਗਰੀ

ਮਾਪੁਤੋ (ਮੋਜ਼ਾਮਬੀਕ) : ਭਾਰਤੀ ਜਲ ਸੈਨਾ ਦੇ ਮੋਹਰੀ ਫਰੀਗੇਟ ਆਈ.ਐਨ.ਐਸ. ਤ੍ਰਿਕੰਡ ਨੇ ਮੋਜ਼ਾਮਬੀਕ ਦੀ ਰਾਜਧਾਨੀ ਮਾਪੁਤੋ ਦਾ ਆਪਣਾ ਅਹਿਮ ਦੌਰਾ ਸਫਲਤਾਪੂਰਵਕ ਖ਼ਤਮ ਕਰ ਲਿਆ ਹੈ। ਇਹ ਦੌਰਾ ਦੋਵਾਂ ਦੇਸ਼ਾਂ ਵਿਚਾਲੇ ਸਮੁੰਦਰੀ ਸਹਿਯੋਗ ਨੂੰ ਮਜ਼ਬੂਤ ਕਰਨ ਅਤੇ ਹਿੰਦ ਮਹਾਸਾਗਰ ਖੇਤਰ ਵਿੱਚ ਸੁਰੱਖਿਆ ਨੂੰ ਉਤਸ਼ਾਹਿਤ ਕਰਨ ਦੇ ਉਦੇਸ਼ ਨਾਲ ਕੀਤਾ ਗਿਆ ਸੀ।

ਦੌਰੇ ਦੇ ਅੰਤਿਮ ਪੜਾਅ 'ਤੇ, ਭਾਰਤ ਵੱਲੋਂ ਭੇਜੀ ਗਈ ਮਾਨਵਤਾਵਾਦੀ ਸਹਾਇਤਾ ਅਤੇ ਆਫ਼ਤ ਰਾਹਤ (HADR) ਸਮੱਗਰੀ ਮੋਜ਼ਾਮਬੀਕ ਦੇ ਅਧਿਕਾਰੀਆਂ ਨੂੰ ਸੌਂਪੀ ਗਈ।






ਮੌਜੂਦਗੀ: ਇਹ ਸਮੱਗਰੀ ਮੋਜ਼ਾਮਬੀਕ ਦੇ ਸਿਹਤ ਮੰਤਰੀ ਉਸੈਨ ਹਿਲਾਰੀਓ ਇਸੇ (Ussene Hilario Isse) ਅਤੇ ਮੋਜ਼ਾਮਬੀਕ ਵਿੱਚ ਭਾਰਤ ਦੇ ਹਾਈ ਕਮਿਸ਼ਨਰ ਰੌਬਰਟ ਸ਼ੈਤਕਿੰਟੋਂਗ ਦੀ ਮੌਜੂਦਗੀ ਵਿੱਚ ਭੇਂਟ ਕੀਤੀ ਗਈ।

ਭਾਰਤ ਦਾ ਸਹਿਯੋਗ: ਸਿਹਤ ਮੰਤਰੀ ਨੇ ਇਸ ਮੌਕੇ ਭਾਰਤ ਦਾ ਧੰਨਵਾਦ ਕਰਦਿਆਂ ਕਿਹਾ ਕਿ ਇਹ ਮਦਦ ਦੋਵਾਂ ਦੇਸ਼ਾਂ ਦੇ ਡੂੰਘੇ ਸਬੰਧਾਂ ਦੀ ਪ੍ਰਤੀਕ ਹੈ।

ਆਈ.ਐਨ.ਐਸ. ਤ੍ਰਿਕੰਡ ਦੀ ਮਾਪੁਤੋ ਫੇਰੀ ਸਿਰਫ਼ ਰਾਹਤ ਸਮੱਗਰੀ ਤੱਕ ਸੀਮਤ ਨਹੀਂ ਸੀ:

1. ਜੁਆਇੰਟ ਟਰੇਨਿੰਗ: ਦੋਵਾਂ ਦੇਸ਼ਾਂ ਦੀਆਂ ਜਲ ਸੈਨਾਵਾਂ ਨੇ ਸਾਂਝੇ ਸਿਖਲਾਈ ਅਭਿਆਸ ਕੀਤੇ, ਜਿਸ ਵਿੱਚ ਸਮੁੰਦਰੀ ਚੁਣੌਤੀਆਂ ਨਾਲ ਨਜਿੱਠਣ ਅਤੇ ਤਾਲਮੇਲ ਵਧਾਉਣ 'ਤੇ ਜ਼ੋਰ ਦਿੱਤਾ ਗਿਆ।
2. ਮੈਰੀਟਾਈਮ ਕੋਆਪ੍ਰੇਸ਼ਨ: ਇਸ ਅਭਿਆਸ ਦਾ ਮੁੱਖ ਮਕਸਦ ਸਮੁੰਦਰੀ ਡਾਕੂਆਂ ਵਿਰੁੱਧ ਕਾਰਵਾਈ ਅਤੇ ਖੇਤਰ ਵਿੱਚ ਸ਼ਾਂਤੀ ਬਣਾਈ ਰੱਖਣਾ ਸੀ।

ਰਣਨੀਤਕ ਮਹੱਤਵ

ਭਾਰਤੀ ਜਲ ਸੈਨਾ ਦਾ ਇਹ ਕਦਮ ਭਾਰਤ ਦੀ 'ਸਾਗਰ' (SAGAR - Security and Growth for All in the Region) ਨੀਤੀ ਦਾ ਹਿੱਸਾ ਹੈ। ਅਫਰੀਕੀ ਦੇਸ਼ਾਂ ਨਾਲ ਰੱਖਿਆ ਸਬੰਧ ਮਜ਼ਬੂਤ ਕਰਕੇ ਭਾਰਤ ਹਿੰਦ ਮਹਾਸਾਗਰ ਵਿੱਚ ਆਪਣੀ ਮੌਜੂਦਗੀ ਅਤੇ ਭਰੋਸੇਯੋਗਤਾ ਨੂੰ ਹੋਰ ਵਧਾ ਰਿਹਾ ਹੈ।

# ਭਾਰਤੀ ਸੈਨਾ ਦੇ ਉਪ ਮੁਖੀ ਲੈਫਟੀਨੈਂਟ ਜਨਰਲ ਪੁਸ਼ਪੇਂਦਰ ਸਿੰਘ ਨੂੰ ਦਿੱਤੀ ਗਈ ਨਿੱਘੀ ਵਿਦਾਇਗੀ

## ਰਾਸ਼ਟਰੀ ਯੁੱਧ ਸਮਾਰਕ 'ਤੇ ਸ਼ਹੀਦਾਂ ਨੂੰ ਦਿੱਤੀ ਸ਼ਰਧਾਂਜਲੀ

ਨਵੀਂ ਦਿੱਲੀ : ਭਾਰਤੀ ਸੈਨਾ ਦੇ ਉਪ ਮੁਖੀ (Vice Chief of Army Staff) ਲੈਫਟੀਨੈਂਟ ਜਨਰਲ ਪੁਸ਼ਪੇਂਦਰ ਸਿੰਘ ਸੋਮਵਾਰ ਨੂੰ ਆਪਣੀ ਸੇਵਾਮੁਕਤੀ ਦੇ ਮੌਕੇ 'ਤੇ ਇੱਕ ਵਿਸ਼ੇਸ਼ ਸਮਾਰੋਹ ਦੌਰਾਨ ਸੈਨਾ ਤੋਂ ਵਿਦਾ ਹੋਏ। ਇਸ ਮੌਕੇ ਦਿੱਲੀ ਦੇ ਰਾਸ਼ਟਰੀ ਯੁੱਧ ਸਮਾਰਕ (National War Memorial) ਵਿਖੇ ਇੱਕ ਭਾਵੁਕ ਅਤੇ ਸਨਮਾਨਜਨਕ ਸਮਾਗਮ ਦਾ ਆਯੋਜਨ ਕੀਤਾ ਗਿਆ।

ਸ਼ਰਧਾਂਜਲੀ ਭੇਂਟ: ਆਪਣੀ ਵਿਦਾਇਗੀ ਤੋਂ ਪਹਿਲਾਂ ਲੈਫਟੀਨੈਂਟ ਜਨਰਲ ਪੁਸ਼ਪੇਂਦਰ ਸਿੰਘ ਨੇ ਰਾਸ਼ਟਰੀ ਯੁੱਧ ਸਮਾਰਕ 'ਤੇ ਜਾ ਕੇ ਦੇਸ਼ ਲਈ ਜਾਨਾਂ ਵਾਰਨ ਵਾਲੇ ਅਮਰ ਸ਼ਹੀਦਾਂ ਨੂੰ ਸ਼ਰਧਾ ਦੇ ਫੁੱਲ ਭੇਂਟ ਕੀਤੇ।

ਗਾਰਡ ਆਫ਼ ਆਨਰ: ਉਨ੍ਹਾਂ ਨੂੰ ਭਾਰਤੀ ਸੈਨਾ ਦੀ ਟੁਕੜੀ ਵੱਲੋਂ ਰਸਮੀ 'ਗਾਰਡ ਆਫ਼ ਆਨਰ' ਦਿੱਤਾ ਗਿਆ, ਜੋ ਉਨ੍ਹਾਂ ਦੀਆਂ ਦੇਸ਼ ਪ੍ਰਤੀ ਸ਼ਾਨਦਾਰ ਸੇਵਾਵਾਂ ਦਾ ਸਨਮਾਨ ਸੀ।

ਯਾਦਗਾਰੀ ਤਸਵੀਰ: ਸਮਾਰੋਹ ਦੌਰਾਨ ਉਨ੍ਹਾਂ ਨੇ ਸੈਨਾ ਦੇ ਹੋਰ ਉੱਚ ਅਧਿਕਾਰੀਆਂ ਅਤੇ ਸਹਿਕਰਮੀਆਂ ਨਾਲ ਇੱਕ ਯਾਦਗਾਰੀ ਸਮੂਹਿਕ ਤਸਵੀਰ (Group Picture) ਵੀ ਖਿਚਵਾਈ। ਲੈਫਟੀਨੈਂਟ ਜਨਰਲ ਪੁਸ਼ਪੇਂਦਰ ਸਿੰਘ ਨੇ ਆਪਣੇ ਲੰਬੇ ਫੌਜੀ ਕਰੀਅਰ ਦੌਰਾਨ ਕਈ ਅਹਿਮ ਅਹੁਦਿਆਂ 'ਤੇ ਸੇਵਾ ਨਿਭਾਈ ਹੈ। ਉਪ ਸੈਨਾ ਮੁਖੀ ਵਜੋਂ ਉਨ੍ਹਾਂ ਨੇ ਭਾਰਤੀ ਸੈਨਾ ਦੇ ਆਧੁਨਿਕੀਕਰਨ ਅਤੇ ਰਣਨੀਤਕ ਤਿਆਰੀਆਂ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ। ਉਹ ਆਪਣੀ ਦੂਰਅੰਦੇਸ਼ੀ ਅਤੇ ਮਜ਼ਬੂਤ ਅਗਵਾਈ ਲਈ ਸੈਨਾ ਵਿੱਚ ਜਾਣੇ ਜਾਂਦੇ ਹਨ। ਵਿਦਾਇਗੀ ਮੌਕੇ ਉਨ੍ਹਾਂ ਨੇ ਸਮੂਹ ਫੌਜੀ ਜਵਾਨਾਂ ਅਤੇ ਅਧਿਕਾਰੀਆਂ ਦਾ ਧੰਨਵਾਦ ਕੀਤਾ ਅਤੇ ਭਾਰਤੀ ਸੈਨਾ ਦੇ ਸੁਨਹਿਰੀ ਭਵਿੱਖ ਲਈ ਸ਼ੁਭਕਾਮਨਾਵਾਂ ਦਿੱਤੀਆਂ।





ਝੂਲਤੇ ਨਿਸ਼ਾਨ ਰਹੇਂ ਅਕਾਲ ਸਹਾਇ ਪੰਥ ਮਹਾਰਾਜ ਕੇ

ਖ਼ਾਲਸਈ ਜਾਹੋ ਜਲਾਲ ਦੇ ਪ੍ਰਤੀਕ **ਹੋਲਾ ਮਹੱਲਾ** ਦੇ ਪਾਵਨ ਦਿਹਾੜੇ ਨੂੰ ਸਮਰਪਿਤ

# 15ਵਾਂ ਗੁਰਮਤਿ ਸਮਾਗਮ

## ਮਾਰਚ 20, 2026 ਤੋਂ ਅਪ੍ਰੈਲ 5, 2026 ਤੱਕ

## ਗੁਰਦੁਆਰਾ ਗੁਰ ਨਾਨਕ ਪ੍ਰਕਾਸ਼ ਦਮਦਮੀ ਟਕਸਾਲ ਟਰੇਸੀ

ਵਿਖੇ ਬੜੇ ਹੀ ਸ਼ਰਧਾ ਭਾਵਨਾ ਨਾਲ ਸਮੂਹ ਸੰਗਤਾਂ ਦੇ ਸਹਿਯੋਗ ਸਦਕਾ ਮਨਾਇਆ ਜਾ ਰਿਹਾ ਹੈ ਜਿਸ ਵਿੱਚ ਪੰਥ ਦੇ ਮਹਾਨ ਕੀਰਤਨੀ ਜੱਥੇ ਅਤੇ ਵਿਦਵਾਨ ਗੁਰੂ ਜਸ ਸਰਵਣ ਕਰਾਉਣਗੇ। ਸਰਬੱਤ ਸੰਗਤਾਂ ਨੂੰ ਬੇਨਤੀ ਹੈ ਕਿ ਵੱਧ ਤੋ ਵੱਧ ਹਾਜ਼ਰੀਆਂ ਭਰ ਕੇ ਗੁਰੂ ਸਾਹਿਬਾਂ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।



ਸ਼੍ਰੋਮਣੀ ਰਾਗੀ ਭਾਈ ਹਰਜਿੰਦਰ ਸਿੰਘ ਜੀ ਸ੍ਰੀਨਗਰ ਵਾਲੇ — ਮਾਰਚ 31 ਤੋਂ ਅਪ੍ਰੈਲ 5 ਤੱਕ

ਭਾਈ ਸਾਹਿਬ ਭਾਈ ਪਿੰਦਰਪਾਲ ਸਿੰਘ ਜੀ — ਮਾਰਚ 30 ਤੋਂ ਅਪ੍ਰੈਲ 5 ਤੱਕ

ਭਾਈ ਮਨਿੰਦਰ ਸਿੰਘ ਜੀ ਸ੍ਰੀਨਗਰ ਵਾਲੇ — ਮਾਰਚ 23 ਤੋਂ ਅਪ੍ਰੈਲ 1 ਤੱਕ

ਭਾਈ ਸਾਹਿਬ ਸਿੰਘ ਜੀ ਕਨੇਡਾ ਵਾਲੇ (ਕਥਾਵਾਚਕ) — ਮਾਰਚ 20 ਤੋਂ 22

ਭਾਈ ਨਿਰੰਜਨ ਸਿੰਘ ਜੀ ਜਵੱਦੀ ਕਲਾਂ ਵਾਲੇ — ਮਾਰਚ 27 ਤੋਂ 30



ਗਿਆਨੀ ਗੁਰਦੇਵ ਸਿੰਘ ਜੀ ਅਸਟ੍ਰੇਲੀਆ ਵਾਲੇ — ਮਾਰਚ 31 ਤੋਂ ਅਪ੍ਰੈਲ 5 ਤੱਕ

ਭਾਈ ਲਖਵਿੰਦਰ ਸਿੰਘ ਜੀ ਸੋਹਲ ਗੋਲਡ ਮੈਡਲਿਸਟ ਢਾਡੀ ਜਥਾ — ਮਾਰਚ 23 ਤੋਂ 29

ਭਾਈ ਸਿਰੀਪਾਲ ਸਿੰਘ ਜੀ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ

ਭਾਈ ਸੁਖਮਨ ਸਿੰਘ ਜੀ ਦਮਦਮੀ ਟਕਸਾਲ, ਟਰੇਸੀ

ਗਿ. ਦਿਲਬਾਗ ਸਿੰਘ ਜੀ ਦਮਦਮੀ ਟਕਸਾਲ, ਟਰੇਸੀ

**ਪ੍ਰੋਗਰਾਮ :– ਮਾਰਚ 20, ਸ਼ੁੱਕਰਵਾਰ ਤੋਂ ਅਪ੍ਰੈਲ 4, ਸ਼ਨੀਵਾਰ ਤੱਕ ਰੋਜ਼ਾਨਾ ਸ਼ਾਮ 5.00 ਤੋਂ 9:00 ਤੱਕ ਦੀਵਾਨ ਸੱਜਣਗੇ।**

**ਅਪ੍ਰੈਲ 5, ਐਤਵਾਰ 9:30 ਤੋਂ 3:00 ਵਜੇ ਤੱਕ ਦੀਵਾਨ ਸਜਣਗੇ।**

ਦੋਵੇਂ ਹਫਤੇ ਸ੍ਰੀ ਅਖੰਡ ਪਾਠ ਸਾਹਿਬਾਂ ਦੀ ਲੜੀ ਨਿਰੰਤਰ ਜਾਰੀ ਰਹੇਗੀ ।

**ਨੋਟ: ਇਸ ਸਾਲ ਨਗਰ ਕੀਰਤਨ ਨਹੀਂ ਹੋਵੇਗਾ ਅਤੇ ਦੁਕਾਨਾਂ ਨਹੀਂ ਲਗਣਗੀਆਂ ।।**

## ਅੰਮ੍ਰਿਤ ਸੰਚਾਰ

ਅਪ੍ਰੈਲ 4, ਸ਼ਨੀਵਾਰ ਨੂੰ ਸਵੇਰੇ 10 ਵਜੇ



ਪੰਜ ਪਿਆਰੇ ਸਾਹਿਬਾਨ ਅੰਮ੍ਰਿਤ ਦਾ ਬਾਟਾ ਤਿਆਰ ਕਰਨਗੇ। ਕਕਾਰ ਗੁਰੂ-ਘਰ ਵੱਲੋਂ ਦਿੱਤੇ ਜਾਣਗੇ।

ਵੱਲੋਂ : ਬਾਬਾ ਧਰਮ ਸਿੰਘ ਜੀ

GURDWARA GUR NANAK PARKASH DAMDAMI TAKSAL

16101 WEST GRANT LINE RD TRACY CA 95304 | TEL. 209 346 4270

# 15,000 ਕਰੋੜ ਦੀਆਂ ਜਾਇਦਾਦਾਂ ਸੁਪਰੀਮ ਕੋਰਟ ਕਮੇਟੀ ਹਵਾਲੇ

## ਪਰਲਜ਼ ਗਰੁੱਪ ਵਲੋਂ ਠੱਗੇ ਨਿਵੇਸ਼ਕਾਂ ਨੂੰ ਬਕਾਇਆ ਮਿਲਣ ਦੀ ਉਮੀਦ ਮਿਲ

ਨਵੀਂ ਦਿੱਲੀ: ਇਨਫ਼ੋਰਸਮੈਂਟ ਡਾਇਰੈਕਟੋਰੇਟ ਨੇ ਅੱਜ ਜਾਣਕਾਰੀ ਦਿਤੀ ਹੈ ਕਿ ਉਨ੍ਹਾਂ ਨੇ 15,000 ਕਰੋੜ ਰੁਪਏ ਤੋਂ ਵੱਧ ਦੀਆਂ ਜਾਇਦਾਦਾਂ ਸੁਪਰੀਮ ਕੋਰਟ ਵਲੋਂ ਬਣਾਈ ਗਈ ਇਕ ਵਿਸ਼ੇਸ਼ ਕਮੇਟੀ ਨੂੰ ਸੌਂਪ ਦਿਤੀਆਂ ਹਨ। ਇਹ ਕਦਮ ਇਸ ਲਈ ਚੁੱਕਿਆ ਗਿਆ ਹੈ ਤਾਕਿ ਚੰਡੀਗੜ੍ਹ ਸਥਿਤ ਪੀ.ਏ.ਸੀ.ਐਲ. (ਪਰਲਜ਼ ਗਰੁਪ) ਵਲੋਂ ਪੋਂਜ਼ੀ ਸਕੀਮ ਰਾਹੀਂ ਕਥਿਤ ਤੌਰ ’ਤੇ ਠੱਗੇ ਗਏ ਨਿਵੇਸ਼ਕਾਂ ਨੂੰ ਉਨ੍ਹਾਂ ਦਾ ਬਣਦਾ ਬਕਾਇਆ ਵਾਪਸ ਮਿਲ ਸਕੇ। ਇਸ ਵੱਡੇ ਵਿੱਤੀ ਘੁਟਾਲੇ ਦੀ ਅੰਦਾਜ਼ਨ ਕੀਮਤ ਲਗਭਗ 48,000 ਕਰੋੜ ਰੁਪਏ ਦਸੀ ਜਾ ਰਹੀ ਹੈ। ਕੇਂਦਰੀ ਏਜੰਸੀ ਨੇ ਦੱਸਿਆ ਕਿ ਮਨੀ ਲਾਂਡਰਿੰਗ ਰੋਕੂ ਕਾਨੂੰਨ ਦੀ ਇਕ ਵਿਸ਼ੇਸ਼ ਅਦਾਲਤ ਨੇ 455 ਅਚੱਲ ਜਾਇਦਾਦਾਂ ਨੂੰ ਜਸਟਿਸ ਲੋਧਾ ਕਮੇਟੀ ਨੂੰ ਸੌਂਪਣ ਦੇ ਹੁਕਮ ਦਿਤੇ ਹਨ। ਇਨ੍ਹਾਂ ਜਾਇਦਾਦਾਂ ਦੀ ਮੌਜੂਦਾ ਬਾਜ਼ਾਰੀ ਕੀਮਤ ਲਗਭਗ 15,582 ਕਰੋੜ ਰੁਪਏ ਹੈ। ਇਸ ਫ਼ੈਸਲੇ ਨਾਲ ਉਨ੍ਹਾਂ ਲੱਖਾਂ ਨਿਵੇਸ਼ਕਾਂ ਵਿਚ ਉਮੀਦ ਦੀ ਕਿਰਨ ਜਾਗੀ ਹੈ ਜਿਨ੍ਹਾਂ ਦੇ ਕਰੋੜਾਂ ਰੁਪਏ ਇਸ ਘਪਲੇ ਵਿਚ ਫਸੇ ਹੋਏ ਹਨ। ਈ.ਡੀ. ਅਨੁਸਾਰ ਇਨ੍ਹਾਂ ਜਾਇਦਾਦਾਂ ਦੀ ਵਰਤੋਂ ਹੁਣ ਨਿਵੇਸ਼ਕਾਂ ਦਾ ਪੈਸਾ ਮੋੜਨ ਲਈ ਕੀਤੀ ਜਾ ਸਕੇਗੀ।




ਮਨੀ ਲਾਂਡਰਿੰਗ ਰੋਕੂ ਕਾਨੂੰਨ ਤਹਿਤ ਧੋਖਾਧੜੀ ਦਾ ਸ਼ਿਕਾਰ ਹੋਏ ਬੈਂਕਾਂ, ਜਮ੍ਹਾਂਕਰਤਾਵਾਂ ਅਤੇ ਘਰ ਖ਼ਰੀਦਣ ਵਾਲਿਆਂ ਨੂੰ ਉਨ੍ਹਾਂ ਦੀਆਂ ਜਾਇਦਾਦਾਂ ਜਾਂ ਪੈਸਾ ਵਾਪਸ ਕਰਵਾਉਣ ਦਾ ਪ੍ਰਬੰਧ ਮੌਜੂਦ ਹੈ। ਇਸ ਤਹਿਤ ਹੁਣ ਪੀ.ਏ.ਸੀ.ਐਲ. ਮਾਮਲੇ ਵਿਚ ਵੱਡੀ ਕਾਰਵਾਈ ਕੀਤੀ ਗਈ ਹੈ।

# ਸ਼ੇਰੇ-ਪੰਜਾਬ ਮਹਾਰਾਜਾ ਰਣਜੀਤ ਸਿੰਘ ਦੀ ਬਰਸੀ ਮਨਾਉਣ ਲਈ ਪਾਕਿਸਤਾਨ ਜਾਵੇਗਾ ਸਿੱਖ ਜਥਾ

## ਐਸਜੀਪੀਸੀ ਨੇ ਪਾਸਪੋਰਟਾਂ ਦੀ ਕੀਤੀ ਮੰਗ

ਅੰਮ੍ਰਿਤਸਰ: ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸ਼ੇਰੇ-ਪੰਜਾਬ ਮਹਾਰਾਜਾ ਰਣਜੀਤ ਸਿੰਘ ਦੀ ਬਰਸੀ ਮਨਾਉਣ ਲਈ ਪਾਕਿਸਤਾਨ ਸਥਿਤ ਗੁਰਧਾਮਾਂ ਦੇ ਦਰਸ਼ਨਾਂ ਵਾਸਤੇ ਜਾਣ ਵਾਲੇ ਜਥੇ ਲਈ ਸੰਗਤਾਂ ਪਾਸੋਂ ਪਾਸਪੋਰਟਾਂ ਦੀ ਮੰਗ ਕੀਤੀ ਗਈ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸ਼੍ਰੋਮਣੀ ਕਮੇਟੀ ਦੇ ਸਕੱਤਰ ਸ. ਬਲਵਿੰਦਰ ਸਿੰਘ ਕਾਹਲਵਾ ਨੇ ਦੱਸਿਆ ਕਿ ਸਿੱਖ ਸੰਗਤਾਂ ਹਮੇਸ਼ਾ ਅਰਦਾਸ ਕਰਦੀਆਂ ਹਨ ਕਿ ਉਨ੍ਹਾਂ ਨੂੰ ਵੰਡ ਵੇਲੇ ਵਿਛੜੇ ਗੁਰਧਾਮਾਂ ਦੇ ਖੁੱਲ੍ਹੇ ਦਰਸ਼ਨ-ਦੀਦਾਰ ਨਸੀਬ ਹੋਣ। ਹਾਲਾਂਕਿ ਸਰਕਾਰੀ ਪ੍ਰੋਟੋਕੋਲ ਮੁਤਾਬਕ ਸਾਲ ਵਿੱਚ ਚਾਰ ਜਥੇ ਪਾਕਿਸਤਾਨ ਜਾਂਦੇ ਹਨ, ਜਿਨ੍ਹਾਂ ਵਿੱਚੋਂ ਤੀਜਾ ਜਥਾ ਮਹਾਰਾਜਾ ਰਣਜੀਤ ਸਿੰਘ ਦੀ ਬਰਸੀ ਮੌਕੇ ਰਵਾਨਾ ਹੁੰਦਾ ਹੈ। ਸ. ਕਾਹਲਵਾ ਨੇ ਦੱਸਿਆ ਕਿ ਇਸ ਜਥੇ ਦੀ ਰਵਾਨਗੀ 21 ਜੂਨ 2026 ਨੂੰ ਸ੍ਰੀ ਅੰਮ੍ਰਿਤਸਰ ਤੋਂ ਹੋਵੇਗੀ। ਨਿਰਧਾਰਿਤ ਪ੍ਰੋਗਰਾਮ ਅਨੁਸਾਰ ਜਥਾ ਸਭ ਤੋਂ ਪਹਿਲਾਂ ਗੁਰਦੁਆਰਾ ਸ੍ਰੀ ਨਨਕਾਣਾ ਸਾਹਿਬ ਪਹੁੰਚੇਗਾ। 22 ਜੂਨ ਨੂੰ ਸੰਗਤਾਂ ਗੁਰਦੁਆਰਾ ਸੱਚਾ ਸੌਦਾ (ਮੰਡੀ ਚੂੜਕਾਣਾ) ਦੇ ਦਰਸ਼ਨ ਕਰਕੇ ਵਾਪਸ ਨਨਕਾਣਾ ਸਾਹਿਬ ਪਰਤਣਗੀਆਂ। ਇਸ ਤੋਂ ਬਾਅਦ 23 ਜੂਨ ਨੂੰ ਜਥਾ ਸ੍ਰੀ ਪੰਜਾ ਸਾਹਿਬ ਜਾਵੇਗਾ ਅਤੇ 25 ਜੂਨ ਨੂੰ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਲਈ ਰਵਾਨਾ ਹੋਵੇਗਾ। 27 ਜੂਨ ਨੂੰ ਗੁਰਦੁਆਰਾ ਰੋੜੀ ਸਾਹਿਬ (ਏਮਨਾਬਾਦ) ਦੇ ਦਰਸ਼ਨ ਕਰਦਿਆਂ ਸ਼ਾਮ ਨੂੰ ਜਥਾ ਗੁਰਦੁਆਰਾ ਸ੍ਰੀ ਡੇਹਰਾ ਸਾਹਿਬ, ਲਾਹੌਰ ਪਹੁੰਚੇਗਾ। ਇੱਥੇ 29 ਜੂਨ ਨੂੰ ਮਹਾਰਾਜਾ ਰਣਜੀਤ ਸਿੰਘ ਦੀ ਬਰਸੀ ਸ਼ਰਧਾ ਨਾਲ ਮਨਾਈ ਜਾਵੇਗੀ ਅਤੇ 30 ਜੂਨ ਨੂੰ ਜਥਾ ਵਾਪਸ ਭਾਰਤ ਪਰਤ ਆਵੇਗਾ।




ਸ਼੍ਰੋਮਣੀ ਕਮੇਟੀ ਦੇ ਸਕੱਤਰ ਨੇ ਦੱਸਿਆ ਕਿ ਕੁੱਲ 500 ਦੇ ਕੋਟੇ ਵਿੱਚੋਂ ਸ਼੍ਰੋਮਣੀ ਕਮੇਟੀ ਲਈ 300 ਜਾਤਰੂਆਂ ਦਾ ਕੋਟਾ ਨਿਰਧਾਰਿਤ ਹੈ। ਉਨ੍ਹਾਂ ਸਮੂਹ ਨਾਨਕ ਨਾਮ ਲੇਵਾ ਸੰਗਤਾਂ ਨੂੰ ਅਪੀਲ ਕੀਤੀ ਕਿ ਜਿਹੜੇ ਮਾਈ-ਭਾਈ ਇਸ ਜਥੇ ਵਿੱਚ ਸ਼ਾਮਲ ਹੋਣਾ ਚਾਹੁੰਦੇ ਹਨ, ਉਹ ਆਪਣੇ ਪਾਸਪੋਰਟ 31 ਮਾਰਚ 2026 ਤੱਕ ਹਰ ਹਾਲ ਵਿੱਚ ਸ਼੍ਰੋਮਣੀ ਕਮੇਟੀ ਦਫ਼ਤਰ ਵਿਖੇ ਜਮ੍ਹਾਂ ਕਰਵਾ ਦੇਣ। ਪਾਸਪੋਰਟ ਦੇ ਨਾਲ ਆਧਾਰ ਕਾਰਡ ਦੀ ਕਾਪੀ ਅਤੇ ਆਪਣੇ ਹਲਕਾ ਮੈਂਬਰ ਦੀ ਤਸਦੀਕ ਕਰਵਾਉਣੀ ਲਾਜ਼ਮੀ ਹੈ।

# ਸਰਕਾਰਾਂ ਬਿਨ੍ਹਾਂ ਸ਼ਰਤ ਬੰਦੀ ਸਿੰਘਾਂ ਨੂੰ ਤੁਰੰਤ ਰਿਹਾਅ ਕਰਨ : ਬਾਬਾ ਬਲਬੀਰ ਸਿੰਘ

ਅੰਮ੍ਰਿਤਸਰ : ਬੁੱਢਾ ਦਲ ਦੇ ਮੈਨੇਜਰ ਸ. ਪਰਮਜੀਤ ਸਿੰਘ ਬਾਜਵਾ ਵੱਲੋਂ ਜਾਰੀ ਇਕ ਲਿਖਤੀ ਬਿਆਨ ਵਿੱਚ ਨਿਹੰਗ ਸਿੰਘਾਂ ਦੀ ਸਿਰਮੌਰ ਸੰਸਥਾ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ 14ਵੇਂ ਮੁਖੀ ਸਿੰਘ ਸਾਹਿਬ ਜਥੇਦਾਰ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਨੇ ਕਿਹਾ ਸਰਕਾਰਾਂ ਦੀ ਬੇਇਨਸਾਫੀ ਤੇ ਤਾਨਾਸ਼ਾਹੀ ਦੇ ਸ਼ਿਕਾਰ ਹੋਏ ਖਾਲਸਾ ਪੰਥ ਦੇ ਸੂਰਬੀਰ ਸਿੰਘ ਜੋ ਆਪਣੀਆਂ ਸਜਾਵਾਂ ਵੀ ਕਾਨੂੰਨੀ ਪੱਧਰ ਤੇ ਪੂਰੀਆਂ ਕਰ ਚੁੱਕੇ ਹਨ ਪਰ ਫਿਰ ਵੀ ਉਨ੍ਹਾਂ ਨੂੰ ਰਿਹਾ ਨਹੀਂ ਕੀਤਾ ਜਾ ਰਿਹਾ ਤੇ ਬੰਦੀ ਬਣਾ ਕੇ ਰੱਖੇ ਹੋਏ ਹਨ। ਕੇਂਦਰ ਅਤੇ ਵੱਖ-ਵੱਖ ਪ੍ਰਾਂਤਾਂ ਨਾਲ ਸਬੰਧਤ ਸਰਕਾਰਾਂ ਨੂੰ ਬਿਨ੍ਹਾਂ ਸ਼ਰਤ ਇਨ੍ਹਾਂ ਬੰਦੀ ਸਿੰਘਾਂ ਨੂੰ ਸ਼ੀਘਰ ਰਿਹਾਅ ਕਰਨਾ ਚਾਹੀਦਾ ਹੈ। ਦੇਰ ਨਾਲ ਮਿਲਿਆ ਇਨਸਾਫ ਵੀ ਬੇਇਨਸਾਫੀ ਹੀ ਹੁੰਦੀ ਹੈ। ਉਨ੍ਹਾਂ ਕਿਹਾ ਕਿ ਸਮੇਂ ਸਮੇਂ ਦੀਆਂ ਸਰਕਾਰਾਂ ਵੱਲੋਂ ਅਨੇਕਾਂ ਸਿੰਘਾਂ ਤੇ ਝੂਠੇ ਮੁਕੱਦਮੇ ਦਰਜ ਕਰਕੇ ਜੇਲ੍ਹਾਂ ਵਿੱਚ ਡੱਕ ਦਿੱਤੇ ਗਏ ਹਨ, ਉਹ ਕਈ ਦਹਾਕਿਆਂ ਤੋਂ ਇਨਸਾਫ ਲਈ ਲੜਦੇ, ਮੁਕੱਦਮਿਆਂ ਦੀ ਮੱਦਾਂ ਨੂੰ ਝੂਠੀਆਂ ਸਾਬਤ ਕਰਦਿਆਂ ਜੇਹਲਾਂ ਵਿਚ ਸਜ਼ਾ ਜਾਬਤਾ ਸਮਾਂ ਵੀ ਪੂਰਾ ਕਰ ਚੁੱਕੇ ਹਨ, ਪਰ ਸਰਕਾਰਾਂ ਦੀ ਘੋਰ ਬੇਵਫਾਈ ਕਿ ਉਨ੍ਹਾਂ ਨੂੰ ਅੱਜ ਵੀ ਰਿਹਾਈ ਨਹੀਂ ਮਿਲੀ। ਸਰਕਾਰਾਂ ਜਮਹੂਰੀਅਤ ਦਾ ਦਾਅਵਾ ਕਰਦੀਆਂ ਅਸਲ ਵਿੱਚ ਉਹ ਆਪ ਹੀ ਲੋਕਤੰਤਰੀ ਢਾਂਚੇ ਦਾ ਗਲਾ ਘੁੱਟ ਰਹੀਆਂ ਹਨ। ਉਨ੍ਹਾਂ ਕਿਹਾ ਕਿ ਹਰਿਮੰਦਰ ਸਾਹਿਬ ਉਪਰ ਭਾਰਤੀ ਫੌਜ ਤੇ ਉਸ ਵੇਲੇ ਦੀ ਹਕੂਮਤ ਵੱਲੋਂ ਕੀਤਾ ਗਏ ਹਮਲੇ ਦੀ ਚੀਸ ਅਜੇ ਵੀ ਸਿੱਖ ਸਮਾਜ ਨੂੰ ਸੋਣ ਨਹੀਂ ਦੇਂਦੀ। ਉਨ੍ਹਾਂ ਕਿਹਾ ਕਿ ਦੇਸ਼ ਪੰਜਾਬ ਅੰਦਰ ਹਲਾਤ ਸਾਂਤੀ ਪੂਰਨ ਰੱਖਣ ਲਈ ਸਾਰੇ ਬੇਕਸੂਰ ਬੰਦੀ ਸਿੰਘਾਂ ਨੂੰ ਤੁਰੰਤ ਰਿਹਾ ਕੀਤਾ ਜਾਵੇ ਤੇ ਪਿਛਲੇ ਇਤਿਹਾਸ ਤੋਂ ਵੀ ਸਰਕਾਰ ਨੂੰ ਸਬਕ ਲੈਣਾ ਚਾਹੀਦਾ ਹੈ। ਸਰਕਾਰਾਂ ਸਜਾਵਾਂ ਪੂਰੀਆਂ ਕਰ ਚੁੱਕੇ ਸਿੰਘਾਂ ਨੂੰ ਤੁਰੰਤ ਰਿਹਾਅ ਕਰੇ।



# ‘ਮੁੱਖ ਮੰਤਰੀ ਤੀਰਥ ਯਾਤਰਾ ਸਕੀਮ’ ਲਈ ਆਮਦਨ ਦੀ ਸੀਮਾ ਹੁੰਦੀ ਤਾਂ ਬਿਹਤਰ ਹੁੰਦਾ: ਹਾਈ ਕੋਰਟ

ਚੰਡੀਗੜ੍ਹ : ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਟਿੱਪਣੀ ਕੀਤੀ ਕਿ “ਇਹ ਬਿਹਤਰ ਹੁੰਦਾ ਜੇ ਮੁੱਖ ਮੰਤਰੀ ਤੀਰਥ ਯਾਤਰਾ ਸਕੀਮ ਸਿਰਫ਼ ਉਨ੍ਹਾਂ ਵਿਅਕਤੀਆਂ ਲਈ ਹੁੰਦੀ ਜੋ ਤੀਰਥ ਯਾਤਰਾ ਦਾ ਖਰਚਾ ਨਹੀਂ ਝੱਲ ਸਕਦੇ, “ਹਾਲਾਂਕਿ ਅਦਾਲਤ ਨੇ ਇਸ ਸਕੀਮ ਵਿੱਚ ਦਖ਼ਲ ਦੇਣ ਤੋਂ ਇਨਕਾਰ ਕਰ ਦਿੱਤਾ। ਮੁੱਖ ਜਸਟਿਸ ਸ਼ੀਲ ਨਾਗੂ ਅਤੇ ਜਸਟਿਸ ਰਮੇਸ਼ ਕੁਮਾਰੀ ਦੇ ਡਿਵੀਜ਼ਨ ਬੈਂਚ ਦੀ ਇਹ ਟਿੱਪਣੀ ਆਰ ਟੀ ਆਈ ਕਾਰਕੁਨ ਪਰਵਿੰਦਰ ਸਿੰਘ ਕਿੱਤਣਾ ਵੱਲੋਂ ਵਕੀਲ ਐੱਚ ਸੀ ਅਰੋੜਾ ਅਤੇ ਸੁਨੈਨਾ ਰਾਹੀਂ ਦਾਇਰ ਇੱਕ ਜਨਹਿਤ ਪਟੀਸ਼ਨ (PIL) ਦੀ ਸੁਣਵਾਈ ਦੌਰਾਨ ਆਈ।

ਉਨ੍ਹਾਂ ਨੇ ਆਮਦਨ ਦੇ ਮਾਪਦੰਡ ਦੀ ਅਣਹੋਂਦ ਸਮੇਤ ਕਈ ਆਧਾਰਾਂ ’ਤੇ ਤੀਰਥ ਯਾਤਰਾ ਸਕੀਮ ਨੂੰ ਚੁਣੌਤੀ ਦਿੱਤੀ ਸੀ। ਪਟੀਸ਼ਨਕਰਤਾ ਦੇ ਵਕੀਲ ਨੇ ਦਲੀਲ ਦਿੱਤੀ ਕਿ ਕੇਂਦਰ ਸਰਕਾਰ ਦੀ ਹੱਜ ਯਾਤਰਾ ਲਈ ਅਜਿਹੀ ਹੀ ਇੱਕ ਸਬਸਿਡੀ ਸਕੀਮ ਦੀ ਸੁਪਰੀਮ ਕੋਰਟ ਨੇ ਪਹਿਲਾਂ ਜਾਂਚ ਕੀਤੀ ਸੀ, ਜਿਸ ਨੇ ਕੇਂਦਰ ਨੂੰ 10 ਸਾਲਾਂ ਦੇ ਅੰਦਰ ਸਬਸਿਡੀ ਨੂੰ ਹੌਲੀ-ਹੌਲੀ ਘਟਾਉਣ ਅਤੇ ਅੰਤ ਵਿੱਚ ਖਤਮ ਕਰਨ ਦਾ ਨਿਰਦੇਸ਼ ਦਿੱਤਾ ਸੀ, ਤਾਂ ਜੋ ਫੰਡਾਂ ਦੀ ਵਰਤੋਂ ਭਾਈਚਾਰੇ ਦੀ ਸਿੱਖਿਆ ਅਤੇ ਸਮਾਜਿਕ ਵਿਕਾਸ ਲਈ ਕੀਤੀ ਜਾ ਸਕੇ।

ਵਕੀਲ ਨੇ ਅੱਗੇ ਕਿਹਾ ਕਿ 20 ਨਵੰਬਰ 2023 ਨੂੰ ਤਿਆਰ ਕੀਤੀ ਗਈ ਮੌਜੂਦਾ ਸਕੀਮ 16 ਮਾਰਚ 2024 ਨੂੰ ਐਲਾਨੀਆਂ ਗਈਆਂ ਸੰਸਦੀ ਚੋਣਾਂ ਤੋਂ ਪਹਿਲਾਂ ਵੋਟਰਾਂ ਨੂੰ ਪ੍ਰਭਾਵਿਤ ਕਰਨ ਦੇ ਉਦੇਸ਼ ਨਾਲ ਪੇਸ਼ ਕੀਤੀ ਗਈ ਸੀ। ਇਹ ਵੀ ਦਲੀਲ ਦਿੱਤੀ ਗਈ ਸੀ ਕਿ ਇਹ ਸਕੀਮ ਜਨਤਕ ਫੰਡਾਂ ਦੀ ਬਰਬਾਦੀ ਦੇ ਬਰਾਬਰ ਹੈ ਕਿਉਂਕਿ ਇਸ ਵਿੱਚ ਆਮਦਨ ਦੀ ਕੋਈ ਸੀਮਾ ਨਹੀਂ ਹੈ, ਜਿਸ ਨਾਲ ਅਮੀਰ ਵਿਅਕਤੀ ਵੀ ਧਾਰਮਿਕ ਅਸਥਾਨਾਂ ਦੀ ਮੁਫ਼ਤ ਯਾਤਰਾ ਦਾ ਲਾਭ ਉਠਾ ਸਕਦੇ ਹਨ।




ਆਮਦਨ ਦੇ ਮਾਪਦੰਡ ਦੀ ਅਣਹੋਂਦ ਬਾਰੇ ਟਿੱਪਣੀਆਂ ਕਰਦੇ ਹੋਏ ਡਿਵੀਜ਼ਨ ਬੈਂਚ ਨੇ ਸਪੱਸ਼ਟ ਕੀਤਾ ਕਿ ਉਹ ਸਕੀਮ ਵਿੱਚ ਦਖ਼ਲ ਨਹੀਂ ਦੇਵੇਗਾ। ਇਸ ਦੇ ਨਾਲ ਹੀ ਅਦਾਲਤ ਨੇ ਪਟੀਸ਼ਨਕਰਤਾ ਨੂੰ ਰਾਜ ਸਰਕਾਰ ਕੋਲ ਆਪਣੇ ਇਤਰਾਜ਼ ਅਤੇ ਸ਼ਿਕਾਇਤਾਂ ਜਮ੍ਹਾਂ ਕਰਾਉਣ ਦੀ ਖੁੱਲ੍ਹ ਦੇ ਦਿੱਤੀ। ਬੈਂਚ ਨੇ ਨਿਰਦੇਸ਼ ਦਿੱਤਾ ਕਿ ਜੇ ਅਜਿਹੀ ਕੋਈ ਪ੍ਰਤੀਨਿਧਤਾ ਦਾਇਰ ਕੀਤੀ ਜਾਂਦੀ ਹੈ, ਤਾਂ ਰਾਜ ਸਰਕਾਰ ਕਾਨੂੰਨ ਅਨੁਸਾਰ ਮਾਮਲੇ ’ਤੇ ਵਿਚਾਰ ਕਰੇਗੀ ਅਤੇ ਫੈਸਲਾ ਲਵੇਗੀ।

ਬੈਂਚ ਨੂੰ ਪਹਿਲਾਂ ਦੱਸਿਆ ਗਿਆ ਸੀ ਕਿ ਇਸ ਸਕੀਮ ਵਿੱਚ ਚਾਲੂ ਵਿੱਤੀ ਸਾਲ ਦੌਰਾਨ 13 ਹਫ਼ਤਿਆਂ ਦੀ ਮਿਆਦ ਵਿੱਚ 13 ਰੇਲਗੱਡੀਆਂ ਚਲਾਉਣਾ ਸ਼ਾਮਲ ਸੀ। ਹਰੇਕ ਰੇਲਗੱਡੀ ਵਿੱਚ 1000 ਸ਼ਰਧਾਲੂਆਂ ਦੇ ਬੈਠਣ ਦੀ ਵਿਵਸਥਾ ਸੀ। ਇਸ ਤੋਂ ਇਲਾਵਾ ਸੂਬੇ ਦੇ ਵੱਖ-ਵੱਖ ਸਥਾਨਾਂ ਤੋਂ ਵੱਖ-ਵੱਖ ਮੰਜ਼ਿਲਾਂ ਲਈ ਰੋਜ਼ਾਨਾ 10 ਬੱਸਾਂ ਚੱਲਣੀਆਂ ਸਨ। ਹਰੇਕ ਬੱਸ ਵਿੱਚ 43 ਸਵਾਰੀਆਂ ਹੋਣੀਆਂ ਸਨ। ਇਸ ਸਕੀਮ ਵਿੱਚ ਚਾਲੂ ਵਿੱਤੀ ਸਾਲ ਦੌਰਾਨ 40 ਕਰੋੜ ਰੁਪਏ ਖਰਚ ਕਰਨਾ ਸ਼ਾਮਲ ਸੀ। ਪਟੀਸ਼ਨਕਰਤਾ ਨੇ ਦਲੀਲ ਦਿੱਤੀ ਕਿ ਇਹ ਟੈਕਸਦਾਤਾਵਾਂ ਦੇ ਭਾਰੀ ਪੈਸੇ ਦੀ ਸਿਰਫ਼ ਬਰਬਾਦੀ ਹੈ ਅਤੇ ਇਸ ਨਾਲ ਕੋਈ ਵਿਕਾਸ ਜਾਂ ਭਲਾਈ ਨਹੀਂ ਹੋਵੇਗੀ। ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਮੁਲਜ਼ਮਾਂ ਵਿੱਚ ਸਮਝੌਤੇ ਦੇ ਬਹਾਨੇ ਅੰਤਰਿਮ ਅਗਾਊਂ ਜ਼ਮਾਨਤ ਹਾਸਲ ਕਰਨ ਦੀ ਵਧ ਰਹੀ ਅਤੇ ਚਿੰਤਾਜਨਕ ਪ੍ਰਵਿਰਤੀ ਦਾ ਨਿਆਂਇਕ ਨੋਟਿਸ ਲਿਆ ਹੈ, ਜੋ ਬਾਅਦ ਵਿੱਚ ਆਪਣੀਆਂ ਵਚਨਬੱਧਤਾਵਾਂ ਤੋਂ ਮੁੱਕਰ ਜਾਂਦੇ ਹਨ। ਬੈਂਚ ਨੇ ਸਪੱਸ਼ਟ ਕੀਤਾ ਕਿ ਅਜਿਹਾ ਵਿਵਹਾਰ ਨਿਆਂ ਪ੍ਰਣਾਲੀ ਦੀ ਬੁਨਿਆਦ ਨੂੰ ਕਮਜ਼ੋਰ ਕਰਦਾ ਹੈ।

# ਸਰਕਾਰ ਪੈਟਰੋਲ, ਡੀਜ਼ਲ ਅਤੇ ਐਲਪੀਜੀ ’ਤੇ ਸਖ਼ਤੀ ਨਾਲ ਨਜ਼ਰ ਰੱਖ ਰਹੀ ਹੈ, ਹੁਣ ਤੱਕ 17,000 ਤੋਂ ਵੱਧ ਛਾਪੇ ਮਾਰੇ

## 12 ਮਾਰਚ ਤੋਂ ਹੁਣ ਤੱਕ 17,581 ਛਾਪੇਮਾਰੀ ਅਤੇ ਨਿਰੀਖਣ ਕੀਤੇ ਗਏ ਹਨ

ਲਖਨਊ: ਉੱਤਰ ਪ੍ਰਦੇਸ਼ ਵਿੱਚ ਪੈਟਰੋਲ, ਡੀਜ਼ਲ ਅਤੇ ਐਲਪੀਜੀ ਦੀ ਸੁਚਾਰੂ ਸਪਲਾਈ ਨੂੰ ਯਕੀਨੀ ਬਣਾਉਣ ਅਤੇ ਕਾਲਾਬਾਜ਼ਾਰੀ ਅਤੇ ਗੈਰ-ਕਾਨੂੰਨੀ ਵਿਕਰੀ ਨੂੰ ਰੋਕਣ ਲਈ, 12 ਮਾਰਚ ਤੋਂ ਹੁਣ ਤੱਕ 17,581 ਛਾਪੇਮਾਰੀ ਅਤੇ ਨਿਰੀਖਣ ਕੀਤੇ ਗਏ ਹਨ। ਸਰਕਾਰ ਨੇ ਸੋਮਵਾਰ ਦੇਰ ਰਾਤ ਇੱਕ ਬਿਆਨ ਵਿੱਚ ਇਹ ਜਾਣਕਾਰੀ ਦਿੱਤੀ।

ਬਿਆਨ ਵਿੱਚ ਕਿਹਾ ਗਿਆ ਹੈ ਕਿ ਇਸ ਸਮੇਂ ਦੌਰਾਨ, ਐਲਪੀਜੀ ਵਿਤਰਕਾਂ ਵਿਰੁੱਧ 33 ਐਫਆਈਆਰ ਦਰਜ ਕੀਤੀਆਂ ਗਈਆਂ ਹਨ, ਜਦੋਂ ਕਿ ਹੋਰ ਮਾਮਲਿਆਂ ਵਿੱਚ 189 ਐਫਆਈਆਰ ਦਰਜ ਕੀਤੀਆਂ ਗਈਆਂ ਹਨ ਅਤੇ 17 ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਇਸ ਤੋਂ ਇਲਾਵਾ, 224 ਲੋਕਾਂ ਵਿਰੁੱਧ ਮੁਕੱਦਮਾ ਚਲਾਉਣ ਦੀ ਕਾਰਵਾਈ ਸ਼ੁਰੂ ਕੀਤੀ ਗਈ ਹੈ।

ਬਿਆਨ ਵਿੱਚ ਕਿਹਾ ਗਿਆ ਹੈ ਕਿ ਮੁੱਖ ਸਕੱਤਰ ਪੱਧਰ ਤੋਂ ਜਾਰੀ ਨਿਰਦੇਸ਼ਾਂ ਦੀ ਪਾਲਣਾ ਕਰਦੇ ਹੋਏ, ਪ੍ਰਸ਼ਾਸਨ ਸਾਰੇ ਜ਼ਿਲ੍ਹਿਆਂ ਵਿੱਚ ਸਰਗਰਮ ਹੈ ਅਤੇ ਨਿਰੰਤਰ ਨਿਗਰਾਨੀ ਕੀਤੀ ਜਾ ਰਹੀ ਹੈ।

ਇਸ ਵਿੱਚ ਕਿਹਾ ਗਿਆ ਹੈ ਕਿ ਰਾਜ ਵਿੱਚ ਪੈਟਰੋਲ ਅਤੇ ਡੀਜ਼ਲ ਦੀ ਸਪਲਾਈ ਇਸ ਸਮੇਂ ਪੂਰੀ ਤਰ੍ਹਾਂ ਆਮ ਹੈ। ਰਾਜ ਵਿੱਚ 12,888 ਪੈਟਰੋਲ ਪੰਪ ਕੰਮ ਕਰ ਰਹੇ ਹਨ। 27 ਤੋਂ 29 ਮਾਰਚ ਦੇ ਵਿਚਕਾਰ ਹਜ਼ਾਰਾਂ ਕਿਲੋਲੀਟਰ ਬਾਲਣ ਵੇਚਿਆ ਗਿਆ, ਜਦੋਂ ਕਿ ਰਾਜ ਕੋਲ ਇਸ ਸਮੇਂ ਲਗਭਗ 91,000 ਕਿਲੋਲੀਟਰ ਪੈਟਰੋਲ ਅਤੇ 1.15 ਲੱਖ ਕਿਲੋਲੀਟਰ ਡੀਜ਼ਲ ਦਾ ਸਟਾਕ ਹੈ।

ਸਰਕਾਰ ਨੇ ਜਨਤਾ ਨੂੰ ਅਪੀਲ ਕੀਤੀ ਹੈ ਕਿ ਉਹ ਘਬਰਾਉਣ-ਭੋਜਨ ਵਾਲੇ ਬਾਲਣ ਦੀ ਵਰਤੋਂ ਨਾ ਕਰਨ। ਬਿਆਨ ਵਿੱਚ ਕਿਹਾ ਗਿਆ ਹੈ ਕਿ ਐਲਪੀਜੀ ਸਥਿਤੀ ਵੀ ਤਸੱਲੀਬਖਸ਼ ਹੈ। ਰਾਜ ਦੇ 4,107 ਗੈਸ ਵਿਤਰਕ ਬੁਕਿੰਗ ਅਨੁਸਾਰ ਖਪਤਕਾਰਾਂ ਨੂੰ ਸਿਲੰਡਰ ਸਪਲਾਈ ਕਰ ਰਹੇ ਹਨ ਅਤੇ ਕਾਫ਼ੀ ਸਟਾਕ ਉਪਲਬਧ ਹੈ। ਸਰਕਾਰ ਨੇ ਸਿਟੀ ਗੈਸ ਡਿਸਟ੍ਰੀਬਿਊਸ਼ਨ (ਸੀਜੀਡੀ) ਨੈੱਟਵਰਕ ਦੇ ਵਿਸਥਾਰ ’ਤੇ ਵੀ ਧਿਆਨ ਕੇਂਦਰਿਤ ਕੀਤਾ ਹੈ।

ਮੁੱਖ ਸਕੱਤਰ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਵਿੱਚ, ਲੰਬਿਤ ਪਰਮਿਟਾਂ ਦੇ ਹੱਲ ਨੂੰ ਤੇਜ਼ ਕਰਨ ਅਤੇ ਹੋਰ ਪੀਐਨਜੀ ਕੁਨੈਕਸ਼ਨ ਜਾਰੀ ਕਰਨ ਦੇ ਨਿਰਦੇਸ਼ ਦਿੱਤੇ ਗਏ। ਇਸ ਦੌਰਾਨ, ਕੇਂਦਰ ਸਰਕਾਰ ਨੇ 23 ਮਾਰਚ ਤੋਂ ਵਪਾਰਕ ਐਲਪੀਜੀ ਸਿਲੰਡਰਾਂ ਲਈ 20 ਪ੍ਰਤੀਸ਼ਤ ਵਾਧੂ ਅਲਾਟਮੈਂਟ ਨੂੰ ਵੀ ਮਨਜ਼ੂਰੀ ਦੇ ਦਿੱਤੀ।




ਸਥਿਤੀ ਦੀ ਨਿਰੰਤਰ ਨਿਗਰਾਨੀ ਨੂੰ ਯਕੀਨੀ ਬਣਾਉਣ ਲਈ, ਖੁਰਾਕ ਅਤੇ ਸਿਵਲ ਸਪਲਾਈ ਕਮਿਸ਼ਨਰ ਦੇ ਦਫ਼ਤਰ ਵਿੱਚ 24 ਘੰਟੇ ਕੰਟਰੋਲ ਰੂਮ ਸਥਾਪਤ ਕੀਤਾ ਗਿਆ ਹੈ। ਬਿਆਨ ਵਿੱਚ ਕਿਹਾ ਗਿਆ ਹੈ ਕਿ ਸਥਿਤੀ ਦੀ ਨਿਰੰਤਰ ਨਿਗਰਾਨੀ ਲਈ ਸਾਰੇ ਜ਼ਿਲ੍ਹਿਆਂ ਵਿੱਚ ਕੰਟਰੋਲ ਰੂਮ ਵੀ ਸਰਗਰਮ ਹਨ।

# ਵਿਧਾਇਕ ਜਸਵੀਰ ਸਿੰਘ ਰਾਜਾ ਵਲੋਂ ਪਿੰਡਾਂ ਦੇ ਵਿਕਾਸ ਕਾਰਜਾਂ ਲਈਂ ਦਿੱਤੇ 65 ਲੱਖ ਦੇ ਚੈਕ





ਟਾਂਡਾ ਉੜਮੁੜ, (ਰਵਿੰਦਰ ਸਿੰਘ ਟਾਂਡਾ) : ਜਦੋਂ ਦੀ ਪੰਜਾਬ ਦੇ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਆਈ ਉਦੋਂ ਤੋਂ ਹੀ ਆਮ ਆਦਮੀ ਪਾਰਟੀ ਨੇ ਹਰ ਸ਼ਹਿਰ ਤੇ ਹਰ ਪਿੰਡ ਦੇ ਵਿਕਾਸ ਕਰਨ ਦਾ ਇੱਕ ਟੀਚਾ ਮਿਥਿਆ, ਉਦੋਂ ਤੋਂ ਹੀ ਲਗਾਤਾਰ ਪਿੰਡਾਂ ਤੇ ਸ਼ਹਿਰਾਂ ਨੂੰ ਗਰਾਂਟਾਂ ਜਾਰੀ ਕੀਤੀਆਂ ਜਾ ਰਹੀਆਂ ਨੇ ਕਿਉਂਕਿ ਇਹਨਾਂ ਗਰਾਂਟਾਂ ਦੇ ਨਾਲ ਹੀ ਸ਼ਹਿਰਾਂ ਤੇ ਪਿੰਡਾਂ ਦਾ ਵਿਕਾਸ ਹੋ ਸਕਦਾ ਇੰਨਾ ਸ਼ਬਦਾਂ ਦਾ ਪ੍ਰਗਟਾਵਾ ਵਿਧਾਇਕ ਜਸਵੀਰ ਸਿੰਘ ਰਾਜਾ ਨੇ ਵੱਖ ਵੱਖ ਪਿੰਡਾਂ ਨੂੰ ਲੱਖਾਂ ਰੁਪਏ ਦੇ ਚੈਕ ਦਿੰਦੀਆਂ ਕੀਤਾ। ਇਹ ਚੈਕ ਖਾਸ ਕਰਕੇ ਉਹਨਾਂ ਪਿੰਡਾਂ ਨੂੰ ਦਿੱਤੇ ਗਏ ਜਿਨ੍ਹਾਂ ਪਿੰਡਾਂ ਦੇ ਵਿੱਚ ਸਰਬ ਸੰਮਤੀ ਨਾਲ ਪੰਚਾਇਤਾਂ ਚੁਣੀਆਂ ਗਈਆਂ ਹਨ ਉਨ੍ਹਾਂ ਨੂੰ 5 ਲੱਖ ਅਤੇ ਹੋਰ ਪਿੰਡਾਂ ਦੇ ਵਿਕਾਸ ਕਾਰਜਾਂ ਟੋਟਲ 50 ਲੱਖ ਰੁਪਏ ਦੇ ਕਰੀਬ ਚੈਕ ਦਿੱਤੇ ਗਏ।

ਜਿਨ੍ਹਾਂ ’ਚ ਸੋਹੀਆਂ, ਰਾਂਦੀਆਂ, ਫੌਜੀ ਕਲੋਨੀ, ਭਾਗੀਆਂ, ਝਾਂਸ, ਕਲੋਏ, ਦਰਗਾਹੇੜੀ ਪਿੰਡਾਂ ਨੂੰ ਵੱਖ ਵੱਖ ਵਿਕਾਸ ਕਾਰਜਾਂ ਲਈ ਚੈ ਅਤੇ ਪਿੰਡ ਸਹਿਬਾਜਪੁਰ ਲਈਂ 15 ਲੱਖ ਰੁਪਏ ਦੇ ਚੈੱਕ ਦਿੱਤੇ ਸਾਰੇ ਪਿੰਡਾਂ ਦੇ ਸਰਪੰਚਾ ਨੇ ਵਿਧਾਇਕ ਜਸਵੀਰ ਸਿੰਘ ਰਾਜਾ ਅਤੇ ਮੁੱਖ ਮੰਤਰੀ ਪੰਜਾਬ ਦਾ ਧੰਨਵਾਦ ਕੀਤਾ।

ਇਸ ਮੌਕੇ ਹਰਮੀਤ ਸਿੰਘ ਔਲਖ ਸਾਬਕਾ ਚੇਅਰਮੈਨ, ਕੇਸ਼ਵ ਸੈਣੀ, ਸੁੱਖਵਿੰਦਰਜੀਤ ਸਿੰਘ ਝਾਵਰ, ਜੱਸਾ ਪੰਡਿਤ ਸੋਹੀਆਂ , ਜੀਤਾ ਚੌਹਾਨ, ਦਲਜੀਤ ਕਲੋਏ, ਗੁਰਦੀਪ ਸਿੰਘ ਰਾਂਦੀਆਂ, ਉਪਿੰਦਰ ਰਾਂਦੀਆਂ, ਸਾਗਰ ਫੌਜੀ ਕਲੋਨੀ ਆਦਿ ਮੌਜੂਦ ਸਨ।

# ਸਰਵਿਸਿਜ਼ ਕਲੱਬ ’ਚ 30 ਲੱਖ ਦੀ ਲਾਗਤ ਨਾਲ ਨਵੀਨੀਕਰਨ ਕੀਤੇ ਗਏ ਜਿਮ ਦਾ ਡਿਪਟੀ ਕਮਿਸ਼ਨਰ ਨੇ ਕੀਤਾ ਉਦਘਾਟਨ

## ਨੌਜਵਾਨਾਂ ਨੂੰ ਫਿਟਨੈੱਸ ਨਾਲ ਜੁੜਨ ਦਾ ਸੱਦਾ





ਹੁਸ਼ਿਆਰਪੁਰ, (ਰਵਿੰਦਰ ਸਿੰਘ ਟਾਂਡਾ) : ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਨੇ ਅੱਜ ਸਰਵਿਸਿਜ਼ ਕਲੱਬ, ਹੁਸ਼ਿਆਰਪੁਰ ਵਿੱਚ ਜ਼ਿਲ੍ਹਾ ਓਲੰਪਿਕ ਐਸੋਸੀਏਸ਼ਨ ਵੱਲੋਂ ਚਲਾਏ ਜਾ ਰਹੇ ਲਗਭਗ 30 ਲੱਖ ਰੁਪਏ ਦੀ ਲਾਗਤ ਨਾਲ ਨਵੀਨੀਕਰਨ ਕੀਤੇ ਗਏ ਜਿਮ ਦਾ ਉਦਘਾਟਨ ਕੀਤਾ। ਇਸ ਮੌਕੇ ਉਨ੍ਹਾਂ ਕਿਹਾ ਕਿ ਇਹ ਪਹਿਲ ਜ਼ਿਲ੍ਹੇ ਦੇ ਨੌਜਵਾਨਾਂ ਨੂੰ ਫਿਟਨੈੱਸ ਅਤੇ ਖੇਡ ਗਤੀਵਿਧੀਆਂ ਵੱਲ ਪ੍ਰੇਰਿਤ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਏਗੀ।

ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਇਸ ਜਿਮ ਦੇ ਨਵੀਨੀਕਰਨ ਕੰਮ ਵਿੱਚ ਸੈਂਚਰੀ ਪਲਾਈਵੁੱਡ ਵੱਲੋਂ ਵਿਸ਼ੇਸ ਸਹਿਯੋਗ ਦਿੱਤਾ ਗਿਆ ਹੈ। ਉਨ੍ਹਾਂ ਕੰਪਨੀ ਦੇ ਚੇਅਰਮੈਨ ਪਦਮ ਸ਼੍ਰੀ ਸੱਜਨ ਭਜਨਕਾ ਦਾ ਧੰਨਵਾਦ ਕਰਦੇ ਹੋਏ ਕਿਹਾ ਕਿ ਨਿੱਜੀ ਖੇਤਰ ਦੇ ਸਹਿਯੋਗ ਨਾਲ ਇਸ ਤਰ੍ਹਾਂ ਦੇ ਪ੍ਰੋਜੈਕਟ ਸਮਾਜ ਵਿੱਚ ਸਕਾਰਾਤਮਕ ਬਦਲਾਅ ਲਿਆਉਣ ਵਿੱਚ ਸਹਾਇਕ ਹੁੰਦੇ ਹਨ। ਉਨ੍ਹਾਂ ਕਿਹਾ ਕਿ ਅੱਜ ਇਸ ਜਿਮ ਦੀ ਨਵੀਂ ਤਰ੍ਹਾਂ ਸ਼ੁਰੂਆਤ ਕੀਤੀ ਗਈ ਹੈ, ਜਿਸ ਵਿੱਚ ਆਧੁਨਿਕ ਮਸ਼ੀਨਾਂ ਅਤੇ ਵਿਸ਼ਵ-ਪੱਧਰੀ ਸੁਵਿਧਾਵਾਂ ਸ਼ਾਮਲ ਕੀਤੀਆਂ ਗਈਆਂ ਹਨ। ਉਨ੍ਹਾਂ ਹੁਸ਼ਿਆਰਪੁਰ ਵਾਸੀਆਂ, ਖ਼ਾਸ ਕਰਕੇ ਨੌਜਵਾਨਾਂ ਨੂੰ ਅਪੀਲ ਕੀਤੀ ਕਿ ਉਹ ਇਸ ਜਿਮ ਦੀਆਂ ਸੇਵਾਵਾਂ ਦਾ ਵੱਧ ਤੋਂ ਵੱਧ ਲਾਭ ਲੈਣ ਅਤੇ ਸਿਹਤਮੰਦ ਜੀਵਨਸ਼ੈਲੀ ਅਪਣਾਉਣ। ਉਨ੍ਹਾਂ ਦੱਸਿਆ ਕਿ ਇੱਥੇ ਬਹੁਤ ਹੀ ਵਾਜਿਬ ਫੀਸ ’ਤੇ ਉੱਚ ਪੱਧਰੀ ਫਿਟਨੈੱਸ ਸੁਵਿਧਾਵਾਂ ਉਪਲਬਧ ਕਰਵਾਈਆਂ ਜਾ ਰਹੀਆਂ ਹਨ।

ਡਿਪਟੀ ਕਮਿਸ਼ਨਰ ਨੇ ਇਹ ਵੀ ਜਾਣਕਾਰੀ ਦਿੱਤੀ ਕਿ ਮਹਿਲਾਵਾਂ ਲਈ ਖ਼ਾਸ ਤੌਰ ’ਤੇ ਮੁਫ਼ਤ ਫਿਟਨੈੱਸ ਸੈਸ਼ਨਾਂ ਦੀ ਸ਼ੁਰੂਆਤ ਕੀਤੀ ਜਾ ਰਹੀ ਹੈ, ਜਿਸ ਨਾਲ ਵੱਧ ਤੋਂ ਵੱਧ ਮਹਿਲਾਵਾਂ ਫਿਟਨੈੱਸ ਗਤੀਵਿਧੀਆਂ ਨਾਲ ਜੁੜ ਸਕਣ। ਉਨ੍ਹਾਂ ਕਿਹਾ ਕਿ ਇਹ ਕਦਮ ਮਹਿਲਾਵਾਂ ਦੀ ਸਿਹਤ ਅਤੇ ਸਸ਼ਕਤੀਕਰਨ ਵੱਲ ਇੱਕ ਮਹੱਤਵਪੂਰਨ ਯੋਗਦਾਨ ਸਾਬਤ ਹੋਵੇਗਾ।

ਉਨ੍ਹਾਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਚਲਾਏ ਜਾ ਰਹੇ ‘ਯੁੱਧ ਨਸ਼ਿਆਂ ਦੇ ਵਿਰੁੱਧ’ ਅਭਿਆਨ ਦਾ ਜ਼ਿਕਰ ਕਰਦੇ ਹੋਏ ਕਿਹਾ ਕਿ ਇਸ ਪਹਲ ਰਾਹੀਂ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰਹਿ ਕੇ ਖੇਡਾਂ ਅਤੇ ਫਿਟਨੈੱਸ ਵੱਲ ਪ੍ਰੇਰਿਤ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਇਸ ਤਰ੍ਹਾਂ ਦੇ ਜਿਮ ਕੇਂਦਰ ਇਸ ਅਭਿਆਨ ਨੂੰ ਮਜ਼ਬੂਤੀ ਦੇਣ ਵਿੱਚ ਮਦਦਗਾਰ ਹਨ।

ਡਿਪਟੀ ਕਮਿਸ਼ਨਰ ਨੇ ਅੱਗੇ ਦੱਸਿਆ ਕਿ 1 ਅਪ੍ਰੈਲ ਤੋਂ ਸਰਵਿਸਿਜ਼ ਕਲੱਬ ਵਿੱਚ ਸਥਿਤ ਸਵਿਮਿੰਗ ਪੂਲ ਦੀ ਵੀ ਸ਼ੁਰੂਆਤ ਕੀਤੀ ਜਾਵੇਗੀ, ਜਿਸ ਵਿੱਚ ਵੀ ਆਧੁਨਿਕ ਸੁਵਿਧਾਵਾਂ ਮੁਹੱਈਆ ਕਰਵਾਈਆਂ ਗਈਆਂ ਹਨ, ਤਾਂ ਜੋ ਲੋਕ ਬਿਹਤਰ ਖੇਡ ਅਤੇ ਫਿਟਨੈੱਸ ਸੁਵਿਧਾਵਾਂ ਦਾ ਲਾਭ ਲੈ ਸਕਣ।

ਇਸ ਮੌਕੇ ਸਹਾਇਕ ਕਮਿਸ਼ਨਰ ਓਏਸ਼ੀ ਮੰਡਲ, ਜ਼ਿਲ੍ਹਾ ਖੇਡ ਅਧਿਕਾਰੀ ਗੁਰਪ੍ਰੀਤ ਸਿੰਘ, ਸਕੱਤਰ ਰੈੱਡ ਕ੍ਰਾਸ ਸੁਸਾਇਟੀ ਮੰਗੇਸ਼ ਸੂਦ, ਸੰਯੁਕਤ ਸਕੱਤਰ ਆਦਿਤਿਆ ਰਾਣਾ, ਮੈਨੇਜਰ ਸਰਵਿਸਿਜ਼ ਕਲੱਬ ਰਮਿੰਦਰ ਸਿੰਘ, ਸੈਂਚਰੀ ਪਲਾਈਵੁੱਡ ਦੇ ਐਚਆਰ ਹੈੱਡ ਬੀ.ਐਸ. ਜਾਇਸਵਾਲ, ਪ੍ਰੋਜੈਕਟ ਹੈੱਡ ਬੀ.ਐਲ. ਸ਼ਰਮਾ ਅਤੇ ਐਚਆਰ ਮੈਨੇਜਰ ਰੋਹਿਤ ਸ਼ਰਮਾ ਸਮੇਤ ਹੋਰ ਪਤਵੰਤੇ ਵੀ ਹਾਜ਼ਰ ਸਨ।



ਭਗਵਾਨ ਸ਼ੰਕਰ ਅਤੇ ਦੇਵੀ ਗੌਰੀ ਦੇ ਰੂਪ ਵਿੱਚ ਸਜੇ ਕਲਾਕਾਰ ਰਾਂਚੀ ਵਿੱਚ ਰਾਮ ਨੌਮੀ ਦੇ ਤਿਉਹਾਰਾਂ ਵਿੱਚ ਹਿੱਸਾ ਲੈਂਦੇ ਹਨ।

# ਭਗਵੰਤ ਮਾਨ ਦੀ ਲੋਕ ਪੱਖੀ ਸੋਚ ਨੇ ਪੰਜਾਬ ’ਚ ਲਿਆਂਦੀ ਨਵੀਂ ਕ੍ਰਾਂਤੀ : ਰਜਿੰਦਰ ਮਾਰਸ਼ਲ

## ਵੱਖ-ਵੱਖ ਸਕੀਮਾਂ ਰਾਹੀਂ ਹਰ ਵਰਗ ਨੂੰ ਦਿੱਤਾ ਸਨਮਾਨ

ਟਾਂਡਾ ਉੜਮੁੜ, (ਰਵਿੰਦਰ ਸਿੰਘ ਟਾਂਡਾ) : ਪੰਜਾਬ ਅੰਦਰ ਆਮ ਆਦਮੀ ਪਾਰਟੀ ਦੀ ਸਰਕਾਰ ਆਉਣ ਉਪਰੰਤ ਹੁਣ ਤੱਕ ਜੋ ਵਿਕਾਸ ਕਾਰਜ ਹੋਏ ਹਨ ਉਸ ਦਾ ਲਾਭ ਪੰਜਾਬ ਦੇ ਹਰ ਵਾਸੀ ਨੂੰ ਮਿਲਿਆ ਹੈ ਕਿਉਂਕਿ ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਜਿਸ ਨੇ ਲੋਕਾਂ ਦੇ ਦੁੱਖ ਦਰਦ ਨੂੰ ਨੇੜਿਓ ਹੋ ਕੇ ਦੇਖਿਆ ਤੇ ਹਮੇਸ਼ਾ ਲੋਕ ਹਿੱਤ ਲਈ ਅੱਗੇ ਵਧ ਕੇ ਕੰਮ ਕੀਤੇ ਜਿਸ ਕਾਰਨ ਉਹ ਅੱਜ ਹਰ ਵਰਗ ਦੇ ਮਨਪਸੰਦ ਆਗੂ ਬਣ ਗਏ ਹਨ। ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਹਲਕਾ ਟਾਂਡਾ ਦੇ ਪ੍ਰਮੁੱਖ ਆਗੂ ਅਤੇ ਜਿਲ੍ਹਾ ਪਰਿਸ਼ਦ ਮੈਂਬਰ ਰਜਿੰਦਰ ਸਿੰਘ ਮਾਸ਼ਲ ਨੇ ਅੱਜ ਸਥਾਨਕ ਪੱਤਰਕਾਰਾਂ ਨਾਲ ਇੱਕ ਪ੍ਰੈਸ ਵਾਰਤਾ ਦੌਰਾਨ ਕੀਤਾ ਉਨ੍ਹਾਂ ਕਿਹਾ ਕਿ ਪੰਜਾਬ ਅੰਦਰ ਆਮ ਆਦਮੀ ਪਾਰਟੀ ਦੀ ਸਰਕਾਰ ਬਣਨ ਉਪਰੰਤ ਉਹਨਾਂ ਵੱਲੋਂ ਚੋਣਾਂ ਦੌਰਾਨ ਕੀਤੇ ਗਏ ਵਾਦਿਆਂ ਨੂੰ ਬੜੀ ਤੇਜ਼ੀ ਨਾਲ ਪੂਰੀਆਂ ਕੀਤੀਆਂ ਜਾਣ ਲੱਗਾ ਅਤੇ ਅੱਜ ਸ੍ਰੀ ਕੇਜਰੀਵਾਲ ਦੀ ਚੰਗੀ ਸੋਚ ਸਦਕਾ ਚੋਣਾਂ ਦੌਰਾਨ ਕੀਤੇ ਗਏ ਸਾਰੇ ਵਾਅਦੇ ਪੂਰੇ ਕੀਤੇ ਜਾ ਚੁੱਕੇ ਹਨ। ਜਿੱਥੇ ਪੰਜਾਬੀਆਂ ਨੂੰ ਵੱਡੀ ਗਿਣਤੀ ਵਿੱਚ ਸਰਕਾਰੀ ਨੌਕਰੀਆਂ ਦਿੱਤੀਆਂ ਗਈਆਂ ਉਥੇ ਸਿੱਖਿਆ ਕ੍ਰਾਂਤੀ ਤਹਿਤ ਪੰਜਾਬ ਦੇ ਸਾਰੇ ਜਿਲਿਆਂ ਵਿੱਚ ਸਮਾਰਟ ਸਕੂਲ ਖੋਲੇ ਗਏ ਲੋਕਾਂ ਦੀ ਚੰਗੀ ਸਿਹਤ ਲਈ ਚੰਗੇ ਹਸਪਤਾਲ ਅਤੇ ਮੁਹੱਲਾ ਕਲੀਨਿਕ ਖੋਲੇ ਗਏ ਇਸੇ ਤਰਾਂ 10 ਲੱਖ ਰੁਪਏ ਦੀ ਸਿਹਤ ਬੀਮਾ ਯੋਜਨਾ ਨੂੰ ਲਾਗੂ ਕੀਤਾ ਗਿਆ ਅਤੇ ਹੁਣ ਸਰਕਾਰ ਔਰਤਾਂ ਲਈ ਜਲਦੀ ਹੀ ਪੈਨਸ਼ਨ ਸਕੀਮ ਲਾਗੂ ਕਰਨ ਜਾ ਰਹੀ ਹੈ। ਲੋਕ ਹਿੱਤ ਵਿੱਚ ਲਾਗੂ ਕੀਤੀਆਂ ਗਈਆਂ ਇਹ ਸਾਰੀਆਂ ਸਕੀਮਾਂ ਕਾਰਨ ਹੀ ਅੱਜ ਲੋਕ ਆਮ ਆਦਮੀ ਪਾਰਟੀ ਨਾਲ ਜੁੜ ਰਹੇ ਹਨ ਅਤੇ ਵਿਰੋਧੀਆਂ ਕੋਲ ਹੁਣ ਆਮ ਆਦਮੀ ਪਾਰਟੀ ਦਾ ਵਿਰੋਧ ਕਰਨ ਲਈ ਕੋਈ ਮੁੱਦਾ ਬਾਕੀ ਨਹੀਂ ਬਚਿਆ। ਰਜਿੰਦਰ ਸਿੰਘ ਮਾਰਸ਼ਲ ਨੇ ਹੋਰ ਕਿਹਾ ਕਿ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਵਿੱਚ ਲੋਕ ਇਕ ਵਾਰ ਫਿਰ ਆਮ ਆਦਮੀ ਪਾਰਟੀ ਦੀ ਸਰਕਾਰ ਬਣਾਉਣਾ ਚਾਹੁੰਦੇ ਹਨ ਅਤੇ ਇਸੇ ਲਈ ਵਿਰੋਧੀਆਂ ਦੀ ਨੀਂਦ ਉੱਡੀ ਹੋਈ ਹੈ। ਇਸ ਮੌਕੇ ਉਹਨਾਂ ਨਾਲ ਪ੍ਰੇਮ ਪਡਵਾਲ, ਸੁਖਵਿੰਦਰ ਸਿੰਘ ਅਰੋੜਾ, ਸੇਵਾ ਸਿੰਘ, ਰਕੇਸ਼ ਡੇਜੀ ਬਲਜੀਤ ਸੈਣੀ, ਸੋਨੂ ਮਾਰਸ਼ਲ ਅਤੇ ਦਲਵੀਰ ਗਿੱਲ ਹਾਜਰ ਸਨ।



ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਆਪ ਆਗੂ ਅਤੇ ਜ਼ਿਲਾ ਪਰਿਸ਼ਦ ਮੈਂਬਰ ਰਜਿੰਦਰ ਸਿੰਘ ਮਾਰਸ਼ਲ

# ਸ਼ਹੀਦਾਂ ਦੇ ਨਾਮ ’ਤੇ ਚੌਕ ਬਣਾਉਣ ਦੀ ਮੰਗ

## ਸ਼ਹੀਦ ਭਗਤ ਸਿੰਘ ਨੌਜਵਾਨ ਸਭਾ ਨੇ ਕੌਂਸਲ ਦਫ਼ਤਰ ਅੱਗੇ ਪ੍ਰਦਰਸ਼ਨ ਕੀਤਾ




ਫਿਲੌਰ : ਸ਼ਹੀਦ ਭਗਤ ਸਿੰਘ ਨੌਜਵਾਨ ਸਭਾ ਨੇ ਸ਼ਹਿਰ ਵਿੱਚ ਸ਼ਹੀਦਾਂ ਦੇ ਨਾਂ ’ਤੇ ਚੌਕ ਬਣਾਉਣ ਅਤੇ ਬੁੱਤ ਲਾਉਣ ਦੀ ਮੰਗ ਲਈ ਨਗਰ ਕੌਂਸਲ ਦਫ਼ਤਰ ਸਾਹਮਣੇ ਪ੍ਰਦਰਸ਼ਨ ਕੀਤਾ। ਇਸ ਦੀ ਅਗਵਾਈ ਮੱਖਣ ਸੰਗਰਾਮੀ, ਐਡਵੋਕੇਟ ਬਲਦੇਵ ਸਾਹਨੀ, ਗਗਨਦੀਪ ਫਿਲੌਰ ਨੇ ਕੀਤੀ। ਸਭਾ ਨੇ ਇਸ ਤੋਂ ਪਹਿਲਾਂ ਵੀ ਇਹ ਮੰਗ ਉਠਾਈ ਸੀ। ਇਸ ਦੇ ਸਿੱਟੇ ਵਜੋਂ ਸਥਾਨਕ ਨਗਰ ਕੌਂਸਲ ਨੇ ਗੜ੍ਹਾ ਰੋਡ ’ਤੇ ਅਟਵਾਲ ਕਲੋਨੀ ਚੌਕ ਵਿੱਚ ਬੁੱਤ ਲਾਉਣ ਲਈ ਬਕਾਇਦਾ ਮਤਾ ਤਾਂ ਪਾਸ ਕਰ ਦਿੱਤਾ ਸੀ ਪਰ ਅੱਗੇ ਕੋਈ ਕਾਰਵਾਈ ਨਹੀਂ ਹੋਈ। 29 ਜੁਲਾਈ 2024 ਨੂੰ ਮਤਾ ਪਾਉਣ ਉਪਰੰਤ ਕਈ ਵਾਰ ਜ਼ੁਬਾਨੀ ਯਾਦ ਕਰਵਾਉਣ ਦੇ ਬਾਵਜੂਦ ਕੋਈ ਕਾਰਵਾਈ ਨਾ ਹੋਣ ਕਾਰਨ ਨੌਜਵਾਨਾਂ ਨੇ ਅੱਜ ਮੁੜ ਤੋਂ ਰੋਸ ਪ੍ਰਗਟਾਇਆ।

ਇਸ ਮੌਕੇ ਧਰਨੇ ਨੂੰ ਸੰਬੋਧਨ ਕਰਦਿਆਂ ਸਭਾ ਦੇ ਸੂਬਾ ਪ੍ਰਧਾਨ ਮਨਜਿੰਦਰ ਸਿੰਘ ਢੇਸੀ ਅਤੇ ਸੂਬਾ ਜਨਰਲ ਸਕੱਤਰ ਧਰਮਿੰਦਰ ਸਿੰਘ ਮੁਕੇਰੀਆਂ ਨੇ ਕਿਹਾ ਕਿ ਜੇ ਇੱਕ ਮਹੀਨੇ ਦੇ ਅੰਦਰ ਬੁੱਤ ਸਥਾਪਤ ਨਾ ਕੀਤੇ ਤਾਂ ਸ਼ਹੀਦ ਭਗਤ ਸਿੰਘ ਨੌਜਵਾਨ ਸਭਾ ਲੋਕਾਂ ਦੇ ਸਹਿਯੋਗ ਨਾਲ ਅਗਲਾ ਐਕਸ਼ਨ ਐਲਾਨੇਗੀ।

ਇਸ ਮੌਕੇ ਸਭਾ ਦੇ ਜ਼ਿਲ੍ਹਾ ਸਕੱਤਰ ਐਡਵੋਕੇਟ ਅਜੈ ਫਿਲੌਰ ਨੇ ਕਿਹਾ ਕਿ ਨਗਰ ਕੌਂਸਲ ਦੇ ਅਧਿਕਾਰੀਆਂ ਨਾਲ ਧਰਨੇ ਦੌਰਾਨ ਗੱਲਬਾਤ ਕੀਤੀ ਗਈ ਜਿਥੇ ਮਤੇ ਦੇ ਸਟੇਟਸ ਤੋਂ ਜਾਣੂ ਕਰਵਾਉਣ ਦਾ ਯਕੀਨ ਦਿਵਾਇਆ ਗਿਆ। ਮਗਰੋਂ ਅਧਿਕਾਰੀਆਂ ਵੱਲੋਂ ਕੋਈ ਸੰਪਰਕ ਨਾ ਕਰਨ ’ਤੇ ਨੌਜਵਾਨਾਂ ਨੇ ਪਹਿਲਾਂ ਪਾਏ ਮਤੇ ਦੇ ਆਧਾਰ ’ਤੇ ਗੜ੍ਹਾ ਰੋਡ ਉੱਤੇ ਚੌਕ ਦੀ ਦਾਅਵੇਦਾਰੀ ਕਰਦਿਆਂ ਸਾਈਨ ਬੋਰਡ ਲਗਾ ਕੇ ਸ਼ਹੀਦ ਭਗਤ ਸਿੰਘ, ਸੁਖਦੇਵ ਰਾਜਗੁਰੂ ਚੌਕ ਦਾ ਐਲਾਨ ਕਰ ਦਿੱਤਾ।

ਇਸ ਮੌਕੇ ਦਿਹਾਤੀ ਮਜ਼ਦੂਰ ਸਭਾ ਦੇ ਪਰਮਜੀਤ ਰੰਧਾਵਾ, ਗੁਰਦੀਪ ਗੋਗੀ, ਜਮਹੂਰੀ ਕਿਸਾਨ ਸਭਾ ਦੇ ਤਰਜਿੰਦਰ ਧਾਲੀਵਾਲ, ਕੁਲਜੀਤ ਫਿਲੌਰ, ਸਭਾ ਦੇ ਆਗੂ ਸਨੀ ਜੱਸਲ, ਜਸਵੀਰ ਢੇਸੀ, ਗੁਰਿੰਦਰਜੀਤ ਗੈਰੀ, ਅਮਰੀਕ ਰੁੜਕਾ, ਜੱਸਾ ਰੁੜਕਾ, ਲਵ ਵਿਰਦੀ, ਇੰਦਰਜੀਤ ਜੰਡੇ, ਮਨੂੰ, ਰੇਸ਼ਮ, ਗੁਰਦੇਵ, ਰਾਮ ਜੀ, ਧਰਮਿੰਦਰ, ਰਸ਼ਪਾਲ ਬੇਗਮਪੁਰ ਆਦਿ ਵੱਡੀ ਗਿਣਤੀ ਨੌਜਵਾਨ ਹਾਜ਼ਰ ਸਨ।

# ਉਤਰੀ ਕੋਰੀਆ ਨੇ ਅਮਰੀਕਾ ਤੱਕ ਮਾਰ ਕਰਨ ਵਾਲੇ ਮਿਜ਼ਾਈਲ ਇੰਜਣ ਦਾ ਕੀਤਾ ਸਫ਼ਲ ਪ੍ਰੀਖਣ

## ਕਿਮ ਜੋਂਗ ਉਨ ਨੇ ਖ਼ੁਦ ਇਸ 'ਗਰਾਊਂਡ ਜੈੱਟ ਟੈਸਟ' ਦਾ ਨਿਰੀਖਣ ਕੀਤਾ



ਪਿਓਂਗਯਾਂਗ: ਉੱਤਰੀ ਕੋਰੀਆ ਦੇ ਤਾਨਾਸ਼ਾਹ ਕਿਮ ਜੋਂਗ ਉਨ ਨੇ ਇਕ ਵਾਰ ਫਿਰ ਅਮਰੀਕਾ ਸਮੇਤ ਪੂਰੀ ਦੁਨੀਆਂ ਦੀਆਂ ਧੜਕਨਾਂ ਵਧਾ ਦਿਤੀਆਂ ਹਨ। ਸਰਕਾਰੀ ਮੀਡੀਆ ਅਨੁਸਾਰ ਉੱਤਰੀ ਕੋਰੀਆ ਨੇ ਐਤਵਾਰ ਨੂੰ ਇਕ ਉੱਚ-ਸਮਰਥਾ ਵਾਲੇ ਠੋਸ-ਈਂਧਨ ਇੰਜਣ ਦਾ ਸਫ਼ਲ ਪਰੀਖਣ ਕੀਤਾ ਹੈ। ਇਸ ਨਵੇਂ ਇੰਜਣ ਦੀ ਮਦਦ ਨਾਲ ਉੱਤਰੀ ਕੋਰੀਆ ਹੁਣ ਅਜਿਹੀਆਂ ਅੰਤਰ-ਮਹਾਂਦੀਪੀ ਬੈਲਿਸਟਿਕ ਮਿਜ਼ਾਈਲਾਂ ਵਿਕਸਿਤ ਕਰਨ ਦੇ ਰਾਹ 'ਤੇ ਹੈ, ਜੋ ਸਿੱਧਾ ਅਮਰੀਕੀ ਮੁੱਖ ਭੂਮੀ ਨੂੰ ਅਪਣਾ ਨਿਸ਼ਾਨਾ ਬਣਾ ਸਕਦੀਆਂ ਹਨ। ਇਸ ਨਵੇਂ ਅਪਗ੍ਰੇਡ ਕੀਤੇ ਇੰਜਣ ਵਿਚ ਕੰਪੋਜ਼ਿਟ ਕਾਰਬਨ ਫ਼ਾਈਬਰ ਸਮੱਗਰੀ ਦੀ ਵਰਤੋਂ ਕੀਤੀ ਗਈ ਹੈ। ਰਿਪੋਰਟਾਂ ਅਨੁਸਾਰ ਇਸ ਇੰਜਣ ਦੀ ਅਧਿਕਤਮ ਸਮਰੱਥਾ 2,500 ਕਿਲੋਟਨ ਮਾਪੀ ਗਈ ਹੈ, ਜੋ ਕਿ ਪਿਛਲੇ ਸਤੰਬਰ ਵਿਚ ਹੋਏ ਪ੍ਰੀਖਣ (1,971 ਕਿਲੋਟਨ) ਨਾਲੋਂ ਕਿਤੇ ਜ਼ਿਆਦਾ ਹੈ। ਰੱਖਿਆ ਮਾਹਰਾਂ ਦਾ ਮੰਨਣਾ ਹੈ ਕਿ ਇਸ ਵਧਦੀ ਤਾਕਤ ਦਾ ਮੁੱਖ ਉਦੇਸ਼ ਇਕੋ ਮਿਜ਼ਾਈਲ 'ਤੇ ਕਈ ਹਥਿਆਰ ਤਾਇਨਾਤ ਕਰਨਾ ਹੈ, ਤਾਂ ਜੋ ਅਮਰੀਕੀ ਰੱਖਿਆ ਪ੍ਰਣਾਲੀਆਂ ਨੂੰ ਆਸਾਨੀ ਨਾਲ ਚਕਮਾ ਦਿਤਾ ਜਾ ਸਕੇ।

ਕਿਮ ਜੋਂਗ ਉਨ ਨੇ ਖ਼ੁਦ ਇਸ 'ਗਰਾਊਂਡ ਜੈੱਟ ਟੈਸਟ' ਦਾ ਨਿਰੀਖਣ ਕੀਤਾ। ਮਾਹਰਾਂ ਅਨੁਸਾਰ ਠੋਸ-ਈਂਧਨ ਵਾਲੀਆਂ ਮਿਜ਼ਾਈਲਾਂ ਤਰਲ ਈਂਧਨ ਵਾਲੀਆਂ ਮਿਜ਼ਾਈਲਾਂ ਨਾਲੋਂ ਜ਼ਿਆਦਾ ਖ਼ਤਰਨਾਕ ਹੁੰਦੀਆਂ ਹਨ ਕਿਉਂਕਿ ਇਨ੍ਹਾਂ ਨੂੰ ਲਾਂਚ ਕਰਨ ਲਈ ਲੰਬੀ ਤਿਆਰੀ ਦੀ ਲੋੜ ਨਹੀਂ ਪੈਂਦੀ। ਇਸ ਕਾਰਨ ਇਨ੍ਹਾਂ ਨੂੰ ਲਾਂਚ ਹੋਣ ਤੋਂ ਪਹਿਲਾਂ ਪਛਾਣਨਾ ਜਾਂ ਰੋਕਣਾ ਬਹੁਤ ਮੁਸ਼ਕਲ ਹੋ ਜਾਂਦਾ ਹੈ।

# 2,500 ਦੇ ਕਰੀਬ ਅਮਰੀਕੀ ਮਰੀਨ ਫੌਜੀ ਪੱਛਮੀ ਏਸ਼ੀਆ ਖੇਤਰ 'ਚ ਪਹੁੰਚੇ

## 1,000 ਪੈਰਾਟਰੂਪਰਾਂ ਨੂੰ ਪੱਛਮੀ ਏਸ਼ੀਆ ਭੇਜਣ ਦਾ ਵੀ ਆਦੇਸ਼ ਦਿੱਤਾ ਗਿਆ




ਦੁਬਈ: ਪੱਛਮੀ ਏਸ਼ੀਆ ਵਿੱਚ ਮਹੀਨੇ ਭਰ ਚੱਲੇ ਸੰਘਰਸ਼ ਦੇ ਵਿਚਕਾਰ, ਲਗਭਗ 2,500 ਅਮਰੀਕੀ ਮਰੀਨ ਇਸ ਖੇਤਰ ਵਿੱਚ ਪਹੁੰਚ ਗਏ ਹਨ, ਜੋ ਕਿ ਪਿਛਲੇ ਦੋ ਦਹਾਕਿਆਂ ਵਿੱਚ ਸਭ ਤੋਂ ਵੱਡੀ ਅਮਰੀਕੀ ਫੌਜੀ ਤਾਇਨਾਤੀ ਹੈ।

ਇਸ ਤੋਂ ਇਲਾਵਾ, 82ਵੀਂ ਏਅਰਬੋਰਨ ਡਿਵੀਜ਼ਨ ਦੇ ਘੱਟੋ-ਘੱਟ 1,000 ਪੈਰਾਟਰੂਪਰ, ਜੋ ਦੁਸ਼ਮਣ ਦੀਆਂ ਲਾਈਨਾਂ ਦੇ ਪਿੱਛੇ ਉਤਰਨ ਅਤੇ ਮੁੱਖ ਠਿਕਾਣਿਆਂ ਅਤੇ ਹਵਾਈ ਪੱਟੀਆਂ ਨੂੰ ਸੁਰੱਖਿਅਤ ਕਰਨ ਦੇ ਸਮਰੱਥ ਹਨ, ਨੂੰ ਵੀ ਪੱਛਮੀ ਏਸ਼ੀਆ ਵਿੱਚ ਭੇਜਣ ਦਾ ਆਦੇਸ਼ ਦਿੱਤਾ ਗਿਆ ਹੈ।

ਅਮਰੀਕੀ ਵਿਦੇਸ਼ ਮੰਤਰੀ ਮਾਰਕੋ ਰੂਬੀਓ ਨੇ ਕਿਹਾ ਕਿ ਅਮਰੀਕਾ 'ਜ਼ਮੀਨੀ ਫੌਜਾਂ ਨਾਲ ਆਪਣੇ ਸਾਰੇ ਉਦੇਸ਼ ਪ੍ਰਾਪਤ ਕਰ ਸਕਦਾ ਹੈ।' ਇਸ ਦੌਰਾਨ, ਐਤਵਾਰ ਨੂੰ, ਈਰਾਨ ਨੇ ਖੇਤਰ ਵਿੱਚ ਇਜ਼ਰਾਈਲੀ ਅਤੇ ਅਮਰੀਕੀ ਯੂਨੀਵਰਸਿਟੀਆਂ ਨੂੰ ਨਿਸ਼ਾਨਾ ਬਣਾਉਣ ਦੀ ਧਮਕੀ ਦਿੱਤੀ। ਇਹ ਪਹਿਲੀ ਵਾਰ ਹੈ ਜਦੋਂ ਈਰਾਨ ਨੇ ਖੁੱਲ੍ਹ ਕੇ ਵਿਦਿਅਕ ਸੰਸਥਾਵਾਂ ਨੂੰ ਨਿਸ਼ਾਨਾ ਬਣਾਉਣ ਦੀ ਧਮਕੀ ਦਿੱਤੀ ਹੈ।

ਸਰਕਾਰੀ ਮੀਡੀਆ ਨੇ ਰਿਪੋਰਟ ਦਿੱਤੀ ਕਿ ਅਰਧ ਸੈਨਿਕ ਰੈਵੋਲਿਊਸ਼ਨਰੀ ਗਾਰਡ ਨੇ ਇੱਕ ਬਿਆਨ ਵਿੱਚ ਚੇਤਾਵਨੀ ਦਿੱਤੀ ਹੈ ਕਿ ਜੇਕਰ ਈਰਾਨੀ ਯੂਨੀਵਰਸਿਟੀਆਂ ਦੀ ਸੁਰੱਖਿਆ ਨੂੰ ਯਕੀਨੀ ਨਹੀਂ ਬਣਾਇਆ ਗਿਆ, ਤਾਂ ਖੇਤਰ ਵਿੱਚ ਇਜ਼ਰਾਈਲੀ ਅਤੇ ਅਮਰੀਕੀ ਯੂਨੀਵਰਸਿਟੀ ਕੈਂਪਸਾਂ ਨੂੰ 'ਸਿੱਧਾ' ਨਿਸ਼ਾਨਾ ਬਣਾਇਆ ਜਾਵੇਗਾ।

ਰੈਵੋਲਿਊਸ਼ਨਰੀ ਗਾਰਡ ਨੇ ਕਿਹਾ, 'ਜੇਕਰ ਅਮਰੀਕੀ ਸਰਕਾਰ ਚਾਹੁੰਦੀ ਹੈ ਕਿ ਇਸ ਖੇਤਰ ਵਿੱਚ ਉਸਦੀਆਂ ਯੂਨੀਵਰਸਿਟੀਆਂ ਸੁਰੱਖਿਅਤ ਰਹਿਣ, ਤਾਂ ਉਸਨੂੰ 30 ਮਾਰਚ, ਸੋਮਵਾਰ ਦੁਪਹਿਰ 12 ਵਜੇ ਤੱਕ (ਈਰਾਨੀ) ਯੂਨੀਵਰਸਿਟੀਆਂ 'ਤੇ ਹੋਏ ਹਮਲਿਆਂ ਦੀ ਨਿੰਦਾ ਕਰਦੇ ਹੋਏ ਇੱਕ ਅਧਿਕਾਰਤ ਬਿਆਨ ਜਾਰੀ ਕਰਨਾ ਚਾਹੀਦਾ ਹੈ।' ਇਸਨੇ ਇਹ ਵੀ ਮੰਗ ਕੀਤੀ ਕਿ ਅਮਰੀਕਾ ਇਜ਼ਰਾਈਲ ਨੂੰ ਈਰਾਨੀ ਯੂਨੀਵਰਸਿਟੀਆਂ ਅਤੇ ਖੋਜ ਕੇਂਦਰਾਂ 'ਤੇ ਹਮਲਾ ਕਰਨ ਤੋਂ ਰੋਕੇ, ਜੋ ਹਾਲ ਹੀ ਦੇ ਦਿਨਾਂ ਵਿੱਚ ਵਾਰ-ਵਾਰ ਹਮਲੇ ਦੇ ਅਧੀਨ ਆਏ ਹਨ।

ਇਹ ਟਕਰਾਅ ਵਿਸ਼ਵਵਿਆਪੀ ਤੇਲ ਅਤੇ ਕੁਦਰਤੀ ਗੈਸ ਸਪਲਾਈ ਲਈ ਇੱਕ ਗੰਭੀਰ ਖ਼ਤਰਾ ਹੈ, ਜਿਸ ਨਾਲ ਖਾਦ ਸੰਕਟ ਪੈਦਾ ਹੋ ਰਿਹਾ ਹੈ ਅਤੇ ਹਵਾਈ ਯਾਤਰਾ ਵਿੱਚ ਵਿਘਨ ਪੈ ਰਿਹਾ ਹੈ। ਰਣਨੀਤਕ ਹੋਰਮੁਜ਼ ਜਲਡਮਰੂ 'ਤੇ ਈਰਾਨ ਦੇ ਨਿਯੰਤਰਣ ਨੇ ਬਾਜ਼ਾਰਾਂ ਨੂੰ ਹਿਲਾ ਕੇ ਰੱਖ ਦਿੱਤਾ ਹੈ।

ਅਮਰੀਕਾ ਅਤੇ ਇਜ਼ਰਾਈਲ ਲਗਾਤਾਰ ਈਰਾਨ 'ਤੇ ਹਮਲਾ ਕਰ ਰਹੇ ਹਨ, ਜਦੋਂ ਕਿ ਈਰਾਨ ਇਜ਼ਰਾਈਲ ਅਤੇ ਗੁਆਂਢੀ ਖਾੜੀ ਅਰਬ ਦੇਸ਼ਾਂ ਨੂੰ ਨਿਸ਼ਾਨਾ ਬਣਾ ਕੇ ਜਵਾਬੀ ਕਾਰਵਾਈ ਕਰ ਰਿਹਾ ਹੈ। ਇਸ ਟਕਰਾਅ ਵਿੱਚ ਹੁਣ ਤੱਕ 3,000 ਤੋਂ ਵੱਧ ਲੋਕ ਮਾਰੇ ਗਏ ਹਨ।

ਤਹਿਰਾਨ ਵਿੱਚ ਚਸ਼ਮਦੀਦਾਂ ਨੇ ਸ਼ਨੀਵਾਰ ਦੇਰ ਰਾਤ ਸ਼ਹਿਰ ਵਿੱਚ ਭਾਰੀ ਹਵਾਈ ਹਮਲੇ ਦੀ ਰਿਪੋਰਟ ਦਿੱਤੀ। ਅਮਰੀਕਾ ਦਾ ਕਹਿਣਾ ਹੈ ਕਿ ਉਸਨੇ ਸੰਘਰਸ਼ ਦੌਰਾਨ 11,000 ਤੋਂ ਵੱਧ ਈਰਾਨੀ ਟਿਕਾਣਿਆਂ 'ਤੇ ਹਮਲਾ ਕੀਤਾ ਹੈ।

ਇਸ ਦੌਰਾਨ, ਈਰਾਨ ਨੇ ਐਤਵਾਰ ਸਵੇਰੇ ਇਜ਼ਰਾਈਲ ਵੱਲ ਮਿਜ਼ਾਈਲਾਂ ਦਾਗੀਆਂ। ਖਾੜੀ ਦੇਸ਼ ਵਿੱਚ ਹਵਾਈ ਰੱਖਿਆ ਪ੍ਰਣਾਲੀਆਂ ਨੇ ਹਵਾ ਵਿੱਚ ਕਈ ਮਿਜ਼ਾਈਲਾਂ ਅਤੇ ਡਰੋਨਾਂ ਨੂੰ ਤਬਾਹ ਕਰ ਦਿੱਤਾ।

ਐਤਵਾਰ ਸਵੇਰੇ ਗਾਜ਼ਾ ਪੱਟੀ ਵਿੱਚ ਦੋ ਇਜ਼ਰਾਈਲੀ ਹਮਲਿਆਂ ਵਿੱਚ ਤਿੰਨ ਪੁਲਿਸ ਮੁਲਾਜ਼ਮਾਂ ਸਮੇਤ ਛੇ ਫਲਸਤੀਨੀ ਮਾਰੇ ਗਏ। ਇੱਕ ਹਮਲੇ ਵਿੱਚ ਇੱਕ ਪੁਲਿਸ ਚੌਕੀ ਨੂੰ ਨਿਸ਼ਾਨਾ ਬਣਾਇਆ ਗਿਆ, ਜਦੋਂ ਕਿ ਦੂਜੇ ਹਮਲੇ ਵਿੱਚ ਦੱਖਣੀ ਸ਼ਹਿਰ ਖਾਨ ਯੂਨਿਸ ਵਿੱਚ ਲੋਕਾਂ ਦੇ ਇੱਕ ਸਮੂਹ ਨੂੰ ਨਿਸ਼ਾਨਾ ਬਣਾਇਆ ਗਿਆ। ਇਹ ਜਾਣਕਾਰੀ ਨਾਸਿਰ ਹਸਪਤਾਲ ਦੁਆਰਾ ਦਿੱਤੀ ਗਈ, ਜਿੱਥੇ ਲਾਸ਼ਾਂ ਲਿਆਂਦੀਆਂ ਗਈਆਂ ਸਨ।

ਹਾਲਾਂਕਿ, ਇਨ੍ਹਾਂ ਹਮਲਿਆਂ 'ਤੇ ਇਜ਼ਰਾਈਲੀ ਫੌਜ ਵੱਲੋਂ ਤੁਰੰਤ ਕੋਈ ਪ੍ਰਤੀਕਿਰਿਆ ਨਹੀਂ ਆਈ।ਇਸ ਦੌਰਾਨ, ਇਜ਼ਰਾਈਲੀ ਫੌਜ ਨੇ ਕਿਹਾ ਕਿ ਦੱਖਣੀ ਲੇਬਨਾਨ ਵਿੱਚ ਚੱਲ ਰਹੇ ਸੰਘਰਸ਼ ਦੌਰਾਨ ਉਸਦਾ ਇੱਕ ਸੈਨਿਕ ਸ਼ਹੀਦ ਹੋ ਗਿਆ ਅਤੇ ਤਿੰਨ ਹੋਰ ਜ਼ਖਮੀ ਹੋ ਗਏ।

# ਜਲਦੀ ਜੰਗਬੰਦੀ ਨਾ ਹੋਣ ਦੀ ਸੂਰਤ 'ਚ ਟਰੰਪ ਵਲੋਂ ਈਰਾਨ ਨੂੰ ਤਬਾਹ ਕਰਨ ਦੀ ਧਮਕੀ

ਦੁਬਈ : ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਈਰਾਨ ਨੂੰ ਇਕ ਨਵੀਂ ਧਮਕੀ ਦਿੱਤੀ ਹੈ। ਉਨ੍ਹਾਂ ਕਿਹਾ ਕਿ ਜੇਕਰ ਕੋਈ ਸ਼ਾਂਤੀ ਸਮਝੌਤਾ ਨਹੀਂ ਹੁੰਦਾ ਤਾਂ ਅਮਰੀਕਾ ਈਰਾਨ ਦੇ ਬਿਜਲੀ ਪਲਾਂਟਾਂ, ਤੇਲ ਦੇ ਖ਼ੂਹਾਂ ਅਤੇ ਖਰਗ ਦੀਪ ਨੂੰ ਤਬਾਹ ਕਰ ਦੇਵੇਗਾ। ਅਮਰੀਕੀ ਰਾਸ਼ਟਰਪਤੀ ਨੇ ਸੋਸ਼ਲ ਮੀਡੀਆ 'ਤੇ ਕਿਹਾ ਕਿ ਉਨ੍ਹਾਂ ਦਾ ਪ੍ਰਸ਼ਾਸਨ ਸੈਨਿਕ ਮੁਹਿੰਮਾਂ ਨੂੰ ਖਤਮ ਕਰਨ ਲਈ ਈਰਾਨ ਦੇ ਨਾਲ ਗੰਭੀਰ ਗੱਲਬਾਤ ਕਰ ਰਿਹਾ ਹੈ। ਨਾਲ ਹੀ ਉਨ੍ਹਾਂ ਨੇ ਇਹ ਵੀ ਧਮਕੀ ਦਿੱਤੀ ਕਿ ਜੇਕਰ ਜਲਦੀ ਹੀ ਕੋਈ ਸਮਝੌਤਾ ਨਾ ਹੋਇਆ ਤਾਂ ਦੇਸ਼ ਦੀਆਂ ਊਰਜਾ ਸਹੂਲਤਾਂ ਨੂੰ ਵੱਡੇ ਪੱਧਰ 'ਤੇ ਤਬਾਹ ਕਰ ਦਿੱਤਾ ਜਾਵੇਗਾ। ਟਰੰਪ ਨੇ ਪੋਸਟ ਕੀਤਾ ਕਿ ਕਾਫੀ ਪ੍ਰਗਤੀ ਹੋਈ ਹੈ ਪਰ ਜੇਕਰ ਕਿਸੇ ਵੀ ਕਾਰਨ ਜਲਦੀ ਹੀ ਕੋਈ ਸਮਝੌਤਾ, ਜਿਸ ਦੀ ਸੰਭਾਵਨਾ ਹੈ ਕਿ ਹੋ ਜਾਵੇਗਾ, ਨਹੀਂ ਹੁੰਦਾ ਹੈ ਅਤੇ ਜੇਕਰ ਹੋਰਮੁਜ਼ ਜਲਡਮਰੂ ਤੁਰੰਤ ਵਪਾਰ ਲਈ ਨਹੀਂ ਖੁੱਲ੍ਹਦਾ ਤਾਂ ਈਰਾਨ 'ਚ ਸਾਰੇ ਬਿਜਲੀ ਉਤਪਾਦਨ ਪਲਾਂਟ, ਤੇਲ ਦੇ ਖ਼ੂਹ ਅਤੇ ਖਰਗ ਦੀਪ (ਅਤੇ ਸ਼ਾਇਦ ਸਾਰੇ ਪਾਣੀ ਸਾਫ਼ ਕਰਨ ਵਾਲੇ ਪਲਾਂਟ) ਨੂੰ ਬੰਬ ਨਾਲ ਉਡਾ ਕੇ ਪੂਰੀ ਤਰਾਂ ਤਬਾਹ ਕਰ ਦਿਆਂਗੇ। ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਅਮਰੀਕੀ ਸੈਨਾ ਵਲੋਂ ਈਰਾਨ ਦੇ ਖਾਰਗ ਟਾਪੂ 'ਤੇ ਕਬਜ਼ਾ ਕਰਨ ਦਾ ਸੰਕੇਤ ਦਿੱਤਾ ਹੈ। ਟਰੰਪ ਨੇ ਕਿਹਾ ਕਿ ਉਹ ਈਰਾਨ ਦਾ ਤੇਲ ਲੈਣਾ ਚਾਹੁੰਦੇ ਹਨ। ਅਮਰੀਕਾ ਅਤੇ ਇਜ਼ਰਾਈਲ ਨੇ ਸੋਮਵਾਰ ਨੂੰ ਵੀ ਇਸਲਾਮਿਕ ਰਿਪਬਲਿਕ (ਈਰਾਨ) 'ਤੇ ਹਮਲੇ ਜਾਰੀ ਰੱਖੇ, ਜਦਕਿ ਦੂਜੇ ਪਾਸੇ ਜੰਗਬੰਦੀ ਨੂੰ ਲੈ ਕੇ ਚੱਲ ਰਹੀ ਸ਼ੁਰੂਆਤੀ ਗੱਲਬਾਤ 'ਚ ਕੁਝ ਪ੍ਰਗਤੀ ਦੇ ਸੰਕੇਤ ਮਿਲ ਰਹੇ ਸਨ। ਈਰਾਨ ਨੇ ਕੁਵੈਤ 'ਚ ਸਥਿਤ ਇਕ ਮਹੱਤਵਪੂਰਨ ਜਲ ਅਤੇ ਬਿਜਲੀ ਪਲਾਂਟ 'ਤੇ ਹਮਲਾ ਕੀਤਾ। ਟਰੰਪ ਨੇ ਇਹ ਵੀ ਦੱਸਿਆ ਕਿ ਈਰਾਨ ਨੇ ਸਨਮਾਨ ਦੇ ਪ੍ਰਤੀਕ ਦੇ ਤੌਰ 'ਤੇ ਅਗਲੇ ਕੁਝ ਦਿਨਾਂ ਤੱਕ ਹੋਰਮੁਜ਼ ਜਲਡਮਰੂ ਤੋਂ ਤੇਲ ਲਿਜਾਣ ਵਾਲੇ 20 ਜਹਾਜ਼ਾਂ ਨੂੰ ਲੰਘਣ ਦੀ ਇਜਾਜ਼ਤ ਦੇਣ ਦੀ ਸਹਿਮਤੀ ਪ੍ਰਗਟਾਈ ਹੈ। ਉਨ੍ਹਾਂ ਕਿਹਾ ਕਿ ਉਹ ਬੱਸ ਏਨਾ ਕਹਿਣਗੇ ਕਿ ਇਸ ਗੱਲਬਾਤ 'ਚ ਅਸੀਂ ਬਹੁਤ ਚੰਗਾ ਪ੍ਰਦਰਸ਼ਨ ਕਰ ਰਹੇ ਹਾਂ ਪਰ ਈਰਾਨ ਦੇ ਮਾਮਲੇ 'ਚ ਤੁਸੀਂ ਕਦੇ ਕੁਝ ਕਹਿ ਨਹੀਂ ਸਕਦੇ ਕਿਉਂਕਿ ਅਸੀਂ ਉਨ੍ਹਾਂ ਨਾਲ ਗੱਲਬਾਤ ਕਰਦੇ ਹਾਂ ਅਤੇ ਉਸ ਦੇ ਬਾਅਦ ਸਾਨੂੰ ਹਮੇਸ਼ਾਂ ਉਨ੍ਹਾਂ 'ਤੇ ਹਮਲਾ ਕਰਨਾ ਪੈਂਦਾ ਹੈ। ਇਸ ਯੁੱਧ ਦੇ ਕਾਰਨ ਪਹਿਲਾਂ ਹੀ ਦੁਨੀਆ ਭਰ 'ਚ ਤੇਲ ਅਤੇ ਕੁਦਰਤੀ ਗੈਸ ਦੀ ਸਪਲਾਈ ਸੰਕਟ 'ਚ ਹੈ, ਨਾਲ ਹੀ ਖਾਦ ਦੀ ਕਮੀ ਹੋ ਗਈ ਹੈ ਅਤੇ ਹਵਾਈ ਯਾਤਰਾ 'ਚ ਵੀ ਰੁਕਾਵਟ ਆਈ ਹੈ।




# ਟਰੰਪ ਦੀ ਦੁਨੀਆ ਭਰ ਦੇ ਦੇਸ਼ਾਂ ਨੂੰ 'ਹੋਰਮੁਜ਼ ਦੇ ਜਲ ਮਾਰਗ' 'ਤੇ ਕਬਜ਼ਾ ਕਰਨ ਦੀ ਸਲਾਹ

ਵਾਸ਼ਿੰਗਟਨ : ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਦੁਨੀਆ ਭਰ ਦੇ ਦੇਸ਼ਾਂ ਨੂੰ ਅਪੀਲ ਕੀਤੀ ਹੈ ਕਿ ਉਹ ਹੋਰਮੁਜ਼ ਦੇ ਰਣਨੀਤਕ ਜਲ ਮਾਰਗ (Strait of Hormuz) ਵੱਲ ਵਧਣ ਅਤੇ 'ਬੱਸ ਇਸ 'ਤੇ ਕਬਜ਼ਾ ਕਰ ਲੈਣ'। ਉਨ੍ਹਾਂ ਨੇ ਇਹ ਸੁਝਾਅ ਤੇਲ ਦੀ ਸਪਲਾਈ ਅਤੇ ਖੇਤਰੀ ਸੁਰੱਖਿਆ ਨੂੰ ਲੈ ਕੇ ਵਧ ਰਹੇ ਤਣਾਅ ਦੇ ਵਿਚਕਾਰ ਦਿੱਤਾ ਹੈ।

ਟਰੰਪ ਨੇ ਜ਼ੋਰ ਦੇ ਕੇ ਕਿਹਾ ਕਿ ਹੋਰ ਦੇਸ਼ਾਂ ਨੂੰ ਇਸ ਮਹੱਤਵਪੂਰਨ ਸਮੁੰਦਰੀ ਰਸਤੇ ਦੀ ਸੁਰੱਖਿਆ ਵਿੱਚ ਵਧੇਰੇ ਸਰਗਰਮ ਭੂਮਿਕਾ ਨਿਭਾਉਣੀ ਚਾਹੀਦੀ ਹੈ, ਜਿਸ ਰਾਹੀਂ ਦੁਨੀਆ ਦੇ ਤੇਲ ਦਾ ਇੱਕ ਵੱਡਾ ਹਿੱਸਾ ਲੰਘਦਾ ਹੈ। ਉਨ੍ਹਾਂ ਨੇ ਸੰਕੇਤ ਦਿੱਤਾ ਕਿ ਅਮਰੀਕਾ ਇਕੱਲਾ ਇਸ ਖੇਤਰ ਦੀ ਸੁਰੱਖਿਆ ਦੀ ਜ਼ਿੰਮੇਵਾਰੀ ਨਹੀਂ ਚੁੱਕੇਗਾ ਅਤੇ ਹੋਰਨਾਂ ਦੇਸ਼ਾਂ ਨੂੰ ਆਪਣੇ ਹਿੱਤਾਂ ਦੀ ਰਾਖੀ ਲਈ ਖ਼ੁਦ ਅੱਗੇ ਆਉਣਾ ਚਾਹੀਦਾ ਹੈ।

ਇਰਾਨ ਨੇ ਸੋਮਵਾਰ ਨੂੰ ਦੁਬਈ ਦੇ ਤੱਟ ਤੋਂ ਦੂਰ ਕੱਚੇ ਤੇਲ ਨਾਲ ਭਰੇ ਇੱਕ ਟੈਂਕਰ 'ਤੇ ਹਮਲਾ ਕਰਕੇ ਉਸ ਨੂੰ ਅੱਗ ਲਗਾ ਦਿੱਤੀ, ਜਦੋਂ ਕਿ ਰਾਸ਼ਟਰਪਤੀ ਡੋਨਲਡ ਟਰੰਪ ਨੇ ਚਿਤਾਵਨੀ ਦਿੱਤੀ ਕਿ ਜੇ ਇਰਾਨ Strait of Hormuz ਨੂੰ ਨਹੀਂ ਖੋਲ੍ਹਦਾ ਤਾਂ ਅਮਰੀਕਾ ਇਰਾਨ ਦੇ ਊਰਜਾ ਪਲਾਂਟਾਂ ਅਤੇ ਤੇਲ ਦੇ ਖੂਹਾਂ ਨੂੰ ਤਬਾਹ ਕਰ ਦੇਵੇਗਾ।

ਕੁਵੈਤ ਦੇ ਝੰਡੇ ਵਾਲੇ 'ਅਲ-ਸਲਮੀ' 'ਤੇ ਹੋਇਆ ਇਹ ਸਪੱਸ਼ਟ ਹਮਲਾ ਖਾੜੀ ਅਤੇ ਹੋਰਮੁਜ਼ ਦੀ ਜਲਡਮਰੂ ਵਿੱਚ ਵਪਾਰਕ ਜਹਾਜ਼ਾਂ 'ਤੇ ਕੀਤੇ ਗਏ ਹਮਲਿਆਂ ਦੀ ਲੜੀ ਵਿੱਚ ਤਾਜ਼ਾ ਘਟਨਾ ਹੈ। ਮਹੀਨਾ ਭਰ ਚੱਲੇ ਇਸ ਸੰਘਰਸ਼ ਨੇ ਪੂਰੇ ਮੱਧ ਪੂਰਬ ਵਿੱਚ ਫੈਲ ਕੇ ਹਜ਼ਾਰਾਂ ਲੋਕਾਂ ਦੀ ਜਾਨ ਲੈ ਲਈ ਹੈ, ਊਰਜਾ ਸਪਲਾਈ ਵਿੱਚ ਵਿਘਨ ਪਾਇਆ ਹੈ।



ਕੁਵੈਤ ਦੀ ਸਰਕਾਰੀ ਨਿਊਜ਼ ਏਜੰਸੀ ਵੱਲੋਂ ਟੈਂਕਰ 'ਤੇ ਹਮਲੇ ਦੀ ਰਿਪੋਰਟ ਦਿੱਤੇ ਜਾਣ ਤੋਂ ਬਾਅਦ ਕੱਚੇ ਤੇਲ ਦੀਆਂ ਕੀਮਤਾਂ ਵਿੱਚ ਇੱਕ ਵਾਰ ਫਿਰ ਉਛਾਲ ਆਇਆ। ਇਹ ਟੈਂਕਰ ਲਗਪਗ 20 ਲੱਖ ਬੈਰਲ ਤੇਲ ਲੈ ਕੇ ਜਾ ਸਕਦਾ ਹੈ, ਜਿਸ ਦੀ ਮੌਜੂਦਾ ਕੀਮਤ 20 ਕਰੋੜ ਡਾਲਰ ਤੋਂ ਵੱਧ ਹੈ। ਜਹਾਜ਼ ਦੇ ਮਾਲਕ 'ਕੁਵੈਤ ਪੈਟਰੋਲੀਅਮ ਕਾਰਪੋਰੇਸ਼ਨ' ਨੇ ਕਿਹਾ ਕਿ ਨੁਕਸਾਨ ਦਾ ਜਾਇਜ਼ਾ ਲੈਣ ਲਈ ਕੰਮ ਚੱਲ ਰਿਹਾ ਹੈ ਅਤੇ ਤੇਲ ਦੇ ਰਿਸਾਅ ਦੀ ਸੰਭਾਵਨਾ ਬਾਰੇ ਚਿਤਾਵਨੀ ਦਿੱਤੀ ਹੈ।

ਦੁਬਈ ਦੇ ਅਧਿਕਾਰੀਆਂ ਨੇ ਬਾਅਦ ਵਿੱਚ ਕਿਹਾ ਕਿ ਉਹ ਡਰੋਨ ਹਮਲੇ ਤੋਂ ਬਾਅਦ ਟੈਂਕਰ ਦੀ ਅੱਗ 'ਤੇ ਕਾਬੂ ਪਾਉਣ ਵਿੱਚ ਕਾਮਯਾਬ ਹੋ ਗਏ ਹਨ ਅਤੇ ਕਿਸੇ ਦੇ ਜ਼ਖਮੀ ਹੋਣ ਦੀ ਖਬਰ ਨਹੀਂ ਹੈ। ਤੇਲ ਅਤੇ ਬਾਲਣ ਦੀਆਂ ਕੀਮਤਾਂ ਵਿੱਚ ਵਾਧਾ ਅਮਰੀਕੀ ਘਰੇਲੂ ਵਿੱਤ 'ਤੇ ਭਾਰ ਪਾਉਣ ਲੱਗਾ ਹੈ ਅਤੇ ਨਵੰਬਰ ਦੀਆਂ ਮੱਧਕਾਲੀ ਚੋਣਾਂ ਤੋਂ ਪਹਿਲਾਂ ਟਰੰਪ ਅਤੇ ਉਨ੍ਹਾਂ ਦੀ ਰਿਪਬਲਿਕਨ ਪਾਰਟੀ ਲਈ ਇੱਕ ਸਿਆਸੀ ਸਿਰਦਰਦੀ ਬਣ ਗਿਆ ਹੈ।

ਅਮਰੀਕਾ ਵਿੱਚ ਗੈਸੋਲੀਨ ਦੀ ਰਾਸ਼ਟਰੀ ਔਸਤ ਪ੍ਰਚੂਨ ਕੀਮਤ ਸੋਮਵਾਰ ਨੂੰ ਤਿੰਨ ਸਾਲਾਂ ਵਿੱਚ ਪਹਿਲੀ ਵਾਰ 4 ਡਾਲਰ ਪ੍ਰਤੀ ਗੈਲਨ ਨੂੰ ਪਾਰ ਕਰ ਗਈ ਹੈ, ਕਿਉਂਕਿ ਵਿਸ਼ਵਵਿਆਪੀ ਸਪਲਾਈ ਵਿੱਚ ਕਮੀ ਕਾਰਨ ਅਮਰੀਕੀ ਕੱਚੇ ਤੇਲ ਦੀਆਂ ਕੀਮਤਾਂ 101 ਡਾਲਰ ਪ੍ਰਤੀ ਬੈਰਲ ਤੋਂ ਉੱਪਰ ਪਹੁੰਚ ਗਈਆਂ ਹਨ। ਦੋਵਾਂ ਪਾਸਿਆਂ ਤੋਂ ਹਮਲੇ ਰੁਕਣ ਦੇ ਕੋਈ ਸੰਕੇਤ ਨਹੀਂ ਦਿਖਾ ਰਹੇ ਹਨ ਅਤੇ ਇੱਕ ਵਿਆਪਕ ਸੰਘਰਸ਼ ਦਾ ਡਰ ਵਧ ਰਿਹਾ ਹੈ।

ਵ੍ਹਾਈਟ ਹਾਊਸ ਦੀ ਪ੍ਰੈੱਸ ਸਕੱਤਰ ਕੈਰੋਲੀਨ ਲੀਵਿਟ ਨੇ ਕਿਹਾ ਕਿ ਟਰੰਪ 6 ਅਪਰੈਲ ਦੀ ਸਮਾਂ ਸੀਮਾ ਤੋਂ ਪਹਿਲਾਂ ਤਹਿਰਾਨ ਨਾਲ ਇੱਕ ਸਮਝੌਤੇ 'ਤੇ ਪਹੁੰਚਣਾ ਚਾਹੁੰਦੇ ਹਨ।

# ਅਮਰੀਕਾ ਤੇ ਯੂਰੋਪ ’ਚ ਤਾਨਾਸ਼ਾਹੀ ਵਿਰੋਧੀ ਰੈਲੀਆਂ

## ਰਾਸ਼ਟਰਪਤੀ ਟਰੰਪ ਦੀਆਂ ਨੀਤੀਆਂ ਅਤੇ ਇਰਾਨ ਜੰਗ ਖ਼ਿਲਾਫ਼ ਲੋਕ ਸੜਕਾਂ ’ਤੇ ਉਤਰੇ















ਸੇਂਟ ਪੌਲ (ਅਮਰੀਕਾ) : ਅਮਰੀਕਾ ਤੇ ਯੂਰੋਪ ਦੇ ਇਲਾਕਿਆਂ ’ਚ ਤਾਨਾਸ਼ਾਹੀ ਵਿਰੋਧੀ ਰੈਲੀਆਂ ’ਚ ਵੱਡੀ ਗਿਣਤੀ ਲੋਕਾਂ ਨੇ ਹਿੱਸਾ ਲੈ ਕੇ ਇਰਾਨ ਜੰਗ ਅਤੇ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਦੀਆਂ ਨੀਤੀਆਂ ਖ਼ਿਲਾਫ਼ ਰੋਸ ਵਿਖਾਵਾ ਕੀਤਾ। ਅਮਰੀਕਾ ਦਾ ਮਿਨੇਸੋਟਾ ਸੂਬਾ ਇਸ ਸੰਘਰਸ਼ ਦਾ ਮੁੱਖ ਕੇਂਦਰ ਬਣ ਕੇ ਉਭਰਿਆ ਹੈ, ਜਿੱਥੇ ਹਜ਼ਾਰਾਂ ਲੋਕਾਂ ਨੇ ਇਕਜੁੱਟਤਾ ਦਿਖਾਉਂਦਿਆਂ ਟਰੰਪ ਦੀਆਂ ਸਖ਼ਤ ਪਰਵਾਸ ਨੀਤੀਆਂ ਖ਼ਿਲਾਫ਼ ਆਵਾਜ਼ ਬੁਲੰਦ ਕੀਤੀ।

ਸੇਂਟ ਪੌਲ ਦੇ ਕੈਪੀਟਲ ਲਾਅਨ ’ਚ ਕੀਤੀ ਮੁੱਖ ਰੈਲੀ ਵਿੱਚ ਮਸ਼ਹੂਰ ਗਾਇਮ ਬਰੂਸ ਸਪ੍ਰਿੰਗਸਟੀਨ ਵੀ ਸ਼ਾਮਲ ਹੋਏ। ਬਰੂਸ ਤੇ ਹੋਰ ਬੁਲਾਰਿਆਂ ਨੇ ਕੜਾਕੇ ਦੀ ਠੰਢ ਦੇ ਬਾਵਜੂਦ ਸੜਕਾਂ ’ਤੇ ਉਤਰ ਕੇ ਅਮਰੀਕੀ ਪਰਵਾਸ ਏਜੰਸੀ ਦੀ ਕਾਰਵਾਈ ਦਾ ਵਿਰੋਧ ਕਰਨ ਲਈ ਸੂਬੇ ਦੇ ਲੋਕਾਂ ਦੀ ਸ਼ਲਾਘਾ ਕੀਤੀ। ਬਰੂਸ ਸਪ੍ਰਿੰਗਸਟੀਨ ਨੇ ਫੈਡਰਲ ਏਜੰਟਾਂ ਦੀ ਗੋਲੀਬਾਰੀ ’ਚ ਰਿਨੀ ਗੁੱਡ ਅਤੇ ਐਲੇਕਸ ਪ੍ਰੈਟੀ ਦੀ ਮੌਤ ’ਤੇ ਰੋਸ ਜ਼ਾਹਿਰ ਕਰਦਿਆਂ ਆਪਣਾ ਗੀਤ ‘ਸਟ੍ਰੀਟਸ ਆਫ ਮਿਨੇਪੋਲਿਸ’ ਗਾਇਆ।

ਉਨ੍ਹਾਂ ਲੋਕਾਂ ਨੂੰ ਕਿਹਾ, “ਤੁਹਾਡੀ ਤਾਕਤ ਤੇ ਪ੍ਰਤੀਬੱਧਤਾ ਨੇ ਸਾਨੂੰ ਅਹਿਸਾਸ ਕਰਵਾਇਆ ਹੈ ਕਿ ਇਹ ਹੁਣ ਵੀ ਉਹੀ ਦੇਸ਼ ਹੈ ਅਤੇ ਭਿਆਨਕ ਰੂੜ੍ਹੀਵਾਦੀ ਦੌਰ ਤੇ ਅਮਰੀਕੀ ਸ਼ਹਿਰਾਂ ’ਚ ਅਜਿਹੀ ਕਾਰਵਾਈ ਜ਼ਿਆਦਾ ਸਮੇਂ ਤੱਕ ਨਹੀਂ ਚੱਲੇਗੀ।” 85 ਲੱਖ ਦੀ ਅਬਾਦੀ ਵਾਲੇ ਨਿਊਯਾਰਕ ਸ਼ਹਿਰ ਤੋਂ ਲੈ ਕੇ ਦੋ ਹਜ਼ਾਰ ਤੋਂ ਵੀ ਘੱਟ ਆਬਾਦੀ ਬਾਰੇ ਡ੍ਰਿਗਜ਼ ਕਸਬੇ ਤੱਕ ਲੋਕ ਸੜਕਾਂ ’ਤੇ ਉਤਰ ਆਏ। ਵਾਸ਼ਿੰਗਟਨ ’ਚ ਹਜ਼ਾਰਾਂ ਲੋਕਾਂ ਨੇ ਲਿੰਕਨ ਮੈਮੋਰੀਅਲ ਤੇ ਨੈਸ਼ਨਲ ਮਾਲ ਰੋਡ ਤੱਕ ਰੋਸ ਮਾਰਚ ਕੀਤੇ।

ਅਮਰੀਕਾ ਤੋਂ ਇਲਾਵਾ ਯੂਰੋਪ, ਲਾਤੀਨੀ ਅਮਰੀਕਾ, ਲੰਡਨ ਅਤੇ ਆਸਟਰੇਲੀਆ ਸਮੇਤ ਘੱਟੋ-ਘੱਟ 12 ਮੁਲਕਾਂ ’ਚ ਵੀ ਰੋਸ ਮੁਜ਼ਾਹਰੇ ਹੋਏ। ਇਨ੍ਹਾਂ ਰੋਸ ਮੁਜ਼ਾਹਰਿਆਂ ਦੀ ਅਗਵਾਈ ਕਰ ਰਹੀ ਜਥੇਬੰਦੀ ‘ਇੰਡੀਵਿਜ਼ੀਬਲ’ ਦੇ ਸਹਿ-ਕਾਰਜਕਾਰੀ ਨਿਰਦੇਸ਼ਕ ਐਜ਼ਰਾ ਲੈਵਿਨ ਅਨੁਸਾਰ ਜਮਹੂਰੀ ਮੁਲਕਾਂ ’ਚ ਲੋਕ ਇਨ੍ਹਾਂ ਪ੍ਰਦਰਸ਼ਨਾਂ ਨੂੰ ‘ਕੋਈ ਤਾਨਾਸ਼ਾਹ ਨਹੀਂ’ ਦੇ ਨਾਂ ਨਾਲ ਜਾਣਦੇ ਹਨ। ਰੋਮ ’ਚ ਹਜ਼ਾਰਾਂ ਲੋਕ ਸੜਕਾਂ ’ਤੇ ਉਤਰੇ ਅਤੇ ਉਨ੍ਹਾਂ ਪ੍ਰਧਾਨ ਮੰਤਰੀ ਜੌਰਜੀਆ ਮੈਲੋਨੀ ਖ਼ਿਲਾਫ਼ ਨਾਅਰੇਬਾਜ਼ੀ ਕੀਤੀ। ਇਹ ਮੁਜ਼ਾਹਰੇ ਹਾਲਾਂਕਿ ਸ਼ਾਂਤਮਈ ਰਹੇ ਪਰ ਪੁਲੀਸ ਨੇ ਭੀੜ ਖਿੰਡਾਉਣ ਲਈ ਅੱਥਰੂ ਗੈਸ ਦੇ ਗੋਲਿਆਂ ਦੀ ਵਰਤੋਂ ਵੀ ਕੀਤੀ ਹੈ। ਉੱਧਰ, ਵ ?ਹਾਈਟ ਹਾਊਸ ਦੇ ਬੁਲਾਰੇ ਅਬੀਗਾਇਲ ਜੈਕਸਨ ਨੇ ਇਨ੍ਹਾਂ ਰੋਸ ਵਿਖਾਵਿਆਂ ਨੂੰ ‘ਖੱਬੇ ਪੱਖੀਆਂ ਤੋਂ ਫੰਡ ਪ੍ਰਾਪਤ’ ਗਤੀਵਿਧੀ ਕਰਾਰ ਦਿੱਤਾ ਹੈ।

# ਟਰੰਪ ਦੇ ਖ਼ਿਲਾਫ਼ ਗੁੱਸਾ

ਇਕ ਪਾਸੇ ਇਹ ਖ਼ਬਰਾਂ ਆ ਰਹੀਆਂ ਹਨ ਕਿ ਅਮਰੀਕਾ ਵਲੋਂ ਈਰਾਨ ’ਤੇ ਵੱਡੇ ਹਮਲੇ ਕਰ ਕੇ ਖਾਰਗ ਟਾਪੂ ਅਤੇ ਹੋਰਮੁਜ਼ ਜਲ ਮਾਰਗ ’ਤੇ ਕਬਜ਼ਾ ਕਰ ਲਿਆ ਜਾਏਗਾ, ਕਿਉਂਕਿ ਈਰਾਨ ਨਾਲ ਸੰਬੰਧਿਤ ਖਾਰੂ ਟਾਪੂ ਤੇ ਖਾਰਗ ਟਾਪੂ ਵਿਚ ਹੀ ਉਸ ਦੇ ਕੱਚੇ ਤੇਲ ਦੇ ਵੱਡੇ ਭੰਡਾਰ ਹਨ ਅਤੇ ਉਹ ਇਸ ਥਾਂ ਤੋਂ ਹੀ ਦੂਸਰੇ ਮੁਲਕਾਂ ਨੂੰ ਕੱਚਾ ਤੇਲ ਭੇਜਦਾ ਹੈ। ਇਸੇ ਕਰਕੇ ਪਿਛਲੇ ਮਹੀਨੇ ਭਰ ਤੋਂ ਚੱਲ ਰਹੀ ਜੰਗ ਵਿਚ ਅਮਰੀਕਾ ਅਤੇ ਇਜ਼ਰਾਈਲ ਨੇ ਪਹਿਲਾਂ ਇਸ ਟਾਪੂ ’ਤੇ ਹਮਲੇ ਕੀਤੇ ਸਨ। ਪਰ ਬਾਅਦ ਵਿਚ ਇਨ੍ਹਾਂ ਟਾਪੂਆਂ ’ਤੇ ਤੇਲ ਦੇ ਭੰਡਾਰਾਂ ਨੂੰ ਨਸ਼ਟ ਨਾ ਕਰਨ ਦੀ ਮਨਸ਼ਾ ਨਾਲ ਹਮਲੇ ਰੋਕ ਦਿੱਤੇ ਗਏ ਸਨ। ਇਸੇ ਹੀ ਤਰ੍ਹਾਂ ਹੋਰਮੁਜ਼ ਜਲਡਮਰੂ ਦਾ ਸਮੁੰਦਰੀ ਇਲਾਕਾ ਈਰਾਨ ਦੇ ਬਹੁਤ ਨੇੜੇ ਹੋਣ ਕਾਰਨ ਇਹ ਇਸ ਦੇ ਇਕ ਤਰ੍ਹਾਂ ਨਾਲ ਕਾਬੂ ਵਿਚ ਹੈ। ਇਸ ਰਸਤੇ ਰਾਹੀਂ ਦੁਨੀਆ ਭਰ ਦੇ ਦੇਸ਼ਾਂ ਦਾ ਵਪਾਰ ਹੁੰਦਾ ਹੈ। ਖ਼ਾਸ ਤੌਰ ’ਤੇ ਤੇਲ ਦਾ 20 ਫ਼ੀਸਦੀ ਵਪਾਰ ਹੋਰਮੁਜ਼ ਰਾਹੀਂ ਹੀ ਹੁੰਦਾ ਹੈ। ਈਰਾਨ ਵਲੋਂ ਇਸ ਰਸਤੇ ’ਤੇ ਜਾਣ ਵਾਲੇ ਜਹਾਜ਼ਾਂ ਨੂੰ ਆਸਾਨੀ ਨਾਲ ਨਿਸ਼ਾਨਾ ਬਣਾਇਆ ਜਾ ਸਕਦਾ ਹੈ। ਇਸੇ ਕਾਰਨ ਇਥੋਂ ਜਹਾਜ਼ਾਂ ਦੀ ਆਵਾਜਾਈ ਪੂਰੀ ਤਰ੍ਹਾਂ ਠੱਪ ਹੋ ਕੇ ਰਹਿ ਗਈ ਹੈ। ਜਿਸ ਨਾਲ ਦੁਨੀਆ ਭਰ ਵਿਚ ਕੱਚੇ ਤੇਲ ਦੀ ਕਮੀ ਪੈਦਾ ਹੋ ਗਈ ਹੈ ਅਤੇ ਤੇਲ ਦੀਆਂ ਕੀਮਤਾਂ ਲਗਾਤਾਰ ਵਧਣ ਲੱਗੀਆਂ ਹਨ।

ਅਮਰੀਕੀ ਪ੍ਰਸ਼ਾਸਕ ਡੋਨਾਲਡ ਟਰੰਪ ਨੇ ਯੂਰਪੀਅਨ ਦੇਸ਼ਾਂ ਤੋਂ ਈਰਾਨ ਦਾ ਅਜਿਹਾ ਕਬਜ਼ਾ ਹਟਾਉਣ ਸੰਬੰਧੀ ਮਦਦ ਮੰਗੀ ਸੀ ਪਰ ਉਨ੍ਹਾਂ ਦੇ ਇਨਕਾਰ ਤੋਂ ਬਾਅਦ ਟਰੰਪ ਬੇਹੱਦ ਬੌਖਲਾਹਟ ਵਿਚ ਆਇਆ ਜਾਪਦਾ ਹੈ। ਅਜਿਹੀ ਬੌਖਲਾਹਟ ਵਿਚ ਉਹ ਆਉਂਦੇ ਦਿਨਾਂ ਵਿਚ ਈਰਾਨ ’ਤੇ ਹੋਰ ਵੀ ਵੱਡੀ ਕਾਰਵਾਈ ਕਰ ਸਕਦਾ ਹੈ, ਜਿਸ ਨਾਲ ਮੱਧ ਪੂਰਬ ਵਿਚ ਹੋਰ ਵੀ ਵਧੇਰੇ ਤਬਾਹੀ ਦੀ ਸੰਭਾਵਨਾ ਬਣ ਗਈ ਹੈ। ਖਾੜੀ ਦੇ ਕਈ ਅਹਿਮ ਦੇਸ਼ਾਂ ਵਿਚ ਅਮਰੀਕਾ ਦੇ ਸੈਨਿਕ ਅੱਡੇ ਹਨ। ਈਰਾਨ ਵਲੋਂ ਇਨ੍ਹਾਂ ਦੇਸ਼ਾਂ ’ਤੇ ਕੀਤੇ ਜਾ ਰਹੇ ਹਮਲਿਆਂ ਕਾਰਨ ਸਥਿਤੀ ਹੋਰ ਵੀ ਵਿਗੜਦੀ ਨਜ਼ਰ ਆ ਰਹੀ ਹੈ। ਇਸੇ ਹੀ ਤਰ੍ਹਾਂ ਯਮਨ ਦੇ ਇਕ ਵੱਡੇ ਹਿੱਸੇ ’ਤੇ ਹੂਤੀ ਬਾਗ਼ੀਆਂ ਨੇ ਕਬਜ਼ਾ ਕੀਤਾ ਹੋਇਆ ਹੈ। ਸਾਲ 2014 ਵਿਚ ਹੂਤੀਆਂ ਨੇ ਯਮਨ ਦੀ ਰਾਜਧਾਨੀ ਸਾਨਾ ਸਮੇਤ ਹੋਰ ਕਾਫੀ ਵੱਡੇ ਇਲਾਕੇ ’ਤੇ ਕਬਜ਼ਾ ਕਰ ਲਿਆ ਸੀ, ਜਿਸ ਨਾਲ ਖਾੜੀ ਦੇਸ਼ਾਂ ਲਈ ਹੋਰ ਵੀ ਵੱਡੀ ਚੁਣੌਤੀ ਪੈਦਾ ਹੋ ਗਈ ਸੀ। ਹੂਤੀਆਂ ਨੇ ਪਿਛਲੇ ਸਮੇਂ ਵਿਚ ਵੀ ਅਰਬ ਸਾਗਰ ਦੇ ਦੱਖਣੀ ਹਿੱਸੇ ਵਿਚ ਬਾਬ-ਐਲ-ਮੰਦੇਬ ਦੇ ਸਮੁੰਦਰੀ ਰਸਤੇ ’ਤੇ ਕਬਜ਼ਾ ਕਰ ਲਿਆ ਸੀ। ਖਾੜੀ ਦੇਸ਼ਾਂ ਦਾ ਤੇਲ ਦਾ ਬਹੁਤਾ ਵਪਾਰ ਲਾਲ ਸਾਗਰ ਦੇ ਇਸੇ ਰਸਤੇ ਰਾਹੀਂ ਹੁੰਦਾ ਹੈ। ਹੂਤੀਆਂ ਦੇ ਸਰਗਰਮ ਹੋਣ ਨਾਲ ਇਹ ਸਥਿਤੀ ਹੋਰ ਵੀ ਗੰਭੀਰ ਬਣ ਗਈ ਹੈ। ਅਮਰੀਕਾ ਅਤੇ ਇਜ਼ਰਾਈਲ ਨੇ 28 ਫਰਵਰੀ ਨੂੰ ਈਰਾਨ ’ਤੇ ਹਮਲੇ ਸ਼ੁਰੂ ਕੀਤੇ ਸਨ ਪਰ ਮਹੀਨਾ ਬੀਤ ਜਾਣ ਤੋਂ ਬਾਅਦ ਵੀ ਇਸ ਲੜਾਈ ਦਾ ਕੋਈ ਹੱਲ ਨਜ਼ਰ ਨਹੀਂ ਆਉਂਦਾ। ਇੰਨੇ ਦਿਨ ਬੀਤਣ ਨਾਲ ਮੱਧ ਪੂਰਬ ਵਿਚ ਨੁਕਸਾਨ ਲਗਾਤਾਰ ਵਧਦਾ ਜਾ ਰਿਹਾ ਹੈ। ਡੋਨਾਲਡ ਟਰੰਪ ਦੂਸਰੀ ਵਾਰ ਦੇਸ਼ ਦਾ ਰਾਸ਼ਟਰਪਤੀ ਬਣਿਆ ਹੈ ਪਰ ਆਉਂਦਿਆਂ ਹੀ ਉਸ ਨੇ ਦੂਜੇ ਦੇਸ਼ਾਂ ਤੋਂ ਅਮਰੀਕਾ ਨੂੰ ਬੂੰਗੀ ਬਰਾਮਦ ਤੇ ਭਾਰੀ ਟੈਰਿਫ ਲਾਉਣ, ਅਮਰੀਕਾ ਨੂੰ ਹੁੰਦੇ ਨਜਾਇਜ਼ ਪ੍ਰਵਾਸ ਨੂੰ ਰੋਕਣ ਸਮੇਤ ਬਹੁਤ ਸਾਰੇ ਅਜਿਹੇ ਸਖ਼ਤ ਫ਼ੈਸਲੇ ਲਏ, ਜਿਨ੍ਹਾਂ ਨਾਲ ਦੁਨੀਆ ਦੇ ਬਹੁਤੇ ਦੇਸ਼ ਨਾਰਾਜ਼ ਹੋ ਗਏ ਹਨ। ਉਸ ਦੀਆਂ ਇਨ੍ਹਾਂ ਨੀਤੀਆਂ ਨਾਲ ਅਮਰੀਕਾ ਵਿਚ ਵੀ ਮਹਿੰਗਾਈ ਵਧਣ ਲੱਗੀ ਹੈ ਅਤੇ ਇਹ ਪ੍ਰਭਾਵ ਬਣਿਆ ਨਜ਼ਰ ਆਉਣ ਲੱਗਾ ਹੈ ਕਿ ਰਾਸ਼ਟਰਪਤੀ ਨੇ ਈਰਾਨ ਨਾਲ ਲੜਾਈ ਸਹੇੜ ਕੇ ਇਕ ਵੱਡੀ ਮੁਸੀਬਤ ਆਪਣੇ ਪੱਲੇ ਪਾ ਲਈ ਹੈ। ਇਨ੍ਹਾਂ ਨੀਤੀਆਂ ਕਰਕੇ ਹੀ ਅਮਰੀਕਾ ਵਿਚ ਪਹਿਲਾਂ ਕਈ ਵਾਰ ਉਸ ਦੇ ਖ਼ਿਲਾਫ਼ ਵੱਡੇ ਅਤੇ ਸਖ਼ਤ ਮੁਜ਼ਾਹਰੇ ਹੋ ਚੁੱਕੇ ਹਨ।



ਪਿਛਲੇ ਸਾਲ ਜੂਨ ਦੇ ਮਹੀਨੇ ਵਿਚ ਇਕ ਵੱਡਾ ਪ੍ਰਦਰਸ਼ਨ ਹੋਇਆ ਸੀ। ਫਿਰ ਅਕਤੂਬਰ ਮਹੀਨੇ ਵਿਚ ਦੇਸ਼ ਭਰ ਵਿਚ ਮੁਜ਼ਾਹਰੇ ਹੋਏ। ਹੁਣ ਤੀਸਰੀ ਵਾਰ ਸਾਰੇ ਮੁਲਕ ਵਿਚ ਲੱਖਾਂ ਦੀ ਗਿਣਤੀ ਵਿਚ ਲੋਕ ਹਜ਼ਾਰਾਂ ਥਾਵਾਂ ’ਤੇ ਮੁਜ਼ਾਹਰੇ ਕਰਦੇ ਨਜ਼ਰ ਆ ਰਹੇ ਹਨ। ਅਜਿਹੀ ਸਥਿਤੀ ਕਰਕੇ ਟਰੰਪ ਬਚਾਅ ਦੀ ਨੀਤੀ ’ਤੇ ਜ਼ਰੂਰ ਆ ਗਿਆ ਜਾਪਦਾ ਹੈ ਪਰ ਇਸ ਦੇ ਨਾਲ-ਨਾਲ ਜੋ ਹਾਲਾਤ ਪੈਦਾ ਹੋ ਰਹੇ ਹਨ, ਉਨ੍ਹਾਂ ਨੂੰ ਵੇਖਦਿਆਂ ਛੇਤੀ ਇਸ ਤਬਾਹਕੁੰਨ ਲੜਾਈ ਦੇ ਖ਼ਤਮ ਹੋਣ ਦੀ ਆਸ ਨਹੀਂ ਹੈ, ਕਿਉਂਕਿ ਜੇਕਰ ਟਰੰਪ ਬਿਨਾਂ ਕੋਈ ਜਿੱਤ ਹਾਸਿਲ ਕੀਤਿਆਂ ਪਿਛੇ ਹਟ ਜਾਂਦਾ ਹੈ ਤਾਂ ਦੁਨੀਆ ਭਰ ਵਿਚ ਅਮਰੀਕਾ ਤੇ ਉਸ ਦਾ ਵੱਕਾਰ ਕਾਫ਼ੀ ਹੇਠਾਂ ਡਿੱਗ ਪਵੇਗਾ, ਇਸੇ ਕਾਰਨ ਉਸ ਨੇ ਇਸ ਲੜਾਈ ਨੂੰ ਵੱਕਾਰ ਦਾ ਸਵਾਲ ਬਣਾ ਲਿਆ ਹੈ। ਫਿਰ ਵੀ ਆਪੋ-ਆਪਣੇ ਢੰਗ-ਤਰੀਕੇ ਨਾਲ ਦੁਨੀਆ ਦੇ ਬਹੁਤੇ ਦੇਸ਼ ਇਸ ਲੜਾਈ ਨੂੰ ਖ਼ਤਮ ਕਰਾਉਣ ਲਈ ਯਤਨਸ਼ੀਲ ਹਨ। ਬਿਨਾਂ ਸ਼ੱਕ ਇਹ ਲੜਾਈ ਖ਼ਤਮ ਹੋਣੀ ਚਾਹੀਦੀ ਹੈ, ਨਹੀਂ ਤਾਂ ਇਸ ਕਾਰਨ ਦੁਨੀਆ ਦੇ ਸਾਰੇ ਦੇਸ਼ਾਂ ਲਈ ਊਰਜਾ ਦੀ ਕਮੀ ਸਮੇਤ ਹੋਰ ਵੀ ਬਹੁਤ ਸਾਰੀਆਂ ਮੁਸ਼ਕਿਲਾਂ ਪੈਦਾ ਹੋ ਜਾਣਗੀਆਂ। ਇਹ ਵੱਡੀ ਤਬਾਹੀ ਨੂੰ ਸੱਦਾ ਦੇਣ ਵਾਲੀ ਗੱਲ ਹੋਵੇਗੀ।

# ਸ਼ਬਦ ਗੁਰੂ ਸਰਬਉੱਚ



ਹਾਲੀਆ ਸਾਲਾਂ ਦੌਰਾਨ ਪੰਜਾਬ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ 'ਬੇਅਦਬੀ' ਨੂੰ ਪਰਿਭਾਸ਼ਿਤ ਕਰਨ ਅਤੇ ਇਸ ਲਈ ਸਜ਼ਾਵਾਂ ਨਿਰਧਾਰਿਤ ਕਰਨ ਸਬੰਧੀ ਕਾਨੂੰਨ ਬਾਰੇ ਬਹਿਸਾਂ ਜਾਰੀ ਹਨ, ਜਿਨ੍ਹਾਂ ਨੂੰ ਲੋਕ ਡੂੰਘਾ ਭਾਵਨਾਤਮਕ ਅਤੇ ਰਾਜਨੀਤਿਕ ਹੁੰਗਾਰਾ ਦਿੰਦੇ ਆ ਰਹੇ ਹਨ। ਇਹ ਭਾਵਨਾਵਾਂ ਸ਼ਰਧਾ 'ਚੋਂ ਉਪਜਦੀਆਂ ਹਨ। ਦੁਨੀਆ ਭਰ ਦੇ ਸਿੱਖਾਂ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਮਹਿਜ਼ ਇੱਕ ਪਵਿੱਤਰ ਗ੍ਰੰਥ ਨਹੀਂ, ਸਗੋਂ ਇਹ 'ਸ਼ਬਦ ਗੁਰੂ' ਹੈ, ਜੋ ਬ੍ਰਹਮ ਗਿਆਨ ਦਾ ਸਰੂਪ ਅਤੇ ਸਿੱਖ ਧਰਮ ਦਾ ਅਧਿਆਤਮਿਕ ਧੁਰਾ ਹੈ। ਫਿਰ ਵੀ ਵਿਧਾਨ ਸਭਾਵਾਂ ਵੱਲੋਂ ਘੜੇ ਕਾਨੂੰਨ ਅਤੇ ਨਿਆਂਇਕ ਪਰਿਭਾਸ਼ਾਵਾਂ ਰਾਹੀਂ ਇਸ ਦੀ ਪਾਵਨਤਾ ਕਾਇਮ ਰੱਖਣ ਲਈ ਕਾਨੂੰਨ ਬਣਾਉਣ ਦੀਆਂ ਕੋਸ਼ਿਸ਼ਾਂ ਤੋਂ ਇੱਕ ਡੂੰਘਾ ਦਾਰਸ਼ਨਿਕ ਸਵਾਲ ਉਪਜਦਾ ਹੈ: ਕੀ ਸ਼ਬਦ ਗੁਰੂ ਨੂੰ ਕਾਨੂੰਨ ਦੇ ਮਾਧਿਅਮ ਰਾਹੀਂ ਸੱਚਮੁੱਚ ਸੁਰੱਖਿਅਤ ਜਾਂ ਪਰਿਭਾਸ਼ਿਤ ਕੀਤਾ ਜਾ ਸਕਦਾ ਹੈ?

ਸਿੱਖ ਵਿਚਾਰਧਾਰਾ ਦੇ ਮੂਲ ਵਿੱਚ ਇੱਕ ਡੂੰਘਾ ਦਾਰਸ਼ਨਿਕ ਸਿਧਾਂਤ ਹੈ, ਜਿਸ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਫ਼ਰਮਾਨ 'ਗੁਰੂ ਮਾਨਿਓ ਗ੍ਰੰਥ' ਰਾਹੀਂ ਬਿਆਨ ਕੀਤਾ ਹੈ। ਇਸ ਐਲਾਨ ਦੇ ਨਾਲ ਦੇਹਧਾਰੀ ਗੁਰੂ ਦੀ ਪਰੰਪਰਾ ਦਾ ਅੰਤ ਹੋ ਗਿਆ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਸਿੱਖ ਭਾਈਚਾਰੇ ਲਈ ਸਦੀਵੀ ਮਾਰਗਦਰਸ਼ਕ ਵਜੋਂ ਸਥਾਪਿਤ ਕੀਤਾ ਗਿਆ। ਫਿਰ ਵੀ ਇਸ ਐਲਾਨ ਦੇ ਸਹੀ ਅਰਥ ਨਹੀਂ ਸਮਝੇ ਜਾਂਦੇ। ਗੁਰੂ ਸਾਹਿਬਾਨ ਦਾ ਇਰਾਦਾ ਹਰਗਿਜ਼ ਇਹ ਨਹੀਂ ਸੀ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਕੱਟੜ ਰਹੁ-ਰੀਤਾਂ ਜਾਂ ਕਾਨੂੰਨੀ ਨੇਮਾਂ ਤੱਕ ਮਹਿਦੂਦ ਕਰ ਦਿੱਤਾ ਜਾਵੇ। ਇਸ ਦੇ ਉਲਟ ਇਸ ਨੂੰ ਗਿਆਨ ਦੇ ਸਰੂਪ, ਰੂਹਾਨੀ ਅਤੇ ਦਾਰਸ਼ਨਿਕ ਰਾਹਦਸੇਰੇ ਵਜੋਂ ਸਤਿਕਾਰਿਆ ਜਾਣਾ ਸੀ, ਜੋ ਸੱਚ, ਨਿਮਰਤਾ ਅਤੇ ਬ੍ਰਹਮ ਦੇ ਮਾਰਗ ਨੂੰ ਰੁਸ਼ਨਾਉਂਦਾ ਹੈ।

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਮੇਂ ਤੋਂ ਸਿੱਖ ਧਰਮ 'ਚ ਹਰੇਕ ਮਨੁੱਖ ਨੂੰ 'ਸਿੱਖ' ਮੰਨਿਆ ਜਾਂਦਾ ਹੈ, ਮਤਲਬ ਸਿੱਖਣ ਵਾਲਾ। ਇਸ ਸੰਦਰਭ ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਖ਼ੁਦ ਵੀ ਸਿੱਖ ਸਨ ਕਿਉਂਕਿ 'ਸਿੱਖ' ਸ਼ਬਦ ਸੰਸਕ੍ਰਿਤ ਸ਼ਬਦ 'ਸ਼ਿਸ਼ਯ' ਤੋਂ ਲਿਆ ਗਿਆ ਹੈ, ਜਿਸ ਦਾ ਅਰਥ ਹੈ ਸਿੱਖਣ ਵਾਲਾ। ਇਉਂ ਸਿੱਖ ਧਰਮ ਨਿਰੰਤਰ ਗੋਸ਼ਟਿ, ਚਿੰਤਨ ਅਤੇ ਅਧਿਆਤਮਿਕ ਸਿੱਖਿਆ ਦੀ ਰਵਾਇਤ 'ਤੇ ਆਧਾਰਿਤ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਇਸ ਪਰੰਪਰਾ ਦਾ ਸਰੂਪ ਹੈ; ਇਹ ਰਵਾਇਤੀ ਅਰਥਾਂ ਵਿੱਚ ਸਿਰਫ਼ ਇੱਕ ਪਵਿੱਤਰ ਗ੍ਰੰਥ ਨਹੀਂ, ਸਗੋਂ ਰਾਗਾਂ 'ਚ ਰਚੀ ਗੁਰਬਾਣੀ, ਧਿਆਨ, ਨੈਤਿਕ ਚਿੰਤਨ ਅਤੇ ਬ੍ਰਹਮ ਗਿਆਨ ਦਾ ਵਿਸ਼ਾਲ ਭੰਡਾਰ ਹੈ, ਜਿਸ ਦਾ ਉਦੇਸ਼ ਸ਼ਰਧਾਲੂ ਨੂੰ ਬ੍ਰਹਮ ਨਾਲ ਅਭੇਦ ਕਰਨਾ ਹੈ। ਹਾਲਾਂਕਿ, ਇਸ ਤਬਦੀਲੀ ਦਾ ਇਹ ਸੰਕੇਤ ਹਰਗਿਜ਼ ਨਹੀਂ ਸੀ ਕਿ ਕਾਗਜ਼ ਅਤੇ ਸਿਆਹੀ ਨੂੰ ਹੀ ਪਰਮਾਤਮਾ ਦਾ ਦਰਜਾ ਦੇ ਦਿੱਤਾ ਜਾਵੇ। ਗੁਰੂ ਸਾਹਿਬਾਨ ਕਿਸੇ ਭੌਤਿਕ ਸ਼ੈਅ ਨੂੰ ਨਹੀਂ ਉਚਿਆ ਰਹੇ ਸਨ; ਸਗੋਂ ਉਹ 'ਸ਼ਬਦ' ਜਾਂ ਬ੍ਰਹਮ ਦੀ ਸਰਬਉੱਚਤਾ ਦਰਸਾ ਰਹੇ ਸਨ।

ਇਸੇ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਕਾਨੂੰਨੀ ਢਾਂਚੇ ਦੇ ਅੰਦਰ ਸੀਮਿਤ ਕਰਨ ਦੀ ਕੋਈ ਵੀ ਕੋਸ਼ਿਸ਼ ਬਹੁਤ ਸਾਰੇ ਪਰੇਸ਼ਾਨ ਕਰਨ ਵਾਲੇ ਸਵਾਲ ਖੜ੍ਹੇ ਕਰਦੀ ਹੈ, ਭਾਵੇਂ ਇਹ ਸ਼ ?ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਕਿਸੇ ਵਿਧਾਨ ਤਹਿਤ ਹੋਵੇ ਜਾਂ ਫਿਰ ਵਿਧਾਨ ਸਭਾ ਦੇ ਕਿਸੇ ਕਾਨੂੰਨ ਤਹਿਤ ਸ਼ਬਦ ਗੁਰੂ ਦੀ 'ਬੇਅਦਬੀ' ਨੂੰ ਪਰਿਭਾਸ਼ਿਤ ਕਰਨ ਰਾਹੀਂ ਹੋਵੇ। ਕੀ ਅਧਿਆਤਮਿਕ ਗਿਆਨ ਦੇ ਅਥਾਹ ਖ਼ਜ਼ਾਨੇ ਨੂੰ ਸੱਚਮੁੱਚ ਕਾਨੂੰਨੀ ਸ਼ਬਦਾਵਲੀ ਜਾਂ ਨਿਆਂਇਕ ਫ਼ੈਸਲੇ ਦੇ ਦਾਇਰੇ ਹੇਠ ਲਿਆਂਦਾ ਜਾ ਸਕਦਾ ਹੈ? ਕੀ ਕੋਈ ਜੱਜ ਇਹ ਨਿਰਧਾਰਿਤ ਕਰ ਸਕਦਾ ਹੈ ਕਿ ਪਵਿੱਤਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ 'ਬੇਅਦਬੀ' ਕੀ ਹੈ, ਜਿਸ ਦਾ ਸਾਰ ਇਸ ਦੇ ਸ਼ਬਦਾਂ ਦੀ ਸਦੀਵਤਾ ਵਿੱਚ ਹੈ? ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਥਾਂ-ਪੁਰ-ਥਾਂ 'ਸ਼ਬਦ' ਦੀ ਮਹਿਮਾ ਕੀਤੀ ਗਈ ਹੈ, ਜਿਸ ਨੂੰ ਸਿੱਖ ਦਰਸ਼ਨ ਵਿੱਚ ਸਦੀਵੀ ਅਤੇ ਸਰਬਵਿਆਪੀ ਮੰਨਿਆ ਜਾਂਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਬਾਰੇ ਬਣਾਇਆ ਗਿਆ ਕੋਈ ਵੀ ਦੁਨਿਆਵੀ ਕਾਨੂੰਨ 'ਸ਼ਬਦ ਗੁਰੂ' ਦੀ ਰੂਹਾਨੀ ਸ਼ਕਤੀ ਨੂੰ ਘਟਾ ਨਹੀਂ ਸਕਦਾ।

ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਇੱਕ ਤੋਂ ਦੂਜੀ ਥਾਂ ਕਿਵੇਂ ਲਿਜਾਇਆ ਜਾਣਾ ਹੈ, ਇਸ ਦੇ ਨਾਲ ਕੌਣ ਜਾ ਸਕਦਾ ਹੈ ਜਾਂ ਇਹ ਰਾਸ਼ਟਰੀ ਸਰਹੱਦਾਂ ਨੂੰ ਕਿਵੇਂ ਪਾਰ ਕਰ ਸਕਦਾ ਹੈ, ਬਾਰੇ ਸਟੇਟ ਜਾਂ ਧਾਰਮਿਕ ਸੰਸਥਾਵਾਂ ਜਦੋਂ ਵਿਸਤ੍ਰਿਤ ਨਿਯਮ ਬਣਾਉਣ ਦੀ ਕੋਸ਼ਿਸ਼ ਕਰਦੀਆਂ ਹਨ ਤਾਂ ਇਸ ਨਾਲ ਜੀਵੰਤ ਰੂਹਾਨੀ ਮਾਰਗਦਰਸ਼ਕ ਦੇ ਮਹਿਜ਼ ਇੱਕ ਕਾਨੂੰਨ ਤੱਕ ਮਹਿਦੂਦ ਹੋ ਜਾਣ ਦਾ ਜੋਖ਼ਮ ਹੁੰਦਾ ਹੈ। ਉਦਾਹਰਣ ਵਜੋਂ, ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਵਿਸ਼ੇਸ਼ ਤੌਰ 'ਤੇ ਨਿਯੁਕਤ ਸੇਵਾਦਾਰਾਂ ਤੋਂ ਬਿਨਾਂ ਵਿਦੇਸ਼ ਨਹੀਂ ਲਿਜਾਇਆ ਜਾ ਸਕਦਾ। ਇਹ ਸ਼ਰਤ ਸਿੱਖ ਵਿਚਾਰਧਾਰਾ ਦੀ ਮੂਲ ਭਾਵਨਾ ਤੋਂ ਬਹੁਤ ਦੂਰ ਜਾਪਦੀ ਹੈ। ਇਸ ਦੀ ਬਜਾਏ ਸਿੱਖ ਧਰਮ ਦੇ ਪੈਰੋਕਾਰਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਨਿਰਵਿਘਨ ਹਰ ਥਾਂ ਪਹੁੰਚਾਉਣ ਦੀ ਵਕਾਲਤ ਕਰਨੀ ਚਾਹੀਦੀ ਹੈ, ਜਿਸ ਨਾਲ ਇਹ ਦੁਨੀਆ ਦੇ ਹਰ ਕੋਨੇ ਤੱਕ ਪਹੁੰਚ ਸਕੇ। ਬਹੁਤ ਸਾਰੇ ਸਿੱਖ ਪਰਿਵਾਰਾਂ, ਭਾਵੇਂ ਉਹ ਫ਼ੌਜੀ ਅਧਿਕਾਰੀ, ਜੱਜ, ਸਰਕਾਰੀ ਕਰਮਚਾਰੀ, ਪੇਸ਼ੇਵਰ ਜਾਂ ਆਮ ਨਾਗਰਿਕ ਹੋਣ, ਵਿੱਚ ਲੰਮੇ ਸਮੇਂ ਤੋਂ ਇਹ ਪਰੰਪਰਾ ਰਹੀ ਹੈ ਕਿ ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਲਈ ਆਪਣੇ ਘਰਾਂ 'ਚ ਇੱਕ ਵੱਖਰਾ ਸ਼ਾਂਤ ਕਮਰਾ ਸਮਰਪਿਤ ਕਰਦੇ ਹਨ। ਜਦੋਂ ਉਨ੍ਹਾਂ ਦਾ ਇੱਕ ਤੋਂ ਦੂਜੇ ਸ਼ਹਿਰ ਵਿੱਚ ਤਬਾਦਲਾ ਹੁੰਦਾ ਹੈ, ਜਿਵੇਂ ਹਥਿਆਰਬੰਦ ਸੈਨਾਵਾਂ ਜਾਂ ਸਰਕਾਰੀ ਸੇਵਾਵਾਂ ਵਰਗੇ ਪੇਸ਼ਿਆਂ ਵਿੱਚ ਅਕਸਰ ਹੁੰਦਾ ਹੈ, ਤਾਂ ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਰੂਪ ਵੀ ਆਪਣੇ ਨਾਲ ਲਿਜਾ ਕੇ ਆਪਣੇ ਨਵੇਂ ਘਰ ਵਿੱਚ ਬਹੁਤ ਸ਼ਰਧਾ ਤੇ ਸਤਿਕਾਰ ਨਾਲ ਸੁਸ਼ੋਭਿਤ ਕਰਦੇ ਹਨ। ਕੋਈ ਵੀ ਸਬੰਧਿਤ ਅਧਿਕਾਰੀ ਇਸ ਗੱਲ 'ਤੇ ਸਵਾਲ ਨਹੀਂ ਉਠਾਉਂਦਾ ਕਿ ਇਹ ਕਿੱਥੇ ਸੁਸ਼ੋਭਿਤ ਕੀਤਾ ਗਿਆ ਹੈ ਅਤੇ ਨਾ ਹੀ ਕੋਈ ਸੰਸਥਾ ਸ਼ਰਧਾ ਦੇ ਨਿੱਜੀ ਅਸਥਾਨ ਦੀ ਨਿਗਰਾਨੀ ਕਰਨ ਦੇ ਅਧਿਕਾਰ ਦਾ ਦਾਅਵਾ ਕਰਦੀ ਹੈ। ਇੱਕ ਸ਼ਰਧਾਲੂ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚਕਾਰ ਸਬੰਧ ਬਹੁਤ ਗੂੜ੍ਹਾ ਅਤੇ ਪਵਿੱਤਰ ਹੈ; ਇਹ ਸ਼ਰਧਾ ਤੇ ਵਿਸ਼ਵਾਸ ਦੇ ਖੇਤਰ ਵਿੱਚ ਆਉਂਦਾ ਹੈ, ਨਿਗਰਾਨੀ ਦੇ ਨਹੀਂ। ਇਸ ਗਹਿਰੇ ਨਿੱਜੀ ਰਿਸ਼ਤੇ ਨੂੰ ਜਾਂਚ ਜਾਂ ਨੇਮਾਂ ਦੇ ਅਧੀਨ ਕਰਨ ਨਾਲ ਸ਼ਰਧਾਲੂਆਂ ਵਿੱਚ ਡਰ ਪੈਦਾ ਹੋਣ ਦਾ ਖਦਸ਼ਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਕਿਧਰੇ ਲਿਜਾਣ ਲਈ ਹੁਣ ਕਾਨੂੰਨੀ ਪਰਮਿਟ ਜਾਂ ਰਸਮੀ ਸੁਰੱਖਿਆ ਅਮਲਾ ਲਾਜ਼ਮੀ ਹੋਣ ਦੀ ਗੱਲ ਕਰਨ ਦਾ ਮਤਲਬ ਇਹ ਹੈ ਕਿ ਸ਼ਾਇਦ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਬੁਨਿਆਦੀ ਤੱਤ ਨੂੰ ਸਮਝਿਆ ਹੀ ਨਹੀਂ ਗਿਆ। ਸ਼ਬਦ ਗੁਰੂ ਕਿਸੇ ਸੰਸਥਾ, ਅਧਿਕਾਰ ਖੇਤਰ ਜਾਂ ਹੱਦਾਂ ਤੱਕ ਸੀਮਿਤ ਨਹੀਂ। ਸ਼ਬਦ ਗੁਰੂ ਹਰ ਸ਼ਰਧਾਵਾਨ ਸਿੱਖ ਦੇ ਅੰਗ-ਸੰਗ ਰਹਿੰਦਾ ਹੈ ਕਿਉਂਕਿ ਇਹ ਸਿੱਖ ਦੇ ਮਨ ਅਤੇ ਆਤਮਾ ਵਿੱਚ ਵੱਸਦਾ ਹੈ।

**ਜਸਟਿਸ ਆਰ.ਐਸ. ਸੋਢੀ**

ਇਸ ਸਭ ਨੂੰ ਕੁਝ ਰਹੁ-ਰੀਤਾਂ ਤੱਕ ਮਹਿਦੂਦ ਕਰਨ ਵਿੱਚ ਜੋਖ਼ਮ ਇਹ ਹੈ ਕਿ ਇਸ ਨਾਲ ਸ਼ਬਦ ਗੁਰੂ ਨਾਲ ਰੂਹਾਨੀ ਤੌਰ 'ਤੇ ਜੁੜਨ ਦੀ ਥਾਂ ਸਿੱਖ ਇਸ ਨਾਲ ਸਿਰਫ਼ ਰਸਮੀ ਤੌਰ 'ਤੇ ਜੁੜਨ ਤੱਕ ਸੀਮਿਤ ਨਾ ਰਹਿ ਜਾਵੇ। ਇਤਿਹਾਸਕ ਤੌਰ 'ਤੇ ਸਿੱਖ ਧਰਮ ਹਮੇਸ਼ਾ ਅਜਿਹੇ ਰੁਝਾਨਾਂ ਦੇ ਵਿਰੁੱਧ ਰਿਹਾ ਹੈ। ਗੁਰੂ ਸਾਹਿਬਾਨ ਨੇ ਫੋਕੇ ਕਰਮ ਕਾਂਡਾਂ, ਜਾਤ ਪਾਤ ਅਤੇ ਮਨੁੱਖ ਤੇ ਰੱਬ ਦੇ ਰਾਹ ਵਿੱਚ ਕਿਸੇ ਦੀ ਵਿਚੋਲਗੀ ਨੂੰ ਮੂਲੋਂ ਰੱਦ ਕੀਤਾ ਹੈ। ਇਸ ਦੀ ਬਜਾਏ ਉਨ੍ਹਾਂ ਨੇ 'ਸ਼ਬਦ' ਰਾਹੀਂ ਮਨੁੱਖ ਅਤੇ ਬ੍ਰਹਮ ਵਿਚਾਲੇ ਸਿੱਧੇ ਸਬੰਧ 'ਤੇ ਜ਼ੋਰ ਦਿੱਤਾ।

ਜੇਕਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ 'ਬੇਅਦਬੀ' ਰੋਕਣ ਲਈ ਕਾਨੂੰਨੀ ਸੁਰੱਖਿਆ ਨੂੰ ਹੀ ਲਾਜ਼ਮੀ ਸਮਝਿਆ ਜਾਵੇਗਾ ਤਾਂ ਇਸ ਦੇ ਅਸਲ ਉਦੇਸ਼ ਨੂੰ ਠੇਸ ਪੁੱਜਣ ਦਾ ਖ਼ਤਰਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਅਸਲ ਬੇਅਦਬੀ ਇਸ ਵਿੱਚ ਦਰਜ ਨਿਮਰਤਾ, ਨਿਆਂ, ਸਮਾਨਤਾ ਅਤੇ ਸੱਚਾਈ ਜਿਹੀਆਂ ਨੈਤਿਕ ਅਤੇ ਅਧਿਆਤਮਿਕ ਸਿੱਖਿਆਵਾਂ 'ਤੇ ਅਮਲ ਨਾ ਕਰਨ ਵਿੱਚ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਲਈ ਸ਼ਰਧਾ ਹਮੇਸ਼ਾ ਸਿੱਖ ਦੇ ਜੀਵਨ ਦਾ ਧੁਰਾ ਰਹੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਰੋਜ਼ਾਨਾ 'ਪ੍ਰਕਾਸ਼' ਅਤੇ 'ਸੁਖਆਸਨ', ਸਿਰ ਢੱਕਣਾ ਅਤੇ ਨੰਗੇ ਪੈਰੀਂ ਉਨ੍ਹਾਂ ਦੀ ਹਜ਼ੂਰੀ ਵਿੱਚ ਜਾਣਾ ਸਿੱਖ ਭਾਈਚਾਰੇ ਦੇ ਮਨਾਂ ਅੰਦਰ ਸਹਿਜ ਰੂਪ ਵਿੱਚ ਉਪਜੀ ਸ਼ਰਧਾ ਨੂੰ ਦਰਸਾਉਂਦੇ ਹਨ। ਇਹ ਰਹੁ-ਰੀਤਾਂ ਸ਼ਰਧਾ ਕਾਰਨ ਉਪਜੀਆਂ ਹਨ, ਕਿਸੇ ਕਾਨੂੰਨੀ ਮਜਬੂਰੀ ਕਾਰਨ ਨਹੀਂ। ਜਦੋਂ ਸਟੇਟ ਮਸ਼ੀਨਰੀ ਰਾਹੀਂ ਸ਼ਰਧਾ ਨੂੰ ਕਾਨੂੰਨ ਦੇ ਦਾਇਰੇ ਹੇਠ ਲਿਆਇਆ ਜਾਂਦਾ ਹੈ ਤਾਂ ਸਿੱਖ ਅਤੇ ਸ਼ਬਦ ਗੁਰੂ ਦਰਮਿਆਨ ਗੂੜ੍ਹੇ ਰੂਹਾਨੀ ਰਿਸ਼ਤੇ ਦੀ ਤੰਦ ਕਮਜ਼ੋਰ ਪੈਣ ਦਾ ਖਦਸ਼ਾ ਹੁੰਦਾ ਹੈ।

ਉਸ ਵਿਰੋਧਾਭਾਸ 'ਤੇ ਵਿਚਾਰ ਕਰੋ ਜੋ ਉਦੋਂ ਪੈਦਾ ਹੁੰਦਾ ਹੈ ਜਦੋਂ ਅਦਾਲਤਾਂ ਜਾਂ ਵਿਧਾਨ ਸਭਾਵਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪਵਿੱਤਰਤਾ ਬਰਕਰਾਰ ਰੱਖਣ ਬਾਰੇ ਫ਼ੈਸਲਾ ਕਰਨ ਦੀ ਕੋਸ਼ਿਸ਼ ਕਰਦੀਆਂ ਹਨ। ਜਿਵੇਂ ਗੁਰੂ ਸਾਹਿਬਾਨ ਸਾਨੂੰ ਵਾਰ-ਵਾਰ ਯਾਦ ਦਿਵਾਉਂਦੇ ਹਨ ਕਿ 'ਸ਼ਬਦ ਗੁਰੂ' ਸਦੀਵੀ ਅਤੇ ਅਬਿਨਾਸੀ ਹੈ। ਕਿਸੇ ਅਦਾਲਤ ਦੇ ਜੱਜ ਦਾ 'ਸ਼ਬਦ ਗੁਰੂ' ਦੀ 'ਬੇਅਦਬੀ' ਬਾਰੇ ਫ਼ੈਸਲਾ ਕਰਨ ਦਾ ਮਤਲਬ ਇਹ ਹੈ ਕਿ ਰੂਹਾਨੀ ਗੁਰੂ ਬਾਰੇ ਫ਼ੈਸਲਾ ਕੋਈ ਦੁਨਿਆਵੀ ਜੀਵ ਸੁਣਾਵੇ।

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੁਰੱਖਿਆ ਲਈ ਵਿਸ਼ੇਸ਼ ਕਾਨੂੰਨ ਬਣਾਉਣ ਦੀ ਮੰਗ ਪਿਛਲੀ ਭਾਵਨਾ ਇੱਕ ਪੱਧਰ 'ਤੇ ਸਮਝ ਆਉਂਦੀ ਹੈ ਕਿਉਂਕਿ 'ਬੇਅਦਬੀ' ਦੀ ਕੋਈ ਘਟਨਾ ਵਾਪਰਨ 'ਤੇ ਸਿੱਖ ਮਨਾਂ ਨੂੰ ਪੁੱਜਦੀ ਡੂੰਘੀ ਠੇਸ ਤੇ ਪੀੜਾ ਕਾਰਨ ਅਜਿਹੀ ਮੰਗ ਉੱਠਣੀ ਸੁਭਾਵਿਕ ਹੈ। ਫਿਰ ਵੀ ਸੰਵਿਧਾਨਕ ਅਤੇ ਦਾਰਸ਼ਨਿਕ ਜ਼ਾਵੀਏ ਤੋਂ ਅਜਿਹੇ ਕਾਨੂੰਨ ਦੀ ਕੋਈ ਲੋੜ ਨਹੀਂ ਜਾਪਦੀ। ਭਾਰਤੀ ਸੰਵਿਧਾਨ ਦੇ ਢਾਂਚੇ ਅੰਦਰ ਕੋਈ ਵੀ ਅਜਿਹਾ ਕੰਮ ਜੋ ਜਾਣਬੁੱਝ ਕੇ ਧਾਰਮਿਕ ਭਾਵਨਾਵਾਂ ਦਾ ਅਪਮਾਨ ਕਰਦਾ ਹੈ ਜਾਂ ਭੜਕਾਉਂਦਾ ਹੈ ਜਾਂ ਕਿਸੇ ਖ਼ਾਸ ਭਾਈਚਾਰੇ ਜਾਂ ਇਸ ਦੇ ਪਵਿੱਤਰ ਚਿੰਨ੍ਹਾਂ ਵਿਰੁੱਧ ਹਿੰਸਾ ਨੂੰ ਭੜਕਾਉਂਦਾ ਹੈ, ਪਹਿਲਾਂ ਹੀ ਫ਼ੌਜਦਾਰੀ ਕਾਨੂੰਨ ਅਤੇ ਜਨਤਕ ਵਿਵਸਥਾ ਨਿਯਮਾਂ ਦੇ ਦਾਇਰੇ ਅੰਦਰ ਆਉਂਦਾ ਹੈ। ਸਟੇਟ ਦੀ ਕਾਨੂੰਨ-ਵਿਵਸਥਾ ਮਸ਼ੀਨਰੀ ਨੂੰ ਅਜਿਹੇ ਅਪਰਾਧਾਂ ਦੀ ਜਾਂਚ, ਮੁਕੱਦਮਾ ਚਲਾਉਣ ਅਤੇ ਸਜ਼ਾ ਦੇਣ ਦੇ ਪੂਰੇ ਅਧਿਕਾਰ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਲਈ ਵਿਸ਼ੇਸ਼ ਤੌਰ 'ਤੇ ਇੱਕ ਵੱਖਰਾ ਕਾਨੂੰਨ ਬਣਾਉਣ ਤੋਂ ਅਣਜਾਣਪੁਣੇ ਵਿੱਚ ਇਹ ਸਿੱਟਾ ਕੱਢਿਆ ਜਾ ਸਕਦਾ ਹੈ ਕਿ ਸਿੱਖ ਧਰਮ ਦੇ ਪਵਿੱਤਰ ਗ੍ਰੰਥ ਦਾ ਰੂਹਾਨੀ ਅਧਿਕਾਰ ਖੇਤਰ ਸਟੇਟ ਜਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਐੱਸ ਜੀ ਪੀ ਸੀ) ਵਰਗੀਆਂ ਸੰਸਥਾਵਾਂ ਦੁਆਰਾ ਪ੍ਰਦਾਨ ਕੀਤੀ ਗਈ ਸੁਰੱਖਿਆ 'ਤੇ ਨਿਰਭਰ ਕਰਦਾ ਹੈ। ਹਾਲਾਂਕਿ, ਸਿੱਖ ਵਿਚਾਰਧਾਰਾ ਦਾ ਦਾਰਸ਼ਨਿਕ ਆਧਾਰ ਇਹ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਰੂਹਾਨੀ ਸਰਬਉੱਚਤਾ ਬਿਨਾਂ ਕਿਸੇ ਕਾਨੂੰਨੀ ਸੁਰੱਖਿਆ ਤੋਂ ਸਦੀਆਂਬੱਧੀ ਉਥਲ-ਪੁਥਲ ਭਰੇ ਸਮਿਆਂ ਦੌਰਾਨ ਵੀ ਕਾਇਮ ਰਹੀ ਹੈ। ਇਸ ਲਈ ਪਹਿਲਾਂ ਤੋਂ ਹੀ ਮਜ਼ਬੂਤ ? ?ਸੰਵਿਧਾਨਕ ਢਾਂਚੇ ਅੰਦਰ ਹੋਰ ਵਿਸ਼ੇਸ਼ ਕਾਨੂੰਨ ਬਣਾਉਣ ਦੀ ਲੋੜ ਨਹੀਂ ਜਾਪਦੀ ਕਿਉਂਕਿ ਇਸ ਦਾ ਮਤਲਬ ਰੂਹਾਨੀ ਗੁਰੂ ਦੀ ਸਰਬਉੱਚਤਾ ਨੂੰ ਦੁਨਿਆਵੀ ਹੱਦਾਂ ਤੱਕ ਮਹਿਦੂਦ ਕਰਨਾ ਹੋਵੇਗਾ। ਇੱਕ ਸਿੱਖ ਵਜੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਨਾਲ ਮੇਰਾ ਸਿੱਧਾ ਰੂਹਾਨੀ ਰਿਸ਼ਤਾ ਹੈ, ਇਸ ਲਈ ਕਿਸੇ ਵੀ ਸੰਸਥਾ ਜਾਂ ਦੁਨਿਆਵੀ ਕਾਨੂੰਨ ਦੀ ਵਿਚੋਲਗੀ ਲੋੜੀਂਦੀ ਨਹੀਂ, ਸਗੋਂ ਮੇਰਾ ਰਿਸ਼ਤਾ 'ਸ਼ਬਦ ਗੁਰੂ' ਨਾਲ ਹੈ। ਆਪਣੇ ਬੁਨਿਆਦੀ ਰੂਪ ਵਿੱਚ ਸਿੱਖ ਧਰਮ ਸਾਨੂੰ ਗਿਆਨ, ਸਿਰੜ, ਦਇਆ ਅਤੇ ਸੱਚ ਦੇ ਰਾਹ 'ਤੇ ਤੁਰਨ ਦੀ ਪ੍ਰੇਰਨਾ ਦਿੰਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਤਾਉਮਰ ਜਾਰੀ ਰਹਿਣ ਵਾਲੀ ਸੱਚ ਦੀ ਖੋਜ ਵਿੱਚ ਹਰ ਸਿੱਖ ਦੇ ਰਾਹਦਸੇਰੇ ਹਨ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਤਿਕਾਰ ਹਰ ਸਿੱਖ ਦੇ ਮਨ ਵਿੱਚ ਹੈ। 'ਸ਼ਬਦ ਗੁਰੂ' ਦੀ ਸ਼ਕਤੀ ਸਦੀਵੀ ਅਤੇ ਅਬਿਨਾਸੀ ਹੈ, ਜੋ ਕਿਸੇ ਕਾਨੂੰਨੀ ਦਾਇਰੇ ਹੇਠ ਨਹੀਂ ਆਉਂਦੀ।

*ਸਾਬਕਾ ਜੱਜ, ਦਿੱਲੀ ਹਾਈ ਕੋਰਟ।

# ਫ਼ਰੀਦਕੋਟ ਰਿਆਸਤ ਨੇ ਕਰਾਇਆ ਸੀ ਦਰਬਾਰ ਸਾਹਿਬ ਵਿਖੇ ਸਭ ਤੋਂ ਪਹਿਲਾਂ ਬਿਜਲੀ ਪ੍ਰਬੰਧ

ਫ਼ਰੀਦਕੋਟ ਰਿਆਸਤ ਨੇ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਸਾਹਿਬ ਅੰਦਰ ਸਭ ਤੋਂ ਪਹਿਲਾਂ ਬਿਜਲੀ ਦੀ ਰੌਸ਼ਨੀ ਦਾ ਪ੍ਰਬੰਧ ਕੀਤਾ ਸੀ। ਉਸ ਸਮੇਂ ਬਿਜਲੀ ਪ੍ਰਬੰਧ ਲਈ 25,000 ਰੁਪਏ ਖ਼ਰਚ ਆਇਆ ਸੀ। ਸ੍ਰੀ ਗੁਰੂ ਰਾਮਦਾਸ ਲੰਗਰ ਹਾਲ ਲਈ 75,000 ਰੁਪਏ ਦਾ ਖ਼ਰਚਾ ਫ਼ਰੀਦਕੋਟ ਰਿਆਸਤ ਵਲੋਂ ਕੀਤਾ ਗਿਆ। ਦਿਲਚਸਪ ਗੱਲ ਇਹ ਹੈ ਕਿ ਉਸ ਵਕਤ ਬਿਜਲੀ ਪ੍ਰਬੰਧ ਦਾ ਵਿਰੋਧ ਵੀ ਬਹੁਤ ਵੱਡੇ ਪੱਧਰ 'ਤੇ ਹੋਇਆ। ਪਹਿਲਾਂ ਪਹਿਲ ਸ੍ਰੀ ਦਰਬਾਰ ਸਾਹਿਬ ਦੇ ਅੰਦਰ ਅੱਠ ਪਹਿਰ ਘਿਓ ਦੀ ਜੋਤ ਜਗਾਈ ਜਾਂਦੀ ਸੀ ਅਤੇ ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਤੇ ਪਰਿਕਰਮਾ ਵਿਚ ਸੁੱਚੀ ਮੋਮ ਦੀਆਂ ਬੱਤੀਆਂ ਜਗਾਈਆਂ ਜਾਂਦੀਆਂ ਸਨ। ਸ੍ਰੀ ਗੁਰੂ ਸਿੰਘ ਸਭਾ ਅੰਮ੍ਰਿਤਸਰ ਵਲੋਂ ਬਿਜਲੀ ਪ੍ਰਬੰਧ ਬਾਰੇ ਗੱਲਬਾਤ ਸ਼ੁਰੂ ਕੀਤੀ ਗਈ ਸੀ। 26 ਜਨਵਰੀ 1896 ਨੂੰ ਆਪਣੇ 23ਵੇਂ ਇਜਲਾਸ ਵਿਚ ਇਕ ਮਤੇ ਰਾਹੀਂ ਸ੍ਰੀ ਦਰਬਾਰ ਸਾਹਿਬ ਵਿਖੇ ਬਿਜਲੀ ਪ੍ਰਬੰਧ ਲਈ ਸਿਫ਼ਾਰਸ਼ ਕੀਤੀ ਗਈ, ਜਿਸ ਸੰਬੰਧੀ ਸ. ਸੁੰਦਰ ਸਿੰਘ ਮਜੀਠੀਆ ਨੇ ਗੱਲਬਾਤ ਰੱਖੀ। ਸ੍ਰੀ ਦਰਬਾਰ ਸਾਹਿਬ ਦੇ ਮੈਨੇਜਰ ਕਰਨਲ ਜਵਾਲਾ ਸਿੰਘ ਤੇ ਖ਼ਾਲਸਾ ਹਾਈ ਸਕੂਲ ਗੁਜਰਾਂਵਾਲਾ ਦੇ ਮਾਸਟਰ ਨਰਾਇਣ ਸਿੰਘ ਨੇ ਇਸ ਮਤੇ ਦੀ ਪ੍ਰੋੜਤਾ ਕੀਤੀ। ਇਸ ਕੰਮ ਲਈ ਸ. ਬਹਾਦਰ ਸਿੰਘ, ਸ. ਅਰਜਨ ਸਿੰਘ ਦੀ ਅਗਵਾਈ ਵਿਚ

**ਜਸਵੰਤ ਸਿੰਘ ਪੁਰਬਾ**

11 ਮੈਂਬਰੀ ਕਮੇਟੀ ਬਣਾਈ ਗਈ, ਜਿਸ ਨੇ ਸਿੱਖਾਂ ਦੇ ਪ੍ਰਭਾਵਸ਼ਾਲੀ ਆਗੂਆਂ, ਸਰਖੇਮ ਸਿੰਘ ਬੇਦੀ, ਰਾਏ ਬਹਾਦਰ, ਸ. ਸੁਜਾਨ ਸਿੰਘ ਰਾਵਲਪਿੰਡੀ ਤੇ ਬਲਵੰਤ ਸਿੰਘ ਅਟਾਰੀ ਵਰਗਿਆਂ ਦੀ ਹਮਾਇਤ ਪ੍ਰਾਪਤੀ ਕਰ ਲਈ ਗਈ। ਬਿਜਲੀਕਰਨ ਕਮੇਟੀ ਨੇ ਰਾਜਾ ਬਿਕਰਮ ਸਿੰਘ ਫ਼ਰੀਦਕੋਟ ਕੋਲ ਪਹੁੰਚ ਕੀਤੀ। 25 ਅਪ੍ਰੈਲ 1897 ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਹੋਈ ਮੀਟਿੰਗ ਵਿਚ ਮਹਾਰਾਜਾ ਬਿਕਰਮ ਸਿੰਘ ਵਲੋਂ ਭੇਜੇ ਗਏ ਦਰਬਾਰੀਆਂ ਨੇ ਪੇਸ਼ ਹੋ ਕੇ ਕਿਹਾ ਕਿ ਸ੍ਰੀ ਦਰਬਾਰ ਸਾਹਿਬ ਦੀ ਬਿਜਲੀ ਪ੍ਰਬੰਧ ਲਈ ਮਹਾਰਾਜਾ 20,000 ਰੁਪਏ ਯੋਗਦਾਨ ਨਾਲ ਬਿਜਲੀ ਦਾ ਪ੍ਰਬੰਧ ਕਰਨਗੇ। 22 ਜੂਨ 1897 ਨੂੰ ਕੰਵਰ ਗਜੇਂਦਰ ਸਿੰਘ ਫ਼ਰੀਦਕੋਟ ਰਿਆਸਤ ਦੀ ਹਾਜ਼ਰੀ ਵਿਚ ਰਾਏ ਢੌਲਣ ਦਾਸ ਦਾ ਆਪਣਾ ਜਨਰੇਟਰ ਲਿਆ ਕੇ ਸ੍ਰੀ ਦਰਬਾਰ ਸਾਹਿਬ ਸਮੂਹ ਵਿਚ ਰੌਸ਼ਨੀ ਦਾ ਤਜਰਬਾ ਕੀਤਾ ਗਿਆ। 14 ਅਗਸਤ 1897 ਨੂੰ ਮਹਾਰਾਜਾ ਆਪ ਸ੍ਰੀ ਦਰਬਾਰ ਸਾਹਿਬ ਨਤਮਸਤਕ ਹੋਏ ਅਤੇ ਸ੍ਰੀ ਗੁਰੂ ਰਾਮਦਾਸ ਲੰਗਰ ਦੀ ਇਮਾਰਤ ਤੇ ਬਿਜਲੀ ਜਨਰੇਟਰ ਪ੍ਰਬੰਧ ਲਈ ਇਕ ਲੱਖ ਰੁਪਏ ਭੇਟ ਕੀਤੇ। ਮਹਾਰਾਜਾ ਬਿਕਰਮ ਸਿੰਘ ਵਲੋਂ ਪ੍ਰਤੀ ਮਹੀਨਾ 50,000 ਰੁਪਏ ਪੰਜਾਬ ਐਂਡ ਸਿੰਧ ਬੈਂਕ ਵਿਚ ਜਮ ?ਹਾਂ ਕਰਵਾਏ ਜਾਂਦੇ ਸਨ। ਮਹਾਰਾਜਾ ਵਲੋਂ ਅਰਦਾਸ ਕਰਵਾਏ ਗਏ ਰੁਪਈਆਂ ਨਾਲ ਬਿਜਲੀ ਪੈਦਾ ਕਰਨ ਲਈ ਲੱਕੜ, ਕੋਲੇ ਨਾਲ ਚੱਲਣ ਵਾਲੇ ਇੰਜਣ ਤੇ ਤਾਰਾਂ ਦੀ ਫਿਟਿੰਗ ਲਈ ਖੰਭਿਆਂ ਸਮੇਤ ਹੋਰ ਸਾਮਾਨ ਖ਼ਰੀਦਿਆ ਗਿਆ। ਦੂਜੇ ਪਾਸੇ ਸਿੰਘ ਸਭਾ ਲਾਹੌਰ ਸਮੇਤ ਸ੍ਰੀ ਦਰਬਾਰ ਸਾਹਿਬ ਵਿਖੇ ਗ੍ਰੰਥੀ ਭਾਈ ਹਰਨਾਮ ਸਿੰਘ, ਭਾਈ ਭਗਤ ਸਿੰਘ, ਭਾਈ ਪ੍ਰਤਾਪ ਸਿੰਘ ਵਲੋਂ ਇਸ ਦੇ ਵਿਰੋਧ 'ਚ ਪੱਤਰ ਲਿਖਿਆ ਗਿਆ, ਜੋ 'ਬਿਜਲੀ ਵਿਦਰਾਨ' ਸਿਰਲੇਖ ਹੇਠ ਛਪਿਆ। ਸ੍ਰੀ ਹਜ਼ੂਰ ਸਾਹਿਬ ਨਾਂਦੇੜ ਦੇ ਪ੍ਰਬੰਧਕਾਂ ਵਲੋਂ ਵੀ ਇਸ ਦਾ ਵਿਰੋਧ ਕੀਤਾ ਗਿਆ। ਸਿੰਘ ਸਭਾ ਲਹਿਰ ਦੇ ਚਰਚਿਤ ਨਾਂਅ ਬਾਬੂ ਤੇਜਾ ਸਿੰਘ ਭਸੌੜ ਵਲੋਂ ਵੀ ਖ਼ਾਲਸਾ ਅਖਬਾਰ ਦੇ 3 ਸਤੰਬਰ 1897 ਦੇ ਅੰਕ ਵਿਚ ਇਸ ਦਾ ਵਿਰੋਧ ਕੀਤਾ ਗਿਆ। ਉਨ੍ਹਾਂ ਦਾ ਮੁੱਢਲਾ ਤਰਕ ਸੀ ਕਿ ਦਰਬਾਰ ਸਾਹਿਬ ਪੂਰਬੀ ਇਮਾਰਤ ਹੈ, ਜਦਕਿ ਬਿਜਲੀ ਪੱਛਮ ਦੀ ਦੇਣ ਹੈ, ਇਸ ਲਈ ਇੱਥੇ ਸੱਚ ਦਾ ਪ੍ਰਕਾਸ਼ ਹੋਵੇ, ਰੌਸ਼ਨੀ ਦਾ ਨਹੀਂ। ਹੋਤੀ ਮਰਦਾਨ ਦੇ ਸੰਤ ਦਿਆਲ ਸਿੰਘ ਖ਼ਾਲਸਾ ਨੇ ਕਿਹਾ ਕਿ ਦਰਬਾਰ ਸਾਹਿਬ ਦੀ ਇਮਾਰਤ ਨੂੰ ਬਿਜਲੀ ਦੀਆਂ ਤਾਰਾਂ ਰਾਹੀਂ ਖੋਦਣਾ ਭਾਰੀ ਬੇਹੁਰਮਤੀ ਹੈ ਪਰ ਇਸ ਵਿਰੋਧ ਦੇ ਬਾਵਜੂਦ ਬਿਜਲੀ ਸ਼ੁਰੂ ਕੀਤੀ ਗਈ ਅਤੇ ਬਿਜਲੀ ਸ਼ੁਰੂ ਕੀਤੇ ਜਾਣ ਤੋਂ ਬਾਅਦ ਜਨਰੇਟਰ ਦਰਬਾਰ ਸਾਹਿਬ ਦੇ ਪੁਰਾਣੇ ਦਫ਼ਤਰ ਦੇ ਨਾਲ ਵਾਲੀ ਗਲੀ ਵਿਚ ਲਗਾਇਆ ਗਿਆ। ਤਾਰਾਂ ਦੀ ਫਿਟਿੰਗ ਲਈ ਲਾਏ ਗਏ ਖੰਭੇ ਜਿਨ੍ਹਾਂ ਦੀ ਗਿਣਤੀ ਉਸ ਸਮੇਂ 8 ਸੀ, 'ਚੋਂ 4 ਪਰਿਕਰਮਾ ਚੌੜੀ ਕਰਨ ਸਮੇਂ ਉਤਾਰ ਦਿੱਤੇ ਗਏ, ਜਦਕਿ ਬਾਕੀ ਚਾਰਾਂ 'ਚੋਂ ਚਾਰੇ ਕੋਨਿਆਂ ਵਿਚ ਅੱਜ ਵੀ ਮੌਜੂਦ ਹਨ। ਉਪਰੋਕਤ ਖੰਭਿਆਂ 'ਤੇ ਦਿਲਕਸ਼ ਮੀਨਾਕਾਰੀ ਕੀਤੀ ਗਈ ਹੈ। ਹਾਲਾਂਕਿ ਇਹ ਗੱਲ ਵੱਖਰੀ ਹੈ ਕਿ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨਾਂ ਲਈ ਆਉਣ ਵਾਲੀ ਬਹੁਤੀ ਸੰਗਤ ਨੂੰ ਇਨ੍ਹਾਂ ਇਤਿਹਾਸਕ ਖੰਭਿਆਂ ਬਾਰੇ ਜਾਣਕਾਰੀ ਨਹੀਂ ਹੈ।



ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਵਿਖੇ ਪਰਿਕਰਮਾ 'ਚ ਲੱਗੇ ਬਿਜਲੀ ਦੇ ਪੁਰਾਤਨ ਖੰਭੇ।

# ਸਭ ਸਿਖਨ ਕੋ ਹੁਕਮ ਹੈ ਗੁਰੂ ਮਾਨਿਓ ਗ੍ਰੰਥ



ਬਘੇਲ ਸਿੰਘ ਧਾਲੀਵਾਲ
99142-58142



ਨਾਮਧਾਰੀ ਸੰਪਰਦਾਇ ਦੇ ਮੌਜੂਦਾ ਦੌਰ ਦੇ ਮੁਖੀ ਅਕਸਰ ਹੀ ਸਿੱਖੀ ਸਿਧਾਂਤਾਂ ਦੇ ਖਿਲਾਫ ਟਿੱਪਣੀਆਂ ਕਾਰਨ ਚਰਚਾ ਵਿੱਚ ਰਹਿੰਦੇ ਹਨ। ਹੁਣ ਇਸ ਸੰਸਥਾ ਦੇ ਇੱਕ ਧੜੇ ਦੇ ਮੁਖੀ ਠਾਕੁਰ ਦਲੀਪ ਸਿੰਘ ਨੇ ਆਪਣੀ ਸੰਪਰਦਾਇ ਵੱਲੋਂ ਚਲਾਈ ਦੇਹਧਾਰੀ ਗੁਰੂ ਦੀ ਪ੍ਰੰਪਰਾ ਨੂੰ ਸਹੀ ਸਾਬਤ ਕਰਦਿਆਂ ਕਿਹਾ ਕਿ ਦੇਹਧਾਰੀ ਗੁਰੂ ਹੀ ਗਿਆਨ ਦੇ ਸਕਦਾ ਹੈ, ਕੋਈ ਧਾਰਮਿਕ ਪੁਸਤਕ ਆਪਣੇ ਆਪ ਗਿਆਨ ਨਹੀ ਦੇ ਸਕਦੀ। ਸੋ ਇੱਥੇ ਆਪਣੀ ਦੇਹਧਾਰੀ ਗੱਦੀ ਨੂੰ ਸਲਾਮਤ ਰੱਖਣ ਖਾਤਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਇੱਕ ਧਾਰਮਿਕ ਕਿਤਾਬ ਕਹਿਣਾ ਸਿਰਫ਼ ਇੱਕ ਬਿਆਨ ਨਹੀਂ, ਸਗੋਂ ਸਿੱਖ ਇਤਿਹਾਸ, ਸਿੱਖ ਆਤਮਿਕਤਾ ਅਤੇ ਸਿੱਖਾਂ ਦੀ ਆਪਣੇ ਜੁਗੋ ਜੁਗ ਅਟੱਲ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹੋਂਦ, ਅਸਥਾ ਤੇ ਸਿੱਧਾ ਵਾਰ ਹੈ। ਇਹ ਗੱਲ ਇੰਨੀ ਸੌਖੀ ਨਹੀਂ ਕਿ ਇਸਨੂੰ ਕਿਸੇ ਨਿੱਜੀ ਵਿਚਾਰ ਕਹਿ ਕੇ ਛੱਡ ਦਿੱਤਾ ਜਾਵੇ। ਇਹ ਉਹ ਮਸਲਾ ਹੈ ਜਿਸਦਾ ਸਬੰਧ ਸਿੱਖ ਅਤੇ ਸਿੱਖੀ ਦੀ ਰੂਹ ਨਾਲ ਹੈ। ਸ੍ਰੀ ਗੁਰੂ ਗਰੰਥ ਸਾਹਿਬ ਜੀ, ਨਾਨਕ ਨਾਮ ਲੇਵਾ ਸਿੱਖਾਂ ਦੇ ਜਾਗਤ ਜੋਤ ਸਦੀਵੀ ਗੁਰੂ ਹਨ, ਜਿਸਨੂੰ ਸਿੱਖ ਕੌਮ ਸਦੀਆਂ ਤੋਂ ਆਪਣੇ ਮਨੁੱਖਾ ਜੀਵਨ ਲਈ ਸਕਤੀ ਦਾ ਸੋਮਾ ਅਤੇ ਅਤੀਤ, ਵਰਤਮਾਨ ਅਤੇ ਭਵਿੱਖ ਦਾ ਮਾਰਗ ਦਰਸ਼ਕ ਮੰਨਕੇ ਜੀਵਨ ਜਾਚ ਸਿੱਖਦੀ ਆ ਰਹੀ ਹੈ। ਸਰਬਤ ਦਾ ਭਲਾ, ਸਰਬ ਸਾਂਝੀ ਵਾਲਤਾ ਅਤੇ ਊਚ ਨੀਚ ਦੇ ਭਿੰਨ ਭੇਦ ਨੂੰ ਅਸਲੋਂ ਹੀ ਰੱਦ ਕਰਨ ਵਰਗੇ ਸਦਗੁਣ ਇਸ ਜਾਗਤ ਜੋਤ ਗੁਰੂ ਗ੍ਰੰਥ ਸਾਹਿਬ ਜੀ ਦੀ ਬਖਸ਼ਿਸ਼ ਕਰਕੇ ਹੀ ਸੰਭਵ ਹਨ।ਸਭ ਤੋਂ ਪਹਿਲਾਂ ਇਹ ਸਮਝਣਾ ਲਾਜ਼ਮੀ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਿੱਖਾਂ ਲਈ ਕੀ ਹਨ। ਧੰਨ ਧੰਨ ਸ੍ਰੀ ਗੁਰੂ ਗਰੰਥ ਸਾਹਿਬ ਜੀ ਸਿਰਫ਼ ਸਬਦਾਂ ਦਾ ਭੰਡਾਰ ਨਹੀਂ, ਨਾ ਹੀ ਇਹ ਕਾਗਜ਼ਾਂ ’ਤੇ ਲਿਖਿਆ ਹੋਇਆ ਦੁਨਿਆਵੀ ਸਾਹਿਤ ਹੈ,ਬਲਕਿ ਇਹ ਤਾਂ ਉਹ “ਸ਼ਬਦ ਗੁਰੂ” ਹਨ, ਜਿਸਦੀ ਸਥਾਪਨਾ ਖ਼ੁਦ ਗੁਰੂ ਸਾਹਿਬਾਨ ਨੇ ਕੀਤੀ। ਪੰਜਵੇਂ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਨੇ 1604 ਵਿੱਚ ਆਦਿ ਗ੍ਰੰਥ ਦੀ ਸੰਪਾਦਨਾ ਕਰਕੇ ਇਸਨੂੰ ਹਰਿਮੰਦਰ ਸਾਹਿਬ ਵਿੱਚ ਪੋਥੀ ਸਾਹਿਬ ਦੇ ਰੂਪ ਵਿੱਚ ਸਥਾਪਿਤ ਕੀਤਾ। ਇਹ ਸੰਪਾਦਨਾ ਸਿਰਫ਼ ਰਚਨਾਵਾਂ ਨੂੰ ਇਕੱਠਾ ਕਰਨ ਦਾ ਕੰਮ ਨਹੀਂ ਸੀ, ਸਗੋਂ ਸੱਚ ਦੀ ਪਰਖ ਦਾ ਇਕ ਵੱਡਾ ਮਾਪਦੰਡ ਸੀ। ਗੁਰੂ ਅਰਜਨ ਦੇਵ ਜੀ ਨੇ ਸਿਰਫ਼ ਸਿੱਖ ਗੁਰੂਆਂ ਦੀ ਬਾਣੀ ਹੀ ਨਹੀਂ, ਸਗੋਂ 15 ਭਗਤਾਂ, 11 ਭੱਟਾਂ ਅਤੇ ਤਿੰਨ ਗੁਰਸਿੱਖਾਂ ਦੀ ਬਾਣੀ ਨੂੰ ਵੀ ਇਸ ਵਿੱਚ ਸ਼ਾਮਲ ਕੀਤਾ। ਇਹ ਗੱਲ ਸਪਸ਼ਟ ਕਰਦੀ ਹੈ ਕਿ ਇਹ ਗ੍ਰੰਥ ਕਿਸੇ ਇੱਕ ਵਿਅਕਤੀ ਦੀ ਲਿਖਤ ਨਹੀਂ, ਸਗੋਂ ਸੱਚ ਦੀ ਸਰਬਵਿਆਪੀ ਅਵਾਜ਼ ਹੈ। ਜੇ ਇਹ ਸਿਰਫ਼ ਇੱਕ “ਕਿਤਾਬ” ਹੁੰਦੀ, ਤਾਂ ਕੀ ਗੁਰੂ ਸਾਹਿਬ ਇਸਨੂੰ ਇੰਨੀ ਮਹੱਤਤਾ ਦਿੰਦੇ? ਕੀ ਹਰਿਮੰਦਰ ਸਾਹਿਬ ਵਿੱਚ ਇਸਦੀ ਪ੍ਰਕਾਸ਼ਤਾ ਕੀਤੀ ਜਾਂਦੀ? ਕੀ ਇਸਦੇ ਅੱਗੇ ਸਿਰ ਨਿਵਾਇਆ ਜਾਂਦਾ? ਇਹ ਸਵਾਲ ਹਰ ਉਹ ਵਿਅਕਤੀ ਆਪਣੇ ਆਪ ਤੋਂ ਪੁੱਛੇ ਜੋ ਇਸ ਜੁੱਗੋ ਜੁੱਗ ਅਟੱਲ ਗੁਰੂ ਨੂੰ ਸਧਾਰਣ ਧਾਰਮਿਕ ਪੁਸਤਕ ਕਹਿਣ ਦੀ ਜੁਰਅਤ ਕਰਦਾ ਹੈ। ਸਿੱਖ ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ ਗੁਰੂ ਗ੍ਰੰਥ ਸਾਹਿਬ ਜੀ ਦੀ ਆਸਥਾ ਲਈ ਸਿੱਖਾਂ ਨੇ ਆਪਣੇ ਸਿਰ ਤੱਕ ਵਾਰ ਦਿੱਤੇ। 18ਵੀਂ ਸਦੀ ਦੇ ਮੁਸ਼ਕਲ ਸਮਿਆਂ ਵਿੱਚ ਜਦੋਂ ਸਿੱਖਾਂ ’ਤੇ ਜ਼ੁਲਮਾਂ ਦੀਆਂ ਹੱਦਾਂ ਪਾਰ ਹੋ ਰਹੀਆਂ ਸਨ, ਉਸ ਵੇਲੇ ਵੀ ਸਿੱਖ ਸੰਗਤਾਂ ਨੇ ਗੁਰੂ ਗ੍ਰੰਥ ਸਾਹਿਬ ਜੀ ਦੀ ਸੇਵਾ ਅਤੇ ਸਤਿਕਾਰ ਨੂੰ ਕਦੇ ਨਹੀਂ ਛੱਡਿਆ। ਜੰਗ ਦੇ ਮੈਦਾਨਾਂ ਵਿੱਚ ਵੀ ਇਸਦੀ ਸੁਰੱਖਿਆ ਲਈ ਜਾਨਾਂ ਦਿੱਤੀਆਂ ਗਈਆਂ। ਕੀ ਆਮ ਕਿਤਾਬ ਪ੍ਰਤੀ ਐਨੀ ਸ਼ਰਧਾ ਰੱਖੀ ਜਾ ਸਕਦੀ ਹੈ? ਸਿੱਖੀ ਵਿੱਚ “ਗੁਰੂ” ਦਾ ਅਰਥ ਸਿਰਫ਼ ਸਿੱਖਿਆ ਦੇਣ ਵਾਲਾ ਨਹੀਂ, ਸਗੋਂ ਅੰਧਕਾਰ ਤੋਂ ਪ੍ਰਕਾਸ਼ ਵੱਲ ਲੈ ਕੇ ਜਾਣ ਵਾਲਾ ਅਕਾਲ ਪੁਰਖ ਵਿੱਚ ਅਭੇਦ ਹੋਣ ਦੀ ਸਮਰੱਥਾ ਰੱਖਣ ਵਾਲਾ ਮਹਾਂਨ ਪੁਰਸ਼ ਹੁੰਦਾ ਹੈ। ਗੁਰੂ ਗ੍ਰੰਥ ਸਾਹਿਬ ਜੀ ਉਹ ਸਦੀਵੀ ਰੌਸ਼ਨੀ ਹੈ ਜੋ ਮਨੁੱਖ ਨੂੰ ਅਗਿਆਨਤਾ ਦੇ ਹਨੇਰੇ ਤੋਂ ਗਿਆਨ ਦੇ ਪ੍ਰਕਾਸ਼ ਵੱਲ ਲੈ ਜਾਂਦੀ ਹੈ। ਇਹ ਸਿਰਫ਼ ਪੜ੍ਹਨ ਲਈ ਨਹੀਂ, ਸਗੋਂ ਜਿਉਣ ਲਈ ਹਨ। ਇਸ ਦੀ ਬਾਣੀ ਮਨੁੱਖ ਦੇ ਅੰਦਰੂਨੀ ਬਦਲਾਅ ਦੀ ਗੱਲ ਕਰਦੀ ਹੈ, ਉਸਨੂੰ ਅਹੰਕਾਰ ਤੋਂ ਦੂਰ ਕਰਕੇ ਨਾਮ ਨਾਲ ਜੋੜਦੀ ਹੈ। ਠਾਕੁਰ ਦਲੀਪ ਸਿੰਘ ਦਾ ਉਕਤ ਬਿਆਨ ਸਿੱਖ ਦਰਸ਼ਨ ਦੀ ਮੂਲ ਸਮਝ ਤੋਂ ਬਿਲਕੁਲ ਕੋਰਾ ਅਤੇ ਵੱਖਰਾ ਹੈ। ਇਹ ਗੱਲ ਸਿਰਫ਼ ਅਗਿਆਨਤਾ ਨਹੀਂ ਦਿਖਾਉਂਦੀ, ਸਗੋਂ ਇੱਕ ਜਾਨ-ਬੁੱਝ ਕੇ ਕੀਤਾ ਗਿਆ ਗੁਨਾਹ ਜਾਪਦਾ ਹੈ। ਜੇ ਉਹ ਸਿੱਖ ਇਤਿਹਾਸ ਨੂੰ ਪੜ੍ਹਦੇ ਹਨ,ਗੁਰਬਾਣੀ ਦੀ ਅਸਲ ਵਿਚਾਰਧਾਰਾ ਨੂੰ ਸਮਝਦੇ ਹਨ,ਤਾਂ ਫਿਰ ਉਹ ਐਨੀ ਵੱਡੀ ਗੁਸਤਾਖੀ ਕਰਨ ਦੀ ਜੁਰਅਤ ਕਿਵੇਂ ਕਰ ਸਕਦੇ ਹਨ।। ਇਹ ਵੀ ਯਾਦ ਰੱਖਣਾ ਚਾਹੀਦਾ ਹੈ ਕਿ ਸਿੱਖ ਮਰਯਾਦਾ ਵਿੱਚ ਗੁਰੂ ਗ੍ਰੰਥ ਸਾਹਿਬ ਜੀ ਨੂੰ ਜੀਵੰਤ ਗੁਰੂ ਵਜੋਂ ਮੰਨਿਆ ਜਾਂਦਾ ਹੈ। ਗੁਰੂ ਗਰੰਥ ਸਾਹਿਬ ਜੀ ਦਾ ਪ੍ਰਕਾਸ਼, ਉਹਨਾਂ ਦਾ ਸੁਖਾਸਨ, ਉਹਨਾਂ ਦੇ ਪਰਕਾਸ਼ ਤੇ ਚੌਰ ਸਾਹਿਬ ਦੀ ਸੇਵਾ,ਇਹ ਸਾਰੇ ਪ੍ਰਮਾਣ ਹਨ ਕਿ ਇਹ ਸਿਰਫ਼ ਇੱਕ ਪੁਸਤਕ ਨਹੀਂ, ਬਲਕਿ ਤਖਤ ਚੌਰ ਦੇ ਮਾਲਕ,ਜਾਗਤ ਜੋਤ ਗੁਰੂ ਗਰੰਥ ਸਾਹਿਬ ਜੀ ਹਨ। ਇਸ ਤੋਂ ਇਲਾਵਾ ਭਾਰਤ ਦੀ ਸਭ ਤੋ ਵੱਡੀ ਅਦਾਲਤ ਸੁਪਰੀਮ ਕੋਰਟ ਨੇ ਵੀ ਸ੍ਰੀ ਗੁਰੂ ਗਰੰਥ ਸਾਹਿਬ ਜੀ ਨੂੰ ਜਾਗਤ ਜੋਤ ਗੁਰੂ ਮੰਨਿਆ ਹੈ। ਜੇਕਰ ਫਿਰ ਵੀ ਇੱਕ ਵੱਡੀ ਸੰਸਥਾ ਦੇ ਇੱਕ ਧੜੇ ਦੇ ਮੁਖੀ ਵੱਲੋਂ ਅਜਿਹਾ ਬੋਲਿਆ ਗਿਆ ਹੈ, ਤਾਂ ਇਹ ਬੇਹੱਦ ਮੰਦਭਾਗਾ ਅਤੇ ਨਿੰਦਣਯੋਗ ਹੈ। ਇਸ ਮਸਲੇ ਨੂੰ ਸਿਰਫ਼ ਭਾਵਨਾਤਮਕ ਰੂਪ ਵਿੱਚ ਨਹੀਂ, ਸਗੋਂ ਤਰਕਸੰਗਤ ਢੰਗ ਨਾਲ ਵੀ ਦੇਖਣ ਦੀ ਲੋੜ ਹੈ। ਇੱਕ ਧਾਰਮਿਕ ਕਿਤਾਬ ਸਿਰਫ਼ ਜਾਣਕਾਰੀ ਦੇ ਸਕਦੀ ਹੈ, ਪਰ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਜੀਵਨ ਨੂੰ ਦਿਸ਼ਾ ਦਿੰਦੇ ਹਨ। ਇੱਕ ਕਿਤਾਬ ਸਮੇਂ ਦੇ ਨਾਲ ਬਦਲ ਸਕਦੀ ਹੈ, ਪਰ ਗੁਰਬਾਣੀ ਸਦੀਵੀ ਹੈ। ਇੱਕ ਕਿਤਾਬ ਕਿਸੇ ਲੇਖਕ ਦੀ ਸੋਚ ਹੁੰਦੀ ਹੈ, ਪਰ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਉਸ ਅਕਾਲ ਜੋਤ ਦੀ ਅਵਾਜ਼ ਹੈ। ਇਸ ਲਈ, ਜਦੋਂ ਕੋਈ ਇਸਨੂੰ ਸਿਰਫ਼ ਧਾਰਮਿਕ ਕਿਤਾਬ ਕਹਿੰਦਾ ਹੈ, ਤਾਂ ਉਹ ਸਿੱਖੀ ਦੀ ਪੂਰੀ ਆਤਮਿਕ ਰਚਨਾ ਨੂੰ ਹੀ ਨਜ਼ਰਅੰਦਾਜ਼ ਕਰਦਾ ਹੈ। ਇਸ ਵਰਤਾਰੇ ਨੂੰ ਧੰਨ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੇ ਮਹੱਤਵ ਨੂੰ ਘਟਾਉਣ ਦੀ ਕੋਸ਼ਿਸ਼ ਵਜੋਂ ਦੇਖੇ ਜਾਣ ਦੀ ਜਰੂਰਤ ਹੈ। ਇਹ ਸਪੱਸਟ ਕਰਨਾ ਬੇਹੱਦ ਜਰੂਰੀ ਹੈ ਕਿ ਸਿੱਖ ਕੌਮ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਿਰਫ਼ ਧਾਰਮਿਕ ਗ੍ਰੰਥ ਨਹੀਂ, ਸਗੋਂ ਜੀਵਨ ਦਾ ਮੂਲ ਆਧਾਰ ਹਨ। ਇਹ ਉਹ ਜੋਤ ਹਨ ਜੋ ਸਦੀਆਂ ਤੋਂ ਸਿੱਖਾਂ ਨੂੰ ਰਾਹ ਦਿਖਾ ਰਹੀ ਹੈ ਅਤੇ ਅੱਗੇ ਵੀ ਦਿਖਾਉਂਦੀ ਰਹੇਗੀ। ਇਸਨੂੰ ਧਾਰਮਿਕ ਕਿਤਾਬ ਕਹਿਣਾ ਨਾ ਸਿਰਫ਼ ਗਲਤੀ ਹੈ, ਸਗੋਂ ਇਤਿਹਾਸਕ ਸੱਚਾਈ ਅਤੇ ਅਸਥਾ ਦੇ ਖਿਲਾਫ਼ ਇੱਕ ਵੱਡਾ ਅਪਰਾਧ ਹੈ। ਜੇ ਕਿਸੇ ਨੂੰ ਸਚਮੁੱਚ ਲੋਕ ਪਰਲੋਕ ਦੇ ਰਹੱਸ ਨੂੰ ਸਮਝਣ ਦੀ ਇੱਛਾ ਹੈ, ਤਾਂ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਵਿਧੀ ਅਤੇ ਸਤਿਕਾਰ ਸਹਿਤ ਅਧਿਐਨ ਕਰਨਾ ਅਤੇ ਆਪਣੇ ਜੀਵਨ ਵਿੱਚ ਲਾਗੂ ਕਰਨਾ ਹੋਵੇਗਾ, ਫਿਰ ਖੁਦ ਬ ਖੁਦ ਆਪਣੇ ਆਪ ਨੂੰ ਪਤਾ ਲੱਗ ਜਾਵੇਗਾ ਕਿ ਇਹ ਮਹਿਜ਼ ਲਫ਼ਜ਼ਾਂ ਦਾ ਭੰਡਾਰ ਨਹੀਂ। ਦਸਵੇਂ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਨੇ 1708 ਵਿੱਚ ਨਾਂਦੇੜ ਦੀ ਧਰਤੀ ਤੇ ਧੰਨ ਸ੍ਰੀ ਗੁਰੂ ਗਰੰਥ ਸਾਹਿਬ ਜੀ ਨੂੰ ਗੁਰਤਾ ਗੱਦੀ ਦੇਕੇ ਸਮੁੱਚੇ ਸਿੱਖ ਜਗਤ ਨੂੰ “ਸਭ ਸਿਖਨ ਕੋ ਹੁਕਮ ਹੈ ਗੁਰੂ ਮਾਨਿਓ ਗ੍ਰੰਥ” ਦਾ ਸਦੀਵੀਂ ਹੁਕਮ ਦਿੱਤਾ, ਜਿਹੜਾ ਸਿੱਖ ਅਤੇ ਗੁਰੂ ਦੇ ਆਪਸੀ ਰਿਸ਼ਤੇ ਅਤੇ ਆਤਮਿਕ ਰਾਹਦਾਰੀ ਦਾ ਅੰਤਿਮ ਫੈਸਲਾ ਸੀ। ਗੁਰੂ ਸਾਹਿਬ ਦੇ ਇਸ ਹੁਕਮ ਨਾਲ ਸਿੱਖਾਂ ਲਈ ਮਨੁੱਖੀ ਸਰੀਰ ਵਾਲੇ ਗੁਰੂਆਂ ਦੀ ਲੜੀ ਖਤਮ ਹੋ ਗਈ ਅਤੇ ਸਦੀਵੀ ਗੁਰੂ ਵਜੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਪ੍ਰਕਾਸ਼ ਕੀਤਾ ਗਿਆ। ਜਿਸਦੀ ਰੌਸ਼ਨੀ ਹਮੇਸਾ ਦੁਨੀਆਂ ਦਾ ਰਾਹ ਰੁਸ਼ਨਾਉਂਦੀ ਰਹੇਗੀ।

# .ਗਦਰੀ ਭਾਈ ਬਲਵੰਤ ਸਿੰਘ ਖੁਰਦਪੁਰ ਨੂੰ ਯਾਦ ਕਰਦਿਆਂ

ਭਗਵਾਨ ਸਿੰਘ ਜੌਹਲ



ਦੂਜੇ ਲਾਹੌਰ ਸਾਜਿਸ਼ ਕੇਸ ਵਿਚ ਲਾਹੌਰ ਜੇਲ੍ਹ ’ਚ ਫ਼ਾਂਸੀ ਦਾ ਰੱਸਾ ਚੁੰਮਣ ਵਾਲਾ ਮਹਾਨ ਸ਼ਹੀਦ ਭਾਈ ਬਲਵੰਤ ਸਿੰਘ ਕੈਨੇਡੀਅਨ (ਖੁਰਦਪੁਰ) ਅਜਿਹਾ ਸੂਰਬੀਰ ਯੋਧਾ ਸੀ, ਜਿਸ ਨੇ ਭਰ ਜਵਾਨੀ ਵਿਚ ਸ਼ਹਾਦਤ ਦਾ ਜਾਮ ਪੀਤਾ। ਭਾਈ ਬਲਵੰਤ ਸਿੰਘ ਦਾ ਜਨਮ ਜਲੰਧਰ ਜ਼ਿਲ੍ਹੇ ਦੇ ਉੱਘੇ ਪਿੰਡ ਖੁਰਦਪੁਰ ਵਿਖੇ ਸ. ਬੁੱਧ ਸਿੰਘ ਦੇ ਗ੍ਰਹਿ 14 ਸਤੰਬਰ 1882 ਨੂੰ ਹੋਇਆ। ਉਨ੍ਹਾਂ ਨਜ਼ਦੀਕੀ ਕਸਬੇ ਆਦਮਪੁਰ ਦੇ ਮਿਡਲ ਸਕੂਲ ’ਚ ਮੁੱਢਲੀ ਸਿੱਖਿਆ ਪ੍ਰਾਪਤੀ ਲਈ ਦਾਖਲਾ ਲਿਆ ਪਰ ਉਸ ਸਮੇਂ ਬਾਲ-ਵਿਆਹ ਕਾਰਨ ਪਰਿਵਾਰ ਨੇ ਉਨ੍ਹਾਂ ਦਾ ਵਿਆਹ ਵੀ ਬਚਪਨ ਵਿਚ ਹੀ ਕਰ ਦਿੱਤਾ। ਪੜ੍ਹਾਈ ਵਿਚਾਲੇ ਛੱਡੀ ਗਈ। ਭਰ ਜਵਾਨੀ ’ਚ ਪੈਰ ਧਰਦਿਆਂ ਉਹ ਅੰਗਰੇਜ਼ ਹਕੂਮਤ ਦੀ ਭਾਰਤੀ ਫ਼ੌਜ ’ਚ ਭਰਤੀ ਹੋ ਗਏ। ਜਦੋਂ ਭਾਈ ਬਲਵੰਤ ਸਿੰਘ ਦੀ ਪਲਟਨ ਮਰਦਾਨ (ਅੱਜ ਪਾਕਿਸਤਾਨ ’ਚ) ਵਿਚ ਸੀ ਤਾਂ ਇਨ੍ਹਾਂ ਦੀ ਸ਼ਖ਼ਸੀਅਤ ’ਤੇ ਪੰਜਾਬ ਦੀ ਪ੍ਰਸਿੱਧ ਧਾਰਮਿਕ ਹਸਤੀ ਬਾਬਾ ਕਰਮ ਸਿੰਘ ਹੋਤੀ ਮਰਦਾਨ ਦੀ ਸੰਗਤ ਦਾ ਅਜਿਹਾ ਅਸਰ ਹੋਇਆ ਕਿ ਉਨ੍ਹਾਂ ਦਾ ਨਿਸਚਾ ਤੇ ਵਿਸ਼ਵਾਸ ਸਿੱਖ ਧਰਮ ਵਿਚ ਦ੍ਰਿੜ੍ਹ ਹੋ ਗਿਆ ਤੇ ਅੰਗਰੇਜ਼ ਹਕੂਮਤ ਦੀ ਗੁਲਾਮੀ ਦਾ ਅਹਿਸਾਸ ਵੀ ਹੋਇਆ। 23 ਸਾਲ ਦੀ ਉਮਰ ’ਚ ਨੌਕਰੀ ਛੱਡ ਕੇ ਉਹ 1906 ’ਚ ਕੈਨੇਡਾ ਚਲੇ ਗਏ, ਜਿੱਥੇ ਵੈਨਕੂਵਰ ’ਚ ਪਹਿਲਾ ਗੁਰਦੁਆਰਾ ਸਾਹਿਬ ਬਣਾਉਣ ਵਿਚ ਭਰਪੂਰ ਯੋਗਦਾਨ ਪਾਇਆ ਤੇ ਗੁਰੂਘਰ ਦੇ ਗ੍ਰੰਥੀ ਨਿਯੁਕਤ ਹੋਏ। ਕੈਨੇਡਾ ਸਰਕਾਰ ਨੇ 1908 ’ਚ ਫ਼ੈਸਲਾ ਕੀਤਾ ਕਿ ਬ੍ਰਿਟਿਸ਼ ਕੋਲੰਬੀਆ (ਬੀ.ਸੀ.) ’ਚ ਰਹਿਣ ਵਾਲੇ ਹਿੰਦੁਸਤਾਨੀਆਂ ਨੂੰ ਅਮਰੀਕਾ ਦੀ ਹੈਂਡਰਸ ਕਾਲੋਨੀ ਵਿਚ ਆਬਾਦ ਕੀਤਾ ਜਾਵੇ। ਭਾਈ ਬਲਵੰਤ ਸਿੰਘ ਨੇ ਸਾਥੀਆਂ ਸਮੇਤ ਇਸ ਦਾ ਵਿਰੋਧ ਕੀਤਾ। 1909 ’ਚ ਹਿੰਦੁਸਤਾਨ ਐਸੋਸੀਏਸ਼ਨ ਦੀ ਸਥਾਪਨਾ ਕੀਤੀ ਗਈ, ਜਿਸ ਦੇ ਸਾਰੇ ਪ੍ਰਵਾਸੀ ਭਾਰਤੀਆਂ ਨੇ ਕੈਨੇਡਾ ਨਾ ਆਉਣ ਦੀਆਂ ਰੋਕਾਂ ਵਿਰੁੱਧ ਆਵਾਜ਼ ਉਠਾਈ। 1911 ’ਚ ਭਾਈ ਬਲਵੰਤ ਸਿੰਘ ਆਪਣੇ ਸਾਥੀ ਭਾਈ ਭਾਗ ਸਿੰਘ ਭਿੱਖੀਵਿੰਡ ਨਾਲ ਅਨੇਕਾਂ ਮੁਸੀਬਤਾਂ ਦਾ ਸਾਹਮਣਾ ਕਰਦੇ ਹੋਏ ਵਾਪਸ ਹਿੰਦੁਸਤਾਨ ਪੁੱਜੇ ਤੇ ਮੁਸੀਬਤਾਂ ਦੇ ਬਾਵਜੂਦ ਜਨਵਰੀ 1912 ’ਚ ਪਰਿਵਾਰ ਸਮੇਤ ਵੈਨਕੂਵਰ ਪਹੁੰਚ ਗਏ। 22 ਫਰਵਰੀ 1913 ਨੂੰ ਖ਼ਾਲਸਾ ਦੀਵਾਨ ਸੁਸਾਇਟੀ ਤੇ ਯੂਨਾਈਟਡ ਇੰਡੀਆ ਲੀਗ ਦੀ ਸਾਂਝੀ ਇਕੱਤਰਤਾ ’ਚ ਸਰਬਸੰਮਤੀ ਨਾਲ ਫ਼ੈਸਲਾ ਲਿਆ ਕਿ ਇੰਗਲੈਂਡ ਤੇ ਹਿੰਦੁਸਤਾਨ ਦੋਵਾਂ ਦੇਸ਼ਾਂ ’ਚ ਜਾ ਕੇ ਬ੍ਰਿਟਿਸ਼ ਸਰਕਾਰ ਨੂੰ ਮੁਸ਼ਕਿਲਾਂ ਨੂੰ ਦੂਰ ਕਰਨ ਲਈ ਮੰਗ ਪੱਤਰ ਦਿੱਤਾ ਜਾਵੇ। ਇਸ ਕਾਰਜ ਲਈ ਭਾਈ ਬਲਵੰਤ ਸਿੰਘ, ਭਾਈ ਨੰਦ ਸਿੰਘ ਤੇ ਭਾਈ ਨਰਾਇਣ ਸਿੰਘ ’ਤੇ ਆਧਾਰਿਤ ਇਕ ਪ੍ਰਤੀਨਿਧ ਮੰਡਲ ਦੋਵਾਂ ਦੇਸ਼ਾਂ ’ਚ ਭੇਜਣ ਲਈ ਸਮਾਂ ਨਿਸਚਿਤ ਕੀਤਾ ਗਿਆ ਪਰ ਅੰਗਰੇਜ਼ ਸਰਕਾਰ ਨੇ ਕੋਈ ਸਹਿਯੋਗ ਨਾ ਦਿੱਤਾ। ਕੈਨੇਡਾ ਪਰਤਣ ਸਮੇਂ ਭਾਈ ਬਲਵੰਤ ਸਿੰਘ ਦਾ ਮਿਲਾਪ ਕਾਮਾਗਾਟਾਮਾਰੂ ਜਹਾਜ਼ ਵਾਲੇ ਬਾਬਾ ਗੁਰਦਿੱਤ ਸਿੰਘ ਸਰਹਾਲੀ ਨਾਲ ਹੋਇਆ। ਭਾਈ ਬਲਵੰਤ ਸਿੰਘ ਨੇ ਕੈਨੇਡਾ ਦੇ ਪ੍ਰਵਾਸੀ ਭਾਰਤੀਆਂ ਖ਼ਾਸ ਕਰਕੇ ਸਿੱਖਾਂ ਵਲੋਂ ਬਾਬਾ ਗੁਰਦਿੱਤ ਸਿੰਘ ਨੂੰ ਹਰ ਸਮੇਂ ਹਰ ਹਾਲਾਤ ਵਿਚ ਸਹਿਯੋਗ ਦੇਣ ਦਾ ਵਾਅਦਾ ਕੀਤਾ। ਕਾਮਾਗਾਟਾਮਾਰੂ ਜਹਾਜ਼ ਦੇ ਮੁਸਾਫ਼ਰਾਂ ਨੂੰ ਕੈਨੇਡਾ ’ਚ ਦਾਖਲ ਨਾ ਹੋਣ ਦੇ ਵਿਰੋਧ ਵਿਚ ਸਾਰੇ ਪ੍ਰਵਾਸੀ ਭਾਰਤੀਆਂ ’ਚ ਅਤਿ ਦਾ ਗੁੱਸਾ ਸੀ। ਇਨ੍ਹਾਂ ਸਾਰੇ ਪ੍ਰਵਾਸੀਆਂ ਨੇ ਗ਼ਦਰ ਪਾਰਟੀ ਨਾਲ ਸੰਪਰਕ ਬਣਾਇਆ ਪਰ ਅੰਗਰੇਜ਼ ਹਕੂਮਤ ਦਾ ਵਤੀਰਾ ਹੋਰ ਸਖ਼ਤ ਹੋ ਗਿਆ। ਕੈਨੇਡੀਅਨ ਹਕੂਮਤ ਦੇ ਇੰਮੀਗ੍ਰੇਸ਼ਨ ਇੰਸਪੈਕਟਰ ਵਿਲੀਅਮ ਹਾਪਨਿਕਸ ਨੇ 5 ਸਤੰਬਰ 1914 ਨੂੰ ਵੈਨਕੂਵਰ ਦੇ ਗੁਰਦੁਆਰਾ ਕੰਪਲੈਕਸ ’ਚ ਦੋ ਨੌਜਵਾਨਾਂ ਨੂੰ ਗੋਲੀਆਂ ਮਾਰ ਕੇ ਮਾਰ ਦਿੱਤਾ। ਇਨ੍ਹਾਂ ਸ਼ਹਾਦਤਾਂ ਦੇ ਰੋਸ ਵਜੋਂ 21 ਅਕਤੂਬਰ 1914 ਨੂੰ ਪ੍ਰਵਾਸੀ ਭਾਰਤੀ ਭਾਈ ਸੇਵਾ ਸਿੰਘ ਨੇ ਸ਼ਹਿਰ ਦੀ ਕਚਹਿਰੀ ’ਚ ਹੀ ਵਿਲੀਅਮ ਹਾਪਨਿਕਸ ਨੂੰ ਗੋਲੀਆਂ ਨਾਲ ਉਡਾ ਦਿੱਤਾ। ਇਹ ਸਾਜਿਸ਼ ਰਚਣ ਦੇ ਸ਼ੱਕ ’ਤੇ ਭਾਈ ਬਲਵੰਤ ਸਿੰਘ ਖੁਰਦਪੁਰ ਨੂੰ ਵੀ ਗ੍ਰਿਫ਼ਤਾਰ ਕਰ ਲਿਆ ਗਿਆ ਪਰ ਕੋਈ ਗਵਾਹੀ ਨਾ ਮਿਲਣ ਕਰਕੇ ਛੱਡਣਾ ਪਿਆ। ਬਾਅਦ ’ਚ ਉਨ੍ਹਾਂ ਨੂੰ ਕੈਨੇਡਾ ’ਚੋਂ ਕੱਢ ਦਿੱਤਾ ਗਿਆ। ਕੈਨੇਡਾ ਤੋਂ ਵਾਪਸੀ ਸਮੇਂ ਭਾਈ ਬਲਵੰਤ ਸਿੰਘ ਸ਼ੰਘਾਈ ਪੁੱਜੇ, ਜਿੱਥੇ ਭਾਰਤੀਆਂ ਦੀਆਂ ਔਕੜਾਂ ਨੂੰ ਵੇਖਦਿਆਂ ਉਨ੍ਹਾਂ ਗ਼ਦਰ ਲਹਿਰ ਦੇ ਹੱਕ ’ਚ ਪ੍ਰਚਾਰ ਕਰਨਾ ਸ਼ੁਰੂ ਕੀਤਾ। 1915 ’ਚ ਉਹ ਥਾਈਲੈਂਡ ਚਲੇ ਗਏ, ਜਿੱਥੇ ਉਹ ਸਾਰੇ ਗ਼ਦਰੀ ਬਾਬਿਆਂ ਨੂੰ ਮਿਲੇ। ਇਹ ਸਾਰੇ ਗ਼ਦਰੀ ਅੰਗਰੇਜ਼ਾਂ ਵਿਰੁੱਧ ਬਗ਼ਾਵਤ ਖੜ੍ਹੀ ਕਰਨਾ ਚਾਹੁੰਦੇ ਸਨ। ਇੱਥੇ ਭਾਈ ਬਲਵੰਤ ਸਿੰਘ ਸਖ਼ਤ ਬਿਮਾਰ ਹੋ ਗਏ। ਉਨ੍ਹਾਂ ਨੂੰ ਹਸਪਤਾਲ ਪਹੁੰਚਾਇਆ ਗਿਆ। ਇੱਥੋਂ ਬਿਮਾਰੀ ਦੀ ਹਾਲਤ ’ਚ ਹੀ ਉਨ੍ਹਾਂ ਨੂੰ ਗ੍ਰਿਫ਼ਤਾਰ ਕਰ ਕੇ ਹਿੰਦੁਸਤਾਨ ਭੇਜ ਦਿੱਤਾ। ਹਿੰਦੁਸਤਾਨ ਪਹੁੰਚੇ ਭਾਈ ਬਵਲੰਤ ਸਿੰਘ ’ਤੇ ਦੂਜੇ ਲਾਹੌਰ ਸਾਜਿਸ਼ ਕੇਸ ਅਧੀਨ ਮੁਕੱਦਮਾ ਚਲਾਇਆ ਗਿਆ। ਅੰਤ 30 ਮਾਰਚ 1917 ਨੂੰ ਇਸ ਅਣਖੀਲੇ ਨੌਜਵਾਨ ਨੂੰ ਲਾਹੌਰ ਜੇਲ੍ਹ ਵਿਚ ਫ਼ਾਂਸੀ ਦੇ ਦਿੱਤੀ ਗਈ। ਪੰਜਾਬ ਦੀ ਜ਼ਰਖ਼ੇਜ਼ ਧਰਤੀ ਦਾ ਜੰਮਿਆ-ਜਾਇਆ ਭਾਈ ਬਲਵੰਤ ਸਿੰਘ ਖੁਰਦਪੁਰ (ਕੈਨੇਡੀਅਨ) 35 ਕੁ ਸਾਲ ਦੀ ਉਮਰ ਵਿਚ ਹਿੰਦੁਸਤਾਨ ਦੇ ਗਲੋਂ ਗੁਲਾਮੀ ਦੇ ਤੌਕ ਨੂੰ ਲਾਹੁਣ ਲਈ ਸ਼ਹਾਦਤ ਦਾ ਜਾਮ ਪੀ ਗਿਆ।

# ਕਿਰਤ ਅਤੇ ਕਲਾ ਦਾ ਪ੍ਰਤੀਕ ਚਰਖਾ



ਭਾਰਤ ਵਿੱਚ ਆਰੀਆ ਲੋਕ ਚਰਖੇ ਦੇ ਛੋਟੇ ਰੂਪ ਤੱਕਲੀ ਨਾਲ ਸੂਤ ਕੱਤਦੇ ਸਨ। ਇਸ ਦਾ ਸੁਧਰਿਆ ਅਤੇ ਵੱਡਾ ਰੂਪ ਚਰਖੇ ਦੇ ਰੂਪ ਵਿੱਚ ਸਾਡੇ ਸਾਹਮਣੇ ਆਇਆ। ਇਹ ਵੀ ਕਿਹਾ ਜਾਂਦਾ ਹੈ ਕਿ ਚਰਖਾ ਮੱਧ-ਏਸ਼ੀਆ ਤੋਂ ਦਸਵੀਂ ਸਦੀ ਵਿੱਚ ਹਿੰਦੋਸਤਾਨ ਵਿੱਚ ਆਇਆ। ਜਿੱਥੋਂ ਤੱਕ ਇਸ ਦੇ ਨਾਮਕਰਨ ਦਾ ਸਬੰਧ ਹੈ, ਚਰਖਾ ਫ਼ਾਰਸੀ ਦੇ ਚਰਖਹ ਸ਼ਬਦ ਦਾ ਤਦਭਵ ਰੂਪ ਹੈ। ਇਹ ਵੀ ਹੋ ਸਕਦਾ ਹੈ ਕਿ ਚਰਖਾ ਸੰਸਕ੍ਰਿਤ ਸ਼ਬਦ ਵਿੱਚ ਚੱਕਰ ਤੋਂ ਪੰਜਾਬੀ ਵਿੱਚ ਚੱਕਰਾ, ਵਿਗੜ ਕੇ ਬਣਿਆ ਚਰਕਾ ਅਤੇ ਉਸ ਤੋਂ ਬਾਅਦ ਚਰਖਾ ਬਣਿਆ ਹੋਵੇ। ਇਹ ਵੀ ਹੋ ਸਕਦਾ ਹੈ ਚਰਖੇ ਦਾ ਚੱਕਰ ਬਣਾਉਣ ਵੇਲੇ ਤਰਖਾਣ ਨੇ ਲੱਕੜ ਦਾ ਸਹਾਰਾ ਕਾਟਾ ਬਣਾਇਆ ਜਿਸ ਵਿੱਚ ਚਾਰ ਖਾਨੇ ਸਪੱਸ਼ਟ ਦਿਖਣ ਲੱਗੇ, ਇਨ੍ਹਾਂ ਚਾਰ ਖਾਨਿਆਂ ਤੋਂ ਚਰਖਾ ਬਣਿਆ ਹੋਵੇ।

ਚਰਖੇ ਨੂੰ ਪੰਜਾਬੀ ਸੱਭਿਆਚਾਰ ਦਾ ਦਿਲ ਕਿਹਾ ਜਾ ਸਕਦਾ ਹੈ। ਇਸ ਕਰਕੇ ਪੰਜਾਬੀ ਸਾਹਿਤ ਵਿੱਚ ਜਿੰਨਾ ਜ਼ਿਕਰ ਚਰਖੇ ਦਾ ਆਉਂਦਾ ਹੈ, ਸ਼ਾਇਦ ਹੀ ਕਿਸੇ ਹੋਰ ਚੀਜ਼ ਦਾ ਆਉਂਦਾ ਹੋਵੇ। ਚਰਖੇ ਦੇ ਸਾਰੇ ਅੰਗ ਅਤੇ ਉਪ ਅੰਗ ਵੀ ਪੰਜਾਬੀ ਸੱਭਿਆਚਾਰ ਨਾਲ ਪੂਰੀ ਤਰ੍ਹਾਂ ਜੁੜੇ ਹੋਏ ਹਨ। ਜਿਵੇਂ ਮਾਲ੍ਹ, ਬਾਇੜ (ਕੱਸਣ), ਲੱਠ, ਮੁੰਨੇ, ਫੱਟੇ, ਗੁੱਡੇ, ਗੁੱਝ (ਹੱਥੀ), ਮਝੇਰੂ, ਦਮਕੱੜਾ, ਚਰਮੱਖ, ਕੱਥ, ਬੀੜ, ਮਣਕਾ, ਤੱਕਲਾ ਆਦਿ ਦੀ ਆਪਣੀ ਆਪਣੀ ਹੋਂਦ ਅਤੇ ਪਛਾਣ ਹੈ। ਚਰਖੇ ਦੀ ਸਹਾਇਕ ਸਮੱਗਰੀ ਦੀ ਵੀ ਆਪਣੀ ਭੂਮਿਕਾ ਹੁੰਦੀ ਹੈ ਜਿਵੇਂ ਪੂਣੀਆਂ, ਤੰਦ, ਗਲੋਟਾ, ਸੂਤ, ਅਟੇਰਨ, ਪੀਹੜਾ, ਪਟਾਰੀ ਅਤੇ ਕੱਤਣੀ ਆਦਿ।

ਚਰਖਾ ਬਣਾਉਣ ਵਾਲੇ ਕਾਰੀਗਰ ਜਾਂ ਤਰਖਾਣ ਦੀ ਵਿਸ਼ੇਸ਼ ਭੂਮਿਕਾ ਹੁੰਦੀ ਸੀ। ਇਹ ਕਾਰੀਗਰ ਦੀ ਸੁਲਝੀ ਹੋਈ ਅਤੇ ਖ਼ੂਬਸੂਰਤ ਕਲਾ ਦਾ ਇੱਕ ਅਦਭੁੱਤ ਨਮੂਨਾ ਸੀ। ਇਸ ਨੂੰ ਬਣਾਉਣ ਲਈ ਵਧੀਆ ਕਿਸਮ ਦੀ ਲੱਕੜੀ ਦੀ ਚੋਣ ਕੀਤੀ ਜਾਂਦੀ ਸੀ। ਇਸ ਦੇ ਹਾਰ-ਸ਼ਿੰਗਾਰ ਲਈ ਸੋਨੇ ਅਤੇ ਚਾਂਦੀ ਰੰਗੀਆਂ ਮੇਖਾਂ ਦੀ ਵਰਤੋਂ ਕੀਤੀ ਜਾਂਦੀ ਸੀ। ਚੱਕਰੇ ਵਿੱਚ ਸ਼ੀਸ਼ੇ ਜੜੇ ਜਾਂਦੇ ਸਨ। ਚੱਕਰੇ ਨੂੰ ਵੱਖ-ਵੱਖ ਰੰਗਾਂ ਦੀਆਂ ਧਾਰੀਆਂ ਨਾਲ ਸਜਾਇਆ ਜਾਂਦਾ ਸੀ। ਇਹ ਗੱਲ ਇਸ ਗੀਤ ਦੇ ਬੋਲਾਂ ਤੋਂ ਪੂਰੀ ਤਰ੍ਹਾਂ ਸਪੱਸ਼ਟ ਹੁੰਦੀ ਹੈ;

**ਕਾਰੀਗਰ ਨੂੰ ਦੇ ਵਧਾਈ**
**ਜਿਹਨੇ ਰੰਗਲਾ ਚਰਖਾ ਬਣਾਇਆ।**
**ਵਿੱਚ ਸੁਨਹਿਰੀ ਲਾਈਆਂ ਮੇਖਾਂ**
**ਹੀਰਿਆਂ ਜੜਤ ਜੜਾਇਆ**
**ਬੀੜੀ ਦੇ ਨਾਲ ਖਹੇ ਦਮਕੜਾ**
**ਤੱਕਲਾ ਫਿਰੇ ਸਵਾਇਆ**
**ਕੱਤ ਲੈ ਹਾਣਦੀਏ ਵਿਆਹ ਭਾਦੋਂ ਦਾ ਆਇਆ**

ਚਰਖਾ ਇੱਕ ਤਰ੍ਹਾਂ ਨਾਲ ਘਰੇਲੂ ਉਦਯੋਗ ਦੀ ਸ਼ਿਲਪਕਲਾ ਵਿੱਚ ਉਪਜਿਆ ਇੱਕ ਖ਼ੂਬਸੂਰਤ ਤੋਹਫ਼ਾ ਹੈ। ਪੰਜਾਬੀ ਸੱਭਿਆਚਾਰ ਦਾ ਇੱਕ ਬਹੁਤ ਵੱਡਾ ਗੁਣ ਹੈ, ਇਸ ਨੇ ਆਪਣੀ ਹਰ ਇੱਕ ਲੋੜ ਦੀ ਨਿਸ਼ਾਨੀ ਨੂੰ ਕਿਰਤ ਅਤੇ ਕਲਾ ਨਾਲ ਜੋੜਿਆ ਹੈ। ਲਗਭਗ ਪੌਣੀ ਵੀਹਵੀਂ ਸਦੀ ਤੱਕ ਚਰਖਾ ਕੱਤਣਾ ਪੰਜਾਬ ਦੇ ਹਰੇਕ ਪਿੰਡ ਵਿੱਚ ਰਹਿਣ ਵਾਲੀ ਔਰਤ ਦੀ ਪ੍ਰਮੁੱਖ ਘਰੇਲੂ ਦਸਤਕਾਰੀ ਜਾਂ ਧੰਦਾ ਸੀ। ਉਦੋਂ ਤੱਕ ਚਰਖਾ ਪੰਜਾਬੀ ਸੱਭਿਆਚਾਰ ਦਾ ਹਰਮਨ ਪਿਆਰਾ ਪ੍ਰਤੀਕ ਬਣਿਆ ਰਿਹਾ। ਇਹ ਪੰਜਾਬੀ ਕੁੜੀ ਦੇ ਮਾਨ-ਸਨਮਾਨ ਦਾ ਚਿੰਨ੍ਹ ਹੁੰਦਾ ਸੀ। ਜਦੋਂ ਕੁੜੀ ਦਸ ਕੁ ਸਾਲਾਂ ਦੀ ਹੋ ਜਾਂਦੀ ਸੀ ਤਾਂ ਮਾਂ, ਚਾਚੀਆਂ, ਤਾਈਆਂ ਉਸ ਦੇ ਦਾਜ ਦੀ ਤਿਆਰੀ ਕਰਨ ਲੱਗ ਜਾਂਦੀਆਂ ਸਨ। ਫਿਰ ਸਾਰਾ ਦਿਨ ਘਰ ਵਿੱਚ ਚਰਖੇ ਦੀ ਗੂੰਜ ਪੈਣ ਲੱਗ ਜਾਂਦੀ ਸੀ।

ਤ੍ਰਿੰਝਣ ਦੀ ਗੱਲ ਤੋਂ ਵਗੈਰ ਚਰਖੇ ਦੇ ਕਾਰਜ ਦੀ ਸੱਭਿਆਚਾਰਕ ਮਿਠਾਸ ਹਲਕੀ ਪੈ ਜਾਵੇਗੀ। ਜਦੋਂ ਮੁਟਿਆਰਾਂ, ਇਸਤਰੀਆਂ ਅਤੇ ਬੁੱਢੀਆਂ ਖੁੱਲ੍ਹੀ ਗਲੀ ਵਿੱਚ ਜਾਂ ਕਿਸੇ ਦੇ ਵੱਡੇ ਵਿਹੜੇ ਵਿੱਚ ਇਕੱਠੀਆਂ ਹੋ ਕੇ ਆਪਣਾ ਆਪਣਾ ਚਰਖਾ ਡਾਹ ਲੈਂਦੀਆਂ ਸਨ ਤਾਂ ਉਨ੍ਹਾਂ ਵਿੱਚ ਮੁਕਾਬਲਾ ਹੋਣਾ ਸੁਭਾਵਿਕ ਸੀ। ਜਿੱਥੇ ਬੈਠ ਕੇ ਚਰਖਾ ਕੱਤਿਆ ਜਾਂਦਾ ਸੀ, ਉਸ ਥਾਂ ਨੂੰ ਤ੍ਰਿੰਝਣ ਕਿਹਾ ਜਾਂਦਾ ਸੀ। ਤ੍ਰਿੰਝਣ ਵਿੱਚ ਬਹਿ ਕੇ ਕੁੜੀਆਂ ਨਾਲੇ ਚਰਖਾ ਕੱਤਦੀਆਂ ਸਨ ਅਤੇ ਨਾਲ ਹੀ ਹੋਰ ਕੰਮ ਜਿਵੇਂ ਕਢਾਈ-ਬੁਣਾਈ ਦਾ ਕੰਮ ਅਤੇ ਗੀਤ-ਬੋਲੀਆਂ ਆਦਿ ਗਾਉਂਦੀਆਂ ਸਨ;

**ਬੇੜੀ ਦਾ ਪੂਰ ਤ੍ਰਿੰਝਣ ਦੀਆਂ ਕੁੜੀਆਂ**
**ਸਬੱਬ ਨਾਲ ਹੋਣ 'ਕੱਠੀਆਂ।**

**

**ਨੀਂ ਮੈਂ ਕੱਤਾ ਪ੍ਰੀਤਾਂ ਨਾਲ ਚਰਖਾ ਚੰਨਣ ਦਾ।**

**

**ਬਾਜ਼ਾਰ ਵਿਕੇਂਦੀ ਬਰਫ਼ੀ**
**ਮੈਨੂੰ ਲੈ ਦੇ ਨਿੱਕੀ ਜਿਹੀ ਚਰਖੀ**
**ਦੁੱਖਾਂ ਦੀਆਂ ਕੱਤਾਂ ਪੂਣੀਆਂ।**

ਸਹੁਰੇ ਘਰ ਆਈਆਂ ਕੁੜੀਆਂ ਜਦ ਤ੍ਰਿੰਝਣ ਵਿੱਚ ਚਰਖਾ ਕੱਤਦੀਆਂ ਕੱਤਦੀਆਂ ਭਾਵੁਕ ਹੋ ਜਾਂਦੀਆਂ ਸਨ ਤਾਂ ਇਹ ਬੋਲ ਉਨ੍ਹਾਂ ਦੇ ਮੂਹੋਂ ਨਿਕਲਦੇ ਸਨ;

**ਮਾਂ ਮੇਰੀ ਨੇ ਚਰਖਾ ਦਿੱਤਾ ਵਿੱਚ ਸੋਨੇ ਦੀਆਂ ਮੇਖਾਂ**
**ਮਾਂ ਤੈਨੂੰ ਯਾਦ ਕਰਾਂ, ਜਦ ਚਰਖੇ ਵੱਲ ਦੇਖਾਂ।**

ਜਦ ਉਹੀ ਮੁਟਿਆਰ ਪੇਕੇ ਹੁੰਦੀ ਹੈ ਤਾਂ ਇੰਝ ਕਹਿੰਦੀ;

**ਸੁਣ ਚਰਖੇ ਦੀ ਮਿੱਠੀ ਮਿੱਠੀ ਘੂਕ**
**ਮਾਹੀਆ ਮੈਨੂੰ ਯਾਦ ਆਂਵਦਾ।**

ਪ੍ਰੇਮਲਤਾ ਪ੍ਰਿੰਸੀਪਲ

ਚਰਖੇ ਦੇ ਕਾਰਜ ਦਾ ਸੁਨੇਹਾ ਚੜ੍ਹਦੇ ਸੂਰਜ ਵਾਂਗ ਦਿਖਦਾ ਹੈ, ਕਿਰਤ ਹੀ ਪੂਜਾ ਜਾਂ ਸਾਧਨਾ ਹੈ, ਇਹੋ ਸੱਚਾ ਨਾਮ ਹੈ। ਚਰਖੇ ਨਾਲ ਕੱਤੇ ਸੂਤ ਨਾਲ ਔਰਤਾਂ ਦਰੀਆਂ, ਖੇਸ ਅਤੇ ਫੁਲਕਾਰੀਆਂ ਬਣਾਉਂਦੀਆਂ ਸਨ। ਘਰ ਦੇ ਮਰਦਾਂ ਨੂੰ ਤਾਂ ਚਰਖੇ ਦੀ ਕੀਮਤ ਦਾ ਉਦੋਂ ਹੀ ਪਤਾ ਲੱਗਦਾ ਸੀ, ਜਦੋਂ ਘਰ ਵਿੱਚ ਕੋਈ ਪ੍ਰਾਹੁਣਾ ਆਉਂਦਾ ਸੀ, ਉਦੋਂ ਪੇਟੀ ਵਿੱਚੋਂ ਨਵੀਆਂ ਦਰੀਆਂ-ਖੇਸ ਕੱਢੇ ਜਾਂਦੇ ਸਨ ਜਾਂ ਜਦੋਂ ਕੁੜੀ ਦੇ ਦਾਜ ਵਾਲੀ ਪੇਟੀ ਭਰਨੀ ਹੁੰਦੀ ਸੀ।

ਸੂਫੀਆਂ ਨੇ ਤਾਂ ਚਰਖੇ ਅਤੇ ਇਸ ਦੇ ਹਰ ਇੱਕ ਅੰਗ ਨੂੰ ਆਪਣੀਆਂ ਕਾਫੀਆਂ ਵਿੱਚ ਪ੍ਰਮੁੱਖ ਥਾਂ ਦਿੱਤੀ ਹੈ, ਸ਼ਾਹ ਹੁਸੈਨ ਲਿਖਦਾ ਹੈ;

**ਨੀ ਸਈਓ ਨੀ! ਮੈਂ ਕੱਤਦੀ ਕੱਤਦੀ ਹੁੱਟੀ**
**ਅਤਨ ਦੇ ਵਿੱਚ ਗੂਹੜੇ ਰਲਦੇ,**
**ਹੱਥ ਵਿੱਚ ਰਹਿ ਗਈ ਜੁਟੀ**
**ਸਾਰੇ ਵਰ੍ਹੇ ਵਿੱਚ ਛੱਲੀ ਇੱਕ ਕੱਤੀ,**
**ਕਾਗ ਮਰੇਂਦਾ ਝੁੱਟੀ**

**ਸੇਜੇ ਆਵਾਂ, ਕੁੰਤ ਨਾ ਭਾਵਾਂ,**
**ਕਾਈ ਵਗ ਗਈ ਕਲਮ ਉੱਪਠੀ**

**ਭਲਾ ਭਇਆ, ਮੇਰਾ ਚਰਖ਼ਾ ਭੰਨਾ,**
**ਮੇਰੀ ਜਿੰਦ ਅਜ਼ਾਬੋਂ ਛੁੱਟੀ**

**ਕਹੇ ਹੁਸੈਨ ਫ਼ਕੀਰ ਸਾਈਂ ਦਾ,**
**ਸਭ ਦੁਨੀਆ ਜਾਂਦੀ ਡਿੱਠੀ**

ਬੁੱਲ੍ਹੇ ਸ਼ਾਹ ਨੇ ਵੀ ਚਰਖੇ ਨੂੰ ਆਪਣੀ ਕਾਵਿ ਰਚਨਾ ਵਿੱਚ ਮਨਭਾਉਂਦੇ ਰੂਪਕ ਵਜੋਂ ਵਰਤਿਆ ਹੈ;

**ਤੂੰ ਸੁੱਤਿਆਂ ਉਮਰ ਵੰਜਾਈ ਏ,**
**ਤੂੰ ਚਰਖੇ ਤੰਦ ਨਾ ਪਾਈ ਏ।**
**ਕੀ ਕਰਸੇਂ ਦਾਜ ਤਿਆਰ ਨਹੀਂ,**
**ਉੱਠ ਜਾਗ ਘੁਰਾੜੇ ਮਾਰ ਨਹੀਂ।**

***

**ਚਰਖਾ ਮੁਫ਼ਤ ਤੇਰੇ ਹੱਥ ਆਇਆ,**
**ਪੱਲਿਓਂ ਨਾਹੀਂ ਕੁਝ ਖੋਲ੍ਹ ਗਵਾਇਆ।**
**ਚਰਖਾ ਤੇਰਾ ਰੰਗ ਰੰਗੀਲਾ,**
**ਰੀਸ ਕਰੇਂਦਾ ਸਭ ਕਬੀਲਾ।**
**ਇਸ ਚਰਖੇ ਦੀ ਕੀਮਤ ਭਾਰੀ,**
**ਤੂੰ ਕੀ ਜਾਣੇ ਕਦਰ ਗਵਾਰੀ।**
**ਐਸਾ ਚਰਖਾ ਘੜਨਾ ਨਾਹੀਂ**
**ਫੇਰ ਕਿਸੇ ਤਰਖਾਣ ਕੁੜੇ।**
**ਕਰ ਕੱਤਣ ਵੱਲ ਧਿਆਨ ਕੁੜੇ।**

***

**ਗ਼ਮਾਂ ਵਾਲਾ ਚਰਖਾ ਤੇ ਦੁੱਖਾਂ ਦੀਆਂ ਪੂਣੀਆਂ**
**ਮੈਂ ਜਿਉਂ ਜਿਉਂ ਕੱਤੀ ਜਾਵਾਂ ਹੋਣ ਪਈਆਂ ਦੂਣੀਆਂ।**

ਕਿੱਸਾਕਾਰਾਂ ਨੇ ਵੀ ਚਰਖੇ ਨੂੰ ਆਪਣੇ ਕਿੱਸਿਆਂ ਵਿੱਚ ਪ੍ਰਮੁੱਖ ਥਾਂ ਦਿੱਤੀ ਹੈ, ਸਾਧੂ ਦਯਾ ਸਿੰਘ ਲਿਖਦਾ ਹੈ;

**ਚਰਖਾ ਏਸ ਕਲਬੂਤ ਦਾ ਭੱਜ ਜਾਣਾ,**
**ਟੁੱਟ ਜਾਵਣੇ ਦਮਾਂ ਦੇ ਤੰਦ ਬੰਦੇ।**

**ਪੰਜਾਬੀ ਲੋਕ ਗੀਤਾਂ ਵਿੱਚ ਚਰਖੇ ਦੀ ਵੰਨਗੀ ਦੇਖੋ;**

**ਜੋਗੀ ਉੱਤਰ ਪਹਾੜੋਂ ਆਇਆ,**
**ਚਰਖੇ ਦੀ ਘੂਕ ਸੁਣ ਕੇ।**
**ਇੱਕ ਤੇਰਾ ਰੰਗ ਮੁਸ਼ਕੀ ਦੂਜਾ**
**ਡਾਹ ਲਿਆ ਗਲੀ ਦੇ ਵਿੱਚ ਚਰਖਾ।**

ਭਾਵੇਂ ਅੱਜ ਚਰਖਾ ਸਾਡੇ ਘਰਾਂ ਵਿੱਚੋਂ ਖ਼ਤਮ ਹੋ ਚੁੱਕਾ ਹੈ, ਪਰ ਚਰਖਾ ਸਾਡੀ ਅਮੀਰ ਵਿਰਾਸਤ ਅਤੇ ਸੱਭਿਆਚਾਰ ਦਾ ਵੱਡਮੁੱਲਾ ਪ੍ਰਤੀਕ ਬਣਿਆ ਰਹੇਗਾ। ਭਾਵੇਂ ਚਰਖਾ ਇੱਕ ਨਿਰਜੀਵ ਵਸਤੂ ਹੈ, ਪਰ ਪੰਜਾਬੀ ਸਾਹਿਤ, ਸੱਭਿਆਚਾਰ ਵਿੱਚ ਇਹ ਪੂਰੀ ਤਰ੍ਹਾਂ ਜਿਉਂਦਾ ਅਤੇ ਜਾਗਦਾ ਹੈ। ਚਰਖਾ ਪੰਜਾਬੀ ਔਰਤ ਦੇ ਮਾਨ ਸਨਮਾਨ ਦਾ ਪ੍ਰਤੀਕ ਹੈ। ਇਸ ਕਰਕੇ ਚਰਖੇ ਨੂੰ ਇਸ ਗੱਲ ਦਾ ਮਾਣ ਹੈ ਕਿ ਇਹ ਮੁਟਿਆਰ ਨਾਲ ਗੱਲਾਂ ਕਰਦਾ ਅਤੇ ਉਸ ਦੇ ਹਰ ਦੁੱਖ-ਸੁੱਖ ਦਾ ਭਾਈਵਾਲ ਬਣ ਕੇ ਉਨ੍ਹਾਂ ਦੀ ਰਗ ਰਗ ਦਾ ਭੇਤੀ ਬਣ ਕੇ ਵਿਚਰਦਾ ਰਿਹਾ ਹੈ।


kw LAKE WASHINGTON SO
KELLERWILLIAMS. REALTY
CJ Singh
Realtor
License # 24012019
Real Estate Broker





CJ Singh
ਜੇਕਰ ਤੁਸੀਂ ਬਿਜਨਸ ਅਤੇ ਆਪਣੇ ਸੁਪਨਿਆਂ ਦਾ ਘਰ ਖਰੀਦਣਾ ਚਹੁੰਦੇ ਹੋ ਤਾਂ ਸਾਨੂੰ ਇੱਕ ਕਾਲ ਕਰੋ ਅਤੇ ਤੁਸੀਂ ਸਾਡੇ ਉਪਰ 100% ਭਰੋਸਾ ਕਰ ਸਕਦੇ ਹੋ।
(206) 295-5993 | c.singh@kw.com | realtorcjsingh.com
bellevueareahomefinder.com
707 S Grady Way Suit 730, Renton, WA 98057



SINGHS TRRAVELS
MONEY GRAM OFFICE
NRI PRESS
The Indian---News Paper of USA
Sade Lok---- News Paper of USA
Amritsar Times---News Paper of USA
News Paper
TOUR PACKAGE
Passport,Pan Card
Birth Certificate
ਨੋਟ:- ਚੰਡੀਗੜ੍ਹ ਅਤੇ ਪਟਿਆਲਾ ਹਾਊਸ ਦਿੱਲੀ ਦੇ ਪੇਪਰ ਤਸਦੀਕ ਕਰਵਾਉਣ ਦੀ ਸਲਾਹ ਲਈ ਮਿਲੋ
ਇੱਥੇ ਦੇਸ ਵਿਦੇਸ਼ ਤੋਂ ਪੈਸੇ ਮੰਗਵਾਏ ਜਾਂਦੇ ਹਨ
MoneyGram
WESTERN UNION MONEY TRANSFER
Trans-Fast
Ph:- 01886-502532
Mob:- 94634-04595

# ਸਿਹਤ ਲਈ ਖ਼ਤਰਨਾਕ ਰੰਗ-ਬਿਰੰਗੇ ਪਕਵਾਨ



ਮਨੁੱਖ ਦਾ ਸੁਭਾਅ ਹੀ ਹੈ ਕਿ ਉਹ ਆਪਣੇ ਆਲੇ-ਦੁਆਲੇ ਦੀਆਂ ਰੰਗਦਾਰ ਚੀਜ਼ਾਂ ਵੱਲ ਆਸਾਨੀ ਨਾਲ ਖਿੱਚਿਆ ਜਾਂਦਾ ਹੈ। ਜਿਵੇਂ ਰੰਗਦਾਰ ਕੱਪੜੇ, ਰੰਗਦਾਰ ਫੁੱਲ-ਫਲ ਅਤੇ ਰੰਗਦਾਰ ਬਾਗ਼-ਬਗੀਚੇ ਮਨੁੱਖ ਨੂੰ ਬੇਹੱਦ ਪ੍ਰਭਾਵਿਤ ਕਰਦੇ ਹਨ। ਉਂਜ ਵੀ ਭਾਰਤੀ ਸੱਭਿਆਚਾਰ ਅਤੇ ਰੀਤੀ ਰਿਵਾਜਾਂ ਵਿੱਚ ਵੰਨ-ਸੁਵੰਨੇ ਰੰਗਾਂ ਨੂੰ ਵਿਸ਼ੇਸ਼ ਮਹੱਤਵ ਦਿੱਤਾ ਜਾਂਦਾ ਹੈ। ਇਸੇ ਤਰ੍ਹਾਂ ਰੰਗ-ਬਿਰੰਗੇ ਪਕਵਾਨ ਵੀ ਸਾਨੂੰ ਸਭ ਤੋਂ ਪਹਿਲਾਂ ਅੱਖਾਂ ਰਾਹੀਂ ਹੀ ਪ੍ਰਭਾਵਿਤ ਕਰਦੇ ਹਨ। ਅਜੋਕੇ ਦੌਰ ਵਿੱਚ ਰੰਗਾਂ ਨਾਲ ਲਬਰੇਜ਼ ਖਾਣ ਵਾਲੀਆਂ ਵਸਤਾਂ ਤੋਂ ਕੁਝ ਚੁਕੰਨਾ ਹੋਣ ਦੀ ਵੀ ਲੋੜ ਹੈ। ਰੰਗ-ਬਿਰੰਗੇ ਪਕਵਾਨ ਭਾਵੇਂ ਵੇਖਣ ਵਿੱਚ ਕਿੰਨੇ ਹੀ ਲਜ਼ੀਜ਼ ਕਿਉਂ ਨਾ ਲੱਗਦੇ ਹੋਣ, ਪਰ ਇਨ੍ਹਾਂ ਦੀ ਰੰਗਤ ਨਿਖਾਰਨ ਲਈ ਜਿਨ੍ਹਾਂ ਰੰਗਾਂ ਦੀ ਵਰਤੋਂ ਕੀਤੀ ਜਾਂਦੀ ਹੈ, ਸਾਨੂੰ ਉਨ੍ਹਾਂ ਦਾ ਗਿਆਨ ਹੋਣਾ ਵੀ ਲਾਜ਼ਮੀ ਹੈ। ਸਾਡੇ ਘਰਾਂ ਵਿੱਚ ਆਮ ਤੌਰ 'ਤੇ ਰੰਗਦਾਰ ਪਕਵਾਨ ਪੂਰੇ ਚਾਅ ਨਾਲ ਬਣਾਏ ਤੇ ਖਾਧੇ ਜਾਂਦੇ ਹਨ। ਘਰੇਲੂ ਪੱਧਰ 'ਤੇ ਵੱਖ ਵੱਖ ਪਕਵਾਨਾਂ ਨੂੰ ਰੰਗਤ ਦੇਣ ਲਈ ਕਈ ਚੀਜ਼ਾਂ ਦੀ ਵਰਤੋਂ ਕੀਤੀ ਜਾਂਦੀ ਹੈ, ਜਿਵੇਂ ਲਾਲ ਰੰਗਤ ਲਈ ਦੇਗੀ ਮਿਰਚ ਦੀ ਵਰਤੋਂ ਕੀਤੀ ਜਾਂਦੀ ਹੈ। ਇਸ ਤੋਂ ਇਲਾਵਾ ਮਿੱਠੇ ਪੀਲੇ ਰੰਗ ਦੇ ਚੌਲ ਜਾਂ ਸੂਜੀ ਦਾ ਹਲਵਾ ਖ਼ਾਸ ਤੌਰ 'ਤੇ ਖਾਣ ਵਾਲੇ ਪੀਲੇ ਰੰਗ ਨਾਲ ਤਿਆਰ ਕੀਤੇ ਜਾਂਦੇ ਹਨ। ਪਰ ਬਾਜ਼ਾਰ ਵਿੱਚ ਮਿਲਣ ਵਾਲੀਆਂ ਕਈ ਰੰਗਦਾਰ ਚੀਜ਼ਾਂ ਸਿਹਤ ਲਈ ਨੁਕਸਾਨਦੇਹ ਵੀ ਹੋ ਸਕਦੀਆਂ ਹਨ ਕਿਉਂਕਿ ਉਨ੍ਹਾਂ ਨੂੰ ਤਿਆਰ ਕਰਨ ਵੇਲੇ ਜਿਨ੍ਹਾਂ ਰੰਗਾਂ ਦੀ ਵਰਤੋਂ ਕੀਤੀ ਜਾਂਦੀ ਹੈ, ਉਹ ਮਨੁੱਖੀ ਸਰੀਰ ਲਈ ਖ਼ਤਰਨਾਕ ਹੋ ਸਕਦੇ ਹਨ। ਬਚਪਨ ਵਿੱਚ ਅਸੀਂ ਬਰਫ਼ ਦੇ ਰੰਗਦਾਰ ਗੋਲੇ ਬੜੇ ਹੀ ਚਾਅ ਨਾਲ ਖਾਂਦੇ ਰਹੇ ਹਾਂ, ਪਰ ਉਸ ਵੇਲੇ ਸਾਨੂੰ ਇਹ ਨਹੀਂ ਸੀ ਪਤਾ ਕਿ ਇਨ੍ਹਾਂ ਵਿੱਚ ਵਰਤੇ ਜਾਂਦੇ ਰੰਗ ਸਿਹਤ ਲਈ ਠੀਕ ਵੀ ਹਨ ਜਾਂ ਨਹੀਂ। ਅੱਜ ਵੀ ਲੋਕਾਂ ਨੂੰ ਰੇੜ੍ਹੀਆਂ ਉੱਤੇ ਬਰਫ਼ ਦੇ ਗੋਲੇ ਅਤੇ ਹੋਰ ਰੰਗ-ਬਿਰੰਗੀਆਂ ਵਸਤਾਂ ਖਾਂਦੇ ਦੇਖਿਆ ਜਾ ਸਕਦਾ ਹੈ। ਸਵਾਲ ਇਹੀ ਖੜ੍ਹਾ ਹੁੰਦਾ ਹੈ ਕਿ ਇਹ ਖਾਣ ਵਾਲੀਆਂ ਵਸਤਾਂ ਸਿਹਤ ਲਈ ਕਿੰਨੀਆਂ ਕੁ ਲਾਹੇਵੰਦ ਹਨ?

ਭੋਜਨ ਦੇ ਸੁਆਦ ਅਤੇ ਖ਼ੁਸ਼ਬੂ ਤੋਂ ਇਲਾਵਾ ਉਸ ਦੀ ਦਿੱਖ ਵੀ ਸਾਨੂੰ ਭੁੱਖ ਲੱਗਣ ਲਗਾ ਦਿੰਦੀ ਹੈ ਕਿਉਂਕਿ ਕੋਈ ਵੀ ਖਾਣ ਵਾਲੀ ਚੀਜ਼ ਸਭ ਤੋਂ ਪਹਿਲਾਂ ਆਪਣੀ ਦਿੱਖ ਨਾਲ ਹੀ ਸਾਨੂੰ ਪ੍ਰਭਾਵਿਤ ਕਰਦੀ ਹੈ। ਤਾਜ਼ੀਆਂ ਹਰੀਆਂ ਸਬਜ਼ੀਆਂ, ਸ਼ਾਹੀ ਪਨੀਰ ਦੀ ਸੰਤਰੇ ਰੰਗੀ ਸਬਜ਼ੀ ਅਤੇ ਰੰਗ-ਬਿਰੰਗੀਆਂ ਆਈਸਕਰੀਮਾਂ ਸਾਡੀ ਸੁੱਤੀ ਪਈ ਭੁੱਖ ਨੂੰ ਜਗਾ ਦਿੰਦੀਆਂ ਹਨ। ਆਖ਼ਰ ਇਹ ਅੱਖਾਂ ਹੀ ਤਾਂ ਹਨ, ਜੋ ਖਾਣ ਤੋਂ ਪਹਿਲਾਂ ਖਾਣੇ ਨੂੰ ਵੇਖਦੀਆਂ ਹਨ, ਪਰ ਬਹੁਤੀ ਵਾਰ ਦਿਸਣ ਵਿੱਚ ਲਜ਼ੀਜ਼ ਲੱਗਣ ਵਾਲੀ ਚੀਜ਼ ਸਿਹਤ ਲਈ ਜ਼ਹਿਰ ਦੇ ਸਮਾਨ ਵੀ ਹੁੰਦੀ ਹੈ ਕਿਉਂਕਿ ਚਮਕਦਾਰ ਅਤੇ ਰੰਗ-ਬਿਰੰਗੇ ਭੋਜਨ ਬਣਾਉਟੀ ਰੰਗਾਂ ਕਰਕੇ ਹੀ ਮਨਭਾਉਂਦੇ ਜਾਪਦੇ ਹਨ। ਸੰਤਰੇ ਰੰਗੀਆਂ ਜਲੇਬੀਆਂ, ਵੰਨ-ਸੁਵੰਨੇ ਰੰਗਾਂ ਦੇ ਚਟਪਟੇ ਨਮਕੀਨ, ਰੰਗ-ਬਿਰੰਗੀਆਂ ਆਈਸਕਰੀਮਾਂ, ਭਾਂਤ ਭਾਂਤ ਦੇ ਜੰਕਫੂਡ ਆਦਿ ਨੂੰ ਰੰਗਦਾਰ ਬਣਾਉਣ ਲਈ ਬਣਾਉਟੀ ਰੰਗਾਂ ਦੀ ਵਰਤੋਂ ਹੀ ਕੀਤੀ ਜਾਂਦੀ ਹੈ।

ਗੱਲ ਕਰੀਏ ਜੇਕਰ ਬਾਜ਼ਾਰੀ ਭੋਜਨ ਪਦਾਰਥਾਂ ਵਿੱਚ ਵਰਤੇ ਜਾਂਦੇ ਰੰਗਾਂ ਦੀ ਤਾਂ ਇਨ੍ਹਾਂ ਰੰਗਾਂ ਨੂੰ ਸਭ ਤੋਂ ਪਹਿਲਾਂ ਸੰਨ 1856 ਵਿੱਚ ਲੁੱਕ ਤੋਂ ਤਿਆਰ ਕੀਤਾ ਗਿਆ ਸੀ। ਅੱਜਕੱਲ੍ਹ ਇਹ ਜਾਂ ਤਾਂ ਰੁੱਖਾਂ ਤੋਂ ਪ੍ਰਾਪਤ ਕੀਤੇ ਗਏ ਕੁਦਰਤੀ ਰਸਾਇਣਾਂ ਤੋਂ ਬਣਾਏ ਜਾਂਦੇ ਹਨ ਜਾਂ ਫਿਰ ਫੈਕਟਰੀਆਂ ਵਿੱਚ ਬਣਾਉਟੀ ਤੌਰ 'ਤੇ ਰਸਾਇਣਾਂ ਤੋਂ ਤਿਆਰ ਕੀਤੇ ਜਾਂਦੇ ਹਨ।

ਭਾਰਤ ਵਿੱਚ ਖਾਣ ਪੀਣ ਵਾਲੀਆਂ ਵਸਤਾਂ ਦੀ ਗੁਣਵੱਤਾ ਅਤੇ ਸ਼ੁੱਧਤਾ ਦਾ ਪੈਮਾਨਾ ਤੈਅ ਕਰਨ ਵਾਲੀ ਸੰਸਥਾ ਫੂਡ ਸੇਫਟੀ ਐਂਡ ਸਟੈਂਡਰਡਜ਼ ਅਥੌਰਿਟੀ ਔਫ ਇੰਡੀਆ (FSSAI) ਨੇ ਭੋਜਨ ਪਦਾਰਥਾਂ ਵਿੱਚ ਵਰਤੇ ਜਾਣ ਵਾਲੇ ਰੰਗਾਂ ਲਈ ਨਿਯਮ ਤੈਅ ਕੀਤੇ ਹੋਏ ਹਨ। ਅਦਾਰੇ ਵੱਲੋਂ ਕੁਝ ਕੁਦਰਤੀ ਰੰਗਾਂ ਨੂੰ ਭੋਜਨਾਂ ਵਿੱਚ ਵਰਤਣ ਦੀ ਇਜਾਜ਼ਤ ਦਿੱਤੀ ਗਈ ਹੈ। ਇਨ੍ਹਾਂ ਵਿੱਚ ਕੇਸਰ ਦਾ ਰੰਗ, ਜਿਸ ਦੀ ਵਰਤੋਂ ਚੌਲ ਅਤੇ ਮਠਿਆਈਆਂ ਬਣਾਉਣ ਲਈ ਕੀਤੀ ਜਾਂਦੀ ਹੈ, ਚੁਕੰਦਰ ਤੋਂ ਪ੍ਰਾਪਤ ਕੀਤੇ ਰੰਗ, ਜਿਸ ਦਾ ਪਾਊਡਰ ਗੂੜ੍ਹੇ ਲਾਲ ਰੰਗ ਦਾ ਹੁੰਦਾ ਹੈ ਅਤੇ ਇਸ ਦੀ ਵਰਤੋਂ ਚਟਣੀਆਂ, ਬਰੈੱਡ, ਕੇਕ ਅਤੇ ਬਿਸਕੁਟ ਆਦਿ ਤਿਆਰ ਕਰਨ ਵਿੱਚ ਕੀਤੀ ਜਾਂਦੀ ਹੈ, ਹਲਦੀ ਦੀ ਵਰਤੋਂ ਵਸਤਾਂ ਨੂੰ ਪੀਲਾ ਰੰਗ ਦੇਣ ਲਈ ਕੀਤੀ ਜਾਂਦੀ ਹੈ, ਪਾਲਕ ਅਤੇ ਹੋਰ ਹਰੇ ਪੱਤੇ ਵਾਲੀਆਂ ਸਬਜ਼ੀਆਂ ਤੋਂ ਤਿਆਰ ਕੀਤੇ ਗਏ ਹਰੇ ਪਾਊਡਰ ਨੂੰ ਬਾਜ਼ਾਰ

**ਅਸ਼ਵਨੀ ਚਤਰਥ**

ਦੀਆਂ ਹਰੇ ਰੰਗ ਦੀਆਂ ਖਾਣ ਵਾਲੀਆਂ ਚੀਜ਼ਾਂ ਤਿਆਰ ਕਰਨ ਲਈ ਵਰਤਿਆ ਜਾਂਦਾ ਹੈ, ਸੇਂਧਾ ਨਮਕ ਜਿਸ ਦੀ ਵਰਤੋਂ ਨਾਨ, ਬਿਸਕੁਟ ਅਤੇ ਬਰੈੱਡ ਆਦਿ ਤਿਆਰ ਕਰਨ ਲਈ ਕੀਤੀ ਜਾਂਦੀ ਹੈ ਅਤੇ ਕਾਲਾ ਮੁਨੱਕਾ (Black Currant), ਜਿਸ ਦੀ ਵਰਤੋਂ ਆਈਸਕਰੀਮ, ਜੈਮ ਅਤੇ ਫਲਾਂ ਤੋਂ ਤਿਆਰ ਹੋਣ ਵਾਲੇ ਜੂਸ ਆਦਿ ਤਿਆਰ ਕਰਨ ਲਈ ਕੀਤੀ ਜਾਂਦੀ ਹੈ।

ਇਨ੍ਹਾਂ ਤੋਂ ਇਲਾਵਾ ਖਾਣ-ਪੀਣ ਵਾਲੀਆਂ ਬਾਜ਼ਾਰੀ ਵਸਤਾਂ ਨੂੰ ਤਿਆਰ ਕਰਨ ਲਈ ਆਮ ਤੌਰ 'ਤੇ ਵਰਤੇ ਜਾ ਰਹੇ ਬਣਾਉਟੀ ਰੰਗਾਂ ਦੇ ਨਾਂ ਹਨ: 'ਰੈੱਡ-40', 'ਯੈਲੋ-5', 'ਸਨ-ਸੈੱਟ ਯੈਲੋ' ਅਤੇ 'ਬਰੀਲਿਅੰਟ ਬਲੂ' ਆਦਿ। ਇਨ੍ਹਾਂ ਨੂੰ ਫੂਡ-ਡਾਈਆਂ ਵੀ ਆਖਦੇ ਹਨ। ਰੈੱਡ-40 ਨੂੰ ਮਠਿਆਈਆਂ ਅਤੇ ਪੀਣ ਵਾਲੇ ਤਰਲ ਪਦਾਰਥਾਂ ਵਿੱਚ ਵਰਤਿਆ ਜਾਂਦਾ ਹੈ। ਯੈਲੋ-5 ਨੂੰ ਰੰਗਦਾਰ ਗੋਲੀਆਂ-ਟੌਫ਼ੀਆਂ ਅਤੇ ਕੁਲਫ਼ੀਆਂ ਆਦਿ ਬਣਾਉਣ ਲਈ ਵਰਤਿਆ ਜਾਂਦਾ ਹੈ। ਸਨਸੈੱਟ ਯੈਲੋ ਨੂੰ ਪੇਸਟਰੀਆਂ, ਗੋਲੀਆਂ-ਟੌਫ਼ੀਆਂ ਅਤੇ ਪੀਣ ਵਾਲੇ ਤਰਲ ਪਦਾਰਥਾਂ ਦੀ ਤਿਆਰੀ ਵਿੱਚ ਵਰਤਿਆ ਜਾਂਦਾ ਹੈ। ਬਰੀਲਿਅੰਟ ਬਲੂ ਦੀ ਵਰਤੋਂ ਸ਼ਰਬਤ, ਪੀਣ ਵਾਲੇ ਤਰਲ ਪਦਾਰਥ, ਟੌਫ਼ੀਆਂ ਅਤੇ ਬੇਕਰੀ ਦੀਆਂ ਰੰਗਦਾਰ ਵਸਤਾਂ ਵਿੱਚ ਵਰਤਿਆ ਜਾਂਦਾ ਹੈ। ਅਜੋਕੇ ਸਮੇਂ ਵਿੱਚ ਇਨ੍ਹਾਂ ਦੀ ਵਰਤੋਂ ਬਾਜ਼ਾਰ ਵਿੱਚ ਲਗਾਤਾਰ ਵਧਦੀ ਜਾ ਰਹੀ ਹੈ।

ਇਨ੍ਹਾਂ ਰੰਗਾਂ ਦੀ ਵਰਤੋਂ ਨਾਲ ਕਈ ਬਿਮਾਰੀਆਂ ਹੋਣ ਦੀ ਸੰਭਾਵਨਾ ਹੁੰਦੀ ਹੈ। ਕੁਝ ਲੋਕਾਂ ਨੂੰ ਬਣਾਉਟੀ ਰੰਗਾਂ ਤੋਂ ਅਲਰਜੀ ਹੋ ਸਕਦੀ ਹੈ। ਇਨ੍ਹਾਂ ਨਾਲ ਦਮਾ, ਖਾਰਸ਼ ਜਾਂ ਸੋਜ਼ਿਸ਼ ਆਦਿ ਦੀ ਸ਼ਿਕਾਇਤ ਹੋ ਸਕਦੀ ਹੈ। ਮਾਹਿਰਾਂ ਅਨੁਸਾਰ ਕਈ ਰੰਗਾਂ ਵਿੱਚ 'ਬੈਂਜ਼ੀਨ' ਨਾਂ ਦਾ ਰਸਾਇਣ ਹੁੰਦਾ ਹੈ, ਜਿਸ ਨਾਲ ਕੈਂਸਰ ਹੋਣ ਦੀ ਸੰਭਾਵਨਾ ਵਧ ਜਾਂਦੀ ਹੈ। ਬਣਾਉਟੀ ਰੰਗਾਂ ਨਾਲ ਬੱਚਿਆਂ ਵਿੱਚ ਏ ਡੀ ਐੱਚ ਡੀ (Attention deficit hyperactivity disorder) ਨਾਂ ਦੀ ਬਿਮਾਰੀ ਹੋ ਸਕਦੀ ਹੈ। ਇਹ ਬਿਮਾਰੀ ਬੱਚਿਆਂ ਦੇ ਦਿਮਾਗ਼ ਨੂੰ ਪ੍ਰਭਾਵਿਤ ਕਰਦੀ ਹੈ ਅਤੇ ਇਸ ਨਾਲ ਉਹ ਕਿਸੇ ਵੀ ਕੰਮ 'ਤੇ ਆਪਣਾ ਧਿਆਨ ਕੇਂਦਰਿਤ ਕਰਨ ਤੋਂ ਅਸਮਰੱਥ ਹੋ ਜਾਂਦੇ ਹਨ। ਇਸ ਬਿਮਾਰੀ ਤੋਂ ਪੀੜਤ ਬੱਚੇ ਪੜ੍ਹਾਈ ਵਿੱਚ ਪਿੱਛੇ ਰਹਿ ਜਾਂਦੇ ਹਨ। ਇਸੇ ਤਰ੍ਹਾਂ ਇਨ੍ਹਾਂ ਰੰਗਾਂ ਨਾਲ ਚਮੜੀ, ਅੱਖਾਂ ਅਤੇ ਵਾਲਾਂ ਦੀਆਂ ਅਲਰਜੀਆਂ ਵੀ ਹੋ ਸਕਦੀਆਂ ਹਨ।

ਇਸ ਤੋਂ ਬਚਣ ਦਾ ਸਭ ਤੋਂ ਵਧੀਆ ਤਰੀਕਾ ਇਹ ਹੈ ਕਿ ਬਾਜ਼ਾਰ ਵਿੱਚ ਮਿਲਣ ਵਾਲੀਆਂ ਖਾਣ-ਪੀਣ ਦੀਆਂ ਵਸਤਾਂ ਦੀ ਥਾਂ ਘਰ ਦਾ ਬਣਿਆ ਖਾਣਾ ਖਾਧਾ ਜਾਵੇ। ਬਾਜ਼ਾਰ 'ਚ ਮਿਲਦੇ ਰੰਗਦਾਰ ਕੇਕ, ਕੁਲਫ਼ੀ, ਆਈਸਕਰੀਮ ਅਤੇ ਪੀਣ ਵਾਲੇ ਪਦਾਰਥਾਂ ਤੋਂ ਪਰਹੇਜ਼ ਕੀਤਾ ਜਾਵੇ। ਜੇਕਰ ਬਾਜ਼ਾਰ ਦਾ ਡੱਬਾਬੰਦ ਭੋਜਨ ਖਾਣਾ ਮਜਬੂਰੀ ਹੀ ਬਣ ਜਾਵੇ ਤਾਂ ਪਹਿਲਾਂ ਇਸ ਦੇ ਲੇਬਲ 'ਤੇ ਦਿੱਤੀ ਜਾਣਕਾਰੀ ਪੜ੍ਹੀ ਜਾਵੇ ਤਾਂ ਜੋ ਉਸ ਵਿੱਚ ਕਿਸੇ ਰਸਾਇਣਕ ਰੰਗ ਦੀ ਵਰਤੋਂ ਹੋਣ ਬਾਰੇ ਪਤਾ ਲੱਗ ਸਕੇ। ਖ਼ਾਸ ਕਰਕੇ ਗੂੜ੍ਹੇ ਅਤੇ ਭੜਕੀਲੇ ਰੰਗਾਂ ਵਾਲੇ ਭੋਜਨ ਪਦਾਰਥਾਂ ਤੋਂ ਬਚਿਆ ਜਾਏ। ਇਸੇ ਤਰ੍ਹਾਂ ਘਰ ਦਾ ਖਾਣਾ ਤਿਆਰ ਕਰਦੇ ਸਮੇਂ ਵੀ ਸਿਰਫ਼ ਕੁਦਰਤੀ ਰੰਗਾਂ ਦੀ ਵਰਤੋਂ ਨੂੰ ਹੀ ਯਕੀਨੀ ਬਣਾਇਆ ਜਾਵੇ।

R.PAL SINGH TAX PROFESSIONAL
ENROLLED AGENT
BOOKKEEPING ACCOUNTS PAYROLLS
*TAX:- INDIVIDUAL,FAMILY,BUSINESS,TRUCKING
*BOOKKEEPING ACCOUNTS
*PAYROLLS &INCORPORATION
*INSURANCE: LIFE Only-Agent,NOTARY
GET MONEY BACK FAST!
"Authorised IRS E-file Provider"
"Enrolled To Practice Befire The IRS"
CALL:R.PAL SINGH EA- 510 750 3464
EA 00097224,CRTP A44237Realtor#1481514 ,
Life-Only Insurance Agent #0G76896
39159 Paseo Padre Pkwy #103,Fremont,CA 94538
Snghrpal47@gmail.com
Singhtax.com
Open 7 Days
Weekends/Evenings
(Year Round Service)
Resonable Rates
Call for Appointment
e-file

CAPITAL SERVICES
INSURANCE | VEHICLE REG. | IMMIGRATION | NOTARY PUBLIC | LIVE SCAN
ਸੈਕਰਾਮੈਂਟੋ, ਕੈਲੀਫੋਰਨੀਆ
AUTO · HOME · TRUCK · BUSINESS · LIFE · MEDICAL
ਪਾਸਪੋਰਟ / ਵੀਜ਼ਾ
* ਓ ਸੀ ਆਈ
* ਸਰੈਂਡਰ ਸਰਟੀਫਿਕੇਟ, ਪੈਨ ਕਾਰਡ
* ਫੈਮਲੀ ਪਟੀਸ਼ਨ * ਗਰੀਨ ਕਾਰਡ
* ਸਿਟੀਜ਼ਨ * ਵਸੀਅਤ *Living Trust
* ਫੈਮਲੀ ਪਟੀਸ਼ਨ *Legal Documents
The Attorney has 25 years of experience in your favor for all legal services.
Vehicle Registration
(Approved by CA DMV)
* ਕਾਰ ਸਟਿੱਕਰ ਸਲਾਨਾ
* ਕਾਰ ਟਰਾਂਸਫਰ
* ਪਲੇਟਾਂ ਤੇ ਸਟਿੱਕਰ
* ਕਮਰਸ਼ੀਅਲ ਵਹੀਕਲ
* Vin Verification
Lic.43779
Other Services
* Live Scan / Fingerprints
* Covered California.
* Drug Testing * Alcohol Test
* Notary Services
* International Driver Lic.
Lic. 6000947
Office Ph.(916) 427-4321
6624 FLORIN ROAD, SACRAMENTO CA, 95828
FAX: 916)258-0441, Cell: (916)308-7997
Email: sacramento99@yahoo.com Website: www.capitalservices.us

Uscipp Insurance Services
650 N WILMA AVE STE A, RIPON CA 95366

TRUCK INSURANCE
TRUCK TAX IFTA

Amarjit S Bir
amarjit@uscipp.org
Lic#0I15593CA
Ph: (925)318-1247

## ਜੰਗ

ਜਦੋਂ ਜਦੋਂ ਸਮਾਜ ਵਿੱਚ ਜੰਗ ਹੈ ਆਈ
ਹਾੜਾ ਚਾਰੇ ਪਾਸੇ ਉਦੋਂ ਉਦੋਂ ਮੱਚੀ ਤਬਾਹੀ।

ਅਕਲਾਂ ਵਾਲੇ ਦੇ ਆਖਿਆ ਵੀ ਨਾ ਰੁੱਕਦੀ
ਹੋਣੀ ਮੌਤ ਦੀ ਲੈ ਜੇਝ ਲੈ ਦੁਨੀਆਂ ਤੇ ਢੁੱਕਦੀ॥

ਮਾਰੂ ਹਥਿਆਰਾਂ ਨੇ ਪਹਿਲਾਂ ਵੀ ਕਹਿਰ ਵਰਤਾਇਆ
ਲਾਸ਼ਾਂ ਦੇ ਢੇਰਾਂ ਤੇ ਜਿੱਤ ਦਾ ਪਰਚਮ ਲਹਿਰਾਇਆ।

ਵਿਸ਼ਵ ਪੱਧਰੀ ਜੰਗਾਂ ਦੀ ਮਾਰ ਦੀਨ ਨੇ ਝੱਲੀ
ਅੱਜ ਤੱਕ ਮਾਹੀ ਤੇ ਪੁੱਤ ਗੁਆ ਮਾਂ ਹੋਈ ਇਕੱਲੀ॥

ਦੁਨੀਆਂ ਨੂੰ ਤਬਾਹ ਕਰ ਕੇ ਕੀ ਹੈ ਖੱਟਣਾ
ਕਿਉਂ ਸਾਰਿਆਂ ਧਾਰ ਲਗਵਾਉਣਾ ਮੌਤ ਦਾ ਵੱਟਣਾ॥

ਕਲਮਾਂ ਵਾਲਿਓ ਕਲਮਾਂ ਦਾ ਮੂੰਹ ਜੰਗ ਖਿਲਾਫ ਖੋਲ੍ਹੋ
ਸ਼ਾਂਤੀ ਦੀ ਬਹਾਲੀ ਲਈ ਖੁੱਲ੍ਹ ਕੇ ਸਭ ਬੋਲ੍ਹੋ॥

ਪਹਿਲਾਂ ਜੰਗਾਂ ਹੱਕ, ਸੱਚ ਅਤੇ ਇਮਾਨ ਲਈ ਲੜੀਆਂ
ਹੁਣ ਤਾਂ ਚੌਧਰਾਂ, ਪਦਾਰਥਾਂ ਲਈ ਫ਼ੌਜਾਂ ਚੜ੍ਹੀਆਂ॥

ਜੰਗ ਵਿੱਚੋਂ ਨਾ ਕੁਝ ਖੱਟ ਹੁੰਦਾ ਕਿਤੇ ਵੀ ਨਫ਼ਾ
ਖ਼ਲਕਤ ਖ਼ਿਲਾਫ਼ ਵੇਖੋ ਹਾਕਮ ਕਿਵੇਂ ਨਿਭਾਉਂਦੇ ਵਫ਼ਾ॥

**ਡਾ. ਸੁਰਿੰਦਰਪਾਲ ਸਿੰਘ**
**ਸ੍ਰੀ ਅੰਮ੍ਰਿਤਸਰ ਸਾਹਿਬ।**

## ਗੱਲਾਂ ਵਿਰਸੇ ਦੀਆਂ

ਚਾਹ ਵਿੱਚ ਰੋਟੀ ਨੂੰ ਡਬੋ ਡਬੋ ਕੇ ਖਾਂਦੇ ਸਾਂ।
ਗੁੱਲੀ ਡੰਡਾ ਖੇਡਣ ਵੀ ਚੋਰੀ ਚੋਰੀ ਜਾਂਦੇ ਸਾਂ।
ਤਿੰਨ ਅਤੇ ਦੋ ਸੈਲ ਬੈਟਰੀ ਦੇ ਵਿੱਚ ਪਾਉਂਦੇ ਸੀ,
ਸਹਿਰੋਂ ਓਹੋ ਬੈਟਰੀ ਖਰੀਦ ਕੇ ਲਿਆਂਦੇ ਸਾਂ।

ਲਾਲਟੈਨ ਜਗਾ ਕੇ ਕਿੱਲੇ ਤੇ ਟੰਗ ਦਿੰਦੇ ਸੀ,
ਕਦੇ ਬੋਤਲ ਚ ਬੱਤੀ ਪਾ ਦੀਵਾ ਬਣਾ ਜਗਾਂਦੇ ਸਾਂ।
ਇੱਕੋ ਬੱਸ ਟੁੱਟੀ ਜਿਹੀ ਪਿੰਡ ਸਾਡੇ ਆਉਂਦੀ ਸੀ,
ਕੰਡਮ ਸੀ ਸੀਟਾਂ ਅਸੀਂ ਲੀੜੇ ਵੀ ਪੜਾਂਦੇ ਸਾਂ।

ਕੋਠੇ ਉੱਤੇ ਚੜ੍ਹ ਐਨਟੀਨੇ ਨੂੰ ਘੁਮਾਈਦਾ,
ਸਟਰ ਆਲਾ ਟੀ ਵੀ ਵੇਖਣ ਗਵਾਂਢ ਵਿੱਚ ਜਾਂਦੇ ਸਾਂ।
ਦੇਸੀ ਘਿਓ ਓਦੋਂ ਵੀਰੋ ਹੁੰਦਾ ਹਰ ਘਰ ਸੀ,
ਸ਼ੱਕਰ ਰਲਾ ਕੇ ਚੋਰੀ ਬੇਬੇ ਕੋਲੋਂ ਖਾਂਦੇ ਸਾਂ।

ਟਰਾਲੀਆਂ ਚੋਂ ਖਿੱਚ ਖਿੱਚ ਸੀ ਗੰਨੇ ਰਹਿੰਦੇ ਚੂਪਦੇ,
ਸਾਈਕਲ ਚਲਾਉਂਦੇ ਕੈਂਚੀ ਬੜਾ ਤੇਜ ਭਜਾਂਦੇ ਸਾਂ।
ਕੈਸਟ ਦਾ ਫੀਤਾ ਟੁੱਟੇ ਅਸੀਂ ਗੂੰਦ ਨਾਲ ਜੋੜ ਲੈਣਾ,
ਟੇਪ ਰਿਕਾਰਡਰ ਵੀ ਅਸੀਂ ਦੇਸੀ ਜਿਹੀ ਚਲਾਂਦੇ ਸਾਂ।

ਕੈਪਸੂਲ ਅੱਖਾਂ ਵਾਲਾ ਮਿਲਦਾ ਸੀ ਪਿੰਡ ਵਾਲੀ ਹੱਟੀ ਤੋਂ,
ਰੂੰਗੇ ਪਿੱਛੇ ਭੱਜ ਭੱਜ ਦੁਕਾਨੋਂ ਲੈਣ ਜਾਂਦੇ ਸਾਂ।
ਪਟਾਕਿਆਂ ਦੀ ਲੜੀ ਛੋਟੇ ਪਸਤੌਲ ਵਿੱਚ ਪਾ ਲੈਣੀ,
ਪਿੱਛੇ ਪਿੱਛੇ ਭੱਜ ਇੱਕ ਦੂਜੇ ਨੂੰ ਡਰਾਂਦੇ ਸਾਂ।

ਕਾਸ਼! ਓਹੋ ਬਚਪਨ ਵਾਲੇ ਵੇਲੇ ਮੁੜ ਫਿਰ ਤੋਂ ਆ ਜਾਵਣ,
ਇਹੋ ਡਾਢੇ ਰੱਬ ਨੂੰ ਅੱਜ ਕਰੀਏ ਦੁਆਵਾਂ ਜੀ।
ਦੱਦਾਹੂਰ ਵਾਲਾ ਕਹੇ ਆਉਂਦਾ ਨਹੀਓਂ ਸਮਾਂ ਹੱਥ,
ਦਿਲੋਂ ਲੱਖ ਭਾਵੇਂ ਚਾਹੀਏ, ਰਹੀਏ ਤੱਕਦੇ ਰਾਹਵਾਂ ਜੀ।

**ਜਸਵੀਰ ਸ਼ਰਮਾ ਦੱਦਾਹੂਰ**

## ਵੇਲੇ ਦੀ ਮਾਰ

ਮਹਿੰਗੇ ਪੁੱਤਰ ਮਾਪਿਆਂ ਦੇ ਨਸ਼ਿਆਂ ਨੇ ਖਾਹ ਲਏ,
ਢਲਦੇ ਪਰਛਾਵੇਂ ਮਾਪਿਆਂ ਦੇ ਘੁੰਡੀ ਨੂੰ ਹੱਥ ਪਾ ਲਏ,

ਮਾਪਿਆਂ ਦੀ ਪੱਤ ਮਿੱਟੀ ਚ ਰੋਲ ਕੇ ਧੀ ਉੱਧਲ ਜਾਂਦੀ,
ਕੁੱਖਾਂ ਵਿਚ ਮਾਰਨ ਦੇ ਮਾਪਿਆਂ ਵੀ ਜਾਲ ਵਿਛਾ ਲਏ,

ਕੁਰਸੀ ਵਾਲੇ ਦੇਸ਼ ਦਾ ਖ਼ਜ਼ਾਨਾ ਦੋਹੀਂ ਹੱਥੀਂ ਲੁੱਟ ਰਹੇ,
ਘਰ - ਘਰ ਗਰੀਬੀ ਤੇ ਭੁੱਖਮਰੀ ਨੇ ਮੰਜੇ ਡਾਹ ਲਏ,

ਦਾਜ - ਦਹੇਜ ਦੇ ਲਾਲਚੀ ਕਦੇ ਨਾ ਬਾਜ ਆਉਣਗੇ,
ਪਾਪੀਆਂ ਨੇ ਨੂੰਹਾਂ ਮਾਰਨ ਦੇ ਕਈ ਢੰਗ ਅਪਣਾ ਲਏ,

ਇਸ਼ਕ ਤੇ ਅਕਲ ਦਾ ਸਦਾ ਇੱਟ-ਕੁੱਤੇ ਦਾ ਵੈਰ ਰਿਹਾ,
ਮੁਹੱਬਤ ਦੇ ਪਰਵਾਨਿਆਂ ਵੀ ਜਾਨ ਵਾਰ ਕੇ ਸਾਹ ਲਏ,

ਸੈਣੀ ਕਲਯੁਗ ਦੀ ਫਸਲ ਨੂੰ ਬੁਰਾਈ ਦਾ ਬੂਰ ਪਿਆ,
ਕੁਦਰਤ ਨੇ ਵੀ ਫਸਲ ਵੱਢਣ ਦੇ ਕਈ ਰਾਹ ਬਣਾ ਲਏ।

**ਸੁਰਿੰਦਰ ਕੌਰ ਸੈਣੀ**

## ਅੱਜ ਦੇ ਸਮੇਂ ਦੀ ਦੋਸਤੀ

ਜਿਹਨੂੰ ਦੋਸਤ ਬਣਾਇਆ,
ਉਹਨੇ ਠੱਗੀ ਮਾਰੀ ਆ।
ਅੱਜ ਦੇ ਸਮੇਂ ਦੀ ਯਾਰੋ,
ਕਾਹਦੀ ਯਾਰੀ ਆ
ਅੱਜ ਦੇ ਸਮੇਂ ਦੀ....

ਪਹਿਲੇ ਸਮੇਂ ਯਾਰ,
ਯਾਰੋ ਨਿਆਰੇ ਹੁੰਦੇ ਸੀ।
ਸੱਚ ਆਖਾਂ ਜਾਨ ਤੋਂ ਵੀ,
ਪਿਆਰੇ ਹੁੰਦੇ ਸੀ।
ਅੱਜ ਦਿਆਂ ਪਿੱਠ ਚੇ,
ਛੁਰੀ ਹੀ ਮਾਰੀ ਆ।
ਅੱਜ ਦੇ ਸਮੇਂ ਦੀ ਯਾਰੋ,
ਕਾਹਦੀ ਯਾਰੀ ਆ
ਅੱਜ ਦੇ ਸਮੇਂ ਦੀ....

ਇੱਜਤਾਂ ਦੇ ਸਾਂਝੀ,
ਨਾ ਕੋਈ ਖਾਰ ਹੁੰਦੀ ਸੀ।
ਭੁੱਲਕੇ ਕਦੇ ਨਾ,
ਯਾਰ ਮਾਰ ਹੁੰਦੀ ਸੀ।
ਪੈਰ ਪੈਰ ਉੱਤੇ,
ਕਰਦੇ ਗ਼ੱਦਾਰੀ ਆ...
ਅੱਜ ਦੇ ਸਮੇਂ ਦੀ ਯਾਰੋ,
ਕਾਹਦੀ ਯਾਰੀ ਆ
ਅੱਜ ਦੇ ਸਮੇਂ ਦੀ....

ਪੱਗ ਨੂੰ ਵਟਾਕੇ
ਦੋਸਤੀ ਬਣਾਉਂਦੇ ਸੀ।
ਜਾਨ ਉੱਤੇ ਖੇਲ੍ਹ
ਦੋਸਤੀ ਨਿਭਾਉਂਦੇ ਸੀ।
ਹੇਰਾਫੇਰੀਆਂ ਨੇ ਹੁਣ
ਮੱਤ ਮਾਰੀ ਆ।
ਅੱਜ ਦੇ ਸਮੇਂ ਦੀ ਯਾਰੋ,
ਕਾਹਦੀ ਯਾਰੀ ਆ
ਅੱਜ ਦੇ ਸਮੇਂ ਦੀ....

ਕਰਾਂ ਅਰਦਾਸ ਸਮੇਂ,
ਫਿਰ ਆਉਣ ਜੀ।
"ਗਿੱਲ" ਆਖੇ ਯਾਰ,
ਗਲ਼ ਬਾਹਾਂ ਪਾਉਣ ਜੀ।
ਦੋਸਤੀ ਨੇ ਲਾਉਂਦੇ,
ਜਿਹਦੀ ਜੇਬ ਭਾਰੀ ਆ।
ਅੱਜ ਦੇ ਸਮੇਂ ਦੀ ਯਾਰੋ,
ਕਾਹਦੀ ਯਾਰੀ ਆ
ਅੱਜ ਦੇ ਸਮੇਂ ਦੀ....



**ਹਰਜਿੰਦਰ ਕੌਰ ਗਿੱਲ, ਮੋਗਾ**

## ਗਜ਼ਲ

ਜੇ ਉਸ ਦੀ ਤਕਦੀਰ ਬਣਾਂ ਮੈਂ।
ਸਾਹੋਂ ਫੇਰ ਫਕੀਰ ਬਣਾਂ ਮੈਂ।

ਉਹ ਹੋਵੇ ਜੇ ਰਾਂਝੇ ਵਰਗਾ,
ਸਿਆਲਾਂ ਦੀ ਫਿਰ ਹੀਰ ਬਣਾਂ ਮੈਂ।

ਖੁਦ ਰਾਹਾਂ 'ਚੋਂ ਮੇਖਾਂ ਚੁੱਗ ਕੇ,
ਅਪਣੇ ਲਈ ਤਦਬੀਰ ਬਣਾਂ ਮੈਂ।

ਮਾਸੂਮ ਦਿਲਾਂ ਦੀ ਧੜਕਣ ਬਣ ਕੇ,
ਪਿਆਰਾਂ ਦੀ ਤਾਸੀਰ ਬਣਾਂ ਮੈਂ।

ਹਾਸੇ ਵੰਡਾ ਚਾਰ ਚੁਫੇਰੇ,
ਕਿਉਂ ਅੱਖੀਆਂ ਦਾ ਨੀਰ ਬਣਾਂ ਮੈਂ।

ਤਨਹਾਈਆਂ ਤੋਂ ਕਬਜਾ ਛੱਡ ਕੇ,
ਖੁਸੀਆਂ ਦੀ ਜਾਗੀਰ ਬਣਾਂ ਮੈਂ।

ਕਾਸ਼! ਜਮੀਰਾਂ ਮਰੀਆਂ ਜਾਗਣ,
ਉਹ ਬੇਬਾਕ ਨਜੀਰ ਬਣਾਂ ਮੈਂ।

ਦੁਸਮਣ ਖਾਤਰ ਖੌਫ ਬਣੇ ਜੋ,
ਉਹ ਤਿੱਖੀ ਸਮਸੀਰ ਬਣਾਂ ਮੈਂ।

ਹਿੰਮਤ ਕਰਕੇ ਤੁਰਦੀ ਜਾਂਵਾਂ,
ਜ਼ੁਲਮ ਦੇ ਪੈਰ ਜੰਜੀਰ ਬਣਾਂ ਮੈਂ



**ਅੰਜੂ ਸਾਨਿਆਲ**

## ਕਲਯੁੱਗ

ਦੱਸ ਬਾਪੂ ਤੇਰਾ ਕੀ ਏ ਮਸਲਾ
ਕਿਵੇਂ ਬਿਰਧ ਘਰ ਆਇਆ?
ਪੁੱਛ ਨਾ ਧੀਏ ਮਸਲੇ ਮੁਸਲੇ
ਢਿੱਡੋਂ ਜੰਮੀਆਂ ਔਲਾਦਾਂ ਸਾਨੂੰ
ਜਿਉਂਦੇ ਮਾਰ ਮੁਕਾਇਆ
ਨਾ ਕੰਮ ਧੰਦਾਂ ਕੋਈ ਕਰਦੈਂ ਬੁੜਿਆ
ਕਿੱਥੋਂ ਰੱਬ ਨੇ ਦੱਦ ਸਾਨੂੰ ਲਾਇਆ
ਦੱਸਦਾ ਦੱਸਦਾ ਬਾਪੂ ਮਸਲੇ
ਅੱਖੀਓਂ ਨੀਰ ਵਹਾਇਆ
ਪੁੱਤ! ਪੈ ਗਏ ਅੱਟਣ ਹੱਥਾਂ ਦੇ ਵਿੱਚ
ਖੇਤੀ ਹਲ ਬੜਾ ਵਾਹਿਆ
ਜਿਸ ਔਲਾਦ ਨੂੰ ਚੱਕ ਗਧੇੜੇ
ਪਾ ਬੁਰਕੀਆਂ ਮੂੰਹ ਵਿੱਚ
ਸੀ ਲਾਡਾਂ ਨਾਲ ਖਿਡਾਇਆ
ਬਣੂ ਸਹਾਰਾ ਬੁੱਢੇ ਵਾਰੇ
ਮਨ ਨੂੰ ਵਹਿਮ ਸੀ ਪਾਇਆ
ਦੋ ਵੇਲੇ ਦੇ ਟੁੱਕੜ ਪਿੱਛੇ
ਮੈਨੂੰ ਬਿਰਧ ਘਰ ਵਿੱਚ ਪਹੁੰਚਾਇਆ
ਤੁਰ ਗਈ ਜਦ ਦੀ ਬੇਬੇ ਤੇਰੀ
ਬਾਤ ਕੋਈ ਨਾ ਪੁੱਛੇ
ਕੀ ਦੱਸਾਂ ਤੈਨੂੰ ਮਸਲੇ ਧੀਏ
ਬਾਪੂ ਇੱਕਦਮ ਹੋ ਗਿਆ ਚੁੱਪੇ
ਖ਼ੂਨ ਸਫੇਦ ਹੋ ਗਿਆ ਸਭ ਦਾ
ਕਲਯੁੱਗ ਹਨ੍ਹੇਰੀ ਝੁੱਲੀ
ਆਪਣਿਆਂ ਮੈਨੂੰ ਘਰੋਂ ਵਗਾਇਆ
ਮੈਂ ਤਰਸਾਂ ਗੁੱਲੀ, ਕੁੱਲੀ
ਸੁਣਕੇ "ਸਰਬ" ਵੀ ਸੁੰਨ ਜਿਹੀ ਹੋ ਗਈ
ਸੋਚੇ! ਕੈਸਾ ਵੇਲਾ ਆਇਆ
ਆਪਣਿਆਂ ਨੂੰ ਲੁੱਟਣ ਆਪਣੇ
ਘੋਰ ਹੈ ਕਲਯੁੱਗ ਛਾਇਆ
ਲਗਦੈ...ਘੋਰ ਹੈ ਕਲਯੁੱਗ ਛਾਇਆ

**ਡਾ ਸਰਬਜੀਤ ਕੌਰ ਬਰਾੜ ਮੋਗਾ**
**7986652927**

## ਵੱਡੇ ਦਿਲ ਵਾਲੇ

ਕੀ ਪੁਛਦੇ ਹੋ ਹਾਲ ਗਰੀਬਾਂ ਦਾ
ਕੀਹਨੂੰ ਖਿਆਲ ਹੈ ਸਾਡੇ ਨਸੀਬਾਂ ਦਾ।
ਸਾਡੇ ਘਰ ਨੇ ਕੱਚਾਂ ਕਾਨਿਆਂ ਦੇ
ਅਸੀਂ ਲੰਘੇ ਟੇਢੇ ਰਸਤਿਆਂ ਤੋਂ
ਅਸੀਂ ਵੱਡਿਆਂ ਘਰਾਂ ਵਿੱਚ ਜੰਮੇ ਨਹੀਂ
ਅਸੀਂ ਉਠੇ ਹਾਂ ਛੋਟੀਆਂ ਬਸਤੀਆਂ ਚੋਂ।
ਪੈਂਡੇ ਲੰਮੇ ਹੁੰਦੇ ਗਰੀਬੀ ਦੇ
ਤੁਰ ਤੁਰ ਕੇ ਮੁਕਾਈਏ ਵਾਟਾਂ ਨੂੰ
ਹਰ ਮੁਸਕਿਲ ਦਾ ਹੱਲ ਆਪ ਕਰੋ
ਯਾਰ, ਛੱਡ ਸਰਕਾਰੀ ਝਾਕਾਂ ਨੂੰ
ਅਸੀਂ ਖੁਸ ਹਾਂ ਆਪਣੀ ਜ਼ਿੰਦਗੀ ਤੋਂ
ਡੂੰਘੀ ਨੀਂਦ ਮਾਣੀਏ ਮਸਤੀਆਂ ਨੂੰ
ਅਸੀਂ ਵੱਡਿਆਂ ਘਰਾਂ....
ਅਸੀਂ ਉਹ ਹਾਂ ਜਿੰਨਾ ਵੇਖੀ ਨਹੀਂ
ਬਚਪਨ ਵਿੱਚ ਸਕਲ ਸਕੂਲਾਂ ਦੀ
ਸਾਨੂੰ ਸ਼ਿਕਵਾ ਨਹੀਂ ਕੋਈ ਜਿੰਦਗੀ ਤੇ
ਕਰਦੇ ਹਾਂ ਗੱਲ ਅਸੂਲਾਂ ਦੀ
ਸਾਡੇ ਘਰ ਨੇ ਬੇਸਕ ਕਾਨਿਆਂ ਦੇ
ਰੱਬ ਵਸਦੈ, ਪੁਛ ਲਓ ਫਰਿਸਤਿਆਂ ਤੋਂ
ਅਸੀਂ ਵੱਡਿਆਂ ਘਰਾਂ ਵਿੱਚ....
ਸਾਨੂੰ ਪਰਖ ਹੈ ਹੱਕ ਹਲਾਲੀ ਦੀ
ਰੋਟੀ ਖਾਈਏ ਵਹਾ ਪਸੀਨੇ ਦੀ
ਖੜ ਜਾਈਏ ਤੋਪਾਂ ਦੇ ਅੱਗੇ
ਜਦ ਦੇਸ ਨੂੰ ਲੋੜ ਸਾਡੇ ਸੀਨੇ ਦੀ
ਸਾਡੇ ਸਾਹਮਣਾ ਨਹੀਂ ਕਦੇ ਹੋ ਸਕਣਾ
ਦੁਸਮਣ ਦੇ ਵੱਡੇ ਦਸਤਿਆਂ ਤੋਂ
ਅਸੀਂ ਵੱਡਿਆਂ ਘਰਾਂ ਵਿੱਚ....
ਸਾਡੇ ਕੋਲ ਨਾ ਗੱਲ ਕਰ ਸਬਰਾਂ ਦੀ
ਚੱਲ ਕੋਈ ਨਾ ਕਹਿ ਦਿਨ ਕੱਟੇ ਸੀ
ਜੀਣ ਜੋਗੇ ਰੱਬ ਨੇ ਕਰ ਦਿੱਤੇ
ਕਰ ਮਿਹਨਤਾਂ ਫ਼ ?ਰ ਮੁਲ ਵੱਟੇ ਸੀ
ਅਲੀ ਕਸਰ ਨਾ ਛੱਡੀ ਆਪਣਿਆਂ
ਕੰਡੇ ਚੁਗੇ ਵਿਛਾਏ ਰਸਤਿਆਂ ਤੋਂ।
ਅਸੀਂ ਵੱਡਿਆਂ ਘਰਾਂ ਵਿੱਚ ਜੰਮੇ ਨਹੀਂ
ਅਸੀਂ ਉਠੇ ਹਾਂ....

**ਮੁਖਤਿਆਰ ਅਲੀ**
**ਸਾਹਪੁਰ ਕਲਾਂ।**
**98728 96450**



## ਡਮਰੂ ਤੇ ਜਲ-ਡਮਰੂ !

'ਧਾਰ' ਤੇਲ ਦੀ ਯਾਰੋ ਕੀ ਦੇਖਣੀ ਐਂ
ਭੁੱਖੜ ਆ ਪਏ ਨੇ ਤੇਲ ਭੰਡਾਰ ਉੱਤੇ।
ਚੱਕਾ ਚੱਲੇ ਵਿਕਾਸ ਦਾ ਨਾਲ ਜਿਹਦੇ
ਮੂਰਖ ਲੱਗ ਪਏ ਕਰਨ ਬੰਬਾਰ ਉੱਤੇ।
ਆਵੇ ਤਰਸ ਨਾ 'ਹੈਂਸਿਆਰਿਆਂ' ਨੂੰ
ਥਾਂਹ ਥਾਂਹ ਹੋ ਰਹੇ ਨਰ-ਸੰਘਾਰ ਉੱਤੇ।
ਪੈ ਰਹੀਆਂ ਹਨ ਲਾਹਣਤਾਂ ਜੱਗ ਵਲੋਂ
ਚੌਧਰ-ਪੁਣੇ ਦੇ ਚੜ੍ਹ ਗਏ ਹੰਕਾਰ ਉੱਤੇ।
ਉਹਦੇ ਕੰਨਾਂ ਤੱਕ 'ਵਾਜ਼ ਪਹੁੰਚਾ ਦੇਈਏ
ਅਮਨ ਚੈਨ ਜੋ ਦੁਨੀਆਂ ਤੋਂ ਖੋਹਣ ਲੱਗਾ।
ਡਮਰੂ ਸ਼ਿਵਜੀ ਦੇ ਹੱਥਾਂ ਵਿੱਚ ਸੋਂਭਦਾ ਸੀ
ਤਾਂਡਵ-ਨਾਚ ਜਲ-ਡਮਰੂ 'ਤੇ ਹੋਣ ਲੱਗਾ!



**-ਤਰਲੋਚਨ ਸਿੰਘ ਦੁਪਾਲ ਪੁਰ**
**001-408-905-5517**

## ਹਾਇਕੂ

1) ਜ਼ਹਿਰ ਭਰੇ
ਥਿਰਕਦੇ ਹਾਸੇ ਨੇ
ਬੁੱਲ੍ਹਾਂ ਦੇ ਉੱਤੇ
2) ਨਕਲੀ ਦਿਲ
ਰੋਗੀ ਦੀ ਧੜਕਣ
ਸ਼ੁਰੂ ਹੋ ਗਈ
3) ਦੇਵਤਾ ਨਹੀਂ
ਛੱਡ ਦੇ ਦੈਂਤਪੁਣਾ
ਬਣ ਮਾਨਵ
4) ਕਰ ਮਜ਼ੂਰੀ
ਮਾਨਵ ਜੀਵਨ ਹੈ
ਹੱਥਾਂ ਦੀ ਸ਼ਾਨ
5) ਮਜ਼ੂਰੀ ਮਿੱਠੀ
ਇਸ ਦਾ ਫਲ ਮਿੱਠਾ
ਸਭ ਨੂੰ ਵੰਡ
6) ਕਰ ਨਸ਼ਟ
ਜੋ ਘਿਰਣਾ ਦਾ ਜ਼ਹਿਰ
ਬਣ ਮਾਨਵ
7) ਮਿਲ ਕੇ ਸਾਰੇ
ਆਪਾ ਵਸਾ ਦੇਈਏ
ਮਾਨਵ ਹੋਂਦ
8) ਮੁੱਖ ਕਮਲ
ਸਦਾ ਖਿਲਦਾ ਰਹੇ
ਖੁਸ਼ੀਆਂ ਖੇੜੇ
9) ਸਜਾ ਕੇ ਹੱਟੀ
ਬੇਹਾ ਭੋਜਨ ਵੇਚੇ
ਦੁਕਾਨਦਾਰ
10) ਲਾ ਲਾ ਖੁਸ਼ਬੂ
ਮਿਲਾਵਟ ਕਰਦਾ
ਦੁਕਾਨਦਾਰ

**-ਕਸ਼ਮੀਰੀ ਲਾਲ ਚਾਵਲਾ**

## ਹੋਸ਼ੇ ਬੰਦਿਆਂ ਹੱਥ ਕਮਾਨ

ਦਾਣੇ ਕੁੱਕੜਾਂ ਸਾਹਮਣੇ ਰੱਖ ਦੇਈਏ,
ਫਿਰ ਭਾਲੀਏ ਨਾ ਘਰਾਸ ਮੀਆਂ।

ਬਿਨਾਂ ਲੱਜੋਂ ਵਗਾਹਿਆ ਡੋਲ ਖੂਹੇ,
ਫਿਰ ਬੁਝਣੀ ਕਿੱਥੋਂ ਪਿਆਸ ਮੀਆਂ।

ਬਿੱਲਾ ਦੁੱਧ ਦੀ ਰਾਖੀ ਬਿਠਾ ਦਿੱਤਾ,
ਕਿੱਥੋਂ ਰੱਖੀਏ ਮੱਖਣ ਦੀ ਆਸ ਮੀਆਂ।

ਬਾਂਦਰ ਹੱਥ ਕੁਲ੍ਹਚਾ ਆ ਜਾਵੇ,
ਫੂਕ ਦੇਵੇ ਆਮ ਤੇ ਖਾਸ ਮੀਆ।

ਹੋਸ਼ੇ ਬੰਦਿਆਂ ਹੱਥ ਕਮਾਨ ਆ ਜੇ,
ਕੰਮ ਹੋ ਜਾਣ ਬੇ ਰਾਸ ਮੀਆਂ।

ਉਥੇ ਪਰਜਾ ਸੁੱਖੀ ਨਹੀਂ ਰਹਿ ਸਕਦੀ,
ਰਹਿਣ ਲੱਗਦੀ ਹੈ ਉਹ ਨਿਰਾਸ ਮੀਆਂ।

ਮੂਹਰੇ ਸ਼ੇਰ ਦੇ ਬੱਕਰੀ ਬੰਨ ਦਈਏ,
ਉਹਦੇ ਲੰਘਣਾ ਕਿਵੇਂ ਗਰਾਸ ਮੀਆਂ।

'ਹਰਪ੍ਰੀਤ ਪੱਤੋ' ਕੀ ਗੱਲ ਕਰੀਏ,
ਹੋ ਜਾਵੇ ਸਭ ਕੁਝ ਨਾਸ ਮੀਆਂ।

**ਹਰਪ੍ਰੀਤ ਪੱਤੋ**
**94658 21417**

# ਪਾਠ ਪੁਸਤਕਾਂ ਤੋਂ ਪਰੇ ਸਿੱਖਿਆ: ਬਿਹਤਰ ਸਿੱਖਣ ਦੀ ਕੁੰਜੀ





ਵਿਜੈ ਗਰਗ ਸਾਬਕਾ
ਪੀ.ਈ.ਐਸ. - 1
ਸੇਵਾਮੁਕਤ ਪ੍ਰਿੰਸਪਲ

ਸਿੱਖਿਆ ਲੰਬੇ ਸਮੇਂ ਤੋਂ ਗਿਆਨ ਦੇ ਮੁੱਖ ਸਰੋਤ ਵਜੋਂ ਪਾਠ ਪੁਸਤਕਾਂ 'ਤੇ ਨਿਰਭਰ ਕਰਦੀ ਰਹੀ ਹੈ। ਪਾਠ ਪੁਸਤਕਾਂ ਢਾਂਚਾਗਤ ਜਾਣਕਾਰੀ ਪ੍ਰਦਾਨ ਕਰਦੀਆਂ ਹਨ, ਪਾਠਕ੍ਰਮ ਦੀ ਅਗਵਾਈ ਕਰਦੀਆਂ ਹਨ, ਅਤੇ ਵਿਦਿਆਰਥੀਆਂ ਨੂੰ ਪ੍ਰੀਖਿਆਵਾਂ ਲਈ ਤਿਆਰ ਕਰਨ ਵਿੱਚ ਮਦਦ ਕਰਦੀਆਂ ਹਨ। ਹਾਲਾਂਕਿ, 21ਵੀਂ ਸਦੀ ਦੀ ਤੇਜ਼ੀ ਨਾਲ ਬਦਲ ਰਹੀ ਦੁਨੀਆਂ ਵਿੱਚ, ਸਿੱਖਿਆ ਸਿਰਫ਼ ਪਾਠ ਪੁਸਤਕਾਂ ਤੱਕ ਸੀਮਤ ਨਹੀਂ ਹੋ ਸਕਦੀ। ਵਿਦਿਆਰਥੀਆਂ ਵਿੱਚ ਰਚਨਾਤਮਕਤਾ, ਆਲੋਚਨਾਤਮਕ ਸੋਚ ਅਤੇ ਅਸਲ-ਸੰਸਾਰ ਦੀ ਸਮਝ ਵਿਕਸਤ ਕਰਨ ਲਈ ਪਾਠ ਪੁਸਤਕਾਂ ਤੋਂ ਪਰੇ ਪੜ੍ਹਾਉਣਾ ਜ਼ਰੂਰੀ ਹੋ ਗਿਆ ਹੈ।

ਪਾਠ-ਪੁਸਤਕ-ਅਧਾਰਤ ਸਿੱਖਿਆ ਦੀਆਂ ਸੀਮਾਵਾਂ

ਪਾਠ ਪੁਸਤਕਾਂ ਕੀਮਤੀ ਹੁੰਦੀਆਂ ਹਨ, ਪਰ ਉਹ ਅਕਸਰ ਸਿਧਾਂਤਕ ਗਿਆਨ 'ਤੇ ਕੇਂਦ੍ਰਿਤ ਹੁੰਦੀਆਂ ਹਨ। ਜਦੋਂ ਸਿੱਖਿਆ ਸਿਰਫ਼ ਪਾਠ ਪੁਸਤਕ ਦੀ ਸਮੱਗਰੀ ਨੂੰ ਯਾਦ ਕਰਨ ਤੱਕ ਸੀਮਤ ਹੁੰਦੀ ਹੈ, ਤਾਂ ਵਿਦਿਆਰਥੀ ਪ੍ਰੀਖਿਆਵਾਂ ਵਿੱਚ ਵਧੀਆ ਪ੍ਰਦਰਸ਼ਨ ਕਰ ਸਕਦੇ ਹਨ ਪਰ ਅਸਲ ਜ਼ਿੰਦਗੀ ਦੀਆਂ ਸਥਿਤੀਆਂ ਵਿੱਚ ਗਿਆਨ ਨੂੰ ਲਾਗੂ ਕਰਨ ਲਈ ਸੰਘਰਸ਼ ਕਰਦੇ ਹਨ।

ਅੱਜ ਸਿੱਖਿਆ ਲਈ ਵਿਦਿਆਰਥੀਆਂ ਨੂੰ ਸਮੱਸਿਆ ਹੱਲ ਕਰਨ, ਸੰਚਾਰ ਅਤੇ ਨਵੀਨਤਾ ਵਰਗੇ ਹੁਨਰ ਵਿਕਸਤ ਕਰਨ ਦੀ ਲੋੜ ਹੈ। ਇਹਨਾਂ ਯੋਗਤਾਵਾਂ ਨੂੰ ਸਿਰਫ਼ ਪਾਠ ਪੁਸਤਕਾਂ ਦੀ ਸਿੱਖਿਆ ਰਾਹੀਂ ਪੂਰੀ ਤਰ੍ਹਾਂ ਵਿਕਸਤ ਨਹੀਂ ਕੀਤਾ ਜਾ ਸਕਦਾ। ਇਸ ਲਈ, ਅਧਿਆਪਕਾਂ ਨੂੰ ਅਜਿਹੇ ਤਰੀਕੇ ਅਪਣਾਉਣੇ ਚਾਹੀਦੇ ਹਨ ਜੋ ਕਿਤਾਬਾਂ ਦੇ ਪੰਨਿਆਂ ਤੋਂ ਪਰੇ ਸਿੱਖਣ ਦਾ ਵਿਸਤਾਰ ਕਰਦੇ ਹਨ।

ਅਨੁਭਵੀ ਅਤੇ ਵਿਹਾਰਕ ਸਿੱਖਿਆ

ਪਾਠ-ਪੁਸਤਕਾਂ ਤੋਂ ਪਰੇ ਜਾਣ ਦਾ ਇੱਕ ਪ੍ਰਭਾਵਸ਼ਾਲੀ ਤਰੀਕਾ ਹੈ ਅਨੁਭਵੀ ਸਿੱਖਿਆ। ਇਹ ਪਹੁੰਚ ਵਿਦਿਆਰਥੀਆਂ ਨੂੰ ਕਰਕੇ ਸਿੱਖਣ ਲਈ ਉਤਸ਼ਾਹਿਤ ਕਰਦੀ ਹੈ। ਪ੍ਰਯੋਗ, ਪ੍ਰੋਜੈਕਟ, ਫੀਲਡ ਵਿਜ਼ਿਟ ਅਤੇ ਸਮੂਹ ਚਰਚਾਵਾਂ ਵਰਗੀਆਂ ਗਤੀਵਿਧੀਆਂ ਵਿਦਿਆਰਥੀਆਂ ਨੂੰ ਸਿਧਾਂਤ ਨੂੰ ਅਭਿਆਸ ਨਾਲ ਜੋੜਨ ਦੀ ਆਗਿਆ ਦਿੰਦੀਆਂ ਹਨ।

ਉਦਾਹਰਣ ਵਜੋਂ, ਵਿਗਿਆਨ ਸਿੱਖਿਆ ਵਿੱਚ, ਫੋਟੋਸਿੰਥੇਸਿਸ ਵਰਗੇ ਸੰਕਲਪਾਂ ਬਾਰੇ ਪੜ੍ਹਨ ਦੀ ਬਜਾਏ, ਵਿਦਿਆਰਥੀ ਪੌਦਿਆਂ ਦਾ ਨਿਰੀਖਣ ਕਰ ਸਕਦੇ ਹਨ, ਸਧਾਰਨ ਪ੍ਰਯੋਗ ਕਰ ਸਕਦੇ ਹਨ ਅਤੇ ਪ੍ਰਕਿਰਿਆ ਨੂੰ ਹੋਰ ਡੂੰਘਾਈ ਨਾਲ ਸਮਝ ਸਕਦੇ ਹਨ। ਅਜਿਹੇ ਅਨੁਭਵ ਸਿੱਖਣ ਨੂੰ ਦਿਲਚਸਪ ਅਤੇ ਯਾਦਗਾਰੀ ਬਣਾਉਂਦੇ ਹਨ।

ਆਧੁਨਿਕ ਸਿੱਖਿਆ ਵਿੱਚ ਤਕਨਾਲੋਜੀ ਦੀ ਭੂਮਿਕਾ

ਤਕਨਾਲੋਜੀ ਨੇ ਪਾਠ-ਪੁਸਤਕਾਂ ਤੋਂ ਪਰੇ ਸਿੱਖਿਆ ਦੇਣ ਦੇ ਨਵੇਂ ਮੌਕੇ ਖੋਲ੍ਹ ਦਿੱਤੇ ਹਨ। ਵਿਦਿਅਕ ਵੀਡੀਓ, ਇੰਟਰਐਕਟਿਵ ਸਿਮੂਲੇਸ਼ਨ, ਡਿਜੀਟਲ ਲਾਇਬ੍ਰੇਰੀਆਂ, ਅਤੇ ਔਨਲਾਈਨ ਸਿਖਲਾਈ ਪਲੇਟਫਾਰਮ ਵਿਦਿਆਰਥੀਆਂ ਨੂੰ ਵਿਸ਼ਿਆਂ ਦੀ ਡੂੰਘਾਈ ਨਾਲ ਪੜਚੋਲ ਕਰਨ ਵਿੱਚ ਮਦਦ ਕਰਦੇ ਹਨ।

ਯੂਟਿਊਬ ਅਤੇ ਖਾਨ ਅਕੈਡਮੀ ਵਰਗੇ ਪਲੇਟਫਾਰਮ ਵਿਦਿਅਕ ਸਮੱਗਰੀ ਪ੍ਰਦਾਨ ਕਰਦੇ ਹਨ ਜੋ ਗੁੰਝਲਦਾਰ ਸੰਕਲਪਾਂ ਨੂੰ ਸਰਲ ਬਣਾ ਸਕਦੇ ਹਨ ਅਤੇ ਸਿੱਖਣ ਨੂੰ ਵਧੇਰੇ ਪਹੁੰਚਯੋਗ ਬਣਾ ਸਕਦੇ ਹਨ। ਜਦੋਂ ਸਮਝਦਾਰੀ ਨਾਲ ਵਰਤਿਆ ਜਾਂਦਾ ਹੈ, ਤਾਂ ਤਕਨਾਲੋਜੀ ਕਲਾਸਰੂਮ ਵਿੱਚ ਪੜ੍ਹਾਈ ਦੀ ਪੂਰਤੀ ਕਰ ਸਕਦੀ ਹੈ ਅਤੇ ਸੁਤੰਤਰ ਸਿੱਖਿਆ ਨੂੰ ਉਤਸ਼ਾਹਿਤ ਕਰ ਸਕਦੀ ਹੈ।

ਉਤਸੁਕਤਾ ਅਤੇ ਆਲੋਚਨਾਤਮਕ ਸੋਚ ਨੂੰ ਉਤਸ਼ਾਹਿਤ ਕਰਨਾ

ਵਿਦਿਆਰਥੀਆਂ ਵਿੱਚ ਉਤਸੁਕਤਾ ਪੈਦਾ ਕਰਨ ਵਿੱਚ ਅਧਿਆਪਕ ਇੱਕ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ। ਸਿਰਫ਼ ਜਾਣਕਾਰੀ ਦੇਣ ਦੀ ਬਜਾਏ, ਅਧਿਆਪਕਾਂ ਨੂੰ ਵਿਦਿਆਰਥੀਆਂ ਨੂੰ ਸਵਾਲ ਪੁੱਛਣ, ਵਿਚਾਰਾਂ ਦਾ ਵਿਸ਼ਲੇਸ਼ਣ ਕਰਨ ਅਤੇ ਆਪਣੀਆਂ ਰਾਏ ਪ੍ਰਗਟ ਕਰਨ ਲਈ ਉਤਸ਼ਾਹਿਤ ਕਰਨਾ ਚਾਹੀਦਾ ਹੈ।

ਬਹਿਸਾਂ, ਕਹਾਣੀ ਸੁਣਾਉਣ, ਰਚਨਾਤਮਕ ਲਿਖਤ, ਅਤੇ ਸਮੱਸਿਆ-ਹੱਲ ਕਰਨ ਵਾਲੇ ਕੰਮਾਂ ਵਰਗੀਆਂ ਗਤੀਵਿਧੀਆਂ ਵਿਦਿਆਰਥੀਆਂ ਨੂੰ ਆਲੋਚਨਾਤਮਕ ਸੋਚ ਦੇ ਹੁਨਰ ਵਿਕਸਤ ਕਰਨ ਵਿੱਚ ਮਦਦ ਕਰਦੀਆਂ ਹਨ। ਜਦੋਂ ਵਿਦਿਆਰਥੀ ਸਿੱਖਣ ਦੀ ਪ੍ਰਕਿਰਿਆ ਵਿੱਚ ਸਰਗਰਮੀ ਨਾਲ ਸ਼ਾਮਲ ਹੁੰਦੇ ਹਨ, ਤਾਂ ਉਹ ਵਧੇਰੇ ਆਤਮਵਿਸ਼ਵਾਸੀ ਅਤੇ ਪ੍ਰੇਰਿਤ ਹੋ ਜਾਂਦੇ ਹਨ।

ਅਸਲ ਜ਼ਿੰਦਗੀ ਤੋਂ ਸਿੱਖਣਾ

ਅਸਲ-ਜੀਵਨ ਦੇ ਤਜਰਬੇ ਵੀ ਸਿੱਖਣ ਦੇ ਸ਼ਕਤੀਸ਼ਾਲੀ ਸਾਧਨ ਹੋ ਸਕਦੇ ਹਨ। ਭਾਈਚਾਰਕ ਮੁਲਾਕਾਤਾਂ, ਕੁਦਰਤ ਸੈਰ, ਵਿਗਿਆਨ ਮੇਲੇ, ਅਤੇ ਮਾਹਿਰਾਂ ਨਾਲ ਗੱਲਬਾਤ ਵਿਦਿਆਰਥੀਆਂ ਨੂੰ ਪਾਠ ਪੁਸਤਕਾਂ ਤੋਂ ਪਰੇ ਵਿਹਾਰਕ ਗਿਆਨ ਤੱਕ ਪਹੁੰਚਾਉਂਦੀ ਹੈ। ਅਜਿਹੀਆਂ ਗਤੀਵਿਧੀਆਂ ਵਿਦਿਆਰਥੀਆਂ ਨੂੰ ਇਹ ਸਮਝਣ ਵਿੱਚ ਮਦਦ ਕਰਦੀਆਂ ਹਨ ਕਿ ਅਕਾਦਮਿਕ ਸੰਕਲਪਾਂ ਨੂੰ ਅਸਲ ਦੁਨੀਆਂ ਵਿੱਚ ਕਿਵੇਂ ਲਾਗੂ ਕੀਤਾ ਜਾਂਦਾ ਹੈ।

ਸਿੱਟਾ : ਪਾਠ ਪੁਸਤਕਾਂ ਤੋਂ ਪਰੇ ਪੜ੍ਹਾਉਣਾ ਕਿਤਾਬਾਂ ਨੂੰ ਬਦਲਣ ਬਾਰੇ ਨਹੀਂ ਹੈ, ਸਗੋਂ ਸਿੱਖਣ ਦੇ ਤਜ਼ਰਬਿਆਂ ਨੂੰ ਅਮੀਰ ਬਣਾਉਣ ਬਾਰੇ ਹੈ। ਪਾਠ-ਪੁਸਤਕਾਂ ਨੀਂਹ ਪ੍ਰਦਾਨ ਕਰਦੀਆਂ ਹਨ, ਪਰ ਰਚਨਾਤਮਕਤਾ, ਖੋਜ ਅਤੇ ਵਿਹਾਰਕ ਅਨੁਭਵ ਡੂੰਘੀ ਸਮਝ ਪੈਦਾ ਕਰਦੇ ਹਨ।

ਜਦੋਂ ਅਧਿਆਪਕ ਪਾਠ ਪੁਸਤਕਾਂ ਨੂੰ ਨਵੀਨਤਾਕਾਰੀ ਸਿੱਖਿਆ ਵਿਧੀਆਂ ਨਾਲ ਜੋੜਦੇ ਹਨ, ਤਾਂ ਵਿਦਿਆਰਥੀ ਨਾ ਸਿਰਫ਼ ਗਿਆਨ ਵਿਕਸਤ ਕਰਦੇ ਹਨ ਬਲਕਿ ਉਤਸੁਕਤਾ, ਆਤਮਵਿਸ਼ਵਾਸ ਅਤੇ ਜੀਵਨ ਭਰ ਸਿੱਖਣ ਦੇ ਹੁਨਰਾਂ ਦਾ ਵੀ ਵਿਕਾਸ ਕਰਦੇ ਹਨ। ਇਸ ਤਰ੍ਹਾਂ, ਸਿੱਖਿਆ ਯਾਦ ਰੱਖਣ ਦੀ ਪ੍ਰਕਿਰਿਆ ਦੀ ਬਜਾਏ ਖੋਜ ਦਾ ਸਫ਼ਰ ਬਣ ਜਾਂਦੀ ਹੈ, ਜੋ ਵਿਦਿਆਰਥੀਆਂ ਨੂੰ ਆਧੁਨਿਕ ਦੁਨੀਆ ਦੀਆਂ ਚੁਣੌਤੀਆਂ ਦਾ ਸਾਹਮਣਾ ਕਰਨ ਲਈ ਤਿਆਰ ਕਰਦੀ ਹੈ।

# ਵਿਚਾਰਾਂ ਦੀ ਜਾਦੂਈ ਸ਼ਕਤੀ ਦਾ ਫਾਇਦਾ ਉਠਾਓ !



ਜ਼ਫਰ ਇਕਬਾਲ ਜ਼ਫਰ

ਸਾਡੇ ਵਿਚਾਰ ਅਤੇ ਧਾਰਨਾਵਾਂ ਸਾਡੀ ਸ਼ਖ਼ਸੀਅਤ ਦਾ ਸ਼ੀਸ਼ਾ ਹਨ। ਜੇਕਰ ਅਸੀਂ ਕਿਸੇ ਵੀ ਵਿਅਕਤੀ ਦੇ ਵਿਚਾਰਾਂ ਨੂੰ ਜਾਣਦੇ ਹਾਂ, ਤਾਂ ਅਸੀਂ ਜਾਣਦੇ ਹਾਂ ਕਿ ਉਹ ਕਿਸ ਤਰ੍ਹਾਂ ਦਾ ਵਿਅਕਤੀ ਹੈ। ਸਾਡੀ ਮਾਨਸਿਕ ਪ੍ਰਵਿਰਤੀ ਸਾਡੀ ਕਿਸਮਤ ਨੂੰ ਨਿਰਧਾਰਤ ਕਰਦੀ ਹੈ, ਯਾਨੀ ਕਿ ਇੱਕ ਵਿਅਕਤੀ ਉਹੀ ਹੈ ਜੋ ਉਹ ਦਿਨ ਭਰ ਸੋਚਦਾ ਹੈ। ਸਾਡੀ ਜ਼ਿੰਦਗੀ ਸਾਡੇ ਵਿਚਾਰਾਂ ਤੋਂ ਬਣੀ ਹੈ। ਸਾਡੇ ਸਾਹਮਣੇ ਸਭ ਤੋਂ ਮਹੱਤਵਪੂਰਨ ਸਮੱਸਿਆ ਲਾਭਦਾਇਕ ਵਿਚਾਰਾਂ ਦੀ ਚੋਣ ਹੈ। ਜੇਕਰ ਅਸੀਂ ਇਸ ਵਿੱਚ ਸਫਲ ਹੋ ਜਾਂਦੇ ਹਾਂ, ਤਾਂ ਅਸੀਂ ਸਾਰੀਆਂ ਸਮੱਸਿਆਵਾਂ ਨੂੰ ਬਹੁਤ ਆਸਾਨੀ ਅਤੇ ਗੁਣਵੱਤਾ ਨਾਲ ਸੰਭਾਲ ਸਕਦੇ ਹਾਂ। ਸਿਹਤਮੰਦ ਵਿਚਾਰ ਖੁਸ਼ੀ ਅਤੇ ਖੁਸ਼ੀ ਦੇ ਹੁੰਦੇ ਹਨ ਜੋ ਖੁਸ਼ਹਾਲੀ ਦੀ ਭਾਵਨਾ ਦਿੰਦੇ ਹਨ ਅਤੇ ਗੈਰ-ਸਿਹਤਮੰਦ ਵਿਚਾਰ ਸਾਨੂੰ ਕਾਇਰ ਅਤੇ ਡਰਪੋਕ ਬਣਾਉਂਦੇ ਹਨ, ਯਾਨੀ ਕਿ ਗੈਰ-ਸਿਹਤਮੰਦ ਵਿਚਾਰ ਸਾਨੂੰ ਬਿਮਾਰ ਬਣਾਉਂਦੇ ਹਨ। ਜੋ ਅਸਫਲਤਾ ਬਾਰੇ ਸੋਚਦੇ ਹਨ ਉਹ ਅਸਫਲ ਹੁੰਦੇ ਹਨ ਅਤੇ ਜੋ ਸਫਲਤਾ ਬਾਰੇ ਸੋਚਦੇ ਹਨ ਉਹ ਜਿੱਤ ਜਾਂਦੇ ਹਨ। ਸਾਡੇ ਹਾਲਾਤ ਸਾਡੇ ਵਿਚਾਰਾਂ ਦੁਆਰਾ ਬਣਾਏ ਜਾਂਦੇ ਹਨ। ਤੁਸੀਂ ਉਹ ਨਹੀਂ ਹੋ ਜੋ ਤੁਸੀਂ ਸੋਚਦੇ ਹੋ, ਤੁਸੀਂ ਉਹ ਹੋ ਜੋ ਤੁਸੀਂ ਸੋਚਦੇ ਹੋ। ਤੁਹਾਨੂੰ ਹਰ ਰੋਜ਼ ਸਵੇਰੇ ਨਹਾਉਣਾ ਚਾਹੀਦਾ ਹੈ, ਚੰਗੇ ਕੱਪੜੇ ਪਾਉਣੇ ਚਾਹੀਦੇ ਹਨ, ਅਤਰ ਲਗਾਉਣਾ ਚਾਹੀਦਾ ਹੈ, ਅਤੇ ਆਤਮਵਿਸ਼ਵਾਸ ਨਾਲ ਸਥਿਤੀਆਂ ਦੇ ਰਾਹਾਂ 'ਤੇ ਚੱਲਣਾ ਚਾਹੀਦਾ ਹੈ, ਆਪਣਾ ਸਿਰ ਉੱਚਾ ਰੱਖਣਾ ਚਾਹੀਦਾ ਹੈ, ਅਤੇ ਆਪਣੇ ਵਿਚਾਰਾਂ ਨੂੰ ਸਕਾਰਾਤਮਕ ਰੱਖ ਕੇ ਹਾਰ ਤੋਂ ਹਾਰਨ ਤੋਂ ਇਨਕਾਰ ਕਰਨਾ ਚਾਹੀਦਾ ਹੈ।

ਸਾਡਾ ਮਾਨਸਿਕ ਰਵੱਈਆ ਸਾਡੀ ਸਰੀਰਕ ਤਾਕਤ 'ਤੇ ਅਵਿਸ਼ਵਾਸ਼ਯੋਗ ਪ੍ਰਭਾਵ ਪਾਉਂਦਾ ਹੈ। ਤੁਹਾਡੀ ਮਾਨਸਿਕ ਤਾਕਤ ਦਾ ਤੁਹਾਡੀ ਸਰੀਰਕ ਤਾਕਤ 'ਤੇ ਅਸਰ ਪੈਂਦਾ ਹੈ। ਸਰੀਰਕ ਸਿਹਤ ਬਣਾਈ ਰੱਖਣ ਲਈ ਆਪਣੇ ਮਾਨਸਿਕ ਵਿਚਾਰਾਂ ਨੂੰ ਕ੍ਰਮਬੱਧ ਰੱਖਣਾ ਬਹੁਤ ਜ਼ਰੂਰੀ ਹੈ। ਜਿਵੇਂ-ਜਿਵੇਂ ਸਾਡੀ ਚੇਤੰਨ ਉਮਰ ਵਧਦੀ ਜਾਵੇਗੀ, ਵਿਚਾਰਾਂ ਦੀ ਮਹਾਨ ਸ਼ਕਤੀ ਵਿੱਚ ਵਿਸ਼ਵਾਸ ਮਜ਼ਬੂਤ ਹੁੰਦਾ ਜਾਵੇਗਾ। ਪਰ ਮੈਂ ਹੁਣੇ ਹੀ ਸਿਆਣੇ ਮਨਾਂ ਨੂੰ ਸਮਝਾਉਂਦਾ ਹਾਂ ਕਿ ਆਪਣੇ ਵਿਚਾਰਾਂ ਨੂੰ ਬਦਲ ਕੇ, ਤੁਸੀਂ ਚਿੰਤਾ ਅਤੇ ਡਰ ਸਮੇਤ ਸਾਰੀਆਂ ਮਾਨਸਿਕ ਅਤੇ ਸਰੀਰਕ ਬਿਮਾਰੀਆਂ ਤੋਂ ਛੁਟਕਾਰਾ ਪਾ ਸਕਦੇ ਹੋ, ਅਤੇ ਆਪਣੀ ਜ਼ਿੰਦਗੀ ਨੂੰ ਬਦਲ ਸਕਦੇ ਹੋ। ਹਰ ਕਾਰਨ ਦਾ ਸਥਾਨ ਮਨ ਹੈ, ਅਤੇ ਹਰ ਪ੍ਰਭਾਵ ਇੱਕ ਮਾਨਸਿਕ ਪ੍ਰਗਟਾਵਾ ਹੈ।

ਜੇਕਰ ਤੁਸੀਂ ਮਾਨਸਿਕ ਅਤੇ ਘਬਰਾਹਟ ਦੇ ਟਕਰਾਅ ਦਾ ਸ਼ਿਕਾਰ ਨਹੀਂ ਹੋ, ਤਾਂ ਇਸ ਬਿਪਤਾ ਤੋਂ ਬਚਣ ਲਈ ਦਾਨ ਦਿੰਦੇ ਰਹੋ। ਪ੍ਰਮਾਤਮਾ ਤੁਹਾਨੂੰ ਇਸ ਸਰਾਪ ਤੋਂ ਬਚਾਵੇ, ਕਿਉਂਕਿ ਕੋਈ ਵੀ ਸਰੀਰਕ ਦਰਦ ਅਧਿਆਤਮਿਕ ਪੀੜਾ ਤੋਂ ਵੱਧ ਗੰਭੀਰ ਨਹੀਂ ਹੁੰਦਾ। ਮੈਂ ਘਬਰਾਹਟ ਦੇ ਟਕਰਾਅ ਦੀਆਂ ਸਥਿਤੀਆਂ ਵਿੱਚ ਇੰਨਾ ਬੇਵੱਸ ਸੀ ਕਿ ਮੈਂ ਆਪਣੇ ਪਰਿਵਾਰ ਨਾਲ ਗੱਲ ਵੀ ਨਹੀਂ ਕਰ ਸਕਦਾ ਸੀ, ਅਤੇ ਮੈਂ ਆਪਣੇ ਵਿਚਾਰਾਂ 'ਤੇ ਕਾਬੂ ਗੁਆ ਦਿੱਤਾ ਸੀ। ਡਰ ਨੇ ਦੁਨੀਆ 'ਤੇ ਹਾਵੀ ਹੋ ਕੇ ਮੈਨੂੰ ਇਕਾਂਤ ਵਿੱਚ ਲੈ ਗਿਆ। ਮੈਂ ਦਿਨ ਅਤੇ ਰਾਤਾਂ ਬਹੁਤ ਦਰਦ ਅਤੇ ਪੀੜਾ ਵਿੱਚ ਬਿਤਾਈਆਂ। ਧਰਤੀ 'ਤੇ ਕੋਈ ਵੀ ਸਰੀਰਕ ਜਾਂ ਅਧਿਆਤਮਿਕ ਇਲਾਜ ਕਰਨ ਵਾਲਾ ਨਹੀਂ ਸੀ ਜੋ ਮੇਰੇ ਦਰਦ ਨੂੰ ਸਮਝ ਸਕੇ ਅਤੇ ਇਸਦਾ ਇਲਾਜ ਕਰ ਸਕੇ। ਬ੍ਰਹਮ ਮਦਦ ਤੋਂ ਵਾਂਝੇ ਹੋਣ ਨੇ ਮੈਨੂੰ ਹੋਰ ਸ਼ੱਕਿਆਂ ਤੋਂ ਪੀੜਤ ਕਰ ਦਿੱਤਾ ਅਤੇ ਮੈਂ ਸੋਚਣ ਲੱਗਾ ਕਿ ਜੇ ਜ਼ਿੰਦਗੀ ਦਰਦਨਾਕ ਨਹੀਂ ਸੀ, ਤਾਂ ਜ਼ਿੰਦਗੀ ਖੁਦ ਹੀ ਖਤਮ ਹੋ ਜਾਣੀ ਚਾਹੀਦੀ ਹੈ। ਦਰਅਸਲ, ਮੇਰਾ ਇਲਾਜ ਮੇਰੇ ਅੰਦਰ ਛੁਪਿਆ ਹੋਇਆ ਸੀ। ਮੈਂ ਸਾਰੀਆਂ ਸਮੱਸਿਆਵਾਂ ਦੀ ਜੜ੍ਹ ਵਿੱਚ ਸੀ। ਮੇਰੇ ਸਰੀਰ ਜਾਂ ਮਨ ਵਿੱਚ ਕੋਈ ਨੁਕਸ ਨਹੀਂ ਸੀ। ਜਿਨ੍ਹਾਂ ਵਿਚਾਰਾਂ ਦਾ ਮੇਰੇ ਉੱਤੇ ਦਰਦਨਾਕ ਪ੍ਰਭਾਵ ਸੀ, ਉਨ੍ਹਾਂ ਨੇ ਮੈਨੂੰ ਉਦੋਂ ਹੀ ਹਰਾਇਆ ਜਦੋਂ ਮੈਂ ਉਨ੍ਹਾਂ ਤੋਂ ਹਾਰਨ ਨੂੰ ਸਵੀਕਾਰ ਕੀਤਾ ਸੀ। ਜਦੋਂ ਕੋਈ ਵਿਅਕਤੀ ਆਪਣੇ ਗਲਤ ਵਿਚਾਰਾਂ ਵਿੱਚ ਵਿਸ਼ਵਾਸ ਕਰਦਾ ਸੀ, ਤਾਂ ਮੈਨੂੰ ਅਹਿਸਾਸ ਹੋਇਆ ਸੀ ਕਿ ਜ਼ਿੰਦਗੀ ਕਿੰਨੀ ਦਰਦਨਾਕ ਬਣ ਜਾਂਦੀ ਹੈ। ਦਰਅਸਲ, ਮੈਂ ਜੋ ਸੋਚ ਰਿਹਾ ਸੀ ਉਹ ਮੇਰੇ ਨਾਲ ਹੋ ਰਿਹਾ ਸੀ। ਮੈਨੂੰ ਬੁਰੀ ਸੋਚ ਪ੍ਰਕਿਰਿਆ ਨੂੰ ਛੱਡ ਕੇ ਬੁਰੀ ਭਾਵਨਾ ਨੂੰ ਬਦਲਣਾ ਪਿਆ। ਇਸ ਲਈ, ਮਨ ਦੇ ਆਲੇ ਦੁਆਲੇ ਦੀ ਧੂੜ ਨੂੰ ਧੋਣਾ ਜ਼ਰੂਰੀ ਹੈ ਜੋ ਦਿਮਾਗ ਅਤੇ ਸਰੀਰ 'ਤੇ ਬੇਲੋੜਾ ਬੋਝ ਪਾ ਰਹੀ ਹੈ ਅਤੇ ਨਤੀਜੇ ਵਜੋਂ ਦੁੱਖ ਪੈਦਾ ਹੋ ਰਿਹਾ ਹੈ।

ਹਰ ਮਨੁੱਖ ਨੂੰ ਪਰਮਾਤਮਾ ਦੁਆਰਾ ਇੱਕ ਬਹੁਤ ਹੀ ਸੁੰਦਰ ਅਤੇ ਖੁਸ਼ਹਾਲ ਜੀਵਨ ਦਿੱਤਾ ਜਾਂਦਾ ਹੈ। ਜਦੋਂ ਵੀ ਚਿੰਤਾ ਅਤੇ ਅਸੰਤੁਸ਼ਟੀ ਦੇ ਪ੍ਰਭਾਵ ਮਨ ਵਿੱਚ ਘੁੰਮਣ ਦੀ ਕੋਸ਼ਿਸ਼ ਕਰਦੇ ਹਨ, ਤਾਂ ਆਪਣੇ ਜੀਵਨ ਦੇ ਅਸਲ ਮੁੱਲਾਂ ਦੀ ਕਦਰ ਕਰਕੇ ਆਪਣੇ ਵਿਚਾਰਾਂ ਦੇ ਕੈਮਰੇ ਦਾ ਫੋਕਸ ਬਦਲੋ। ਦ੍ਰਿਸ਼ ਬਦਲ ਜਾਵੇਗਾ ਅਤੇ ਸਭ ਕੁਝ ਸਹੀ ਹੋ ਜਾਵੇਗਾ। ਵਿਚਾਰਾਂ ਦਾ ਸਰੀਰ ਅਤੇ ਮਨ 'ਤੇ ਡੂੰਘਾ ਪ੍ਰਭਾਵ ਪੈਂਦਾ ਹੈ। ਨੁਕਸਾਨਦੇਹ ਵਿਚਾਰਾਂ ਨੂੰ ਲਾਭਦਾਇਕ ਬਣਾਉਣ ਦੀ ਕਲਾ ਜੀਵਨ ਦੀ ਸ਼ਾਂਤੀ ਬਣ ਜਾਂਦੀ ਹੈ। ਸਾਰੇ ਦੁੱਖਾਂ ਦਾ ਕਾਰਨ ਬਾਹਰੀ ਹਾਲਾਤ ਨਹੀਂ ਹਨ, ਸਗੋਂ ਇਨ੍ਹਾਂ ਹਾਲਾਤਾਂ ਬਾਰੇ ਸਾਡੇ ਵਿਚਾਰ ਹਨ। ਇਸ ਤੱਥ ਨੂੰ ਸਵੀਕਾਰ ਕਰੋ ਅਤੇ ਉਨ੍ਹਾਂ 'ਤੇ ਕਾਬੂ ਪਾਓ ਅਤੇ ਸਹੀ ਕੰਮ ਕਰਕੇ ਮਾਨਸਿਕ ਤੌਰ 'ਤੇ ਸਿਹਤਮੰਦ ਰਹੋ। ਜ਼ਿੰਦਗੀ ਤੋਂ ਸਾਨੂੰ ਜੋ ਮਾਨਸਿਕ ਸ਼ਾਂਤੀ ਅਤੇ ਸ਼ਾਂਤੀ ਮਿਲਦੀ ਹੈ ਉਹ ਇਸ ਗੱਲ 'ਤੇ ਨਿਰਭਰ ਨਹੀਂ ਕਰਦੀ ਕਿ ਅਸੀਂ ਕੌਣ ਹਾਂ ਜਾਂ ਅਸੀਂ ਕਿੱਥੇ ਹਾਂ, ਸਗੋਂ ਇਹ ਪੂਰੀ ਤਰ੍ਹਾਂ ਸਾਡੇ ਮਾਨਸਿਕ ਰਵੱਈਏ 'ਤੇ ਨਿਰਭਰ ਕਰਦੀ ਹੈ ਜੋ ਅਸੀਂ ਇਸ ਪ੍ਰਤੀ ਅਪਣਾਉਂਦੇ ਹਾਂ ਅਤੇ ਇਸਦਾ ਬਾਹਰੀ ਹਾਲਾਤਾਂ ਅਤੇ ਘਟਨਾਵਾਂ ਨਾਲ ਬਹੁਤ ਘੱਟ ਲੈਣਾ-ਦੇਣਾ ਹੈ।

ਮੌਤ ਦੀ ਸਜ਼ਾ ਪ੍ਰਾਪਤ ਕੈਦੀ ਵੀ, ਜੇਕਰ ਉਹ ਸ਼ਾਂਤੀ, ਖੁਸ਼ੀ ਅਤੇ ਹਿੰਮਤ ਦੇ ਰਚਨਾਤਮਕ ਵਿਚਾਰਾਂ ਨੂੰ ਅਪਣਾਉਂਦੇ ਹਨ, ਤਾਂ ਫਾਂਸੀ ਦੇ ਤਖ਼ਤੇ 'ਤੇ ਜਾਂਦੇ ਸਮੇਂ ਆਪਣੇ ਕਫ਼ਨ 'ਤੇ ਬੈਠ ਕੇ ਕੁਦਰਤੀ ਦ੍ਰਿਸ਼ਾਂ ਦਾ ਆਨੰਦ ਮਾਣ ਸਕਦੇ ਹਨ, ਯਾਨੀ ਕਿ ਉਹ ਮਰਨ ਵੇਲੇ ਵੀ ਖੁਸ਼ੀ ਅਤੇ ਖੁਸ਼ੀ ਦੇ ਗੀਤਾਂ ਨਾਲ ਆਪਣੀਆਂ ਛਾਤੀਆਂ ਭਰ ਸਕਦੇ ਹਨ। ਹਾਲਾਤਾਂ ਦਾ ਨੁਕਸਾਨ ਦੁੱਖ ਅਤੇ ਸੋਗ ਤੋਂ ਬਿਨਾਂ ਲਓ, ਪਰ ਕੌੜੇ ਵਿਚਾਰ ਨਾ ਲਓ। ਮਨ ਖੁਦ ਸਵਰਗ ਤੋਂ ਨਰਕ ਅਤੇ ਨਰਕ ਤੋਂ ਸਵਰਗ ਤੱਕ ਆਪਣੀ ਜਗ੍ਹਾ ਬਣਾਉਂਦਾ ਹੈ। ਬਹੁਤ ਸ਼ਕਤੀ, ਦੌਲਤ ਅਤੇ ਦੌਲਤ ਵਾਲਾ ਵਿਅਕਤੀ ਇੱਕ ਸੁੰਦਰ ਟਾਪੂ 'ਤੇ ਬੈਠਾ ਕਹਿੰਦਾ ਹੈ ਕਿ ਮੇਰੀ ਜ਼ਿੰਦਗੀ ਵਿੱਚ ਖੁਸ਼ੀ ਦੇ ਕੁਝ ਦਿਨ ਹੀ ਆਏ ਹਨ ਅਤੇ ਇੱਕ ਅੰਨ੍ਹਾ, ਬੋਲਾ, ਗੂੰਗਾ ਵਿਅਕਤੀ ਕਹਿੰਦਾ ਹੈ ਕਿ ਮੈਨੂੰ ਜ਼ਿੰਦਗੀ ਬਹੁਤ ਸੁੰਦਰ ਲੱਗੀ। ਇਹ ਵਿਚਾਰਾਂ ਦੀ ਜਾਦੂਈ ਸ਼ਕਤੀ ਦੁਆਰਾ ਦਿੱਤਾ ਗਿਆ ਬਿਆਨ ਹੈ। ਜੇਕਰ ਸੁੰਦਰਤਾ ਮਨੁੱਖੀ ਵਿਚਾਰਾਂ ਵਿੱਚ ਨਹੀਂ ਹੈ, ਤਾਂ ਰੰਗੀਨ ਦ੍ਰਿਸ਼ ਵੀ ਅਰਥਹੀਣ ਹਨ। ਤੁਹਾਡੇ ਵਿਚਾਰ ਤੁਹਾਨੂੰ ਦੱਸਦੇ ਹਨ ਕਿ ਤੁਹਾਡੇ ਤੋਂ ਇਲਾਵਾ ਕੋਈ ਵੀ ਤੁਹਾਨੂੰ ਸ਼ਾਂਤੀ ਅਤੇ ਖੁਸ਼ੀ ਨਹੀਂ ਦੇ ਸਕਦਾ। ਸਾਨੂੰ ਚਿੰਤਾ ਕਰਨੀ ਚਾਹੀਦੀ ਹੈ ਅਤੇ ਆਪਣੇ ਸਰੀਰ ਵਿੱਚੋਂ ਫੋੜੇ, ਟਿਊਮਰ ਅਤੇ ਟਿਊਮਰ ਹਟਾਉਣ ਨਾਲੋਂ ਆਪਣੇ ਮਨਾਂ ਵਿੱਚੋਂ ਗਲਤ ਵਿਚਾਰਾਂ ਨੂੰ ਦੂਰ ਕਰਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਜਦੋਂ ਤੁਸੀਂ ਮੁਸੀਬਤਾਂ ਦੀ ਭੀੜ ਨਾਲ ਘਿਰੇ ਹੁੰਦੇ ਹੋ, ਤੁਹਾਡੀਆਂ ਨਾੜਾਂ ਤਾਰਾਂ ਵਾਂਗ ਝਰਨਾਹਟ ਕਰਦੀਆਂ ਹਨ, ਅਤੇ ਉਤਸ਼ਾਹ ਹੁੰਦਾ ਹੈ, ਤਾਂ ਅਜਿਹੀਆਂ ਸਥਿਤੀਆਂ ਵਿੱਚ ਤੁਸੀਂ ਆਪਣੀ ਇੱਛਾ ਸ਼ਕਤੀ ਨਾਲ ਆਪਣੇ ਮਾਨਸਿਕ ਰਵੱਈਏ ਨੂੰ ਬਦਲ ਕੇ ਸਾਰਾ ਦ੍ਰਿਸ਼ ਬਦਲ ਸਕਦੇ ਹੋ। ਤੁਸੀਂ ਆਪਣੀਆਂ ਭਾਵਨਾਵਾਂ ਨੂੰ ਸਿਰਫ਼ ਇਰਾਦੇ ਨਾਲ ਤੁਰੰਤ ਨਹੀਂ ਬਦਲ ਸਕਦੇ, ਪਰ ਇਸ ਨਾਲ ਅਸੀਂ ਆਪਣੇ ਕੰਮਾਂ ਵਿੱਚ ਤਬਦੀਲੀ ਲਿਆ ਸਕਦੇ ਹਾਂ। ਜਦੋਂ ਸਾਡੇ ਕੰਮ ਬਦਲਦੇ ਹਨ, ਤਾਂ ਸਾਡੀਆਂ ਭਾਵਨਾਵਾਂ ਵਿੱਚ ਆਪਣੇ ਆਪ ਤਬਦੀਲੀ ਆਉਂਦੀ ਹੈ। ਵੱਖ-ਵੱਖ ਕਿਤਾਬਾਂ ਅਤੇ ਸਥਿਤੀਆਂ ਦੇ ਅਧਿਐਨ ਅਤੇ ਨਿਰੀਖਣ ਤੋਂ, ਇੱਕ ਪਲਾਸਟਿਕ ਸਰਜਰੀ ਵਿਅੰਜਨ ਜਿਸਨੂੰ ਤੁਸੀਂ ਖੁਦ ਅਜ਼ਮਾ ਸਕਦੇ ਹੋ। ਆਪਣੇ ਚਿਹਰੇ 'ਤੇ ਇੱਕ ਚੌੜੀ, ਇਮਾਨਦਾਰ ਮੁਸਕਰਾਹਟ ਬਣਾਓ। ਆਪਣੇ ਮੋਢੇ ਪਿੱਛੇ ਵੱਲ ਮੋੜੋ। ਇੱਕ ਡੂੰਘਾ ਸਾਹ ਲਓ। ਆਪਣੇ ਆਪ ਨੂੰ ਇੱਕ ਗੀਤ ਲਈ ਨਿਮਰ ਬਣਾਓ। ਕਿਉਂਕਿ ਜਦੋਂ ਤੁਸੀਂ ਆਪਣੇ ਆਪ ਨੂੰ ਖੁਸ਼ ਕਰਨ ਲਈ ਕਿਰਿਆਵਾਂ ਕਰ ਰਹੇ ਹੁੰਦੇ ਹੋ, ਤਾਂ ਸਰੀਰਕ ਤੌਰ 'ਤੇ ਉਦਾਸ ਹੋਣਾ ਅਸੰਭਵ ਹੋ ਜਾਂਦਾ ਹੈ। ਯਕੀਨੀ ਬਣਾਓ, ਇਹ ਪ੍ਰਕਿਰਿਆ ਸਰੀਰ ਵਿੱਚ ਇੱਕ ਕ੍ਰਾਂਤੀਕਾਰੀ ਤਬਦੀਲੀ ਲਿਆਉਂਦੀ ਹੈ। ਵਿਚਾਰਾਂ ਦੀ ਸ਼ਕਤੀ ਯਾਨੀ ਆਪਣੇ ਆਪ ਨੂੰ ਸੁਧਾਰਨ ਦੀ ਕੋਸ਼ਿਸ਼ ਕਰਨਾ ਹੀ ਸਿਹਤ ਦੀ ਗਰੰਟੀ ਹੈ। ਮੈਂ ਵਿਸ਼ਵਾਸ ਨਾਲ ਕਹਿੰਦਾ ਹਾਂ ਕਿ ਜੇਕਰ ਤੁਸੀਂ ਹਾਰੇ ਹੋਏ ਅਤੇ ਮਰੇ ਹੋਏ ਵਿਚਾਰਾਂ ਦੀ ਪਕੜ ਤੋਂ ਬਾਹਰ ਨਹੀਂ ਨਿਕਲਦੇ, ਤਾਂ ਤੁਸੀਂ ਜ਼ਿੰਦਗੀ ਦੇ ਆਨੰਦ ਤੋਂ ਵਾਂਝੇ ਰਹੋਗੇ। ਬਿਨਾਂ ਕਿਸੇ ਦਵਾਈ ਦੀ ਮਦਦ ਦੇ ਕੁਦਰਤੀ ਰਸਤਾ ਅਪਣਾਓ। ਆਪਣੇ ਮਾਨਸਿਕ ਰਵੱਈਏ ਨੂੰ ਬਦਲ ਕੇ ਆਪਣੇ ਆਪ ਨੂੰ ਸਿਹਤਮੰਦ ਬਣਨ ਦਾ ਮੌਕਾ ਦਿਓ। ਲੋਕਾਂ ਅਤੇ ਚੀਜ਼ਾਂ ਬਾਰੇ ਆਪਣੇ ਵਿਚਾਰਾਂ ਨੂੰ ਬਦਲਣ ਨਾਲ ਉਨ੍ਹਾਂ ਦਾ ਵਿਵਹਾਰ ਆਪਣੇ ਆਪ ਬਦਲ ਜਾਂਦਾ ਹੈ। ਉੱਚੇ ਵਿਚਾਰਾਂ ਨੂੰ ਉਭਾਰ ਕੇ, ਤੁਸੀਂ ਸਫਲਤਾ ਦੀ ਕਿਸ਼ਤੀ ਵਿੱਚ ਬੈਠ ਸਕਦੇ ਹੋ ਅਤੇ ਤਰੱਕੀ ਦੀ ਗਤੀ ਨਿਰਧਾਰਤ ਕਰ ਸਕਦੇ ਹੋ, ਅਤੇ ਜੋ ਇਸ ਤੋਂ ਇਨਕਾਰ ਕਰਦੇ ਹਨ ਉਹ ਕਮਜ਼ੋਰ, ਨੀਵੇਂ ਅਤੇ ਹਾਰੇ ਹੋਏ ਰਹਿਣਗੇ। ਸਾਡੀਆਂ ਇੱਛਾਵਾਂ ਅਤੇ ਇੱਛਾਵਾਂ ਨੂੰ ਪੂਰਾ ਕਰਨ ਵਾਲਾ ਦੇਵਤਾ ਅਸੀਂ ਖੁਦ ਹਾਂ। ਕੋਈ ਵੀ ਵਿਅਕਤੀ ਜੋ ਕੁਝ ਵੀ ਪ੍ਰਾਪਤ ਕਰਦਾ ਹੈ ਉਹ ਉਸਦੇ ਆਪਣੇ ਵਿਚਾਰਾਂ ਦਾ ਸਿੱਧਾ ਨਤੀਜਾ ਹੈ।

Dosanjh Family

AUTO GROUP

Cadillac CHEVROLET INFINITI KIA NISSAN BUICK

GMC LIVERMORE TOYOTA HYUNDAI Fremont Hyundai TOYOTA Ford ACURA

DUBLIN CHEVOLET

DUBLIN CADILLAC

DUBLIN BUICK GMC

DUBLIN KIA

DUBLIN NISSAN

DUBLIN INFINITI

FREMONT CHEVROLET

FREMONT CADILLAC

FREMONT BUICK GMC

STEVENS CREEK CHEVROLET

STEVENS CREEK CADILLAC

FREMONT HYUNDAI

CONCORD CHEVROLET

ACURA OF CONCORD

CONCORD NISSAN

LIVERMORE TOYOTA

FREMONT FORD